Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151





Regal Jewels
2625 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 33, August 13, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮੋਦੀ ਵੱਲੋਂ ਫਿਰ ਵਾਅਦਾਖਿਲਾਫੀ

### ਬਿਜਲੀ ਸੋਧ ਬਿੱਲ ਬਿਨਾਂ ਵਿਚਾਰ-ਵਟਾਂਦਰੇ ਸੰਸਦ ਵਿਚ ਪੇਸ਼

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਕਿਸਾਨ ਜਥੇਬੰਦੀਆਂ ਨਾਲ ਕੀਤੇ ਵਾਅਦਿਆਂ ਤੋਂ ਮੋਦੀ ਸਰਕਾਰ ਸਾਫ ਮੁੱਕਰ ਗਈ ਹੈ। ਇਥੋਂ ਤੱਕ ਕਿ ਸਰਕਾਰ ਨੇ ਜਥੇਬੰਦੀਆਂ ਨਾਲ ਲਿਖਤੀ ਕਰਾਰ ਤੋਂ ਵੀ ਹੱਥ ਪਿੱਛੇ ਖਿੱਚ ਲਏ ਹਨ। ਸਰਕਾਰ ਨੇ ਕਿਸਾਨ ਜਥੇਬੰਦੀਆਂ ਦੀ ਚਿਤਾਵਨੀਆਂ, ਵਿਰੋਧੀ ਧਿਰਾਂ ਦੇ ਪ੍ਰਦਰਸ਼ਨਾਂ ਤੇ ਉਨ੍ਹਾਂ ਵੱਲੋਂ ਪਾਏ ਰੌਲੇ-ਰੱਪੇ ਨੂੰ ਦਰਕਿਨਾਰ ਕਰਦੇ ਹੋਏ ਆਖਰ ਲੋਕ ਸਭਾ ਵਿਚ ਬਿਜਲੀ ਸੋਧ ਬਿੱਲ ਪੇਸ਼ ਕਰ ਦਿੱਤਾ। ਹੁਣ ਸਰਕਾਰ ਨੂੰ ਸਵਾਲ ਕੀਤੇ ਜਾ ਰਹੇ ਹਨ ਕਿ ਉਸ ਨੇ ਤਾਂ ਲਿਖ ਕੇ ਦਿੱਤਾ ਸੀ ਕਿ ਅਜਿਹਾ ਕੋਈ ਵੀ ਬਿੱਲ ਕਿਸਾਨ ਜਥੇਬੰਦੀਆਂ ਤੇ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਹੀ ਲਿਆਂਦਾ ਜਾਵੇਗਾ। ਸੰਸਦ ਦੇ ਮਾਨਸੂਨ ਇਜਲਾਸ ਨੂੰ ਨਿਰਧਾਰਿਤ ਸਮੇਂ ਤੋਂ ਚਾਰ ਦਿਨ ਪਹਿਲਾਂ ਹੀ ਅਣਮਿਥੇ ਸਮੇਂ ਲਈ ਮੁਲਤਵੀ ਕਰਨ ਦੇ ਆਖਰੀ ਦਿਨ ਬਿੱਲ ਪੇਸ਼ ਕੀਤਾ ਗਿਆ ਹੈ।



ਕਿਸਾਨ ਜਥੇਬੰਦੀਆਂ ਤੇ ਵਿਰੋਧੀ ਧਿਰਾਂ ਉਸ ਕਰਾਰ ਦੀਆਂ ਕਾਪੀਆਂ ਹੱਥਾਂ ਵਿਚ ਫੜੀ ਸਰਕਾਰ ਨੂੰ ਕੋਸ ਰਹੀਆਂ ਹਨ। ਇਸ ਪਿੱਛੋਂ ਵਿਰੋਧੀ ਧਿਰਾਂ, ਬਿਜਲੀ ਖੇਤਰ ਦੀ ਇੰਜਨੀਅਰਜ਼ ਐਸੋਸੀਏਸ਼ਨ, ਬਿਜਲੀ ਮੁਲਾਜ਼ਮ ਅਤੇ ਕਿਸਾਨਾਂ ਦੀਆਂ ਜਥੇਬੰਦੀਆਂ ਨੇ ਸਰਕਾਰ ਦੀ ਘੇਰਾਬੰਦੀ ਲਈ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਬਿਲ ਦਾ ਵਿਰੋਧ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਸੂਬਿਆਂ ਦੇ ਹੱਕਾਂ ਉੱਤੇ ਇਕ ਹੋਰ ਡਾਕਾ ਮਾਰਿਆ ਹੈ। ਕਿਸਾਨ ਜਥੇਬੰਦੀਆਂ ਤੇ ਸੂਬਾ ਸਰਕਾਰਾਂ ਦਾ ਖਦਸ਼ਾ ਹੈ ਕਿ ਇਸ ਸੋਧ ਬਿਲ ਤਹਿਤ ਰਾਜਾਂ ਦੇ ਵੱਖ-ਵੱਖ ਖੇਤਰਾਂ ਅੰਦਰ ਬਹੁਭਾਂਤੀ ਕੰਪਨੀਆਂ ਨੂੰ ਇਜਾਜ਼ਤ ਦੇਣ ਨਾਲ ਰਾਜਾਂ ਦੇ ਅਧਿਕਾਰਾਂ ਨੂੰ ਵੱਡੇ ਪੈਮਾਨੇ ਉਤੇ ਖੋਰਾ ਲੱਗੇਗਾ।

ਕਾਨੂੰਨੀ ਮਾਹਰਾਂ ਦਾ ਤਰਕ ਹੈ ਕਿ ਬਿਜਲੀ ਖੇਤਰ ਸਾਂਝੀ ਸੂਚੀ ਦਾ ਵਿਸ਼ਾ ਹੈ। ਬਿਲ ਦੇ ਮਸੌਦੇ ਬਾਰੇ ਰਾਜ ਸਰਕਾਰਾਂ ਨਾਲ ਕੋਈ ਵਿਚਾਰ-ਚਰਚਾ ਨਾ ਕਰਨਾ ਫੈਡਰਲਿਜ਼ਮ ਦੇ ਸਿਧਾਂਤ ਦੀ ਉਲੰਘਣਾ ਹੈ। ਸਬੰਧਤ ਧਿਰਾਂ ਨਾਲ ਗੱਲ ਨਾ ਕਰਨ ਅਤੇ ਖਰੜਾ ਨੈੱਟ ਉੱਤੇ ਨਾ ਪਾਉਣ ਦਾ ਮਤਲਬ ਵੀ ਲੋਕਾਂ ਅਤੇ ਸੰਸਥਾਵਾਂ ਦੇ ਜਮਹੂਰੀ ਅਧਿਕਾਰਾਂ ਨੂੰ ਦਰ-ਕਿਨਾਰ ਕਰਨਾ ਹੈ। ਬਿੱਲ ਦਾ ਖਰੜਾ ਸੰਵਿਧਾਨ ਦੇ ਸੰਘੀ ਢਾਂਚੇ ਦੇ ਖਿਲਾਫ ਹੈ। ਬਿਜਲੀ ਸਮਵਰਤੀ ਸੂਚੀ ਦਾ ਵਿਸ਼ਾ ਹੈ ਤੇ ਕੇਂਦਰ ਸਰਕਾਰ ਆਪਣੇ ਇਸ 'ਫਰਜ਼ ਲਈ ਪਾਬੰਦ' ਸੀ ਕਿ ਉਹ ਬਿੱਲ ਪੇਸ਼ ਕਰਨ ਤੋਂ ਪਹਿਲਾਂ ਸੂਬਾ ਸਰਕਾਰਾਂ ਨਾਲ ਇਸ ਬਾਰੇ 'ਅਸਰਦਾਰ ਸਲਾਹ-ਮਸ਼ਵਰਾ' ਕਰਦੀ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਬਿੱਲ ਵਿਚ ਮਲਟੀਪਲ ਪ੍ਰਾਈਵੇਟ ਕੰਪਨੀਆਂ ਨੂੰ ਇਕੋ ਖੇਤਰ ਵਿਚ ਬਿਜਲੀ ਮੁਹੱਈਆ ਕਰਵਾਉਣ ਦੀ ਖੁੱਲ੍ਹ ਦਿੱਤੀ ਗਈ ਹੈ ਅਤੇ ਇਹ ਅਜਿਹਾ ਪ੍ਰਬੰਧ ਹੈ, ਜਿਸ ਨਾਲ 'ਮੁਨਾਫੇ ਦਾ ਨਿੱਜੀਕਰਨ ਤੇ ਘਾਟੇ ਦਾ ਰਾਸ਼ਟਰੀਕਰਨ' ਹੋਵੇਗਾ।

ਦੱਸ ਦਈਏ ਕਿ ਕੇਂਦਰ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨੂੰ 9 ਦਸੰਬਰ, 2021 ਨੂੰ ਲਿਖੀ ਚਿੱਠੀ ਲਿਖੀ ਸੀ, ਜਿਸ ਵਿਚ ਬਿੰਦੂ ਨੰਬਰ 4 ਉਤੇ ਕੇਂਦਰ ਵੱਲੋਂ ਸਪੱਸ਼ਟ ਤੌਰ ਉਤੇ ਇਹ ਲਿਖਿਆ ਗਿਆ ਸੀ ਕਿ ਜਦੋਂ ਤੱਕ ਬਿੱਲ ਨੂੰ ਲੈ ਕੇ ਕਿਸਾਨਾਂ ਨਾਲ ਚਰਚਾ ਨਹੀਂ ਕੀਤੀ ਜਾਂਦੀ, ਉਦੋਂ ਤੱਕ ਬਿੱਲ ਪੇਸ਼ ਨਹੀਂ ਕੀਤਾ ਜਾਵੇਗਾ। ਦੱਸ ਦਈਏ ਕਿ ਕੇਂਦਰ ਵੱਲੋਂ ਲਿਆਂਦੇ ਵਿਵਾਦਿਤ ਤਿੰਨ ਖੇਤੀ ਕਾਨੂੰਨਾਂ ਦੇ ਸਮੇਂ ਵੀ ਬਿਜਲੀ ਸੋਧ ਬਿੱਲ ਪੇਸ਼ ਕਰਨ ਦਾ ਖਦਸ਼ਾ ਪ੍ਰਗਟਾਇਆ ਗਿਆ ਸੀ, ਜਿਸ ਨੂੰ ਕਿਸਾਨਾਂ ਦੀ ਮੁਖ਼ਾਲਫ਼ਤ ਕਾਰਨ ਸਰਕਾਰ ਨੂੰ ਕਿਸਾਨਾਂ ਨੂੰ ਲਿਖਤੀ ਤੌਰ ਉਤੇ ਇਹ ਭਰੋਸਾ ਦੇਣਾ ਪਿਆ ਸੀ ਕਿ ਬਿੱਲ ਪੇਸ਼ ਕਰਨ ਤੋਂ ਪਹਿਲਾਂ ਸਬੰਧਤ ਧਿਰਾਂ ਨਾਲ ਚਰਚਾ ਕੀਤੀ ਜਾਵੇਗੀ, ਪਰ ਸਰਕਾਰ ਨੇ ਆਪਣੇ ਇਸ ਲਿਖਤੀ ਵਾਅਦੇ ਦੀ ਭੋਰਾ ਪਰਵਾਹ ਨਹੀਂ ਕੀਤੀ।

ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਤਿੱਖੇ ਲਫ਼ਜ਼ਾਂ 'ਚ ਕਿਹਾ ਕਿ ਰਾਜ ਸਰਕਾਰਾਂ ਅਤੇ ਕਿਸਾਨ ਜਥੇਬੰਦੀਆਂ ਨਾਲ ਹੋਈ ਮੀਟਿੰਗ ਦੇ ਵੇਰਵੇ ਸੰਸਦ ਵਿਚ ਰੱਖੇ ਜਾਣ। ਹਰਸਿਮਰਤ ਨੇ ਸਰਕਾਰ ਵਲੋਂ ਬਿੱਲ ਪੇਸ਼ ਕੀਤੇ ਜਾਣ ਦੀ ਹੀ ਨਿਖੇਧੀ ਕਰਦਿਆਂ ਕਿਹਾ ਕਿ ਬਿੱਲ


*(ਬਾਕੀ ਸਫਾ 6 'ਤੇ)*


## ਸੁਖਬੀਰ ਸਿੰਘ ਬਾਦਲ ਦੀ ਕੁਰਸੀ ਹਿੱਲੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਬਾਗੀ ਸੁਰਾਂ ਹੋਰ ਤਿੱਖੀਆਂ ਹੋ ਗਈਆਂ ਹਨ। ਪਾਰਟੀ ਦੀ ਸੀਨੀਅਰ ਲੀਡਰਸ਼ਿੱਪ ਦੀਆਂ 'ਗੁਪਤ' ਮੀਟਿੰਗਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਚੁਣੌਤੀ ਦੇਣ ਵੱਲ ਇਸ਼ਾਰਾ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਦਰਜਨ ਤੋਂ ਵੱਧ ਸੀਨੀਅਰ ਆਗੂਆਂ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਅਕਾਲੀ ਦਲ ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਯਾਲੀ ਦੀ ਅਗਵਾਈ ਵਿਚ ਗੁਰੂ ਨਗਰੀ ਵਿਖੇ ਇਕੱਤਰਤਾ ਪਿੱਛੋਂ ਚਰਚਾ ਛਿੜ ਗਈ ਹੈ ਕਿ ਲੀਡਰਸ਼ਿਪ ਬਦਲਾਅ ਦੇ ਘੇਰੇ ਵਿਚ ਸੁਖਬੀਰ ਬਾਦਲ ਨੂੰ ਵੀ ਲਿਆਉਣ ਲਈ ਵਿਉਂਤਬੰਦੀ ਸ਼ੁਰੂ ਹੋ ਗਈ ਹੈ।

ਇਹ ਮੀਟਿੰਗ ਰਵੀਕਰਨ ਸਿੰਘ ਕਾਹਲੋਂ ਦੇ ਘਰ ਵਿਚ ਕੀਤੀ ਗਈ। ਰਵੀਕਰਨ ਸਿੰਘ ਕਾਹਲੋਂ ਸਾਬਕਾ ਸਪੀਕਰ ਮਰਹੂਮ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਹਨ। ਇਸ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਆਗੂ ਮਨਪ੍ਰੀਤ ਸਿੰਘ ਇਯਾਲੀ ਸਣੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਚਰਨਜੀਤ ਸਿੰਘ ਅਟਵਾਲ, ਜਗਮੀਤ ਸਿੰਘ ਬਰਾੜ, ਭਾਈ ਮਨਜੀਤ ਸਿੰਘ, ਅਮਰਪਾਲ ਸਿੰਘ ਬੋਨੀ, ਕਰਨੈਲ ਸਿੰਘ ਪੰਜੋਲੀ ਤੇ ਹੋਰ ਕਈ ਸੀਨੀਅਰ ਆਗੂ ਹਾਜ਼ਰ ਸਨ।

ਮੀਟਿੰਗ ਵਿਚ ਤੈਅ ਹੋਇਆ ਹੈ ਕਿ ਸਾਰੇ ਅਕਾਲੀ ਆਗੂਆਂ ਦੀ ਰਾਏ ਹੈ ਕਿ ਉਹ ਇਕੱਠੇ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਮਿਲਣਗੇ ਅਤੇ ਉਨ੍ਹਾਂ ਨਾਲ ਅਕਾਲੀ ਦਲ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਚਰਚਾ ਕਰਨਗੇ। ਇਸ ਮੀਟਿੰਗ ਦੌਰਾਨ ਸਮੂਹ ਆਗੂਆਂ ਦਾ ਵਿਚਾਰ ਸੀ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਪਾਰਟੀ ਨੂੰ ਬਚਾਉਣ ਲਈ ਤਿਆਗ ਦੀ ਭਾਵਨਾ ਦਿਖਾਉਣੀ ਚਾਹੀਦੀ ਹੈ।

ਭਾਵੇਂ ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਇਸ ਮੀਟਿੰਗ ਨੂੰ ਬਗਾਵਤ ਨਾਲ ਜੋੜਨ ਦੀ


*(ਬਾਕੀ ਸਫਾ 6 'ਤੇ)*




### ਸੱਤਾ ਪ੍ਰਾਪਤੀ ਦੀ ਥਾਂ ਸਿੱਖੀ ਦੇ ਪ੍ਰਚਾਰ ਹੋਵੇ: ਜਥੇਦਾਰ

**ਅੰਮ੍ਰਿਤਸਰ:** ਮੋਰਚਾ ਗੁਰੂ ਕਾ ਬਾਗ ਦੀ ਪਹਿਲੀ ਸ਼ਤਾਬਦੀ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਨਸੀਹਤ ਕੀਤੀ ਕਿ ਜੇ ਉਨ੍ਹਾਂ ਜਥੇਬੰਦੀ ਦਾ ਵਜੂਦ ਬਚਾਉਣਾ ਹੈ ਤਾਂ ਉਹ ਸੱਤਾ ਪ੍ਰਾਪਤੀ ਦਾ ਮੰਤਵ ਇਕ ਪਾਸੇ ਰੱਖ ਕੇ ਪੰਥ ਦੇ ਭਲੇ ਅਤੇ ਸਿੱਖੀ ਦੇ ਪ੍ਰਚਾਰ ਦਾ ਝੰਡਾ ਬੁਲੰਦ ਕਰਨ। ਜਥੇਦਾਰ ਹਰਪ੍ਰੀਤ ਸਿੰਘ ਨੇ ਮੰਚ 'ਤੇ ਬੈਠੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂਆਂ ਵੱਲ ਸੰਕੇਤ ਕਰਦਿਆਂ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਚਾਉਣਾ ਹੈ ਤਾਂ ਉਹ ਸਿੱਖੀ ਦੇ ਪ੍ਰਚਾਰ ਪ੍ਰਸਾਰ ਵੱਲ ਆਪਣਾ ਧਿਆਨ ਕੇਂਦਰਿਤ ਕਰਨ।




Law Office of
M Vivek Malik
Toll free no 866-424-4000
M Vivek Malik
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com






ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill,
New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਧਾਰਮਿਕ ਜਾਂ ਚੈਰੀਟੇਬਲ ਟਰਸਟਾਂ ਦੀਆਂ ਸਰਾਵਾਂ 'ਤੇ ਜੀ.ਐਸ.ਟੀ. ਨਹੀਂ ਲੱਗੇਗਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਧਾਰਮਿਕ ਜਾਂ ਚੈਰੀਟੇਬਲ ਟਰਸਟਾਂ ਵੱਲੋਂ ਚਲਾਈਆਂ ਜਾਂਦੀਆਂ 'ਸਰਾਵਾਂ' ਜਾਂ ਜਾਇਦਾਦਾਂ ਵਿਚਲੇ ਕਮਰਿਆਂ 'ਤੇ ਵਸਤਾਂ ਤੇ ਸੇਵਾਵਾਂ ਕਰ (ਜੀ.ਐਸ.ਟੀ.) ਲਾਉਣ ਬਾਰੇ ਸ਼ੰਕਿਆਂ ਨੂੰ ਦੂਰ ਕਰਦਿਆਂ ਕਿਹਾ ਕਿ ਇਨ੍ਹਾਂ ਸਰਾਵਾਂ 'ਤੇ ਅਜਿਹਾ ਕੋਈ ਟੈਕਸ ਨਹੀਂ ਲੱਗੇਗਾ। ਵਿੱਤ ਮੰਤਰਾਲੇ ਅਧੀਨ ਆਉਂਦੇ ਸਿੱਧੇ ਕਰਾਂ ਬਾਰੇ ਕੇਂਦਰੀ ਬੋਰਡ (ਸੀ.ਬੀ.ਆਈ.ਸੀ.) ਨੇ ਲੜੀਵਾਰ ਟਵੀਟ ਕਰਕੇ ਸਪਸ਼ਟੀਕਰਨ ਜਾਰੀ ਕੀਤਾ ਸੀ। ਕਾਬਲੇਗੌਰ ਹੈ ਕਿ ਪੰਜਾਬ ਤੋਂ 'ਆਪ' ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਸਣੇ ਕੁਝ ਹੋਰਨਾਂ ਧਿਰਾਂ ਨੇ ਧਾਰਮਿਕ ਸਰਾਵਾਂ 'ਤੇ ਜੀ.ਐਸ.ਟੀ. ਲਾਉਣ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ, ਜਿਸ ਮਗਰੋਂ ਵਿੱਤ ਮੰਤਰਾਲੇ ਨੂੰ ਉਪਰੋਕਤ ਸਪਸ਼ਟੀਕਰਨ ਦੇਣਾ ਪਿਆ ਹੈ।



ਰਾਘਵ ਚੱਢਾ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨਾਲ ਮੁਲਾਕਾਤ ਕਰਦਿਆਂ ਉਨ੍ਹਾਂ ਨੂੰ ਇਕ ਪੱਤਰ ਦਿੱਤਾ ਸੀ, ਜਿਸ ਵਿਚ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਨੇੜਲੀਆਂ ਸਰਾਵਾਂ 'ਤੇ 12 ਫੀਸਦ ਜੀ.ਐਸ.ਟੀ. ਲਾਉਣ ਦੇ ਫੈਸਲੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਗਈ ਸੀ। ਜੀ.ਐਸ.ਟੀ. ਕੌਂਸਲ ਨੇ ਇਕ ਹਜ਼ਾਰ ਰੁਪਏ ਪ੍ਰਤੀ ਦਿਨ ਦੇ ਕਿਰਾਏ ਵਾਲੇ ਹੋਟਲਾਂ ਦੇ ਕਮਰਿਆਂ 'ਤੇ 12 ਫੀਸਦ ਜੀ.ਐਸ.ਟੀ. ਲਾਉਣ ਦਾ ਫੈਸਲਾ ਜੂਨ ਵਿਚ ਕੀਤਾ ਸੀ ਤੇ ਇਹ ਤਜਵੀਜ਼ 18 ਜੁਲਾਈ ਤੋਂ ਅਮਲ ਵਿਚ ਆਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਚਲਾਈਆਂ ਜਾਂਦੀਆਂ ਕੁਝ 'ਸਰਾਂਵਾਂ' ਨੇ ਖੁਦ ਹੀ (ਉਸੇ ਦਿਨ ਤੋਂ) 1000 ਰੁਪਏ ਪ੍ਰਤੀ ਦਿਨ ਕਿਰਾਏ ਵਾਲੇ ਕਮਰਿਆਂ 'ਤੇ ਜੀ.ਐਸ.ਟੀ. ਲਾਉਣਾ ਸ਼ੁਰੂ ਕਰ ਦਿੱਤਾ ਸੀ। ਸੀ.ਬੀ.ਆਈ.ਸੀ. ਨੇ ਲੜੀਵਾਰ ਟਵੀਟ ਕਰਕੇ ਕਿਹਾ ਕਿ ਧਾਰਮਿਕ ਜਾਂ ਚੈਰੀਟੇਬਲ ਟਰੱਸਟ ਦੀਆਂ ਸਰਾਵਾਂ 'ਤੇ ਜੀ.ਐਸ.ਟੀ. ਲਾਗੂ ਨਹੀਂ ਹੁੰਦਾ। ਟਵੀਟ ਵਿਚ ਕਿਹਾ ਗਿਆ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਅੰਮ੍ਰਿਤਸਰ ਵਿਚਲੀਆਂ ਤਿੰਨ ਸਰਾਵਾਂ-ਗੁਰੂ ਗੋਬਿੰਦ ਸਿੰਘ ਐਨ.ਆਰ.ਆਈ. ਨਿਵਾਸ, ਬਾਬਾ ਦੀਪ ਸਿੰਘ ਨਿਵਾਸ ਤੇ ਮਾਤਾ ਭਾਗ ਕੌਰ ਨਿਵਾਸ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਲਾਉਂਦੀ ਹੈ, ਨੇ 18 ਜੁਲਾਈ 2022 ਤੋਂ ਜੀ.ਐਸ.ਟੀ. ਦੀ ਅਦਾਇਗੀ ਸ਼ੁਰੂ ਕਰ ਦਿੱਤੀ ਸੀ। ਲਿਹਾਜ਼ਾ ਇਹ ਸਰਾਵਾਂ ਕਿਰਾਏ 'ਤੇ ਕਮਰੇ ਦੇਣ ਸਬੰਧੀ (ਜੀ.ਐਸ.ਟੀ.) ਛੋਟ ਦਾ ਲਾਹਾ ਲੈ ਸਕਦੀਆਂ ਹਨ।

## ਸ਼ਰਧਾਲੂਆਂ ਕੋਲੋਂ ਜੀ.ਐਸ.ਟੀ. ਲੈਣਾ ਬੰਦ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੀਆਂ ਸਰਾਵਾਂ 'ਤੇ ਲਾਏ ਗਏ ਜੀ.ਐਸ.ਟੀ. ਮਾਮਲੇ ਵਿਚ ਕੇਂਦਰ ਸਰਕਾਰ ਵੱਲੋਂ ਯੂ-ਟਰਨ ਲੈਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਰਾਵਾਂ ਲਈ ਸ਼ਰਧਾਲੂਆਂ ਕੋਲੋਂ ਵਸੂਲਿਆ ਜਾ ਰਿਹਾ ਟੈਕਸ ਲੈਣਾ ਬੰਦ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ 18 ਜੁਲਾਈ ਤੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਤਿੰਨ ਸਰਾਵਾਂ ਬਾਬਾ ਦੀਪ ਸਿੰਘ ਯਾਤਰੀ ਨਿਵਾਸ, ਮਾਤਾ ਭਾਗ ਕੌਰ ਨਿਵਾਸ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਐਨ.ਆਰ.ਆਈ. ਨਿਵਾਸ ਵਾਸਤੇ ਸ਼ਰਧਾਲੂਆਂ ਕੋਲੋਂ 12 ਫੀਸਦ ਜੀ.ਐਸ.ਟੀ. ਵਸੂਲਿਆ ਜਾ ਰਿਹਾ ਸੀ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਸ਼ਰਧਾਲੂਆਂ ਕੋਲੋਂ ਜੀ.ਐਸ.ਟੀ. ਵਸੂਲਣਾ ਬੰਦ ਕਰ ਦਿੱਤਾ ਹੈ।

# ਜਹਾਜ਼ 'ਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਇਜਾਜ਼ਤ ਖਿਲਾਫ ਹਿੰਦੂ ਸੈਨਾ ਦੀ ਪਟੀਸ਼ਨ ਖਾਰਜ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹਿੰਦੂ ਸੈਨਾ ਦੀ ਉਸ ਜਨਹਿਤ ਪਟੀਸ਼ਨ ਉਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ, ਜਿਸ ਵਿਚ ਸਿੱਖ ਯਾਤਰੀਆਂ ਨੂੰ ਘਰੇਲੂ ਉਡਾਣਾਂ ਵਿਚ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਦੇਣ ਦੇ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ।

ਅਦਾਲਤ ਨੇ ਉਕਤ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਜੇਕਰ ਪਟੀਸ਼ਨਕਰਤਾ ਚਾਹੁਣ ਤਾਂ ਆਪਣੀ ਇਸ ਪਟੀਸ਼ਨ ਨੂੰ ਸਬੰਧਤ ਹਾਈ ਕੋਰਟ ਵਿਚ ਲੈ ਕੇ ਜਾ ਸਕਦੇ ਹਨ। ਆਪਣੀ ਪਟੀਸ਼ਨ ਵਿਚ ਹਿੰਦੂ ਸੈਨਾ ਨੇ ਕਿਹਾ ਸੀ ਕਿ ਕਿਰਪਾਨ ਦੀ ਇਜਾਜ਼ਤ, ਜਹਾਜ਼ ਵਿਚ ਯਾਤਰਾ ਕਰਨ ਵਾਲੇ ਦੂਜੇ ਯਾਤਰੀਆਂ ਲਈ ਖ਼ਤਰਾ ਬਣ ਸਕਦੀ ਹੈ। ਦੱਸਣਯੋਗ ਹੈ ਕਿ ਬਿਊਰੋ ਆਫ ਸਿਵਲ ਐਵੀਏਸ਼ਨ ਸਕਿਊਰਟੀ (ਬੀ.ਸੀ.ਏ.ਐਸ.) ਨੇ 4 ਮਾਰਚ ਦੇ ਆਦੇਸ਼ ਵਿਚ ਕਿਹਾ ਸੀ ਕਿ ਇਕ ਸਿੱਖ ਯਾਤਰੀ ਘਰੇਲੂ ਯਾਤਰਾ ਦੌਰਾਨ ਆਪਣੇ ਨਾਲ ਕਿਰਪਾਨ ਲੈ ਕੇ ਜਾ ਸਕਦਾ ਹੈ ਪਰ ਉਸ ਦੀ ਲੰਬਾਈ 6 ਇੰਚ ਅਤੇ ਕੁਲ ਲੰਬਾਈ 9 ਇੰਚ ਤੋਂ ਜ਼ਿਆਦਾ ਨਾ ਹੋਵੇ।

## ਪਿੱਠ 'ਤੇ ਗੁਰਬਾਣੀ ਦੀ ਤੁਕ ਲਿਖਵਾਉਣ ਦਾ ਵਿਰੋਧ


**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਜਿਸ ਵਿਚ ਅਮਰੀਕਾ ਦੀ ਇਕ ਔਰਤ ਵੱਲੋਂ ਆਪਣੀ ਪਿੱਠ ਤੇ ਗੁਰਬਾਣੀ ਦੀ ਤੁਕ ਲਿਖਵਾਈ ਹੋਈ ਹੈ, ਦਾ ਸਖ਼ਤ ਨੋਟਿਸ ਲੈਂਦਿਆਂ ਉਸ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

## ਐਨੀਮੇਟਿਡ ਫਿਲਮ ਵਾਲੀ ਕੰਪਨੀ ਨੇ ਮੁਆਫੀ ਮੰਗੀ

**ਅੰਮ੍ਰਿਤਸਰ:** 'ਬੜਾ ਬਿਜ਼ਨੈੱਸ ਪ੍ਰਾਈਵੇਟ ਲਿਮਟਿਡ' ਕੰਪਨੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਬਣਾਈ ਗਈ ਇਕ ਐਨੀਮੇਟਿਡ ਫਿਲਮ ਦੇ ਮਾਮਲੇ ਵਿਚ ਸਿੱਖ ਪੰਥ ਕੋਲੋਂ ਮੁਆਫੀ ਮੰਗੀ ਹੈ। ਉਨ੍ਹਾਂ ਇਤਰਾਜ਼ਯੋਗ ਹਿੱਸੇ ਨੂੰ ਹਟਾਉਣ ਦਾ ਦਾਅਵਾ ਵੀ ਕੀਤਾ ਹੈ। ਫਿਲਮ ਵਿਚ ਐਨੀਮੇਟਿਡ ਰੂਪ ਵਿਚ ਗੁਰੂ ਗੋਬਿੰਦ ਸਿੰਘ ਨੂੰ ਦਿਖਾਇਆ ਗਿਆ ਸੀ ਤੇ ਦੀਵਾਨ ਟੋਡਰ ਮੱਲ ਦਾ ਸਬੰਧ ਜੈਨ ਭਾਈਚਾਰੇ ਨਾਲ ਦੱਸਿਆ ਗਿਆ ਸੀ।

# ਗੁਰਪਤਵੰਤ ਪੰਨੂ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਧਮਾਕੇ ਦੀ ਧਮਕੀ

ਲੁਧਿਆਣਾ: ਰੈਫਰੰਡਮ 2020 ਦੀ ਵਕਾਲਤ ਕਰਨ ਵਾਲੇ ਗੁਰਪਤਵੰਤ ਸਿੰਘ ਪੰਨੂ ਨੇ 57 ਸੈਕਿੰਡ ਦੀ ਇਕ ਵੀਡੀਓ ਜਾਰੀ ਕਰਕੇ ਲੁਧਿਆਣਾ ਵਿਚ ਹੋਣ ਵਾਲੇ ਆਜ਼ਾਦੀ ਸਮਾਗਮ ਮੌਕੇ ਧਮਾਕਾ ਕਰਨ ਦੀ ਧਮਕੀ ਦਿੱਤੀ ਹੈ। ਇਸ ਵੀਡੀਓ ਵਿਚ ਪਹਿਲਾਂ ਕੌਮੀ ਝੰਡਾ ਸੜਦਾ ਦਿਖਾਇਆ ਗਿਆ ਹੈ ਤੇ ਬਾਅਦ ਵਿਚ ਇਕ ਰੇਲਵੇ ਲਾਈਨ ਦਿਖਾਈ ਗਈ ਹੈ। ਪੰਨੂ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਰੇਲਵੇ ਲਾਈਨ ਲੁਧਿਆਣਾ ਦੀ ਹੈ, ਪਰ ਸਥਾਨਕ ਪ੍ਰਸ਼ਾਸਨ ਵੱਲੋਂ ਦੱਸਿਆ ਗਿਆ ਹੈ ਕਿ ਇਹ ਵੀਡੀਓ ਲੁਧਿਆਣਾ ਦੀ ਨਹੀਂ ਹੈ। ਇਸ ਦੇ ਨਾਲ ਹੀ ਪੰਨੂ ਨੇ ਲੁਧਿਆਣਾ ਵਿਚ ਹੋਣ ਵਾਲੇ ਆਜ਼ਾਦੀ ਦਿਵਸ ਦੇ ਸੂਬਾ ਪੱਧਰੀ ਸਮਾਗਮ ਨੂੰ ਵੀ ਚੁਣੌਤੀ ਦਿੱਤੀ ਹੈ। ਉਸ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਕੌਮੀ ਝੰਡਾ ਲਹਿਰਾਉਣਗੇ ਤਾਂ ਇਸ ਦਾ ਅੰਜਾਮ ਬੁਰਾ ਹੋਵੇਗਾ। ਪੰਨੂ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਪ੍ਰਸ਼ਾਸਨ ਨੇ ਚੌਕਸੀ ਵਧਾ ਦਿੱਤੀ ਹੈ। ਪੁਲਿਸ ਕਮਿਸ਼ਨਰ ਡਾ. ਕੌਸਤਬ ਸ਼ਰਮਾ ਨੇ ਇਸ ਦੀ ਪੁਸ਼ਟੀ ਕੀਤੀ ਹੈ।



## ਸੁਖਦੇਵ ਢੀਂਡਸਾ ਖਿਲਾਫ ਕਾਰਵਾਈ ਮੰਗੀ

**ਅੰਮ੍ਰਿਤਸਰ:** ਪੰਥਕ ਚੇਤਨਾ ਲਹਿਰ ਦੇ ਕਨਵੀਨਰ ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਇਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਮੰਗ ਪੱਤਰ ਦੇ ਕੇ ਸਾਬਕਾ ਅਕਾਲੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੂੰ ਸ੍ਰੀ ਅਕਾਲ ਤਖ਼ਤ 'ਤੇ ਤਲਬ ਕਰਨ ਅਤੇ ਉਨ੍ਹਾਂ ਖਿਲਾਫ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ।



ਉਨ੍ਹਾਂ ਕਿਹਾ ਕਿ ਮਸਤੂਆਣਾ ਸਾਹਿਬ ਵਿਚ ਸ੍ਰੀ ਦਰਬਾਰ ਸਾਹਿਬ ਦੀ ਨਕਲ ਕਰ ਕੇ ਬਣਾਈ ਗਈ ਇਮਾਰਤ ਖਿਲਾਫ ਅਕਾਲ ਤਖ਼ਤ ਵੱਲੋਂ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ ਪਰ ਇਸ ਹੁਕਮਨਾਮੇ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ। ਇਹ ਮਾਮਲਾ ਹਾਈ ਕੋਰਟ ਵਿਚ ਹੋਣ ਦੇ ਬਾਵਜੂਦ ਇਸ ਥਾਂ 'ਤੇ ਨੀਂਹ ਪੱਥਰ ਰੱਖਿਆ ਗਿਆ ਹੈ।

# ਕੋਟਕਪੂਰਾ ਗੋਲੀ ਕਾਂਡ ਦੀ ਰਿਪੋਰਟ ਅਦਾਲਤ 'ਚ ਪੇਸ਼

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਇਸ ਕੇਸ ਦੀ ਸਟੇਟਸ ਰਿਪੋਰਟ ਫਰੀਦਕੋਟ ਦੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਜਾਂਚ ਟੀਮ ਦੀ ਮੰਗ 'ਤੇ ਅਦਾਲਤ ਨੇ ਇਸ ਸਟੇਟਸ ਰਿਪੋਰਟ ਨੂੰ ਗੁਪਤ ਰੱਖਣ ਦੇ ਆਦੇਸ਼ ਦਿੱਤੇ ਹਨ ਅਤੇ ਇਹ ਰਿਪੋਰਟ 20 ਅਗਸਤ ਨੂੰ ਜਨਤਕ ਹੋ ਸਕਦੀ ਹੈ।

ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਗੁਲਨੀਤ ਸਿੰਘ ਖੁਰਾਣਾ ਨੇ ਖੁਦ ਅਦਾਲਤ ਵਿਚ ਪੇਸ਼ ਹੋ ਕੇ ਇਹ ਰਿਪੋਰਟ ਸੌਂਪੀ। ਜਾਣਕਾਰੀ ਅਨੁਸਾਰ ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਜੇਕਰ ਸਟੇਟਸ ਰਿਪੋਰਟ ਹੁਣੇ ਜਨਤਕ ਹੁੰਦੀ ਹੈ ਤਾਂ ਇਸ ਨਾਲ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਉਤੇ ਅਸਰ ਪੈ ਸਕਦਾ ਹੈ। ਦੱਸਣਯੋਗ ਹੈ ਕਿ ਫਰੀਦਕੋਟ ਦੀ ਅਦਾਲਤ ਨੇ 13 ਜੁਲਾਈ ਨੂੰ ਆਪਣੇ ਹੁਕਮ ਵਿਚ ਜਾਂਚ ਟੀਮ ਨੂੰ ਕਿਹਾ ਸੀ ਕਿ ਕੋਟਕਪੂਰਾ ਗੋਲੀ ਕਾਂਡ ਦੀ ਸਟੇਟਸ ਰਿਪੋਰਟ ਅਦਾਲਤ ਵਿਚ ਪੇਸ਼ ਕੀਤੀ ਜਾਵੇ। 20 ਅਗਸਤ ਨੂੰ ਇਥੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਵੀ ਹੋਣੀ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 6 ਜੁਲਾਈ ਨੂੰ ਆਪਣੇ ਹੁਕਮ ਵਿਚ ਕਿਹਾ ਸੀ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਕੇਸਾਂ ਦੀ ਸੁਣਵਾਈ ਇਕੱਠੀ ਕੀਤੀ ਜਾਵੇ। ਜਦਕਿ ਕੋਟਕਪੂਰਾ ਗੋਲੀ ਕਾਂਡ ਵਿਚ ਅਜੇ ਤੱਕ ਚਲਾਨ ਵੀ ਅਦਾਲਤ 'ਚ ਪੇਸ਼ ਨਹੀਂ ਹੋਇਆ। ਇਸ ਕਰ ਕੇ ਅਦਾਲਤ ਨੇ ਜਾਂਚ ਟੀਮ ਤੋਂ ਸਟੇਟਸ ਰਿਪੋਰਟ ਮੰਗੀ ਸੀ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਅਰਜ਼ੀ ਦਾਇਰ ਕਰ ਕੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਇਕੱਠਿਆਂ ਕਰਨ ਬਾਰੇ ਹੋਰ ਦਿਸ਼ਾ-ਨਿਰਦੇਸ਼ਾਂ ਦੀ ਮੰਗ ਕੀਤੀ ਹੈ।



## ਬੰਦੀ ਸਿੱਖਾਂ ਦੀ ਰਿਹਾਈ ਲਈ ਰਾਜਪਾਲ ਨੂੰ ਪੱਤਰ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਨੂੰ ਪੱਤਰ ਲਿਖ ਕੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪੱਤਰ ਲਿਖ ਕੇ ਬੰਦੀ ਸਿੱਖਾਂ ਦੇ ਮੁੱਦੇ ਉਭਾਰਦਿਆਂ ਜਾਣੂ ਕਰਵਾਇਆ ਕਿ ਪੰਥਕ ਸੰਘਰਸ਼ ਦੌਰਾਨ ਬੁੜੈਲ ਜੇਲ੍ਹ ਤੋਂ ਇਲਾਵਾ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਸ਼ਮਸ਼ੇਰ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਗੁਰਮੀਤ ਸਿੰਘ ਨਜ਼ਰਬੰਦ ਹਨ, ਜਿਨ੍ਹਾਂ ਦਾ ਅਦਾਲਤਾਂ ਅਤੇ ਸਰਕਾਰਾਂ ਕਦੇ ਇਨਸਾਫ ਨਹੀਂ ਕਰ ਸਕੀਆਂ। ਜਥੇਦਾਰ ਪੰਜੋਲੀ ਨੇ ਦੱਸਿਆ ਕਿ ਜੇਲ੍ਹ ਵਿਚ ਲੰਬੀਆਂ ਸਜ਼ਾਵਾਂ ਭੁਗਤਣ ਬਾਅਦ ਵੀ ਸਰਕਾਰਾਂ ਬੰਦੀ ਸਿੱਖਾਂ ਬਾਰੇ ਅਜੇ ਤੱਕ ਫੈਸਲਾ ਨਹੀਂ ਕਰ ਪਾ ਰਹੀਆਂ।

# ਗਰਮਖਿਆਲ ਜਥੇਬੰਦੀਆਂ ਵੱਲੋਂ 15 ਨੂੰ ਘਰਾਂ 'ਤੇ ਖਾਲਸਈ ਝੰਡੇ ਲਹਿਰਾਉਣ ਦਾ ਸੱਦਾ

**ਅੰਮ੍ਰਿਤਸਰ:** ਗਰਮਖਿਆਲ ਸਿੱਖ ਜਥੇਬੰਦੀਆਂ ਦਲ ਖਾਲਸਾ ਤੇ ਮਾਨ ਦਲ ਨੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਆਜ਼ਾਦੀ ਦਿਵਸ ਮੌਕੇ ਉਲੀਕੀ ਘਰ-ਘਰ ਤਿਰੰਗਾ ਯੋਜਨਾ ਦੇ ਬਰਾਬਰ ਹੁਣ ਸਿੱਖ ਭਾਈਚਾਰੇ ਨੂੰ ਆਪਣੇ ਘਰਾਂ 'ਤੇ ਖ਼ਾਲਸਈ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਹੈ। ਸਿੱਖ ਜਥੇਬੰਦੀਆਂ ਨੇ 15 ਅਗਸਤ ਨੂੰ ਆਜ਼ਾਦੀ ਦਿਵਸ ਮੌਕੇ ਮੋਗਾ ਵਿਚ ਰੋਸ ਮਾਰਚ ਕਰਨ ਦਾ ਵੀ ਐਲਾਨ ਕੀਤਾ ਹੈ। ਇਥੇ ਦੋਵਾਂ ਸਿੱਖ ਜਥੇਬੰਦੀਆਂ-ਦਲ ਖਾਲਸਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੇ ਬੰਦੀ ਸਿੰਘਾਂ, ਬਰਗਾੜੀ-ਬਹਿਬਲ ਕਾਂਡ, ਦਰਬਾਰ ਸਾਹਿਬ ਸਮੇਤ ਬੇਅਦਬੀਆਂ ਦੀਆਂ ਹੋਰਨਾਂ ਘਟਨਾਵਾਂ, ਪਾਣੀਆਂ, ਧਾਰਮਿਕ ਘੱਟ ਗਿਣਤੀਆਂ ਤੇ ਮੂਲ ਨਿਵਾਸੀਆਂ ਦੇ ਮੁੱਦਿਆਂ ਉਤੇ 15 ਅਗਸਤ ਨੂੰ ਮੋਗਾ 'ਚ ਰੋਸ ਮਾਰਚ ਕਰਨ ਦਾ ਐਲਾਨ ਕੀਤਾ।



ਦਲ ਖਾਲਸਾ ਦੇ ਆਗੂ ਸਤਨਾਮ ਸਿੰਘ ਪਾਉਂਟਾ ਸਾਹਿਬ, ਕੰਵਰਪਾਲ ਸਿੰਘ, ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਅਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 13 ਤੋਂ 15 ਅਗਸਤ ਤੱਕ 'ਹਰ ਘਰ ਤਿਰੰਗਾ' ਦੇ ਦਿੱਤੇ ਸੱਦੇ ਦਾ ਵਿਰੋਧ ਕੀਤਾ ਹੈ। ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਭਾਜਪਾ ਵੱਲੋਂ ਤਿਰੰਗੇ ਦੀ ਆੜ ਹੇਠ ਅਖੌਤੀ ਰਾਸ਼ਟਰਵਾਦ ਲੋਕਾਂ ਉਤੇ ਥੋਪਿਆ ਜਾ ਰਿਹਾ ਹੈ, ਜਿਸ ਨੂੰ ਉਹ ਮੁੱਢੋਂ ਰੱਦ ਕਰਦੇ ਹਨ। ਉਨ੍ਹਾਂ ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਨੂੰ ਆਪਣੇ ਘਰਾਂ 'ਤੇ ਖਾਲਸਈ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ। ਸਿੱਖ ਆਗੂਆਂ ਨੇ 15 ਅਗਸਤ ਦੇ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਵੀ ਦਿੱਤਾ। ਆਗੂਆਂ ਨੇ ਕਿਹਾ ਕਿ ਪਿਛਲੇ 75 ਸਾਲਾਂ ਤੋਂ ਧਾਰਮਿਕ ਘੱਟ-ਗਿਣਤੀ ਕੌਮਾਂ ਅਤੇ ਮੂਲ-ਵਾਸੀਆਂ 'ਤੇ ਭਾਰਤ ਦੇ ਸ਼ਾਸਕਾਂ ਵੱਲੋਂ ਜ਼ਿਆਦਤੀਆਂ ਅਤੇ ਜ਼ੁਲਮ ਕੀਤੇ ਜਾ ਰਹੇ ਹਨ। 15 ਅਗਸਤ ਦੇ ਜਸ਼ਨਾਂ ਦੇ ਬਾਈਕਾਟ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਬੰਦੀ ਸਿੰਘ ਬੰਦੀ ਹੀ ਹਨ। ਦਰਿਆਈ ਪਾਣੀਆਂ ਨੂੰ ਲੁੱਟਣ ਤੋਂ ਬਾਅਦ ਹੁਣ ਕੇਂਦਰ ਸਰਕਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਹੜੱਪਣ ਦੀ ਤਿਆਰੀ ਵਿਚ ਹੈ। ਉਨ੍ਹਾਂ ਕਿਹਾ ਕਿ ਨਿੱਜੀਕਰਨ ਤਹਿਤ ਮੂਲ ਵਾਸੀਆਂ ਨੂੰ ਗੁਲਾਮ ਬਣਾ ਕੇ ਰੱਖਿਆ ਗਿਆ ਹੈ।

# Matrimonials

## ਲੜਕੇ ਦੀ ਲੋੜ ਹੈ

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166.
29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com
29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com
27-30

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com
26-29

## ਲੜਕੀ ਦੀ ਲੋੜ ਹੈ

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709
32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893.
31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com
31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385
29-32

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060
23-26

# ਪੰਜਾਬ ਵਿਚ ਗੰਢ ਵਾਲੇ ਚਮੜੀ ਰੋਗ ਦਾ ਕਹਿਰ, ਸੈਂਕੜੇ ਪਸ਼ੂਆਂ ਦੀ ਮੌਤ

**ਚੰਡੀਗੜ੍ਹ:** ਪੰਜਾਬ ਵਿਚ ਚਮੜੀ ਰੋਗ (ਲੰਪੀ ਸਕਿੱਨ) ਕਰਕੇ ਹੁਣ ਤੱਕ 600 ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ ਬਿਮਾਰ ਪਸ਼ੂਆਂ ਦਾ ਅੰਕੜਾ 25 ਹਜ਼ਾਰ ਤੱਕ ਪੁੱਜ ਗਿਆ ਹੈ ਜਿਸ ਕਾਰਨ ਪਸ਼ੂ ਪਾਲਕਾਂ ਵਿਚ ਘਬਰਾਹਟ ਪਾਈ ਜਾ ਰਹੀ ਹੈ ਅਤੇ ਇਨ੍ਹਾਂ ਹਾਲਾਤ ਵਿਚ ਕਿਸਾਨ ਵਹਿਮਾਂ-ਭਰਮਾਂ ਦਾ ਵੀ ਸ਼ਿਕਾਰ ਹੋ ਰਹੇ ਹਨ। ਕਈ ਕਿਸਾਨ ਆਪਣੇ ਪਸ਼ੂਆਂ ਦਾ ਦੇਸੀ ਇਲਾਜ ਵੀ ਕਰਵਾ ਰਹੇ ਹਨ।



ਪੰਜਾਬ ਸਰਕਾਰ ਨੇ ਇਸ ਬਾਰੇ ਅਲਰਟ ਜਾਰੀ ਕਰ ਦਿੱਤਾ ਹੈ। ਕਰੋਨਾ ਮਹਾਮਾਰੀ ਵਾਂਗ ਇਸ ਬਿਮਾਰੀ ਨਾਲ ਨਜਿੱਠਣ ਲਈ ਵੈਟਰਨਰੀ ਸਟਾਫ ਨੂੰ ਦਿਨ-ਰਾਤ ਕੰਮ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਪ ਸ਼ੂ ਪਾਲਣ ਵਿਭਾਗ ਦੇ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਅਧਿਕਾਰੀਆਂ ਨੂੰ ਰੋਜ਼ਾਨਾ ਅੱਧਾ ਦਿਨ ਫੀਲਡ ਵਿਚ ਗੇੜਾ ਮਾਰਨ ਲਈ ਕਿਹਾ ਗਿਆ ਹੈ। ਹੁਣ ਜਦੋਂ ਇਹ ਬਿਮਾਰੀ ਵਧਣ ਲੱਗੀ ਹੈ ਤਾਂ ਵਿਭਾਗ ਦੀ ਜਾਗ ਖੁੱਲ੍ਹੀ ਹੈ। ਦੋ ਹਫਤਿਆਂ ਮਗਰੋਂ ਮਹਿਕਮੇ ਨੇ ਫੀਲਡ ਸਟਾਫ ਕੋਲੋਂ ਰੋਜ਼ਾਨਾ ਰਿਪੋਰਟ ਲੈਣੀ ਸ਼ੁਰੂ ਕੀਤੀ ਹੈ। ਪੰਜਾਬ ਵਿਚ ਕਰੀਬ 40 ਫੀਸਦ ਗਊਆਂ ਇਸ ਬਿਮਾਰੀ ਦੀ ਮਾਰ ਹੇਠ ਹਨ। ਇਨ੍ਹਾਂ ਵਿਚੋਂ 10 ਤੋਂ 15 ਫੀਸਦੀ ਗਊਆਂ ਦੀ ਹਾਲਤ ਗੰਭੀਰ ਹੈ।

ਪੰਜਾਬ ਸਰਕਾਰ ਵੱਲੋਂ ਰੋਗ ਦੇ ਫੈਲਾਅ ਨੂੰ ਠੱਲ੍ਹਣ ਲਈ ਪਸ਼ੂਆਂ ਨੂੰ ਇਕ ਤੋਂ ਦੂਜੇ ਰਾਜ ਵਿਚ ਲਿਜਾਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹਾਲਾਤ ਇੰਨੇ ਗੰਭੀਰ ਬਣ ਗਏ ਹਨ ਕਿ ਹੁਣ ਹੱਡਾ ਰੋੜੀਆਂ ਵੀ ਪਸ਼ੂਆਂ ਨੂੰ ਝੱਲ ਨਹੀਂ ਰਹੀਆਂ।

ਆਵਾਰਾ ਪਸ਼ੂ ਤਾਂ ਸੜਕਾਂ ਕਿਨਾਰੇ ਹੀ ਪਏ ਹਨ, ਜਿਨ੍ਹਾਂ ਕਾਰਨ ਹਾਲਾਤ ਹੋਰ ਵਿਗੜਨ ਦਾ ਵੀ ਖਦਸ਼ਾ ਖੜ੍ਹਾ ਹੋ ਗਿਆ ਹੈ। ਗੌਰਤਲਬ ਹੈ ਕਿ ਪੰਜਾਬ ਵਿਚ ਲੰਪੀ ਸਕਿਨ ਬਿਮਾਰੀ ਦਾ ਕੇਸ ਜੁਲਾਈ ਮਹੀਨੇ ਦੀ ਸ਼ੁਰੂਆਤ ਵਿਚ ਆਇਆ ਸੀ ਤੇ ਗੁਜਰਾਤ ਤੇ ਰਾਜਸਥਾਨ ਵੱਲੋਂ ਸੂਬੇ ਵਿਚ ਇਸ ਬਿਮਾਰੀ ਦਾ ਪ੍ਰਵੇਸ਼ ਹੋਣ ਦੀ ਗੱਲ ਆਖੀ ਜਾ ਰਹੀ ਹੈ। ਮਾਹਰ ਆਖਦੇ ਹਨ ਕਿ ਇਹ ਬਿਮਾਰੀ ਪਾਕਿਸਤਾਨ 'ਚੋਂ ਆਈ ਹੈ, ਜਿਸ ਦਾ ਪਾਸਾਰ ਹੁਣ ਹਰਿਆਣਾ ਸੂਬੇ ਵਿਚ ਵੀ ਵੱਡੇ ਪੱਧਰ 'ਤੇ ਹੋ ਗਿਆ ਹੈ। ਇਸ ਤੋਂ ਬਚਾਅ ਦੇ ਮੱਦੇਨਜ਼ਰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਸੂਬਿਆਂ ਵਿਚ ਲੱਗਣ ਵਾਲੇ ਪਸ਼ੂਆਂ ਮੇਲਿਆਂ 'ਤੇ ਰੋਕ ਲਗਾਈ ਗਈ ਹੈ। ਪੰਚਾਇਤ ਮਹਿਕਮੇ ਨੂੰ ਪਿੰਡਾਂ ਦੀਆਂ ਹੱਡਾ ਰੋੜੀਆਂ 'ਤੇ ਨਿਗ੍ਹਾ ਰੱਖਣ ਲਈ ਕਿਹਾ ਗਿਆ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਵਿਚ ਚਮੜੀ ਰੋਗ ਕਰਕੇ ਪਸ਼ੂ ਬਿਮਾਰ ਹੋ ਰਹੇ ਹਨ ਅਤੇ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਫਿਲਹਾਲ ਪਸ਼ੂ ਮੇਲੇ ਨਹੀਂ ਲੱਗਣਗੇ। ਉਨ੍ਹਾਂ ਕਿਹਾ ਕਿ ਜਿਉਂ ਹੀ ਬਿਮਾਰੀ ਨੂੰ ਠੱਲ੍ਹ ਪਏਗੀ, ਪਸ਼ੂ ਮੇਲੇ ਮੁੜ ਬਹਾਲ ਹੋ ਜਾਣਗੇ। ਵੇਰਵਿਆਂ ਅਨੁਸਾਰ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਬਿਮਾਰੀ ਨੇ ਜ਼ਿਆਦਾ ਪਸ਼ੂ ਲਪੇਟ ਵਿਚ ਲਏ ਹਨ। ਫ਼ਾਜ਼ਿਲਕਾ, ਮੁਕਤਸਰ ਅਤੇ ਫ਼ਰੀਦਕੋਟ ਜ਼ਿਲ੍ਹਿਆਂ ਵਿਚ ਪਸ਼ੂ ਇਸ ਬਿਮਾਰੀ ਨਾਲ ਜ਼ਿਆਦਾ ਮਰੇ ਹਨ। ਪਸ਼ੂ ਪਾਲਣ ਮਹਿਕਮੇ ਨੇ ਕੰਟਰੋਲ ਰੂਮ ਸਥਾਪਿਤ ਕਰਕੇ ਨੋਡਲ ਅਧਿਕਾਰੀ ਲਗਾ ਦਿੱਤੇ ਹਨ ਪਰ ਪਸ਼ੂ ਡਿਸਪੈਂਸਰੀਆਂ ਵਿਚ ਦਵਾਈ ਦੇ ਢੁਕਵੇਂ ਪ੍ਰਬੰਧ ਨਹੀਂ ਹਨ।

### ਰੋਗ ਤੋਂ ਬਚਾਅ ਲਈ ਟੀਕਾਕਰਨ ਦੀ ਲੋੜ 'ਤੇ ਜ਼ੋਰ

**ਵਾਸ਼ਿੰਗਟਨ:** ਉਘੇ ਭਾਰਤੀ-ਅਮਰੀਕੀ ਵੈਟਰਨਰੀ ਡਾਕਟਰ ਨੇ ਭਾਰਤ ਵਿਚ ਮੱਝਾਂ ਤੇ ਗਾਵਾਂ ਵਿਚ ਲੰਪੀ ਸਕਿਨ ਰੋਗ ਦੇ ਹਵਾਲੇ ਨਾਲ ਪਸ਼ੂਆਂ ਦੇ ਵੱਡੇ ਪੱਧਰ 'ਤੇ ਟੀਕਾਕਰਨ ਦੀ ਲੋੜ 'ਤੇ ਜੋਰ ਦਿੱਤਾ ਹੈ। ਇਸ ਰੋਗ ਕਰਕੇ ਹੁਣ ਤੱਕ ਭਾਰਤ ਵਿਚ ਹਜ਼ਾਰਾਂ ਗਾਵਾਂ ਤੇ ਮੱਝਾਂ ਦੀ ਮੌਤ ਹੋ ਚੁੱਕੀ ਹੈ। ਪਿਛਲੇ ਕੁਝ ਹਫਤਿਆਂ ਵਿਚ ਰਾਜਸਥਾਨ ਤੇ ਗੁਜਰਾਤ ਵਿਚ 3500 ਤੋਂ ਵੱਧ ਜਦੋਂਕਿ ਪੰਜਾਬ ਵਿਚ 500 ਤੋਂ ਵੱਧ ਪਸ਼ੂ ਇਸ ਰੋਗ ਕਰਕੇ ਮੌਤ ਦੇ ਮੂੰਹ ਪੈ ਚੁੱਕੇ ਹਨ। ਭਾਰਤੀ ਮੂਲ ਦੇ ਵੈਟਰਨਰੀ ਡਾਕਟਰਾਂ ਦੀ ਅਮਰੀਕੀ ਐਸੋਸੀਏਸ਼ਨ ਦੇ ਪ੍ਰਧਾਨ ਰਵੀ ਮੁਰਾਰਕਾ ਨੇ ਕਿਹਾ ਕਿ ਇਸ ਜਾਨਲੇਵਾ ਰੋਗ ਨੂੰ ਫੈਲਣ ਤੋਂ ਰੋਕਣ ਲਈ ਮੱਝਾਂ/ਗਾਵਾਂ ਦੇ ਵੱਡੇ ਪੱਧਰ 'ਤੇ ਟੀਕਾਕਰਨ ਅਤੇ ਪਸ਼ੂਆਂ ਦੀ ਇਕ ਤੋਂ ਦੂਜੇ ਰਾਜ ਵਿਚ ਆਮਦੋ-ਰਫਤ ਨੂੰ ਰੋਕਣ ਜਿਹੇ ਦੋ ਅਹਿਮ ਕਦਮ ਪੁੱਟਣ ਦੀ ਲੋੜ ਹੈ।

# ਦਮਦਮੀ ਟਕਸਾਲ ਦਾ ਸਿੱਖੀ ਪ੍ਰਚਾਰ ਤੇ ਪ੍ਰਸਾਰ 'ਚ ਬੇਮਿਸਾਲ ਯੋਗਦਾਨ: ਜਥੇਦਾਰ

**ਤਲਵੰਡੀ ਸਾਬੋ:** ਦਮਦਮੀ ਟਕਸਾਲ ਨੇ ਆਪਣਾ 316ਵਾਂ ਸਥਾਪਨਾ ਦਿਵਸ ਇੱਥੇ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਕਰਕੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਤਖ਼ਤਾਂ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਧਾਰਮਿਕ ਸ਼ਖਸੀਅਤਾਂ ਸ਼ਾਮਲ ਹੋਈਆਂ।



ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਮੇਂ-ਸਮੇਂ 'ਤੇ ਦਮਦਮੀ ਟਕਸਾਲ ਸਿੱਖੀ ਪ੍ਰਚਾਰ ਤੇ ਪ੍ਰਸਾਰ ਵਿਚ ਬੇਮਿਸਾਲ ਯੋਗਦਾਨ ਪਾ ਰਿਹਾ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਵੀਰ ਸਿੰਘ ਨੇ ਦਮਦਮੀ ਟਕਸਾਲ ਨੂੰ ਗਿਆਨੀ, ਵਿਦਵਾਨ ਅਤੇ ਸ਼ਹੀਦ ਪੈਦਾ ਕਰਨ ਵਾਲੀ ਟਕਸਾਲ ਦੱਸਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦਮਦਮੀ ਟਕਸਾਲ ਦੀ ਸਥਾਪਨਾ ਤੋਂ ਲੈ ਕੇ ਮੌਜੂਦਾ ਸਮੇਂ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਅਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਟਕਸਾਲ ਦੇ ਮੌਜੂਦਾ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ ਨੂੰ ਵਧਾਈ ਦਿੱਤੀ। ਟਕਸਾਲ ਮੁਖੀ ਹਰਨਾਮ ਸਿੰਘ ਨੇ ਟਕਸਾਲ ਦੇ ਇਤਿਹਾਸ ਅਤੇ ਮੌਜੂਦਾ ਸਮੇਂ ਵਿਚ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਪੰਥ ਦੇ ਹੱਕਾਂ ਅਤੇ ਹਿੱਤਾਂ ਦੀ ਪਹਿਰੇਦਾਰੀ ਲਈ ਵਚਨਬੱਧ ਹੈ।

# ਦਿੱਲੀ ਕਮੇਟੀ ਨੇ ਪੰਜਾਬ 'ਚ ਪ੍ਰਚਾਰ ਲਈ ਮੋਰਚਾ ਸੰਭਾਲਿਆ

**ਅੰਮ੍ਰਿਤਸਰ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਦੇ ਬਰਾਬਰ ਸਿੱਖ ਧਰਮ ਦਾ ਪ੍ਰਚਾਰ ਸ਼ੁਰੂ ਕਰਨ ਲਈ ਇੱਥੇ ਦਫਤਰ ਖੋਲ੍ਹ ਦਿੱਤਾ ਹੈ। ਇਸ ਸਬੰਧੀ ਦਿੱਲੀ ਕਮੇਟੀ ਦੇ ਪ੍ਰਚਾਰਕ ਪਿੰਡ-ਪਿੰਡ ਜਾਣਗੇ ਅਤੇ ਸਿੱਖੀ ਤੋਂ ਮੂੰਹ ਮੋੜਨ ਵਾਲਿਆਂ ਨੂੰ ਮੁੜ ਸਿੱਖੀ ਨਾਲ ਜੋੜਨ ਦਾ ਯਤਨ ਕਰਨਗੇ।

ਇਸ ਮੁਹਿੰਮ ਤਹਿਤ ਦੋਹਾਂ ਸੰਸਥਾਵਾਂ ਦੇ ਆਹਮੋ-ਸਾਹਮਣੇ ਹੋਣ ਕਾਰਨ ਭਵਿੱਖ ਵਿਚ ਇਨ੍ਹਾਂ ਵਿਚਾਲੇ ਕੁੜੱਤਣ ਤੇ ਦੂਰੀ ਵਧਣ ਦੀ ਸੰਭਾਵਨਾ ਹੈ। ਦਿੱਲੀ ਕਮੇਟੀ ਨੇ ਧਰਮ ਜਾਗਰੂਕਤਾ ਲਹਿਰ ਲਈ ਇਥੇ ਸ਼ਾਸਤਰੀ ਨਗਰ ਵਿਚ ਆਪਣੀ ਸ੍ਰੀ ਗੁਰੂ ਤੇਗ ਬਹਾਦਰ ਨਿਵਾਸ ਸਰਾਂ ਵਿਚ ਦਫਤਰ ਖੋਲ੍ਹਿਆ। ਇਸ ਮੁਹਿੰਮ ਲਈ ਸਾਬਕਾ ਫੈਡਰੇਸ਼ਨ ਆਗੂ ਮਨਜੀਤ ਸਿੰਘ ਭੋਮਾ ਨੂੰ ਇੰਚਾਰਜ ਥਾਪਿਆ ਗਿਆ ਹੈ। ਇਸ ਮੌਕੇ ਅਰਦਾਸ ਸਮਾਗਮ ਕੀਤਾ ਗਿਆ ਜਿਸ ਵਿਚ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਅਕਾਲੀ ਦਲ (ਸੰਯੁਕਤ) ਦੇ ਭਾਈ ਮੋਹਕਮ ਸਿੰਘ ਤੇ ਸਤਨਾਮ ਸਿੰਘ ਮਨਾਵਾਂ ਸਮੇਤ ਦਮਦਮੀ ਟਕਸਾਲ, ਚੀਫ ਖਾਲਸਾ ਦੀਵਾਨ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ।

ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਆਖਿਆ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨਾਲ ਕੋਈ ਝਗੜਾ ਨਹੀਂ ਹੈ, ਸ਼੍ਰੋਮਣੀ ਕਮੇਟੀ ਇਸ ਧਰਮ ਪ੍ਰਚਾਰ ਮੁਹਿੰਮ ਵਿਚ ਸ਼ਮੂਲੀਅਤ ਕਰ ਸਕਦੀ ਹੈ। ਉਨ੍ਹਾਂ ਦਾ ਮੁੱਖ ਮੰਤਵ ਸਿੱਖੀ ਤੋਂ ਮੂੰਹ ਫੇਰ ਗਏ ਸਿੱਖਾਂ ਨੂੰ ਮੁੜ ਸਿੱਖੀ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਨਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਪੰਜਾਬ ਵਿਚ ਸਿੱਖੀ ਨੂੰ ਸੰਭਾਲਣ 'ਚ ਅਸਫਲ ਰਹੀ ਹੈ। ਸ੍ਰੀ ਦਾਦੂਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ 'ਤੇ ਇਕ ਧੜੇ ਦਾ ਕਬਜ਼ਾ ਹੋਣ ਕਾਰਨ ਇਹ ਸਥਿਤੀ ਪੈਦਾ ਹੋਈ ਹੈ।

ਦਿੱਲੀ ਕਮੇਟੀ ਵੱਲੋਂ ਪੰਜਾਬ ਵਿਚ ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇ ਅਜਿਹਾ ਸਿਰਫ ਈਰਖਾ ਕਾਰਨ ਕੀਤਾ ਜਾ ਰਿਹਾ ਹੈ ਤਾਂ ਇਹ ਮਾੜਾ ਹੈ ਪਰ ਜੇਕਰ ਉਹ ਅਜਿਹਾ ਸੁਹਿਰਦਤਾ ਨਾਲ ਕਰ ਰਹੇ ਹਨ ਤਾਂ ਫਿਰ ਇਸ ਦੀ ਦਿੱਲੀ ਵਿਚ ਵਧੇਰੇ ਲੋੜ ਹੈ।

LAW OFFICES OF
VIVEK MALIK

Follow us on :

ACCOMPLISHED IMMIGRATION Attorneys help FAMILIES REUNITE in the



UNITED STATES



Our Global & Nationwide Services in the field of U.S. Immigration & Nationality Law

- Business Immigration & Worksite Compliance
  ਬਿੰਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੁਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*



***To Advertise with Punjab Times Call: 847-359-0746***
***Fax:847-705-9388, e-mail:punjabtimes1@sbcglobal.net***
*Visit us on the web:**www.punjabtimesusa.com***



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ ‘ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ ‘ਸੀ. ਡੀ. ਐੱਲ. ਸਟਾਰਟ’ ਵਿਚ ਆਓ।




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ
*ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ ‘ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

***ਸਫਲਤਾਪੂਰਵਕ ਸਿਖਲਾਈ ਪੂਰੀ ਹੋਣ ‘ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।***

***ਵਿਦਿਆਰਥੀਆਂ ਲਈ:** ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ ‘ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖੋਜ ਅਤੇ ਸਾਹਿਤ ਦੇ ਖੇਤਰ ਦੀ ਚੋਰੀ ਰੋਕਣ ਲਈ ਹੰਭਲਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਖੋਜ ਅਤੇ ਸਾਹਿਤ ਦੇ ਖੇਤਰ ਦੀ ਚੋਰੀ ਸਬੰਧੀ ਸਮੱਗਰੀ ਦੀ ਨਿਸ਼ਾਨਦੇਹੀ ਕਰਨ ਵਾਲੇ ਡਿਜੀਟਲ ਟੂਲ ਨੂੰ ਪ੍ਰੋਡਕਟ ਪੱਧਰ 'ਤੇ ਵਿਕਸਤ ਕਰਨ ਲਈ ਇਕਰਾਰਨਾਮੇ ਉਤੇ ਦਸਤਖਤ ਕੀਤੇ ਗਏ ਹਨ।

ਸਿੰਡੀਕੇਟ ਰੂਮ ਵਿਚ ਹੋਏ ਸਮਾਗਮ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਬਲੂਏਵਜ਼ ਈ-ਹੈਲਥ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨਾਲ 'ਇੰਡਸਟਰੀ ਅਕੈਡਮੀਆ ਰਿਸਰਚ ਕੋਲੈਬੋਰੇਸ਼ਨ' ਉਤੇ ਦਸਤਖਤ ਕੀਤੇ ਹਨ। ਇਸ ਇਕਰਾਰਨਾਮੇ ਤਹਿਤ ਸਾਹਿਤਕ ਅਤੇ ਖੋਜ ਨਾਲ ਜੁੜੀ ਚੋਰੀ ਬਾਰੇ ਟੂਲ ਦੇ ਵਿਕਾਸ ਲਈ ਟੂਲਜ਼ ਦੇ ਪ੍ਰੋਡਕਟ ਪੱਧਰ ਉੱਤੇ ਨਿਰਮਾਣ ਕਰਨ ਹਿਤ ਕਾਰਜ ਕੀਤਾ ਜਾਵੇਗਾ।

ਕੰਪਿਊਟਰ ਵਿਗਿਆਨ ਵਿਭਾਗ ਦੇ ਪ੍ਰੋ. ਵਿਸ਼ਾਲ ਗੋਇਲ ਨੇ ਦੱਸਿਆ ਕਿ 2019 ਵਿਚ ਕੰਪਿਊਟਰ ਸਾਇੰਸ ਵਿਭਾਗ ਤੋਂ ਉਨ੍ਹਾਂ (ਪ੍ਰੋ. ਵਿਸ਼ਾਲ) ਅਤੇ ਡੀ.ਏ.ਵੀ. ਕਾਲਜ ਜਲੰਧਰ ਤੋਂ ਡਾ. ਰਾਜੀਵ ਪੁਰੀ ਨੂੰ ਇਸ ਮਾਮਲੇ ਵਿਚ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ 'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦੇ ਹੋਏ ਭਾਰਤੀ ਭਾਸ਼ਾਵਾਂ ਵਿਚ ਸਾਹਿਤਕ ਚੋਰੀ ਫੜਨ ਸਬੰਧੀ ਖੋਜ ਟੂਲ ਦੇ ਵਿਕਾਸ ਲਈ 20 ਲੱਖ ਰੁਪਏ ਦੀ ਗ੍ਰਾਂਟ ਹਾਸਲ ਹੋਈ ਸੀ। ਇਸ ਟੀਮ ਨੇ ਇਸ ਨੂੰ ਸੰਸਾਰ ਦੀ ਹਰ ਭਾਸ਼ਾ ਲਈ ਲਾਗੂ ਹੋਣ ਵਾਲੇ ਆਮ ਆਰਕੀਟੈਕਚਰ ਮਾਡਲ ਦੇ ਤੌਰ ਉੱਤੇ ਵਿਕਸਤ ਕੀਤਾ ਸੀ, ਬਸ਼ਰਤੇ ਉਹਨਾਂ ਭਾਸ਼ਾਵਾਂ ਲਈ ਭਾਸ਼ਾ ਸਰੋਤ ਇਸ ਵਿਚ ਪਲੱਗ ਕੀਤੇ ਗਏ ਹੋਣ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਇਸ ਪ੍ਰੋਜੈਕਟ ਦੇ ਕੰਮ ਨੂੰ ਰਸਮੀ ਤੌਰ ਉੱਤੇ ਸਮਰਥਨ ਦਿੱਤਾ ਹੈ। ਹੁਣ ਟੀਮ, ਬਲੂਏਵਜ਼ ਈ-ਹੈਲਥ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ਨਾਲ ਇਕਰਾਰਨਾਮਾ ਕਰਨ ਲਈ ਸਹਿਮਤ ਹੋ ਗਈ ਹੈ। ਇਸ ਪ੍ਰੋਟੋਟਾਈਪ ਨੂੰ ਪ੍ਰੋਡਕਟ ਵਿਚ ਤਬਦੀਲ ਕਰਨ ਲਈ ਲੋੜੀਂਦੇ ਖਰਚੇ ਇਸ ਕੰਪਨੀ ਨੇ ਪੂਰੇ ਕਰਨੇ ਹਨ।



ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਾਲ ਹੀ ਵਿਚ ਪ੍ਰੋ. ਵਿਸ਼ਾਲ ਗੋਇਲ ਦੀ ਰਹਿਨੁਮਾਈ ਹੇਠ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਖੋਜ ਸ਼ਾਖਾ ਨੂੰ ਵੀ ਕਾਗਜ਼-ਰਹਿਤ ਕੀਤਾ ਗਿਆ ਹੈ ਜੋ ਯੂਨੀਵਰਸਿਟੀ ਦੀ ਵੱਡੀ ਪ੍ਰਾਪਤੀ ਹੈ।

## ਐਫ.ਬੀ.ਆਈ. ਨੇ ਟਰੰਪ ਦੇ ਘਰ 'ਤੇ ਮਾਰਿਆ ਛਾਪਾ

**ਵਾਸ਼ਿੰਗਟਨ:** ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ.) ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਰ-ਏ-ਲਾਗੋ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਟਰੰਪ ਨੇ ਕਿਹਾ ਕਿ ਐਫ.ਬੀ.ਆਈ. ਏਜੰਟਾਂ ਨੇ ਉਨ੍ਹਾਂ ਦੀ ਤਿਜੋਰੀ ਤੋੜ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹਾ 'ਹਮਲਾ' ਸਿਰਫ ਗਰੀਬ ਅਤੇ ਵਿਕਾਸਸ਼ੀਲ ਦੇਸਾਂ ਵਿਚ ਹੀ ਹੁੰਦਾ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਫਲੋਰੀਡਾ ਵਿਚ ਉਨ੍ਹਾਂ ਦੇ ਘਰ ਦੀ ਤਲਾਸ਼ੀ ਲਈ ਜਾ ਰਹੀ ਹੈ।

## ਵੰਡ ਵੇਲੇ ਵਿਚੜੇ ਚਾਚਾ-ਭਤੀਜਾ ਕਰਤਾਰਪੁਰ ਸਾਹਿਬ 'ਚ ਮਿਲੇ

**ਡੇਰਾ ਬਾਬਾ ਨਾਨਕ:** ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਵਿਚੜੇ ਚਾਚਾ-ਭਤੀਜਾ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਚ ਮਿਲੇ। 92 ਸਾਲਾ ਬਜ਼ੁਰਗ ਸਰਵਣ ਸਿੰਘ ਆਪਣੇ 75 ਸਾਲਾ ਭਤੀਜੇ ਮੋਹਨ ਸਿੰਘ ਨੂੰ ਮਿਲ ਕੇ ਭਾਵੁਕ ਹੋ ਗਏ। ਸਰਵਣ ਸਿੰਘ ਜਲੰਧਰ ਤੋਂ ਆਪਣੀ ਧੀ ਰਸ਼ਪਾਲ ਕੌਰ ਨਾਲ ਕਰਤਾਰਪੁਰ ਲਾਂਘੇ ਜ਼ਰੀਏ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਗਏ, ਜਿਥੇ ਉਹ 75 ਸਾਲ ਬਾਅਦ ਆਪਣੇ ਭਤੀਜੇ ਮੋਹਨ ਸਿੰਘ ਨੂੰ ਮਿਲੇ।

ਮੁਲਾਕਾਤ ਮਗਰੋਂ ਸਰਵਣ ਸਿੰਘ ਨੇ ਦੱਸਿਆ ਕਿ ਮੋਹਨ ਸਿੰਘ ਨੇ ਛੇ ਸਾਲ ਦੀ ਉਮਰ ਵਿਚ ਹੀ ਆਪਣੇ ਪਰਿਵਾਰ ਦੇ 22 ਮੈਂਬਰਾਂ ਨੂੰ ਗੁਆ ਦਿੱਤਾ ਸੀ। ਪਾਕਿਸਤਾਨ 'ਚ ਉਸ ਦਾ ਪਾਲਣ-ਪੋਸ਼ਣ ਇਕ ਮੁਸਲਿਮ ਪਰਿਵਾਰ ਨੇ ਹੀ ਕੀਤਾ। ਉਸ ਦਾ ਨਾਂ ਹੁਣ ਅਬਦੁਲ ਖ਼ਾਲਿਕ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਮੋਹਨ ਉਰਫ ਅਬਦੁਲ ਖ਼ਾਲਿਕ ਦਾ ਪਾਕਿਸਤਾਨ 'ਚ ਕਾਫੀ ਵੱਡਾ ਪਰਿਵਾਰ ਹੈ ਅਤੇ ਸਾਰੇ ਉਸ ਨੂੰ ਨੂੰ ਮਿਲਣ ਆਏ ਸਨ। ਉਨ੍ਹਾਂ ਦੱਸਿਆ ਕਿ ਇੰਨੇ ਸਾਲਾਂ ਬਾਅਦ ਉਨ੍ਹਾਂ ਨੂੰ ਆਪਣੇ ਭਤੀਜੇ ਦਾ ਪਤਾ ਇਕ ਵੀਡੀਓ ਜਰੀਏ ਲੱਗਾ ਸੀ। ਇਸ ਮੁਲਾਕਾਤ ਲਈ ਸਰਵਣ ਸਿੰਘ ਨੇ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ।

## ਵੰਡ ਲੇਖੇ ਲੱਗੇ ਪੰਜਾਬੀਆਂ ਨੂੰ ਯਾਦ ਕੀਤਾ ਜਾਵੇਗਾ

**ਅੰਮ੍ਰਿਤਸਰ:** 1947 ਵਿਚ ਮਾਰੇ ਗਏ ਦਸ ਲੱਖ ਪੰਜਾਬੀਆਂ ਦੀ ਯਾਦ ਵਿਚ ਇਸ ਵਾਰ 16 ਅਗਸਤ ਨੂੰ ਅਕਾਲ ਤਖਤ 'ਤੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਇਸ ਸਬੰਧੀ ਅਕਾਲ ਤਖ਼ਤ ਵਿਖੇ 14 ਅਗਸਤ ਨੂੰ ਅਖੰਡ ਪਾਠ ਰੱਖੇ ਜਾਣਗੇ। ਦੇਸ਼ ਵੰਡ ਤੋਂ ਬਾਅਦ 75 ਸਾਲਾਂ ਬਾਅਦ ਇਹ ਪਹਿਲੀ ਵਾਰ ਹੈ ਕਿ ਦੇਸ਼ ਵੰਡ ਵੇਲੇ ਮਾਰੇ ਗਏ ਦਸ ਲੱਖ ਪੰਜਾਬੀਆਂ ਨੂੰ ਅਕਾਲ ਤਖ਼ਤ ਵਿਖੇ ਯਾਦ ਕੀਤਾ ਜਾ ਰਿਹਾ ਹੈ। ਇਸ ਸਬੰਧੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿੱਖ ਕੌਮ ਦੇ ਨਾਂ ਸੰਦੇਸ਼ ਵੀ ਜਾਰੀ ਕੀਤਾ ਗਿਆ ਹੈ। ਆਪਣੇ ਸੰਦੇਸ਼ ਵਿਚ ਉਨ੍ਹਾਂ ਨੇ ਵੰਡ ਵੇਲੇ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਇਸ ਮੌਕੇ ਅਕਾਲ ਤਖ਼ਤ ਵਿਖੇ ਪੁੱਜਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਵੰਡ ਵੇਲੇ ਦੇ ਪੀੜਤ ਹਿੰਦੂ ਪਰਿਵਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਬਾਰੇ ਧਰਮ ਅਸਥਾਨਾਂ 'ਤੇ ਵਿਚੜੀਆਂ ਰੂਹਾਂ ਨਮਿਤ ਪ੍ਰਾਰਥਨਾ ਕਰਨ।

## ਕੜੇ ਉਤਰਵਾਉਣ ਵਾਲੇ ਸਕੂਲ ਦਾ ਪ੍ਰਿੰਸੀਪਲ ਬਰਖਾਸਤ

**ਜਲੰਧਰ:** ਸੀ.ਟੀ ਪਬਲਿਕ ਸਕੂਲ ਵਿਚ ਬੱਚਿਆਂ ਦੇ ਕੜੇ ਉਤਰਵਾਉਣ ਦੇ ਦੋਸ਼ ਹੇਠ ਪ੍ਰਬੰਧਕਾਂ ਨੇ ਪ੍ਰਿੰਸੀਪਲ ਤੇ ਦੋ ਅਧਿਆਪਕਾਂ ਨੂੰ ਸਕੂਲ 'ਚੋਂ ਬਰਖ਼ਾਸਤ ਕਰ ਦਿੱਤਾ ਹੈ। ਸਿੱਖ ਤਾਲਮੇਲ ਕਮੇਟੀ ਵੱਲੋਂ ਰੋਸ ਪ੍ਰਗਟਾਏ ਜਾਣ ਮਗਰੋਂ ਪ੍ਰਿੰਸੀਪਲ ਤੇ ਅਧਿਆਪਕਾਂ ਨੇ ਸਿੱਖ ਭਾਈਚਾਰੇ ਕੋਲੋਂ ਮੁਆਫੀ ਵੀ ਮੰਗੀ। ਪ੍ਰਾਪਤ ਜਾਣਕਾਰੀ ਅਨੁਸਾਰ ਸਿੱਖ ਤਾਲਮੇਲ ਕਮੇਟੀ ਦੇ ਸੀਨੀਅਰ ਮੈਂਬਰ ਗੁਰਜੀਤ ਸਿੰਘ ਸਤਨਾਮੀਆ ਦੀ ਪੋਤਰੀ ਸੀਟੀ ਪਬਲਿਕ ਸਕੂਲ ਮਕਸੂਦਾਂ 'ਚ ਪੜ੍ਹਦੀ ਹੈ। ਜਦੋਂ ਉਹ ਸਕੂਲ 'ਚ ਦਾਖਲ ਹੋਈ ਤਾਂ ਉਥੇ ਖੜ੍ਹੀ ਮੈਡਮ ਭਾਵਨਾ ਚੱਢਾ, ਪ੍ਰਿੰਸੀਪਲ ਦਲਜੀਤ ਰਾਣਾ ਤੇ ਹੋਰਾਂ ਨੇ ਉਸ ਨੂੰ ਕੜਾ ਉਤਾਰਨ ਲਈ ਕਿਹਾ। ਕੜਾ ਉਤਾਰਨ ਤੋਂ ਇਨਕਾਰ ਕਰਦਿਆਂ ਸਕੂਲ ਤੋਂ ਬਾਹਰ ਆ ਕੇ ਲੜਕੀ ਨੇ ਸਾਰੀ ਗੱਲ ਆਪਣੇ ਦਾਦਾ ਗੁਰਜੀਤ ਸਿੰਘ ਨੂੰ ਦੱਸੀ ਅਤੇ ਉਨ੍ਹਾਂ ਇਸ ਦੀ ਸੂਚਨਾ ਸਿੱਖ ਤਾਲਮੇਲ ਕਮੇਟੀ ਨੂੰ ਦਿੱਤੀ। ਮੌਕੇ 'ਤੇ ਪਹੁੰਚੇ ਕਮੇਟੀ ਆਗੂਆਂ ਹਰਪਾਲ ਸਿੰਘ ਚੱਢਾ, ਹਰਪ੍ਰੀਤ ਸਿੰਘ ਨੀਟੂ, ਹਰਪਾਲ ਸਿੰਘ ਪਾਲੀ ਚੱਢਾ ਤੇ ਸਨੀ ਸਿੰਘ ਓਬਰਾਏ ਨੇ ਦੱਸਿਆ ਕਿ ਸਕੂਲ ਵਿਚ ਭਾਵਨਾ ਚੱਢਾ ਦੇ ਹੱਥ ਵਿਚ ਸੱਤ-ਅੱਠ ਕੜੇ ਫੜੇ ਹੋਏ ਸਨ, ਜੋ ਉਨ੍ਹਾਂ ਬੱਚਿਆਂ ਤੋਂ ਉਤਰਵਾਏ ਸਨ। ਇਸ ਬਾਰੇ ਸੂਚਨਾ ਮਿਲਣ ਮਗਰੋਂ ਪੁਲਿਸ ਅਧਿਆਪਕਾਂ ਨੂੰ ਥਾਣੇ ਲੈ ਗਈ। ਇਥੇ ਭਾਵਨਾ ਚੱਢਾ ਤੇ ਅਮਿਤ ਨੇ ਦੱਸਿਆ ਕਿ ਉਨ੍ਹਾਂ ਨੂੰ ਪ੍ਰਿੰਸੀਪਲ ਨੇ ਬੱਚਿਆਂ ਦੇ ਕੜੇ ਉਤਰਵਾਉਣ ਲਈ ਕਿਹਾ ਸੀ। ਇਸ ਮਗਰੋਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮਨਬੀਰ ਸਿੰਘ ਨੇ ਪ੍ਰਿੰਸੀਪਲ ਦਲਜੀਤ ਰਾਣਾ, ਅਮਿਤ ਚੋਪੜਾ ਤੇ ਭਾਵਨਾ ਚੱਢਾ ਨੂੰ ਸਕੂਲ 'ਚੋਂ ਬਰਖ਼ਾਸਤ ਕਰ ਦਿੱਤਾ ਅਤੇ ਕੜੇ ਉਤਰਵਾਉਣ ਵਾਲਿਆਂ ਨੇ ਸਿੱਖ ਭਾਈਚਾਰੇ ਤੋਂ ਲਿਖਤੀ ਮੁਆਫੀ ਮੰਗੀ।

## ਮੋਦੀ ਵੱਲੋਂ ਫਿਰ ਵਾਅਦਾਖਿਲਾਫੀ

*(ਪਹਿਲੇ ਸਫੇ ਦੀ ਬਾਕੀ)*

ਨਾਲ ਜਿਨ੍ਹਾਂ ਦੇ ਹਿਤ ਜੁੜੇ ਹਨ, ਉਨ੍ਹਾਂ ਨਾਲ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ ਗਿਆ।

ਕਿਸਾਨ ਆਗੂ ਅਤੇ ਸਵਰਾਜ ਇੰਡੀਆ ਦੇ ਮੁਖੀ ਯੋਗੇਂਦਰ ਯਾਦਵ ਨੇ ਬਿੱਲ ਪੇਸ਼ ਕਰਨ ਨੂੰ ਕਿਸਾਨਾਂ ਨਾਲ ਕੀਤਾ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਇਹ ਦਰਸਾਉਂਦਾ ਹੈ ਸਰਕਾਰ ਦੇ ਕਹੇ, ਬੋਲੇ ਅਤੇ ਲਿਖੇ ਦਾ ਕੋਈ ਮੁੱਲ ਨਹੀਂ। ਯਾਦਵ ਨੇ ਬਿਜਲੀ ਸੋਧ ਬਿੱਲ ਨੂੰ ਕਿਸਾਨਾਂ ਨਾਲ ਕੀਤਾ ਘਾਣ ਕਰਾਰ ਦਿੰਦਿਆਂ ਕਿਹਾ ਕਿ ਇਹ ਬਿੱਲ ਬਿਜਲੀ ਦੇ ਸਪਲਾਈ ਦੀਆਂ ਦੋ ਵੱਖ-ਵੱਖ ਧਿਰਾਂ ਤਿਆਰ ਕਰੇਗਾ। ਨਿੱਜੀ ਕੰਪਨੀਆਂ ਸਿਰਫ ਮਲਾਈਦਾਰ ਭਾਵ ਸ਼ਹਿਰੀ, ਵਪਾਰਕ ਆਦਿ ਮੁਨਾਫੇ ਵਾਲੇ ਇਲਾਕਿਆਂ 'ਚ ਹੀ ਬਿਜਲੀ ਸਪਲਾਈ ਕਰਨਗੀਆਂ। ਜਦਕਿ ਪਹਿਲਾਂ ਤੋਂ ਹੀ ਮਾੜੇ ਵਿੱਤੀ ਹਾਲ 'ਚੋਂ ਲੰਘੇ ਰਹੇ ਬਿਜਲੀ ਬੋਰਡ ਦੀ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਫਿਰ ਕਿਸਾਨਾਂ ਦੀ ਸਾਰ ਕੌਣ ਲਏਗਾ।

## ਸੁਖਬੀਰ ਬਾਦਲ ਦੀ ਕੁਰਸੀ ਹਿੱਲੀ

*(ਪਹਿਲੇ ਸਫੇ ਦੀ ਬਾਕੀ)*

ਕੋਈ ਤੁਕ ਨਹੀਂ ਬਣਦੀ ਪਰ ਜਿਸ ਤਰ੍ਹਾਂ ਇਸ ਇਕੱਠ ਤੋਂ ਤੁਰਤ ਬਾਅਦ ਸੁਖਬੀਰ ਬਾਦਲ ਨੇ ਪਾਰਟੀ ਦੀ ਪੰਜ ਮੈਂਬਰੀ ਅਨੁਸ਼ਾਸਨੀ ਕਮੇਟੀ ਬਣਾ ਦਿੱਤੀ ਹੈ, ਉਸ ਤੋਂ ਸਾਫ ਹੈ ਕਿ ਬਾਦਲ ਨੂੰ ਪਰਿਵਾਰ ਅੰਦਰੋਂ ਕੰਬ ਗਿਆ ਹੈ। ਇਸ ਕਮੇਟੀ ਦੀ ਅਗਵਾਈ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੂੰ ਸੌਂਪੀ ਗਈ ਹੈ। ਕਮੇਟੀ ਦੇ ਹੋਰ ਮੈਂਬਰਾਂ ਵਿਚ ਸ਼ਰਨਜੀਤ ਸਿੰਘ ਢਿੱਲੋਂ, ਵਿਰਸਾ ਸਿੰਘ ਵਲਟੋਹਾ, ਮਨਤਾਰ ਸਿੰਘ ਬਰਾੜ ਤੇ ਡਾ. ਸੁਖਵਿੰਦਰ ਸੁੱਖੀ ਨੂੰ ਸ਼ਾਮਲ ਕੀਤਾ ਗਿਆ ਹੈ।

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਬਾਗੀ ਸੁਰਾਂ ਨੂੰ ਦਬਾਉਣ ਲਈ ਭਾਵੇਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਭੰਗ ਕੀਤੇ ਢਾਂਚੇ ਦੌਰਾਨ ਹੀ ਅਨੁਸ਼ਾਸਨੀ ਕਮੇਟੀ ਬਣਾ ਦਿੱਤੀ ਗਈ ਹੈ ਪਰ ਇਹ ਸੁਰਾਂ ਭਵਿੱਖ ਵਿਚ ਹੋਰ ਤਿੱਖੀਆਂ ਹੋਣ ਦੀ ਸੰਭਾਵਨਾ ਹੈ। 2017 ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਹਾਰ ਤੋਂ ਬਾਅਦ ਲਗਾਤਾਰ ਹੋ ਰਹੀਆਂ ਹਾਰਾਂ ਦੇ ਕਾਰਨ ਸ਼੍ਰੋਮਣੀ ਅਕਾਲੀ ਦਲ ਵਿੱਚ ਲੀਡਰਸ਼ਿਪ ਬਦਲਾਅ ਸਬੰਧੀ ਆਵਾਜ਼ ਬੁਲੰਦ ਹੋ ਰਹੀ ਹੈ।

ਵੱਡੀ ਗਿਣਤੀ ਆਗੂ ਪਾਰਟੀ ਉਤੇ ਬਾਦਲ ਪਰਿਵਾਰ ਦੇ ਦਬਦਬੇ ਤੋਂ ਨਿਰਾਸ਼ ਹਨ। ਤਾਜ਼ਾ ਹੋਈਆਂ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਚੋਣਾਂ ਵਿਚ ਭਾਜਪਾ ਦੀ ਹਮਾਇਤ ਉਤੇ ਵੀ ਵੱਡੀ ਗਿਣਤੀ ਆਗੂ ਨਾਰਾਜ਼ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਤਾਂ ਇਨ੍ਹਾਂ ਚੋਣਾਂ ਦੇ ਬਾਈਕਾਟ ਦਾ ਐਲਾਨ ਤੱਕ ਕਰ ਦਿੱਤਾ ਸੀ। ਜਿਸ ਤੋਂ ਬਾਅਦ ਪਾਰਟੀ ਨੇ ਲੀਡਰਸ਼ਿਪ ਬਦਲਾਅ ਦੇ ਨਾਂ ਉਤੇ ਸ਼੍ਰੋਮਣੀ ਅਕਾਲੀ ਦਲ ਦਾ ਜਥੇਬੰਦਕ ਢਾਂਚਾ ਭੰਗ ਕਰ ਦਿੱਤਾ ਗਿਆ ਸੀ। ਹਾਲਾਂਕਿ ਸੁਖਬੀਰ ਸਿੰਘ ਬਾਦਲ ਵੱਲੋਂ ਲਏ ਗਏ ਇਸ ਫੈਸਲੇ 'ਤੇ ਵੱਡੇ ਸਵਾਲ ਉੱਠ ਰਹੇ ਹਨ। ਸੀਨੀਅਰ ਅਕਾਲੀ ਆਗੂਆਂ ਨੇ ਸਵਾਲ ਕੀਤੇ ਸਨ ਕਿ ਅਕਾਲੀ ਦਲ ਦੇ ਵਿਧਾਨ ਮੁਤਾਬਕ ਸੁਖਬੀਰ ਬਾਦਲ ਪਾਰਟੀ ਦੀ ਵਰਕਿੰਗ ਕਮੇਟੀ ਭੰਗ ਕਰਨ ਦਾ ਅਖਤਿਆਰ ਹੀ ਨਹੀਂ ਰੱਖਦੇ।

## ਮਜੀਠੀਆ ਦੀ ਨਿਆਇਕ ਹਿਰਾਸਤ ਵਧਾਈ

**ਮੁਹਾਲੀ:** ਡਰੱਗਜ ਮਾਮਲੇ ਵਿਚ ਨਾਮਜ਼ਦ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੀਡੀਓ ਕਾਨਫਰੰਸਿੰਗ ਜਰੀਏ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਵੱਲੋਂ ਇਸ ਮਾਮਲੇ ਵਿਚ ਮਜੀਠੀਆ ਦੀ ਨਿਆਇਕ ਹਿਰਾਸਤ 22 ਅਗਸਤ ਤੱਕ ਵਧਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਸੁਪਰੀਮ ਕੋਰਟ ਦੇ ਹੁਕਮਾਂ 'ਤੇ 23 ਮਾਰਚ ਨੂੰ ਮੁਹਾਲੀ ਦੀ ਅਦਾਲਤ ਵਿਚ ਆਤਮ-ਸਮਰਪਣ ਕੀਤਾ ਗਿਆ ਸੀ ਅਤੇ ਉਸ ਸਮੇਂ ਤੋਂ ਹੀ ਪਟਿਆਲਾ ਜੇਲ੍ਹ ਵਿਚ ਬੰਦ ਹਨ ਅਤੇ ਹੇਠਲੀ ਅਦਾਲਤ ਵੱਲੋਂ ਮਜੀਠੀਆ ਦੀ ਪੱਕੀ ਜ਼ਮਾਨਤ ਦੀ ਅਰਜ਼ੀ ਖਾਰਜ ਕੀਤੀ ਜਾ ਚੁੱਕੀ ਹੈ। ਇਸ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਸਿੱਟ ਵੱਲੋਂ ਹਾਲੇ ਤੱਕ ਬਿਕਰਮ ਸਿੰਘ ਮਜੀਠੀਆ ਅਤੇ ਹੋਰਨਾਂ ਖ਼ਿਲਾਫ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਹਰਸਿਮਰਤ ਨੇ ਕਿਸਾਨਾਂ ਲਈ ਵਿੱਤੀ ਪੈਕੇਜ ਮੰਗਿਆ



**ਨਵੀਂ ਦਿੱਲੀ:** ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਤੋਂ ਪੰਜਾਬ ਲਈ ਵਿੱਤੀ ਪੈਕੇਜ ਦੀ ਮੰਗ ਕੀਤੀ ਤਾਂ ਜੋ ਹਾਲ ਹੀ ਵਿਚ ਮੀਂਹ ਕਾਰਨ ਬਰਬਾਦ ਹੋਈਆਂ ਫਸਲਾਂ ਲਈ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ। ਉਨ੍ਹਾਂ ਕੇਂਦਰੀ ਸਿਹਤ ਮੰਤਰੀ ਕੋਲੋਂ 'ਏਮਸ' ਬਠਿੰਡਾ ਦੇ ਟਰੌਮਾ ਸੈਂਟਰ ਨੂੰ 300 ਬਿਸਤਰਿਆਂ ਦਾ ਕਰਨ ਲਈ ਫੰਡ ਦੇਣ ਦੀ ਮੰਗ ਵੀ ਕੀਤੀ।

ਉਨ੍ਹਾਂ ਕਿਹਾ ਕਿ ਸੰਸਥਾ ਦੇ ਐਮਰਜੈਂਸੀ ਬਲਾਕ ਵਿਚ ਸਿਰਫ 28 ਮਰੀਜ਼ਾਂ ਦੇ ਇਲਾਜ ਦਾ ਪ੍ਰਬੰਧ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਸ਼ਹਿਰ ਵਿਚੋਂ ਤਿੰਨ ਕੌਮੀ ਮਾਰਗ ਤੇ ਦੋ ਸਟੇਟ ਹਾਈਵੇਅ ਲੰਘਦੇ ਹਨ, ਇਸ ਕਾਰਨ ਹਾਦਸੇ ਬਹੁਤ ਹੁੰਦੇ ਹਨ। ਪੰਜਾਬ ਦੇ ਕਿਸਾਨਾਂ ਲਈ ਵਿੱਤੀ ਪੈਕੇਜ ਦੀ ਮੰਗ ਕਰਦਿਆਂ ਲੋਕ ਸਭਾ ਮੈਂਬਰ ਨੇ ਦੱਸਿਆ ਕਿ ਪਹਿਲਾਂ ਕਣਕ ਤੇ ਹੁਣ ਝੋਨੇ ਦੀ ਫਸਲ ਦਾ ਨੁਕਸਾਨ ਹੋਇਆ। ਲਗਾਤਾਰ ਤਿੰਨ ਵਾਰ ਨਰਮੇ ਦੀ ਫਸਲ ਤਬਾਹ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪੀੜਤ ਕਿਸਾਨਾਂ ਲਈ ਕੁਝ ਵੀ ਕਰਨ ਵਿਚ ਨਾਕਾਮ ਰਹੀ ਹੈ। ਸਰਕਾਰ ਪੀੜਤ ਕਿਸਾਨਾਂ ਵਾਸਤੇ ਕੁਝ ਵੀ ਕਰਨ ਵਿਚ ਨਾਕਾਮ ਰਹੀ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਕਿਸਾਨਾਂ ਨੂੰ ਮਿਲ ਕੇ ਉਹਨਾਂ ਨੂੰ ਰਾਹਤ ਦੇਣ ਦੀ ਥਾਂ ਹਵਾਈ ਦੌਰੇ ਕਰ ਰਹੇ ਹਨ। ਹਰਸਿਮਰਤ ਨੇ ਕਿਹਾ ਕਿ ਮੁੱਖ ਮੰਤਰੀ ਨੇ ਕਿਸਾਨਾਂ ਨੂੰ ਮੂੰਗੀ ਬੀਜਣ ਲਈ ਕਿਹਾ ਸੀ ਤੇ 7225 ਰੁਪਏ ਪ੍ਰਤੀ ਕੁਇੰਟਲ ਐਮ.ਐਸ.ਪੀ. ਦੇਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੂੰ ਪ੍ਰਾਈਵੇਟ ਵਪਾਰੀਆਂ ਜੋਗਾ ਹੀ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਮੰਡੀਆਂ ਵਿਚ ਆਈ 4 ਲੱਖ ਟਨ ਮੂੰਗੀ ਦੀ ਫਸਲ ਵਿਚੋਂ ਸਿਰਫ 10 ਫੀਸਦੀ ਦੀ ਖਰੀਦ ਹੀ ਸਰਕਾਰੀ ਏਜੰਸੀਆਂ ਨੇ ਕੀਤੀ ਹੈ।

## ਰਾਘਵ ਨੇ ਐਮ.ਐਸ.ਪੀ. ਬਾਰੇ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ

**ਨਵੀਂ ਦਿੱਲੀ:** 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸਦਨ ਵਿਚ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਬਿੱਲ, 2022 ਨੂੰ ਯਕੀਨੀ ਬਣਾਉਣ ਲਈ ਇਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਜੋ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਲਈ ਗਾਰੰਟੀਸ਼ੁਦਾ ਸਮਰਥਨ ਮੁੱਲ ਦੇਣ ਨੂੰ ਪ੍ਰਸਤਾਵਿਤ ਕਰਦਾ ਹੈ। ਸ੍ਰੀ ਚੱਢਾ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪਿਛਲੇ ਸਾਲ ਕਿਸਾਨ ਅੰਦੋਲਨ ਦੌਰਾਨ ਖੇਤੀ ਉਤਪਾਦਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇਣ ਦਾ ਵਾਅਦਾ ਕੀਤਾ ਸੀ ਪਰ ਹੁਣ ਉਹ ਕਿਸਾਨਾਂ ਨਾਲ ਵਾਅਦਾ ਖ਼ਿਲਾਫੀ ਕਰ ਰਹੀ ਹੈ ਅਤੇ ਇਹ ਕਾਨੂੰਨੀ ਗਾਰੰਟੀ ਦੇਣ ਤੋਂ ਭੱਜ ਰਹੀ ਹੈ।

# ਅਗਨੀਪਥ: ਬੇਰੁਜ਼ਗਾਰ ਨੌਜਵਾਨਾਂ ਦੇ ਹੱਕ 'ਚ ਡਟਿਆ ਸੰਯੁਕਤ ਮੋਰਚਾ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਲਿਆਂਦੀ ਗਈ 'ਅਗਨੀਪਥ' ਯੋਜਨਾ ਵਿਰੁੱਧ ਸੰਘਰਸ਼ ਲੜ ਰਹੇ ਬੇਰੁਜ਼ਗਾਰ ਨੌਜਵਾਨਾਂ ਦੇ ਹੱਕ ਵਿਚ ਦੇਸ਼ ਦੇ ਕਿਸਾਨਾਂ ਤੇ ਸਾਬਕਾ ਸੈਨਿਕਾਂ ਨੇ ਵੀ ਆਪਣਾ ਸਮਰਥਨ ਦਿੱਤਾ ਹੈ। ਇਹ ਐਲਾਨ ਸੰਯੁਕਤ ਕਿਸਾਨ ਮੋਰਚਾ, ਸਾਬਕਾ ਸੈਨਿਕਾਂ ਦੇ ਯੂਨਾਈਟਿਡ ਫਰੰਟ ਅਤੇ ਬੇਰੁਜ਼ਗਾਰੀ ਵਿਰੁੱਧ ਲੜ ਰਹੀਆਂ ਵੱਖ-ਵੱਖ ਨੌਜਵਾਨ ਜਥੇਬੰਦੀਆਂ ਵੱਲੋਂ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ ਗਿਆ। 'ਅਗਨੀਪਥ' ਦੇ ਵਿਰੋਧ ਵਿਚ ਇਕੱਠੇ ਹੋਏ ਇਸ ਸਾਂਝੇ ਮੋਰਚੇ ਨੇ 14 ਅਗਸਤ ਤੱਕ ਚੇਣਵੀਆਂ ਥਾਵਾਂ 'ਤੇ 'ਜੈ ਜਵਾਨ ਜੈ ਕਿਸਾਨ' ਮੁਹਿੰਮ ਸ਼ੁਰੂ ਕਰ ਦਿੱਤੀ ਹੈ।

ਆਗੂਆਂ ਨੇ ਕਿਹਾ ਕਿ ਅਗਨੀਪਥ ਯੋਜਨਾ ਨੇ ਹਥਿਆਰਬੰਦ ਸੈਨਾਵਾਂ ਵਿਚ ਨਿਯਮਤ, ਸਥਾਈ ਭਰਤੀ ਦੇ ਅਜ਼ਮਾਏ ਅਤੇ ਪਰਖੇ ਗਏ ਢੰਗ ਨੂੰ ਖਤਮ ਕਰ ਦਿੱਤਾ ਹੈ। ਇਸ ਨਾਲ ਹਥਿਆਰਬੰਦ ਬਲਾਂ ਦੇ ਆਕਾਰ ਵਿਚ ਭਾਰੀ ਕਮੀ ਆਵੇਗੀ। ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਲਈ ਲਗਾਤਾਰ ਵੱਧ ਰਹੇ ਖਤਰਿਆਂ ਦੇ ਮੱਦੇਨਜ਼ਰ ਇਸ ਯੋਜਨਾ ਨਾਲ ਹਥਿਆਰਬੰਦ ਬਲਾਂ ਦੀ ਕਾਰਗੁਜ਼ਾਰੀ 'ਤੇ ਸਿੱਧਾ ਅਸਰ ਪਵੇਗਾ।

ਉਨ੍ਹਾਂ ਕਿਹਾ ਕਿ ਅਗਨੀਪਥ ਯੋਜਨਾ ਪਹਿਲਾਂ ਹੀ ਜਨਤਕ ਖੇਤਰ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਦਾ ਸਾਹਮਣਾ ਕਰ ਰਹੇ ਬੇਰੁਜ਼ਗਾਰ ਨੌਜਵਾਨਾਂ ਲਈ ਇਕ ਵੱਡਾ ਧੱਕਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਨਾਲ ਪੀੜ੍ਹੀਆਂ ਤੋਂ ਦੇਸ਼ ਦੀ ਸੁਰੱਖਿਆ ਵਿਚ ਯੋਗਦਾਨ ਪਾਉਂਦੇ ਆ ਰਹੇ ਪੰਜਾਬ, ਹਰਿਆਣਾ, ਹਿਮਾਚਲ, ਉੱਤਰਾਖੰਡ, ਪੱਛਮੀ ਯੂਪੀ ਤੇ ਪੂਰਬੀ ਰਾਜਸਥਾਨ ਸੂਬਿਆਂ ਦੀ ਹਿੱਸੇਦਾਰੀ ਘਟ



ਜਾਵੇਗੀ। ਉਨ੍ਹਾਂ ਕਿਹਾ ਕਿ 'ਜੈ ਜਵਾਨ ਜੈ ਕਿਸਾਨ' ਮੁਹਿੰਮ ਦਾ ਉਦੇਸ਼ ਲੋਕਾਂ ਨੂੰ 'ਅਗਨੀਪਥ' ਯੋਜਨਾ ਦੇ ਭਿਆਨਕ ਨਤੀਜਿਆਂ ਬਾਰੇ ਦੱਸਣਾ ਤੇ ਕੇਂਦਰ ਨੂੰ ਲੋਕਤੰਤਰਿਕ, ਸ਼ਾਂਤੀਪੂਰਨ ਤੇ ਸੰਵਿਧਾਨਕ ਤਰੀਕੇ ਨਾਲ ਇਸ ਸਕੀਮ ਨੂੰ ਵਾਪਸ ਲੈਣ ਲਈ ਮਜਬੂਰ ਕਰਨਾ ਹੈ। ਇਸ ਤਹਿਤ 14 ਅਗਸਤ ਤੱਕ ਸੰਮੇਲਨ ਕਰਵਾਏ ਜਾਣਗੇ। ਉਨ੍ਹਾਂ ਮੰਗ ਕੀਤੀ ਕਿ 'ਅਗਨੀਪਥ' ਸਕੀਮ ਅਤੇ ਇਸ ਤਹਿਤ ਜਾਰੀ ਕੀਤੀਆਂ ਸਾਰੀਆਂ ਨੋਟੀਫਿਕੇਸ਼ਨਾਂ ਵਾਪਸ ਲਈਆਂ ਜਾਣ। ਪਹਿਲਾਂ ਤੋਂ ਸ਼ੁਰੂ ਕੀਤੀ ਗਈ ਭਰਤੀ ਪ੍ਰਕਿਰਿਆ ਨੂੰ ਪਿਛਲੇ ਦੋ ਸਾਲਾਂ ਦੀ ਭਰਤੀ ਨਾ ਕਰਨ ਦੇ ਬਦਲੇ ਉਮਰ ਵਿਚ ਦੋ ਸਾਲ ਦੀ ਛੋਟ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਕਿਸਾਨ ਮੰਗਾਂ: ਮੇਘਾਲਿਆ ਦੇ ਰਾਜਪਾਲ ਨੇ ਕੇਂਦਰ ਦੀ ਨੀਅਤ 'ਤੇ ਚੁੱਕੇ ਸਵਾਲ

**ਭੋਗਪੁਰ:** ਮੇਘਾਲਿਆ ਦੇ ਰਾਜਪਾਲ ਸੱਤਿਆਪਾਲ ਮਲਿਕ ਨੇ ਕਿਹਾ ਹੈ ਕਿ ਮੋਦੀ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਸਬੰਧੀ ਬਿਲਕੁਲ ਵੀ ਇਮਾਨਦਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਕੇਂਦਰ ਸਰਕਾਰ ਵਿਰੁੱਧ ਮੁੜ ਲੜਾਈ ਆਰੰਭਣੀ ਪਵੇਗੀ।

ਸ੍ਰੀ ਮਲਿਕ ਨੇ ਕਿਹਾ ਕਿ ਉਹ ਵੀ ਆਪਣੀ ਸੰਵਿਧਾਨਕ ਸੇਵਾਮੁਕਤੀ ਤੋਂ ਬਾਅਦ ਪ੍ਰਤੱਖ ਰੂਪ ਵਿਚ ਕਿਸਾਨਾਂ ਦੇ ਸੰਘਰਸ਼ ਵਿਚ ਸ਼ਾਮਲ ਹੋਣਗੇ। ਰਾਜਪਾਲ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਾਲ ਕਿਸਾਨਾਂ ਦੀਆਂ ਮੰਗਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਗੱਲਬਾਤ ਕਰਨਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਦਿਵਾਉਣ ਤਾਂ ਜੋ ਉਹ ਨਸ਼ਿਆਂ ਦੇ ਜਾਲ ਵਿਚ ਨਾ ਫਸਣ। ਦੋਆਬਾ ਕਿਸਾਨ-ਮਜ਼ਦੂਰ ਕਮੇਟੀ ਕਿਸ਼ਨਗੜ੍ਹ ਪੰਜਾਬ ਦੇ ਪ੍ਰਧਾਨ ਹਰਸੁਰਿੰਦਰ ਸਿੰਘ ਤੇ ਨੌਜਵਾਨ ਕਿਸਾਨ ਮਜ਼ਦੂਰ ਯੂਨੀਅਨ (ਸ਼ਹੀਦਾਂ) ਦੇ ਪ੍ਰਧਾਨ ਗੁਰਦੀਪ ਸਿੰਘ ਸਿੱਧੂ ਦੀ ਅਗਵਾਈ ਹੇਠ ਦੋਆਬਾ ਕਿਸਾਨ-ਮਜ਼ਦੂਰ ਅੰਦੋਲਨ ਦੇ ਸ਼ਹੀਦਾਂ ਨੂੰ ਸਮਰਪਿਤ ਸਨਮਾਨ ਸਮਾਗਮ 'ਚ ਸ਼ਿਰਕਤ ਕਰਦਿਆਂ



ਸੱਤਿਆ ਪਾਲ ਮਲਿਕ ਨੂੰ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਕਿਸਾਨ ਆਗੂਆਂ ਨੇ ਆਪਣੀਆਂ ਮੰਗਾਂ ਲਈ ਕੇਂਦਰ ਖ਼ਿਲਾਫ ਜੰਗ ਲੜ ਰਹੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ 'ਤੇ ਸੱਤਿਆਪਾਲ ਮਲਿਕ ਦਾ ਧੰਨਵਾਦ ਵੀ ਕੀਤਾ। ਰਾਜਪਾਲ ਨੇ ਆਖਿਆ ਕਿ ਉਹ ਸਿੱਖ ਇਤਿਹਾਸ ਤੋਂ ਜਾਣੂ ਹਨ ਅਤੇ ਸਿੱਖ ਗੁਰੂਆਂ ਦੇ ਫਲਸਫੇ ਨੇ ਦੇਸ਼ ਨੂੰ ਜਾਗਰੂਕ ਕੀਤਾ ਹੈ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਵਰਗੇ ਸੂਰਮਿਆਂ ਨੇ ਜ਼ੁਲਮ ਖਿਲਾਫ ਆਵਾਜ਼ ਬੁਲੰਦ ਕੀਤੀ ਸੀ ਅਤੇ ਹੁਣ ਪੰਜਾਬੀ ਵੀ ਉਸੇ ਨਕਸ਼ੇ ਕਦਮ 'ਤੇ ਚੱਲ ਰਹੇ ਹਨ।

# ਕਿਸਾਨ ਜਥੇਬੰਦੀਆਂ ਵੱਲੋਂ ਪਾਣੀਆਂ ਦੇ ਮੁੱਦੇ 'ਤੇ ਲਾਮਬੰਦੀ

**ਮੁਹਾਲੀ:** ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਮੁਹਾਲੀ ਵਿਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਖ਼ਿਲਾਫ ਵਾਈ.ਪੀ.ਐਸ. ਚੌਕ 'ਤੇ ਸੂਬਾ ਪੱਧਰਾ ਧਰਨਾ ਦਿੱਤਾ ਗਿਆ। ਹਾਲਾਂਕਿ ਕਿਸਾਨਾਂ ਵੱਲੋਂ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਖੁੱਲ੍ਹਾ ਮੈਦਾਨ ਵਿਚ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆਂ ਗਿਆ ਸੀ ਪਰ ਮੀਂਹ ਪੈਣ ਕਾਰਨ ਉਥੇ ਪਾਣੀ ਜਮ੍ਹਾਂ ਹੋ ਗਿਆ।

ਇਸ ਕਾਰਨ ਕਿਸਾਨਾਂ ਨੇ ਸੜਕ ਦੇ ਵਿਚਕਾਰ ਹੀ ਸਟੇਜ ਲਗਾ ਲਈ। ਇਸ ਕਾਰਨ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸ਼ਾਮ ਤੱਕ ਆਵਾਜਾਈ ਪ੍ਰਭਾਵਿਤ ਰਹੀ। ਇਸ ਮੌਕੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ, ਹਰਜਿੰਦਰ ਸਿੰਘ ਟਾਂਡਾ ਨੇ ਪਾਣੀਆਂ ਦੇ ਵਿਵਾਦ ਅਤੇ ਇਸ ਦੀ ਵੰਡ, ਪ੍ਰਦੂਸ਼ਿਤ ਵਾਤਾਵਰਨ, ਕੇਂਦਰ ਸਰਕਾਰ ਦੀ ਸ਼ਹਿ 'ਤੇ ਸੂਬੇ ਦੇ ਸੰਘੀ ਢਾਂਚੇ ਨੂੰ ਖਤਰਾ ਸਮੇਤ ਕਿਸਾਨਾਂ ਦੇ ਹੋਰ ਭਖਦੇ ਮੁੱਦਿਆਂ 'ਤੇ ਚਰਚਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਦੋਵੇਂ ਸਰਕਾਰਾਂ ਨੇ



ਆਪਣੇ ਸਿਆਸੀ ਹਿੱਤਾਂ ਲਈ ਪਾਣੀਆਂ ਦੇ ਮੁੱਦੇ ਨੂੰ ਉਲਝਾ ਕੇ ਰੱਖ ਕੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਘਟਣ ਨਾਲ ਕਿਸਾਨਾਂ ਦੇ ਖਰਚੇ ਕਈ ਗੁਣਾ ਵਧ ਗਏ ਹਨ। ਉਨ੍ਹਾਂ ਕਿਹਾ ਕਿ ਮਾੜੇ ਪ੍ਰਬੰਧਾਂ ਅਤੇ ਸਟੋਰੇਜ ਸਮਰਥਾ ਦੀ ਘਾਟ ਕਾਰਨ ਅੱਜ ਵੀ ਬਹੁਤ ਸਾਰਾ ਪਾਣੀ ਪਾਕਿਸਤਾਨ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਿਪੇਰੀਅਨ ਸਿਧਾਂਤ ਅਨੁਸਾਰ ਪਾਣੀ ਤੇ ਪੰਜਾਬ ਦਾ ਪਹਿਲਾ ਹੱਕ ਹੈ ਅਤੇ ਇਸ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਵਾਧੂ ਪਾਣੀ ਦੂਜੇ ਰਾਜਾਂ ਨੂੰ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਡੈਮ ਸੇਫ਼ਟੀ ਐਕਟ ਬਣਾ ਕੇ ਪੰਜਾਬ ਨੂੰ ਬੀ.ਬੀ.ਐਮ.ਬੀ. ਦੇ ਪ੍ਰਬੰਧ 'ਚੋਂ ਭਾਗੀਦਾਰੀ ਤੋਂ ਵਾਂਝਾ ਕਰ ਦਿੱਤਾ ਹੈ। ਕੇਂਦਰ ਵੱਲੋਂ ਸਾਰੀਆਂ ਨਦੀਆਂ ਨੂੰ ਆਪਸ ਵਿਚ ਜੋੜ ਕੇ ਪਾਣੀ 'ਤੇ ਆਪਣੀ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

# ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਚ ਇਕਜੁੱਟਤਾ ਦੀ ਘਾਟ ?

**ਚੰਡੀਗੜ੍ਹ:** ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਖ-ਵੱਖ ਬੋਲੀ ਬੋਲ ਰਹੀਆਂ ਹਨ ਅਤੇ ਏਕਤਾ ਬਰਕਰਾਰ ਨਹੀਂ ਰਹਿ ਸਕੀ। ਪੰਜਾਬ ਵਿਚ ਕਿਸਾਨੀ ਮੰਗਾਂ ਬਾਰੇ ਕਿਸਾਨ ਜਥੇਬੰਦੀਆਂ ਵੱਲੋਂ ਆਪੋ-ਆਪਣੇ ਪੱਧਰ 'ਤੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਗਈ ਹੈ।


ਕਿਸਾਨ ਆਗੂਆਂ ਜਗਜੀਤ ਸਿੰਘ ਡੱਲੇਵਾਲ, ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨ ਪਾਲ ਤੇ ਹੋਰਨਾਂ ਦੀ ਅਗਵਾਈ ਹੇਠ ਜਥੇਬੰਦੀਆਂ ਵੱਖ-ਵੱਖ ਗਤੀਵਿਧੀਆਂ ਕਰ ਰਹੀਆਂ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਇਸ ਸਮੇਂ ਪਾਣੀਆਂ ਦੀ ਰਾਖੀ, ਸੰਘੀ ਢਾਂਚੇ ਦੀ ਰਾਖੀ, ਫਸਲਾਂ ਦੀ ਖਰੀਦ ਲਈ ਸਮਰਥਨ ਮੁੱਲ ਤੇ ਫਸਲਾਂ ਦੀ ਖਰੀਦ ਦੀ ਗਾਰੰਟੀ ਦਾ ਕਾਨੂੰਨ ਹੋਂਦ 'ਚ ਲਿਆਉਣ, ਕਿਸਾਨੀ ਨੂੰ ਕਰਜ਼ਾ ਮੁਕਤ ਕਰਾਉਣ, ਗੰਨਾ ਉਤਪਾਦਕਾਂ ਨੂੰ ਗੰਨਾ ਮਿੱਲਾਂ ਤੋਂ ਪੈਸੇ ਦੀ ਅਦਾਇਗੀ ਕਰਾਉਣ ਅਤੇ ਕਿਸਾਨੀ ਨਾਲ ਸਬੰਧਤ ਹੋਰਨਾਂ ਦਰਪੇਸ਼ ਮਸਲਿਆਂ 'ਤੇ ਵਿੱਢੇ ਸੰਘਰਸ਼ ਤਹਿਤ ਕੇਂਦਰ ਤੇ ਸੂਬਾ ਸਰਕਾਰਾਂ ਖਿਲਾਫ ਮੁਜ਼ਾਹਰੇ ਕੀਤੇ ਜਾ ਰਹੇ ਹਨ। ਇਨ੍ਹਾਂ ਮੁੱਦਿਆਂ 'ਤੇ ਵਿੱਢੇ ਸੰਘਰਸ਼ ਵਿਚ ਵੀ ਵੱਖ-ਵੱਖ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਦੇ ਬਾਵਜੂਦ ਆਪੋ-ਆਪਣੇ ਢੰਗ ਨਾਲ ਚੱਲ ਰਹੀਆਂ ਹਨ। ਕਿਸਾਨ ਆਗੂ ਜਗਮੋਹਨ ਸਿੰਘ ਨੇ ਮੰਨਿਆ ਕਿ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਤਿੰਨ ਧੜਿਆਂ 'ਚ ਵੰਡੀਆਂ ਗਈਆਂ ਹਨ। ਇਨ੍ਹਾਂ ਦੀ ਅਗਵਾਈ ਬਲਬੀਰ ਸਿੰਘ ਰਾਜੇਵਾਲ, ਜਗਜੀਤ ਸਿੰਘ ਡੱਲੇਵਾਲ ਅਤੇ ਡਾ. ਦਰਸ਼ਨ ਪਾਲ ਕਰ ਰਹੇ ਹਨ।

# ਮਾਨ ਸਰਕਾਰ ਨੇ ਅੰਦੋਲਨ ਦੌਰਾਨ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨਾਲ ਵਾਅਦਾ ਪੁਗਾਇਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨਾਲ ਕੀਤਾ ਇਕ ਹੋਰ ਵਾਅਦਾ ਪੂਰਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਸਰਕਾਰ ਨੇ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਦੌਰਾਨ ਸ਼ਹੀਦ ਹੋਣ ਵਾਲੇ 789 ਕਿਸਾਨਾਂ ਦੇ ਪਰਿਵਾਰਾਂ ਨੂੰ 39.55 ਕਰੋੜ ਰੁਪਏ ਦੀ ਵਿੱਤੀ ਮਦਦ ਮੁਹੱਈਆ ਕਰਨ ਦਾ ਕੰਮ ਮੁਕੰਮਲ ਕਰ ਲਿਆ ਹੈ।

ਪੰਜਾਬ ਵਿਚ ਕਿਸਾਨਾਂ ਨੇ ਸਤੰਬਰ 2020 ਵਿਚ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਸ਼ੁਰੂ ਕੀਤਾ ਸੀ ਅਤੇ ਉਸ ਸਮੇਂ ਕਰੋਨਾ ਮਹਾਮਾਰੀ ਦਾ ਦੌਰ ਸਿਖਰ 'ਤੇ ਸੀ। ਉਸ ਤੋਂ ਬਾਅਦ ਨਵੰਬਰ 2020 ਤੋਂ ਲੈ ਕੇ ਦਸੰਬਰ 2021 ਤੱਕ ਪੰਜਾਬ ਦੇ ਵੱਡੀ ਗਿਣਤੀ ਕਿਸਾਨ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਵਿਰੁੱਧ ਵਿੱਢੇ ਸੰਘਰਸ਼ ਵਿਚ ਡਟੇ ਰਹੇ ਸਨ। ਉਸ ਦੌਰਾਨ ਹੀ ਕਈ ਕਿਸਾਨਾਂ ਦੀਆਂ ਮੌਤਾਂ ਹੋਈਆਂ ਸਨ। ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਿਸਾਨਾਂ ਨੂੰ ਅੰਦੋਲਨ ਦੇ ਸ਼ਹੀਦ ਕਰਾਰ ਦਿੱਤਾ ਸੀ।

ਮੁੱਖ ਮੰਤਰੀ ਨੇ ਦੱਸਿਆ ਕਿ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਵਿੱਤੀ ਮਦਦ ਵਜੋਂ ਪੰਜ ਲੱਖ ਰੁਪਏ ਪ੍ਰਤੀ ਪਰਿਵਾਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਨਸਾ ਦੇ 89 ਪਰਿਵਾਰਾਂ ਨੂੰ 4.60 ਕਰੋੜ ਰੁਪਏ, ਤਰਨ ਤਾਰਨ ਦੇ 21 ਪਰਿਵਾਰਾਂ ਨੂੰ 1.05 ਕਰੋੜ ਰੁਪਏ, ਸੰਗਰੂਰ ਦੇ 117 ਪਰਿਵਾਰਾਂ ਨੂੰ 5.85 ਕਰੋੜ ਰੁਪਏ, ਮੋਗਾ ਦੇ



69 ਪਰਿਵਾਰਾਂ ਨੂੰ 3.45 ਕਰੋੜ ਰੁਪਏ, ਫਾਜ਼ਿਲਕਾ ਦੇ 10 ਪਰਿਵਾਰਾਂ ਨੂੰ 50 ਲੱਖ ਰੁਪਏ, ਲੁਧਿਆਣਾ ਦੇ 48 ਪਰਿਵਾਰਾਂ ਨੂੰ 2.37 ਕਰੋੜ ਰੁਪਏ, ਬਰਨਾਲਾ ਦੇ 43 ਪਰਿਵਾਰਾਂ ਨੂੰ 2.15 ਕਰੋੜ ਰੁਪਏ, ਪਟਿਆਲਾ ਦੇ 111 ਪਰਿਵਾਰਾਂ ਨੂੰ 5.55 ਕਰੋੜ ਰੁਪਏ, ਅੰਮ੍ਰਿਤਸਰ ਦੇ 19 ਪਰਿਵਾਰਾਂ ਨੂੰ 95 ਲੱਖ ਰੁਪਏ, ਸ਼ਹੀਦ ਭਗਤ ਸਿੰਘ ਨਗਰ ਦੇ ਸੱਤ ਪਰਿਵਾਰਾਂ ਨੂੰ 35 ਲੱਖ ਰੁਪਏ, ਮੁਹਾਲੀ ਦੇ 10 ਪਰਿਵਾਰਾਂ ਨੂੰ 50 ਲੱਖ ਰੁਪਏ ਅਤੇ ਬਠਿੰਡਾ ਦੇ 83 ਪਰਿਵਾਰਾਂ ਨੂੰ 4.15 ਕਰੋੜ ਰੁਪਏ ਦੀ ਵਿੱਤੀ ਮਦਦ ਦਿੱਤੀ ਗਈ ਹੈ। ਇਸੇ ਤਰ੍ਹਾਂ ਸੂਬਾ ਸਰਕਾਰ ਨੇ ਸ੍ਰੀ ਮੁਕਤਸਰ ਸਾਹਿਬ ਦੇ 35 ਪਰਿਵਾਰਾਂ ਨੂੰ 1.73 ਕਰੋੜ ਰੁਪਏ, ਗੁਰਦਾਸਪੁਰ ਦੇ 20 ਪਰਿਵਾਰਾਂ ਨੂੰ ਇਕ ਕਰੋੜ ਰੁਪਏ, ਫਤਹਿਗੜ੍ਹ ਸਾਹਿਬ ਦੇ 24 ਪਰਿਵਾਰਾਂ ਨੂੰ 1.20 ਕਰੋੜ ਰੁਪਏ, ਜਲੰਧਰ ਦੇ 12 ਪਰਿਵਾਰਾਂ ਨੂੰ 60 ਲੱਖ ਰੁਪਏ, ਫਿਰੋਜ਼ਪੁਰ ਦੇ 15 ਪਰਿਵਾਰਾਂ ਨੂੰ 75 ਲੱਖ ਰੁਪਏ, ਹੁਸ਼ਿਆਰਪੁਰ ਦੇ 10 ਪਰਿਵਾਰਾਂ ਨੂੰ 50 ਲੱਖ ਰੁਪਏ, ਕਪੂਰਥਲਾ ਦੇ ਇਕ ਪਰਿਵਾਰ ਨੂੰ ਪੰਜ ਲੱਖ ਰੁਪਏ, ਮਾਲੇਰਕੋਟਲਾ ਦੇ ਚਾਰ ਪਰਿਵਾਰਾਂ ਨੂੰ 20 ਲੱਖ ਰੁਪਏ, ਫਰੀਦਕੋਟ ਦੇ 30 ਪਰਿਵਾਰਾਂ ਨੂੰ 1.50 ਕਰੋੜ ਰੁਪਏ ਅਤੇ ਰੂਪਨਗਰ ਦੇ 11 ਪਰਿਵਾਰਾਂ ਨੂੰ 55 ਲੱਖ ਰੁਪਏ ਦੀ ਵਿੱਤੀ ਮਦਦ ਮੁਹੱਈਆ ਕਰਵਾਈ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਹਿੱਤਾਂ ਦੀ ਰਾਖੀ ਕਰਨਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ।

# ਮੈਕਸੀਕੋ ਸਰਹੱਦ 'ਤੇ ਸਿੱਖਾਂ ਦੀਆਂ ਪੱਗਾਂ ਲੁਹਾਉਣ ਦੇ ਮਾਮਲੇ ਦੀ ਜਾਂਚ ਜਾਰੀ

**ਵਾਸ਼ਿੰਗਟਨ:** ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਮੈਕਸੀਕੋ ਨਾਲ ਲੱਗਦੀ ਦੇਸ ਦੀ ਸਰਹੱਦ ਉਤੇ ਹਿਰਾਸਤ ਲਏ ਸ਼ਰਨ ਮੰਗਣ ਵਾਲੇ ਸਿੱਖਾਂ ਦੀਆਂ ਦਸਤਾਰਾਂ ਲੁਹਾਉਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਅਮਰੀਕਨ ਸਿਵਲ ਲਿਬਰਟੀਜ ਯੂਨੀਅਨ (ਏ.ਸੀ.ਐਲ.ਯੂ.) ਅਨੁਸਾਰ 50 ਸਿੱਖਾਂ ਦੀਆਂ ਪੱਗਾਂ ਲਾਹ ਲਈਆਂ ਗਈਆਂ ਹਨ। ਯੂ.ਐਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਅੰਕੜਿਆਂ ਦੇ ਅਨੁਸਾਰ ਅਕਤੂਬਰ 2021 ਤੋਂ ਸ਼ੁਰੂ ਹੋਏ ਵਿੱਤੀ ਸਾਲ ਵਿਚ 13,000 ਭਾਰਤੀ ਨਾਗਰਿਕਾਂ, ਜਿਨ੍ਹਾਂ ਵਿਚ ਬਹੁਤ ਸਾਰੇ ਪੰਜਾਬ ਦੇ ਵੀ ਸ਼ਾਮਲ ਹਨ, ਨੂੰ ਅਮਰੀਕਾ-ਮੈਕਸੀਕੋ ਸਰਹੱਦ ਉਤੇ ਬਾਰਡਰ ਪੈਟਰੋਲ ਅਧਿਕਾਰੀਆਂ ਦੁਆਰਾ ਹਿਰਾਸਤ ਵਿਚ ਲਿਆ ਗਿਆ ਹੈ।




ਇਸ ਦੌਰਾਨ ਅਮਰੀਕਾ-ਮੈਕਸੀਕੋ ਸਰਹੱਦ ਉਤੇ ਤਕਰੀਬਨ 50 ਸਿੱਖਾਂ ਦੀਆਂ ਪੱਗਾਂ ਉਤਾਰਨ ਦਾ ਮਾਮਲਾ ਸਾਹਮਣੇ ਆਇਆ। ਇਹ ਦਾਅਵਾ ਮਨੁੱਖੀ ਅਧਿਕਾਰ ਕਾਰਕੁਨਾਂ ਵੱਲੋਂ ਕੀਤਾ ਗਿਆ ਹੈ। ਇਸ ਸਬੰਧੀ ਅਮਰੀਕੀ ਅਧਿਕਾਰੀ ਦਾਅਵੇ ਦੀ ਜਾਂਚ ਕਰ ਰਹੇ ਹਨ।

ਮਨੁੱਖੀ ਅਧਿਕਾਰ ਕਾਰਕੁਨਾਂ ਅਨੁਸਾਰ ਸਰਹੱਦ ਉਤੇ ਗਸ਼ਤ ਕਰ ਰਹੇ ਸੁਰੱਖਿਆ ਬਲਾਂ ਨੇ ਲਗਭਗ 50 ਸਿੱਖ ਪਰਵਾਸੀਆਂ ਦੀਆਂ ਪੱਗਾਂ ਉਤਾਰ ਕੇ ਜ਼ਬਤ ਕਰ ਲਈਆਂ ਸੀ। ਏ.ਬੀ.ਸੀ. ਨਿਊਜ਼ ਨੇ ਕਸਟਮਸ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ.) ਕਮਿਸ਼ਨਰ ਕ੍ਰਿਸ ਮੈਗਨ ਦੇ ਬਿਆਨ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਇਨ੍ਹਾਂ ਦੋਸ਼ਾਂ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਮੈਗਨ ਨੇ ਕਿਹਾ ਕਿ ਏਜੰਸੀ ਨੇ ਜੂਨ ਵਿਚ ਇਹ ਦੋਸ਼ ਸਾਹਮਣੇ ਆਉਣ ਤੋਂ ਬਾਅਦ ਤੁਰਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਸੀ.ਬੀ.ਪੀ. ਕਰਮਚਾਰੀਆਂ ਦਾ ਸਾਹਮਣਾ ਜਿਹੜੇ ਪਰਵਾਸੀਆਂ ਨਾਲ ਹੁੰਦਾ ਹੈ, ਉਨ੍ਹਾਂ ਨਾਲ ਉਹ ਸਨਮਾਨ ਭਰੇ ਤਰੀਕੇ ਨਾਲ ਪੇਸ਼ ਆਉਂਦੇ ਹੋਣ। ਇਸ ਮਾਮਲੇ ਵਿਚ ਅੰਤ੍ਰਿਮ ਜਾਂਚ ਦਾ ਆਦੇਸ਼ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਅਮਰੀਕਨ ਸਿਵਲ ਲਿਬਰਟੀਜ ਯੂਨੀਅਨ (ਏ.ਸੀ.ਐਲ.ਯੂ.) ਨੇ ਸੀ.ਬੀ.ਪੀ. ਕਮਿਸ਼ਨਰ ਨੂੰ ਪੱਤਰ ਲਿਖ ਕੇ ਸਿੱਖਾਂ ਦੀਆਂ ਪੱਗਾਂ ਨਾ ਉਤਾਰਨ ਦੀ ਅਪੀਲ ਕੀਤੀ ਸੀ। ਪੱਤਰ ਵਿਚ ਲਿਖਿਆ ਗਿਆ ਸੀ ਕਿ ਅਸੀਂ ਤੁਹਾਨੂੰ ਉਸ ਗੰਭੀਰ ਮੁੱਦੇ ਬਾਰੇ ਜਾਣੂ ਕਰਵਾਉਣਾ ਚਾਹੁੰਦੇ ਹਾਂ, ਜਿੱਥੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੋ ਰਹੀ ਹੈ ਅਤੇ ਯੂਮਾ ਬਾਰਡਰ ਪੈਟਰੋਲ ਸੈਕਟਰ ਵਿਚ ਤੁਹਾਡੇ ਅਧਿਕਾਰੀ ਸਿੱਖਾਂ ਦੀਆਂ ਪੱਗਾਂ ਉਤਾਰ ਕੇ ਜ਼ਬਤ ਕਰ ਰਹੇ ਹਨ। ਪੱਤਰ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਆਰਗ਼ੇਨਾਈਜ਼ੇਸ਼ਨ ਨੂੰ ਪਿਛਲੇ 2 ਮਹੀਨਿਆਂ ਵਿਚ ਯੂਮਾ ਤੋਂ ਆਉਣ ਵਾਲੇ 50 ਦੇ ਕਰੀਬ ਸਿੱਖਾਂ ਨੇ ਦੱਸਿਆ ਹੈ ਕਿ ਸੀ.ਬੀ.ਪੀ. ਨੇ ਉਨ੍ਹਾਂ ਦੀਆਂ ਪੱਗਾਂ ਲੁਹਾ ਕੇ ਜ਼ਬਤ ਕਰ ਲਈਆਂ ਹਨ, ਜਿਨ੍ਹਾਂ ਨੂੰ ਕਦੇ ਵੀ ਮੋੜਿਆ ਨਹੀਂ ਗਿਆ।

## ਸੀਚੇਵਾਲ ਨੇ ਰਾਜ ਸਭਾ 'ਚ ਦੋ ਜ਼ਿਲ੍ਹਿਆਂ 'ਚ ਪਾਣੀ ਇਕੱਠਾ ਹੋਣ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ:** ਵਾਤਾਵਰਨ ਪ੍ਰੇਮੀ ਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਉਪਰਲੇ ਸਦਨ ਵਿਚ ਮਾਲਵਾ ਦੇ ਮੁਕਤਸਰ ਤੇ ਫਾਜ਼ਿਲਕਾ ਜ਼ਿਲ੍ਹਿਆਂ ਵਿਚ ਲਗਾਤਾਰ ਪਾਣੀ ਭਰਨ ਦਾ ਮੁੱਦਾ ਰੱਖਿਆ। ਉਨ੍ਹਾਂ ਕਿਹਾ ਕਿ ਪਾਣੀ ਨੂੰ ਪਾਕਿਸਤਾਨ ਵਾਲੇ ਪਾਸੇ ਨਿਕਾਸੀ ਦਾ ਰਾਹ ਨਹੀਂ ਮਿਲਦਾ, ਜਿਸ ਕਰਕੇ ਨਾ ਸਿਰਫ ਖੇਤੀ ਜਿਣਸਾਂ ਨੂੰ ਨੁਕਸਾਨ ਪਹੁੰਚਦਾ ਹੈ ਬਲਕਿ ਜਲ ਪ੍ਰਦੂਸ਼ਣ ਕਰਕੇ ਗੰਭੀਰ ਰੋਗਾਂ ਦੇ ਫੈਲਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ। ਸਿਫਰ ਕਾਲ ਦੌਰਾਨ ਕੀਤੀ ਤਕਰੀਰ ਮਗਰੋਂ ਰਾਜ ਸਭਾ ਦੇ ਚੇਅਰਮੈਨ ਐਮ.ਵੈਂਕੱਈਆ ਨਾਇਡੂ ਨੇ ਪੰਜਾਬੀ ਵਿਚ ਬੋਲਦਿਆਂ ਸੀਚੇਵਾਲ ਦੀ ਤਾਰੀਫ ਕੀਤੀ।



ਰਾਜ ਸਭਾ ਵਿਚ ਸਿਫਰ ਕਾਲ ਦੌਰਾਨ ਸੀਚੇਵਾਲ ਨੇ ਕਿਹਾ ਕਿ ਫਾਜ਼ਿਲਕਾ ਵਿਚ ਕੁੱਲ ਮਿਲਾ ਕੇ 22 ਡਰੇਨਾਂ ਇਕ ਦੂਜੇ ਨੂੰ ਆ ਕੇ ਮਿਲਦੀਆਂ ਹਨ, ਪਰ ਗੁਆਂਢੀ ਮੁਲਕ ਵਿਚ ਅੱਗੇ ਰਾਹ ਬੰਦ ਹੋਣ ਕਰਕੇ ਪਾਣੀ ਪਾਕਿਸਤਾਨ ਵਾਲੇ ਪਾਸੇ ਨਹੀਂ ਜਾਂਦਾ। ਪਾਣੀ ਭਰਨ ਕਰਕੇ ਇਸ ਖੇਤਰ ਨੂੰ ਗੰਭੀਰ ਰੋਗਾਂ ਤੇ ਪ੍ਰਦੂਸ਼ਣ ਦੀ ਵੱਡੀ ਮਾਰ ਪਈ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਕ ਤੋਂ ਬਾਅਦ ਦੂਜੇ ਪਿੰਡ ਵਿਚ ਵਿਸ਼ੇਸ਼ ਲੋੜਾਂ ਵਾਲੇ ਬੱਚੇ ਪੈਦਾ ਹੋ ਰਹੇ ਹਨ। ਅਸੀਂ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਦਖਲ ਦੇ ਕੇ ਪਾਕਿਸਤਾਨ ਨਾਲ ਇਸ ਮਸਲੇ 'ਤੇ ਗੱਲ ਕਰੇ ਤਾਂ ਕਿ ਪਾਣੀ ਨੂੰ ਗੁਆਂਢੀ ਮੁਲਕ ਵਾਲੇ ਪਾਸੇ ਨਿਕਲਣ ਦਾ ਰਾਹ ਮਿਲ ਸਕੇ।"

## ਕੈਨੇਡਾ ਵਿਚ 11 ਖਤਰਨਾਕ ਗੈਂਗਸਟਰਾਂ ਦੀ ਸੂਚੀ 'ਚ 9 ਪੰਜਾਬੀ ਸ਼ਾਮਲ

**ਚੰਡੀਗੜ੍ਹ:** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਵਿਦੇਸ਼ੀ ਗੈਂਗਸਟਰਾਂ ਵਿਰੁੱਧ ਉਠਣ ਲੱਗੀ ਆਵਾਜ਼ ਤੋਂ ਬਾਅਦ ਪਹਿਲੀ ਵਾਰ ਕੈਨੇਡਾ ਪੁਲਿਸ ਵੱਲੋਂ ਪੰਜਾਬ ਦੇ ਗੈਂਗਸਟਰਾਂ ਦੇ ਵਿਰੋਧ ਵਿਚ ਸਟੈਂਡ ਲਿਆ ਹੈ। ਕੈਨੇਡਾ ਵਿਚਲੀ ਬ੍ਰਿਟਿਸ਼ ਕੋਲੰਬੀਆ ਪੁਲਿਸ ਨੇ ਗੈਂਗਵਾਰ ਨਾਲ ਸਬੰਧਤ 11 ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ ਹੈ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਪੁਲਿਸ ਨੇ ਗੈਂਗਵਾਰ ਨਾਲ ਸਬੰਧਤ 11 ਖਤਰਨਾਕ ਗੈਂਗਸਟਰਾਂ ਦੀ ਸੂਚੀ ਜਾਰੀ ਕਰਦਿਆਂ ਲੋਕਾਂ ਨੂੰ ਉਨ੍ਹਾਂ ਤੋਂ ਦੂਰ ਰਹਿਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਨ੍ਹਾਂ ਗੈਂਗਸਟਰਾਂ ਵਿਚੋਂ 9 ਪੰਜਾਬੀ ਮੂਲ ਦੇ ਹਨ। ਬ੍ਰਿਟਿਸ਼ ਕੋਲੰਬੀਆ ਪੁਲਿਸ ਨੇ ਕਿਹਾ ਕਿ ਇਹ ਗੈਂਗਸਟਰ ਸੂਬੇ ਵਿਚ ਹੱਤਿਆਵਾਂ ਅਤੇ ਗੋਲੀਬਾਰੀ ਦੇ ਮਾਮਲਿਆਂ ਨਾਲ ਜੁੜੇ ਹੋਏ ਹਨ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਅਜਿਹੇ ਅਨਸਰਾਂ ਨਾਲ ਕੋਈ ਰਾਬਤਾ ਕਾਇਮ ਨਾ ਕਰਨ ਅਤੇ ਉਨ੍ਹਾਂ ਦੇ ਨੇੜੇ ਜਾਣ ਦੀ ਕੋਸ਼ਿਸ਼ ਵੀ ਨਾ ਕੀਤੀ ਜਾਵੇ। ਪੁਲਿਸ ਅਧਿਕਾਰੀ ਮੈਨੀ ਮਾਨ ਨੇ ਕਿਹਾ ਕਿ ਜੇਕਰ ਗੈਂਗਵਾਰ ਹੋਈ ਤਾਂ ਉਥੇ ਮੌਜੂਦ ਆਮ ਲੋਕ ਵੀ ਨਿਸ਼ਾਨਾ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਗੈਂਗਸਟਰ ਆਪਣੇ ਦੋਸਤਾਂ ਅਤੇ ਪਰਿਵਾਰਾਂ ਲਈ ਵੀ ਖਤਰਾ ਹਨ। ਜਿਨ੍ਹਾਂ ਗੈਂਗਸਟਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ, ਉਨ੍ਹਾਂ ਵਿਚ ਸ਼ਕੀਲ ਬਸਰਾ (28), ਅਮਰਪ੍ਰੀਤ ਸਮਰਾ (28), ਜਗਦੀਪ ਚੀਮਾ (30), ਰਵਿੰਦਰ ਸ਼ਰਮਾ (35), ਬਰਿੰਦਰ ਧਾਲੀਵਾਲ (39), ਐਂਡੀ ਸੇਂਟ ਪਿਯਰੇ (40), ਗੁਰਪ੍ਰੀਤ ਧਾਲੀਵਾਲ (35), ਰਿਚਰਡ ਜੋਸੇਫ ਵਿਟਲੌਕ (40), ਸਮਰੂਪ ਗਿੱਲ (29), ਸੁਮਦੀਸ ਗਿੱਲ (28) ਤੇ ਸੁਖਦੀਪ ਪੰਸਲ ਸ਼ਾਮਲ ਹਨ। ਜਾਣਕਾਰੀ ਮੁਤਾਬਕ ਪਹਿਲਾਂ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਕਥਿਤ ਅਪਰਾਧੀਆਂ ਤੋਂ ਦੂਰ ਰਹਿਣ ਬਾਰੇ ਅਜਿਹੀ ਕੋਈ ਚਿਤਾਵਨੀ ਜਾਰੀ ਨਹੀਂ ਕਰਦੀਆਂ ਸਨ ਪਰ ਪਿਛਲੇ ਕੁਝ ਸਮੇਂ ਤੋਂ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਅਜਿਹੇ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ। ਪਿਛਲੇ ਸਾਲ ਜਾਰੀ 11 ਗੈਂਗਸਟਰਾਂ ਦੀ ਸੂਚੀ 'ਚ ਮਨਿੰਦਰ ਧਾਲੀਵਾਲ ਦਾ ਨਾਂ ਵੀ ਸ਼ਾਮਲ ਸੀ, ਜਿਸ ਨੂੰ ਪਿਛਲੇ ਮਹੀਨੇ ਮਾਰ ਦਿੱਤਾ ਗਿਆ ਸੀ।

ਸੂਚੀ ਵਿਚ ਸਿੱਧੂ ਮੂਸੇਵਾਲਾ ਦੇ ਕਤਲ ਦਾ ਮਾਸਟਰਮਾਈਂਡ ਗੋਲਡੀ ਬਰਾੜ ਅਤੇ ਮੁਹਾਲੀ ਇੰਟੈਲੀਜੈਂਸੀ ਦਫਤਰ 'ਤੇ ਹਮਲਾ ਕਰਨ ਵਜੋਂ ਜੁੜੇ ਲਖਬੀਰ ਸਿੰਘ ਲੰਡਾ ਦਾ ਨਾਂ ਸ਼ਾਮਲ ਨਹੀਂ ਦੱਸਿਆ ਜਾ ਰਿਹਾ ਹੈ। ਮਾਨਸਾ ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਪੁਲਿਸ ਗੋਲਡੀ ਬਰਾੜ ਨੂੰ ਪੰਜਾਬ ਲਿਆਉਣ ਲਈ ਕਾਨੂੰਨੀ ਕਾਰਵਾਈਆਂ ਕਰ ਰਹੀ ਹੈ।

## ਪੀ.ਜੀ.ਆਈ. 'ਚ ਆਯੂਸ਼ਮਾਨ ਤਹਿਤ ਇਲਾਜ ਮੁੜ ਸ਼ੁਰੂ




**ਚੰਡੀਗੜ੍ਹ:** ਪੀ.ਜੀ.ਆਈ. ਚੰਡੀਗੜ੍ਹ ਵੱਲੋਂ 'ਆਯੂਸ਼ਮਾਨ ਭਾਰਤ' ਯੋਜਨਾ ਤਹਿਤ ਪੰਜਾਬ ਦੇ ਮਰੀਜ਼ਾਂ ਦਾ ਮੁੜ ਇਲਾਜ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਫੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੀ.ਜੀ.ਆਈ. ਦੇ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਤੇ ਅਧਿਕਾਰਤ ਬੁਲਾਰੇ ਕੁਮਾਰ ਗੌਰਵ ਧਵਨ ਨੇ ਦੱਸਿਆ ਕਿ ਇਹ ਫੈਸਲਾ ਪ੍ਰਧਾਨ ਮੰਤਰੀ ਅਤੇ ਕੇਂਦਰੀ ਸਿਹਤ ਮੰਤਰੀ ਦੇ ਦਫ਼ਤਰਾਂ ਤੋਂ ਪ੍ਰੋਗਰਾਮ ਨੂੰ ਮੁੜ ਸ਼ੁਰੂ ਕਰਨ ਦੇ ਨਿਰਦੇਸ਼ਾਂ 'ਤੇ ਲਿਆ ਗਿਆ ਹੈ ਤਾਂ ਕਿ ਮਰੀਜ਼ਾਂ ਨੂੰ ਇਲਾਜ ਵਿਚ ਕੋਈ ਸਮੱਸਿਆ ਨਾ ਆ ਸਕੇ।

ਦੂਜੇ ਪਾਸੇ ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦੇ ਸਿਹਤ ਸਕੱਤਰ ਵੱਲੋਂ ਵੀ ਇਕ ਪੱਤਰ ਪੀ.ਜੀ.ਆਈ. ਪ੍ਰਸ਼ਾਸਨ ਨੂੰ ਭੇਜਿਆ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਅਗਲੇ ਕੁਝ ਦਿਨਾਂ ਵਿਚ ਸਾਰੇ ਬਕਾਏ ਦਾ ਭੁਗਤਾਨ ਕਰ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲ ਇਸ ਸਕੀਮ ਤਹਿਤ ਪੀ.ਜੀ.ਆਈ. ਪ੍ਰਸ਼ਾਸਨ ਦੇ 15 ਕਰੋੜ ਰੁਪਏ ਬਕਾਇਆ ਹਨ ਜਿਸ ਦਾ ਭੁਗਤਾਨ ਨਾ ਕੀਤੇ ਜਾਣ ਬਾਰੇ ਪੀ.ਜੀ.ਆਈ. ਵੱਲੋਂ ਰਾਜ ਸਿਹਤ ਅਥਾਰਿਟੀ ਪੰਜਾਬ ਅਤੇ ਰਾਸ਼ਟਰੀ ਸਿਹਤ ਅਥਾਰਿਟੀ ਨੂੰ ਪਹਿਲੀ ਅਪਰੈਲ, 13 ਮਈ ਅਤੇ 7 ਜੂਨ ਨੂੰ ਵਾਰ-ਵਾਰ ਲਿਖਤੀ ਰੂਪ ਵਿਚ ਭੇਜ ਕੇ ਸੂਚਿਤ ਵੀ ਕੀਤਾ ਜਾ ਚੁੱਕਾ ਹੈ।

### ਅਗਲੇ ਸਾਲ ਤੋਂ ਆਯੂਸ਼ਮਾਨ ਦੀ ਲੋੜ ਨਹੀਂ ਪੈਣੀ: ਭਗਵੰਤ

**ਚੰਡੀਗੜ੍ਹ:** ਆਯੂਸ਼ਮਾਨ ਸਕੀਮ ਨੂੰ ਲੈ ਕੇ ਛਿੜੇ ਵਿਵਾਦ ਦੇ ਵਿਚਾਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿਖੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਗਲੇ ਸਾਲ ਤੋਂ ਪੰਜਾਬ ਨੂੰ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਦੀ ਜਰੂਰਤ ਨਹੀਂ ਪਵੇਗੀ, ਸਗੋਂ ਪੰਜਾਬ ਦੇ ਮਰੀਜ਼ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਜਾ ਰਹੇ ਮੁਹੱਲਾ ਕਲੀਨਿਕਾਂ ਵਿਚ ਹੀ ਠੀਕ ਹੋ ਜਾਣਗੇ। ਦੱਸਣਯੋਗ ਹੈ ਕਿ ਆਯੂਸ਼ਮਾਨ ਸਿਹਤ ਸਕੀਮ ਕੇਂਦਰ ਅਤੇ ਰਾਜ ਸਰਕਾਰ ਦੇ ਸਾਂਝੇ ਖਰਚੇ ਉਤੇ ਚੱਲਦੀ ਹੈ, ਜਿਸ ਵਿਚ ਪੰਜ ਲੱਖ ਤੱਕ ਦਾ ਕੈਸ਼ਲੈੱਸ ਇਲਾਜ ਮਰੀਜ਼ ਨੂੰ ਮਿਲਦਾ ਹੈ।

## ਕੇਂਦਰੀ ਜੇਲ੍ਹ ਵਿਚੋਂ 19 ਮੋਬਾਈਲ ਫੋਨ ਬਰਾਮਦ

**ਪਟਿਆਲਾ:** ਇਥੋਂ ਦੀ ਕੇਂਦਰੀ ਜੇਲ੍ਹ ਵਿਚ ਤਲਾਸ਼ੀ ਮੁਹਿੰਮ ਦੌਰਾਨ ਚਾਰ ਬੈਰਕਾਂ ਵਿਚੋਂ 19 ਮੋਬਾਈਲ ਫੋਨ ਬਰਾਮਦ ਹੋਏ। ਜੇਲ੍ਹ ਦੇ ਸੁਪਰਡੈਂਟ ਮਨਜੀਤ ਸਿੰਘ ਟਿਵਾਣਾ ਦੀ ਅਗਵਾਈ ਹੇਠ ਜੇਲ੍ਹ ਸਟਾਫ ਨੂੰ ਦੋ ਫੋਨ ਤਾਂ ਕੈਦੀਆਂ ਕੋਲੋਂ ਮਿਲੇ ਪਰ 17 ਫੋਨ ਕੈਦੀਆਂ ਨੇ ਜੁਗਾੜੂ ਤਕਨੀਕ ਤਹਿਤ ਕੰਧਾਂ 'ਚ ਛੁਪਾ ਕੇ ਰੱਖੇ ਹੋਏ ਸਨ। ਜੇਲ੍ਹ ਮੰਤਰੀ ਨੇ ਇਸ ਬਰਾਮਦਗੀ ਸਬੰਧੀ ਟਵੀਟ ਕਰਕੇ ਇਥੋਂ ਦੇ ਜੇਲ੍ਹ ਪ੍ਰਸ਼ਾਸਨ ਦੀ ਪਿੱਠ ਵੀ ਥਾਪੜੀ ਹੈ। ਤਲਾਸ਼ੀ ਦੌਰਾਨ 17 ਥਾਵਾਂ ਅਜਿਹੀਆਂ ਮਿਲੀਆਂ, ਜਿਥੇ ਕੈਦੀਆਂ ਨੇ ਕੰਧਾਂ 'ਚ ਆਪਣੇ ਫੋਨਾਂ ਦੇ ਸਾਈਜ਼ ਦੇ ਖਾਨੇ ਬਣਾ ਕੇ ਉਪਰ ਚੱਪਲ ਵਾਲੀ ਰਬੜ ਫਿੱਟ ਕਰਨ ਉਪਰੰਤ ਇਸ ਰਬੜ 'ਤੇ ਟੂਥ ਪੇਸਟ ਦਾ ਲੇਪ ਕੀਤਾ ਹੋਇਆ ਸੀ। ਲੇਪ ਕਰਨ ਤੋਂ ਪਹਿਲਾਂ ਸਬੰਧਿਤ ਕੰਧ ਤੋਂ ਮਾਮੂਲੀ ਜਿਹੀ ਸਫ਼ੈਦੀ ਉਤਾਰ ਕੇ ਪੇਸਟ 'ਚ ਮਿਲਾ ਦਿੱਤੀ ਜਾਂਦੀ ਸੀ ਜਿਸ ਪਿੱਛੋਂ ਕੀਤਾ ਪੇਸਟ ਦਾ ਲੇਪ ਪੂਰੀ ਤਰਾਂ ਕੰਧ ਵਾਲੀ ਸਫੈਦੀ ਨਾਲ ਮਿਲ ਜਾਂਦਾ ਸੀ ਤੇ ਕਿਸੇ ਨੂੰ ਪਤਾ ਨਹੀਂ ਲਗਦਾ ਸੀ ਕਿ ਇਸ ਥਾਂ ਨੂੰ ਪੁੱਟਿਆ ਗਿਆ ਹੈ।

## ਧਰਮਸੋਤ ਖਿਲਾਫ ਚਲਾਨ ਪੇਸ਼

**ਮੁਹਾਲੀ:** ਕਾਂਗਰਸ ਵਜ਼ਾਰਤ ਸਮੇਂ ਜੰਗਲਾਤ ਵਿਭਾਗ ਵਿਚ ਫੈਲੇ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਵਿਜੀਲੈਂਸ ਬਿਊਰੋ ਵੱਲੋਂ ਮੁਹਾਲੀ ਦੀ ਵਿਸ਼ੇਸ਼ ਅਦਾਲਤ ਵਿਚ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਸਮੇਤ ਹੋਰਨਾਂ ਖ਼ਿਲਾਫ਼ ਲਗਭਗ 900 ਪੰਨਿਆਂ ਦਾ ਚਲਾਨ ਪੇਸ਼ ਕੀਤਾ ਗਿਆ, ਜਿਸ ਮਗਰੋਂ ਅਦਾਲਤ ਨੇ ਇਸ ਨੂੰ ਰੈਗੂਲਰ ਸੁਣਵਾਈ ਲਈ ਸੈਸ਼ਨ ਕੋਰਟ ਵਿਚ ਭੇਜ ਦਿੱਤਾ ਹੈ।

ਜਾਣਕਾਰੀ ਅਨੁਸਾਰ ਫਿਲਹਾਲ ਇਸ ਮਾਮਲੇ ਵਿਚ ਵਿਜੀਲੈਂਸ ਨੇ ਧਰਮਸੋਤ ਦੇ ਮੀਡੀਆ ਸਲਾਹਕਾਰ ਕਮਲਪ੍ਰੀਤ ਸਿੰਘ ਖੰਨਾ ਅਤੇ ਜ਼ਿਲ੍ਹਾ ਜੰਗਲਾਤ ਅਫਸਰ (ਡੀ.ਐਫ.ਓ.) ਗੁਰਅਮਨਪ੍ਰੀਤ ਸਿੰਘ ਬੈਂਸ ਖ਼ਿਲਾਫ਼ ਚਲਾਨ ਪੇਸ਼ ਕੀਤਾ ਹੈ, ਜਦਕਿ ਇਸ ਮਾਮਲੇ ਵਿਚ ਧਰਮਸੋਤ ਦੇ ਓ.ਐਸ.ਡੀ. ਰਹੇ ਚਮਕੌਰ ਸਿੰਘ ਸਣੇ ਠੇਕੇਦਾਰ ਹਰਮੋਹਿੰਦਰ ਸਿੰਘ, ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਤੇ ਵਣ ਮੰਡਲ ਅਫਸਰ ਅਮਿਤ ਚੌਹਾਨ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਨ੍ਹਾਂ ਵਿਰੁੱਧ ਬਾਅਦ ਵਿਚ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਜਾਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਸੰਗਤ ਸਿੰਘ ਗਿਲਜੀਆਂ ਤੇ ਉਸ ਦਾ ਪੀ.ਏ. ਕੁਲਵਿੰਦਰ ਸਿੰਘ ਸ਼ੇਰਗਿੱਲ ਹਾਲੇ ਤੱਕ ਵਿਜੀਲੈਂਸ ਦੀ ਗ੍ਰਿਫਤ ਤੋਂ ਬਾਹਰ ਹਨ।

ਵਿਜੀਲੈਂਸ ਦੀ ਰਿਪੋਰਟ ਅਨੁਸਾਰ ਸਾਧੂ ਸਿੰਘ ਧਰਮਸੋਤ ਤੇ ਗਿਲਜੀਆਂ 'ਤੇ ਕਾਂਗਰਸ ਵਜ਼ਾਰਤ ਵੇਲੇ ਜੰਗਲਾਤ ਮੰਤਰੀ ਹੁੰਦਿਆਂ ਜੰਗਲਾਤ ਅਫਸਰਾਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਮਨਪਸੰਦ ਸਟੇਸ਼ਨਾਂ 'ਤੇ ਤਾਇਨਾਤ ਕਰਨ ਅਤੇ ਠੇਕੇਦਾਰਾਂ ਨੂੰ ਖੈਰ ਦੇ ਰੁੱਖਾਂ ਦੀ ਕਟਾਈ ਦਾ ਠੇਕਾ ਦੇਣ ਤੇ ਟ੍ਰੀ-ਗਾਰਡਾਂ ਦੀ ਖਰੀਦ ਵਿਚ ਵੱਡੇ ਪੱਧਰ 'ਤੇ ਘਪਲਾ ਕਰਨ ਦਾ ਦੋਸ਼ ਹੈ। ਜੰਗਲਾਤ ਘੁਟਾਲੇ ਵਿਚ ਵੱਖ-ਵੱਖ ਮੁਲਜ਼ਮਾਂ ਤੋਂ ਮਿਲੇ ਦਸਤਾਵੇਜ਼ੀ ਸਬੂਤਾਂ ਅਤੇ ਜਬਾਨੀ ਖ਼ੁਲਾਸਿਆਂ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਨੇ ਦੋਵੇਂ ਸਾਬਕਾ ਮੰਤਰੀਆਂ ਸਮੇਤ ਹੋਰਨਾਂ ਵਿਅਕਤੀਆਂ ਅਤੇ ਜੰਗਲਾਤ ਅਫਸਰਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਪਰਚਾ ਦਰਜ ਕੀਤਾ ਸੀ।

## ਬਾਇਡਨ ਵੱਲੋਂ ਵਿਸਕਾਨਸਿਨ ਗੁਰਦੁਆਰੇ 'ਤੇ ਹਮਲੇ ਦੀ ਨਿਖੇਧੀ

### ਅਮਰੀਕਾ 'ਚੋਂ ਹਰ ਤਰ੍ਹਾਂ ਦੀ ਨਫਰਤ ਨੂੰ ਵੀ ਖਤਮ ਕਰਨ ਦਾ ਹੋਕਾ

**ਵਾਸ਼ਿੰਗਟਨ:** ਵਿਸਕਾਨਸਿਨ ਦੇ ਗੁਰਦੁਆਰੇ 'ਤੇ 2012 'ਚ ਹੋਏ ਹਮਲੇ ਦੀ 10ਵੀਂ ਬਰਸੀ ਮੌਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਦੀ ਨਿਖੇਧੀ ਕਰਦਿਆਂ ਮੁਲਕ 'ਚੋਂ ਬੰਦੂਕ ਹਿੰਸਾ ਘਟਾਉਣ ਅਤੇ ਘਰੇਲੂ ਅਤਿਵਾਦ ਨੂੰ ਮਾਤ ਦੇਣ ਲਈ ਹਥਿਆਰਾਂ 'ਤੇ ਪਾਬੰਦੀ ਲਗਾਉਣ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਅਮਰੀਕਾ 'ਚੋਂ ਹਰ ਤਰ੍ਹਾਂ ਦੀ ਨਫਰਤ ਨੂੰ ਵੀ ਖਤਮ ਕਰਨ ਦਾ ਹੋਕਾ ਦਿੱਤਾ। ਜ਼ਿਕਰਯੋਗ ਹੈ ਕਿ 5 ਅਗਸਤ, 2012 'ਚ ਇਕ ਗੋਰੇ ਨੇ ਵਿਸਕਾਨਸਿਨ ਦੇ ਓਕ ਕਰੀਕ ਗੁਰਦੁਆਰੇ ਅੰਦਰ ਗੋਲੀਆਂ ਚਲਾ ਕੇ ਛੇ ਵਿਅਕਤੀਆਂ ਨੂੰ ਮਾਰ ਦਿੱਤਾ ਸੀ। ਇਕ ਹੋਰ ਵਿਅਕਤੀ ਨੂੰ ਗੋਲੀਆਂ ਲੱਗਣ ਕਾਰਨ ਅਧਰੰਗ ਹੋ ਗਿਆ ਸੀ ਅਤੇ ਉਸ ਦੀ 2020 'ਚ ਮੌਤ ਹੋਈ ਸੀ। ਬਾਇਡਨ ਨੇ ਜਾਰੀ ਬਿਆਨ 'ਚ ਕਿਹਾ ਕਿ ਓਕ ਕਰੀਕ 'ਤੇ ਹੋਈ ਗੋਲੀਬਾਰੀ ਅਮਰੀਕਾ ਦੇ ਇਤਿਹਾਸ 'ਚ ਸਿੱਖਾਂ 'ਤੇ ਸਭ ਤੋਂ ਘਾਤਕ ਹਮਲਾ ਸੀ।



'ਪਿਛਲੇ ਇਕ ਦਹਾਕੇ ਤੋਂ ਸਾਡੇ ਮੁਲਕ ਦੀਆਂ ਇਬਾਦਤਗਾਹਾਂ 'ਤੇ ਹਮਲੇ ਆਮ ਹੋ ਗਏ ਹਨ। ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਇਸ ਨਫਰਤ ਨੂੰ ਰੋਕੀਏ। ਕਿਸੇ ਨੂੰ ਵੀ ਪ੍ਰਾਰਥਨਾ ਕਰਨ ਸਮੇਂ ਆਪਣਾ ਸਿਰ ਝੁਕਾਉਣ 'ਤੇ ਜਾਨ ਦਾ ਖੌਅ ਨਹੀਂ ਹੋਣਾ ਚਾਹੀਦਾ ਹੈ।' ਰਾਸ਼ਟਰਪਤੀ ਨੇ ਕਿਹਾ ਕਿ ਓਕ ਕਰੀਕ ਦੀ ਘਟਨਾ ਨੇ ਸਾਰਿਆਂ ਨੂੰ ਰਾਹ ਦਿਖਾਇਆ ਹੈ ਅਤੇ ਚੇਤੇ ਕੀਤਾ ਕਿ ਕਿਵੇਂ ਹਮਲੇ ਮਗਰੋਂ ਸਿੱਖਾਂ ਨੇ ਗੁਰਦੁਆਰਾ ਖੁਦ ਹੀ ਸਾਫ ਕੀਤਾ ਸੀ। ਉਨ੍ਹਾਂ ਕਿਹਾ ਕਿ ਅਮਰੀਕੀ ਇਤਿਹਾਸ 'ਚ ਇਕ ਪੀੜਤ ਦਾ ਪੁੱਤਰ ਪਹਿਲਾ ਸਿੱਖ ਬਣ ਗਿਆ ਜੋ ਕਾਂਗਰਸ 'ਚ ਆਇਆ ਅਤੇ ਉਸ ਨੇ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਖਿਲਾਫ ਨਫਰਤੀ ਅਪਰਾਧਾਂ 'ਤੇ ਨੱਥ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਹਰ ਸਾਲ ਪੀੜਤਾਂ ਦੀ ਯਾਦ 'ਚ ਪ੍ਰੋਗਰਾਮ ਕਰਵਾ ਕੇ ਸਾਰਿਆਂ ਦੀ 'ਚੜ੍ਹਦੀ ਕਲਾ' ਦੀ ਅਰਦਾਸ ਕੀਤੀ ਜਾਂਦੀ ਹੈ।

# ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ ਕਰ ਲਈ ਹੈ। ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਅਤੇ ਸਮੱਸਿਆਵਾਂ ਦੇ ਜਲਦੀ ਹੱਲ ਲਈ ਨਵੀਂ ਐਨ.ਆਰ.ਆਈ. ਨੀਤੀ ਜਲਦੀ ਲਿਆਂਦੀ ਜਾਵੇਗੀ।

ਉਨ੍ਹਾਂ ਐਨ.ਆਰ.ਆਈ. ਵਿਭਾਗ ਦੇ ਸੀਨੀਅਰ ਅਧਿਕਾਰੀਆਂ ਅਤੇ ਐਨ.ਆਰ.ਆਈ. ਕਮਿਸ਼ਨ ਦੇ ਮੈਂਬਰਾਂ ਨਾਲ ਮੀਟਿੰਗ ਦੌਰਾਨ ਨਵੀਂ ਐਨ.ਆਰ.ਆਈ. ਪਾਲਿਸੀ ਦੇ ਡਰਾਫਟ ਬਾਰੇ ਵੀ ਚਰਚਾ ਕੀਤੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਰਵਾਸੀ ਪੰਜਾਬੀ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਪ੍ਰੋਗਰਾਮ ਚਲਾਇਆ ਗਿਆ ਹੈ ਅਤੇ ਉਸੇ ਤਰਜ਼ 'ਤੇ ਸਰਕਾਰ ਵੱਲੋਂ ਬਜ਼ੁਰਗਾਂ ਲਈ ਵੀ ਪ੍ਰੋਗਰਾਮ ਉਲੀਕਿਆ ਜਾਵੇਗਾ ਜਿਸ ਤਹਿਤ ਪਰਵਾਸੀ ਪੰਜਾਬੀ ਬਜ਼ੁਰਗਾਂ ਨੂੰ ਸੂਬੇ ਦੇ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਮੁਫਤ ਯਾਤਰਾ ਕਰਵਾਈ ਜਾਵੇਗੀ। ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਨੇ ਦੱਸਿਆ ਕਿ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਪ੍ਰਦਾਨ ਕਰਨ ਲਈ ਸਿਵਲ ਲੋਕ ਅਦਾਲਤਾਂ ਦੀ ਤਰਜ਼ 'ਤੇ ਪਰਵਾਸੀਆਂ ਦੇ ਮਸਲੇ ਨਿਬੇੜਨ ਲਈ ਐਨ.ਆਰ.ਆਈ. ਲੋਕ ਅਦਾਲਤਾਂ ਸਥਾਪਤ ਕਰਨ ਵਾਸਤੇ ਉਪਰਾਲੇ ਕੀਤੇ ਜਾਣਗੇ।




ਇਨ੍ਹਾਂ ਅਦਾਲਤਾਂ ਵਿਚ ਖਾਸ ਕਰ ਕੇ ਜ਼ਮੀਨਾਂ ਅਤੇ ਵਿਆਹਾਂ ਦੇ ਝਗੜੇ ਮੌਕੇ 'ਤੇ ਹੀ ਆਪਸੀ ਸਹਿਮਤੀ ਨਾਲ ਨਿਬੇੜੇ ਜਾਣਗੇ, ਜਿਸ ਨੂੰ ਕਾਨੂੰਨੀ ਮਾਨਤਾ ਹੋਵੇਗੀ। ਐਨ.ਆਰ.ਆਈ. ਦੇ ਮਸਲਿਆਂ ਦੇ ਜ਼ਿਲ੍ਹਾ ਪੱਧਰ 'ਤੇ ਨਿਬੇੜੇ ਲਈ ਹਰ ਜ਼ਿਲ੍ਹੇ ਵਿਚ ਇਕ ਪੀ.ਸੀ.ਐਸ. ਅਧਿਕਾਰੀ ਨੂੰ ਨੋਡਲ ਅਫਸਰ ਵਜੋਂ ਤਾਇਨਾਤ ਕੀਤਾ ਜਾਵੇਗਾ।

ਮੰਤਰੀ ਨੇ ਕਿਹਾ ਕਿ ਆਮ ਤੌਰ 'ਤੇ ਐਨ.ਆਰ.ਆਈਜ. ਦੀਆਂ ਜ਼ਮੀਨਾਂ 'ਤੇ ਕਬਜ਼ਿਆਂ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆਉਂਦੇ ਹਨ, ਜਿਸ ਦੇ ਹੱਲ ਲਈ ਫੈਸਲਾ ਲਿਆ ਗਿਆ ਹੈ ਕਿ ਅਜਿਹਾ ਕਾਨੂੰਨੀ ਬਦਲਾਅ ਕੀਤਾ ਜਾਵੇ ਕਿ ਐਨ.ਆਰ.ਆਈਜ. ਦੀਆਂ ਜ਼ਮੀਨਾਂ ਦੀ ਗਿਰਦਾਵਰੀ ਸਹਿਮਤੀ ਬਿਨਾਂ ਨਾ ਬਦਲੀ ਜਾ ਸਕੇ। ਮੀਟਿੰਗ ਵਿਚ ਇਹ ਵੀ ਫੈਸਲਾ ਲਿਆ ਗਿਆ ਕਿ ਪਰਵਾਸੀ ਪੰਜਾਬੀਆਂ ਦੀ ਕਾਨੂੰਨੀ ਸਹਾਇਤਾ ਲਈ ਐਡਵੋਕੇਟ ਜਨਰਲ ਦਫਤਰ 'ਚੋਂ ਵਕੀਲਾਂ ਦਾ ਪੈਨਲ ਲਿਆ ਜਾਵੇਗਾ। ਲੋੜ ਪੈਣ 'ਤੇ ਐਨ.ਆਰ.ਆਈਜ. ਇਨ੍ਹਾਂ ਵਕੀਲਾਂ ਕੋਲੋਂ ਕਾਨੂੰਨੀ ਸਹਾਇਤਾ ਲੈ ਸਕਣਗੇ।

### ਵਿਦੇਸ਼ ਵਸਦੇ ਭਾਰਤੀਆਂ ਦੀ ਗਿਣਤੀ ਬਾਰੇ ਅੰਕੜਾ ਨਹੀਂ

**ਨਵੀਂ ਦਿੱਲੀ:** ਸੰਸਦੀ ਕਮੇਟੀ ਨੇ ਸਰਕਾਰ ਕੋਲ ਦੁਨੀਆਂ ਭਰ ਵਿਚ ਫੈਲੇ ਪਰਵਾਸੀ ਭਾਰਤੀ ਭਾਈਚਾਰੇ ਦਾ ਕੋਈ 'ਅਧਿਕਾਰਤ ਅੰਕੜਾ' ਨਾ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿਚ ਭਾਰਤੀ ਸਫ਼ਾਰਤਖ਼ਾਨੇ/ਹਾਈ ਕਮਿਸ਼ਨ/ਮਿਸ਼ਨ ਦਾ ਪਰਵਾਸੀ ਭਾਰਤੀਆਂ ਨਾਲ ਵਿਆਪਕ ਅਤੇ ਨਜਦੀਕੀ ਸੰਪਰਕ ਹੋਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਪਰਵਾਸੀ ਭਾਰਤੀਆਂ ਨੂੰ ਰਜਿਸਟਰਡ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਡੇਟਾ ਤਿਆਰ ਕੀਤਾ ਜਾ ਸਕੇ। ਇਹ ਗੱਲ ਸੰਸਦ ਵਿਚ ਪੇਸ਼ ਕੀਤੀ ਗਈ ਭਾਜਪਾ ਸੰਸਦ ਮੈਂਬਰ ਪੀਪੀ ਚੌਧਰੀ ਦੀ ਅਗਵਾਈ ਵਾਲੀ ਵਿਦੇਸ਼ ਮਾਮਲਿਆਂ ਦੀ ਸਥਾਈ ਕਮੇਟੀ ਦੀ ਰਿਪੋਰਟ ਵਿਚ ਕਹੀ ਗਈ। ਪਰਵਾਸੀ ਭਾਰਤੀਆਂ ਦੁਆਰਾ ਭੇਜੀ ਗਈ ਰਕਮ ਬਾਰੇ ਪੁੱਛੇ ਜਾਣ ਉਤੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਦੂਜੇ ਦੇਸਾਂ ਤੋਂ ਆਪਣੇ ਪਰਿਵਾਰਾਂ ਨੂੰ ਭੇਜੀ ਗਈ ਰਕਮ ਬਾਰੇ ਕੋਈ ਸਹੀ ਅੰਕੜੇ ਉਪਲਬਧ ਨਹੀਂ ਹਨ।

# ਬਿਜਲੀ ਬਿੱਲ: ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਨੂੰ ਸੰਘਰਸ਼ ਦੀ ਚਿਤਾਵਨੀ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਨੇ ਇਸ ਸੰਸਦ ਸੈਸ਼ਨ ਵਿਚ ਬਿਜਲੀ (ਸੋਧ) ਬਿੱਲ 2022 ਨੂੰ ਪੇਸ਼ ਤੇ ਪਾਸ ਕਰਨ ਵਿਰੁੱਧ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ। ਮੋਰਚੇ ਦੇ ਆਗੂ ਡਾ. ਦਰਸ਼ਨ ਪਾਲ ਨੇ ਦੱਸਿਆ ਕਿ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਇਸ ਬਿੱਲ 'ਤੇ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ, ਜਿਵੇਂ ਕਿ ਲਿਖਤੀ ਰੂਪ ਵਿਚ ਵਾਅਦਾ ਕੀਤਾ ਗਿਆ ਸੀ।

ਸੰਯੁਕਤ ਕਿਸਾਨ ਮੋਰਚਾ ਬਿੱਲ ਪੇਸ਼, ਪਾਸ ਹੋਣ 'ਤੇ ਤੁਰਤ ਵੱਡੇ ਵਿਰੋਧ ਪ੍ਰਦਰਸ਼ਨ ਲਈ ਦੇਸ਼ ਵਿਆਪੀ ਸੱਦਾ ਦੇਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਨੂੰ ਪਤਾ ਲੱਗਿਆ ਹੈ ਕਿ ਕੇਂਦਰ ਸਰਕਾਰ ਮੌਜੂਦਾ ਸੰਸਦ ਸੈਸ਼ਨ ਵਿਚ ਬਿਜਲੀ (ਸੋਧ) ਬਿੱਲ 2022 ਨੂੰ ਪਾਸ ਕਰ ਸਕਦੀ ਹੈ। ਪਤਾ ਲੱਗਿਆ ਹੈ ਕਿ ਕੇਂਦਰੀ ਕੈਬਨਿਟ ਨੇ ਪਹਿਲਾਂ ਹੀ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿੱਲ ਨੂੰ ਵਾਪਸ ਲੈਣਾ ਕਿਸਾਨਾਂ ਦੇ ਸਾਲ ਭਰ ਦੇ ਸੰਘਰਸ਼ ਦੀ ਮੁੱਖ ਮੰਗ ਸੀ। ਉਨ੍ਹਾਂ ਕਿਹਾ ਕਿ 9 ਦਸੰਬਰ, 2021 ਨੂੰ ਕੇਂਦਰ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਪੱਤਰ ਦਿੱਤਾ ਸੀ ਜਿਸ ਵਿਚ ਭਰੋਸਾ ਦਿੱਤਾ ਗਿਆ ਸੀ ਕਿ ਬਿੱਲ ਨੂੰ ਸੰਯੁਕਤ ਕਿਸਾਨ ਮੋਰਚੇ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰੇ ਤੋਂ ਪਹਿਲਾਂ ਸੰਸਦ ਵਿਚ ਪੇਸ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਕਦਮ ਉਸ ਵੱਲੋਂ ਦਿੱਤੇ ਆਪਣੇ ਭਰੋਸੇ ਨਾਲ ਸਰਾਸਰ ਧੋਖਾ ਹੈ।



# ਭਗਵੰਤ ਮਾਨ ਤੇ ਹਰਪਾਲ ਚੀਮਾ ਨੇ ਪੇਸ਼ੀ ਭੁਗਤੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਸੈਕਟਰ-43 ਸਥਿਤ ਜ਼ਿਲ੍ਹਾ ਅਦਾਲਤ ਵਿਚ ਚੀਫ ਜੁਡੀਸ਼ਲ ਮੈਜਿਸਟਰੇਟ ਅਮਨ ਇੰਦਰ ਸਿੰਘ ਦੀ ਅਦਾਲਤ ਵਿਚ ਢਾਈ ਸਾਲ ਪੁਰਾਣੇ ਹਿੰਸਾ ਦੇ ਕੇਸ ਸਬੰਧੀ ਪੇਸ਼ੀ ਭੁਗਤੀ। ਉਨ੍ਹਾਂ ਨਾਲ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਧਾਇਕਾ ਸਰਬਜੀਤ ਕੌਰ ਵੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਦੀ ਜ਼ਮਾਨਤ ਮਨਜ਼ੂਰ ਕਰ ਲਈ ਹੈ ਤੇ ਕੇਸ ਦੀ ਅਗਲੀ ਸੁਣਵਾਈ 30 ਅਗਸਤ 'ਤੇ ਪਾ ਦਿੱਤੀ ਹੈ।

ਜਾਣਕਾਰੀ ਅਨੁਸਾਰ ਭਗਵੰਤ ਮਾਨ, ਹਰਪਾਲ ਸਿੰਘ ਚੀਮਾ ਤੇ ਸਰਬਜੀਤ ਕੌਰ ਮਾਣੂੰਕੇ ਆਪਣੇ ਵਕੀਲ ਅਨਮੋਲ ਰਤਨ ਸਿੱਧੂ ਨਾਲ ਸਵੇਰੇ 10.30 ਵਜੇ ਜ਼ਿਲ੍ਹਾ ਅਦਾਲਤ ਵਿਚ ਪਹੁੰਚੇ। ਅਦਾਲਤ ਨੇ ਤਿੰਨਾਂ ਦੀ ਜ਼ਮਾਨਤ ਮਨਜ਼ੂਰ ਕੀਤੀ ਤੇ ਚਲਾਨ ਦੀਆਂ ਕਾਪੀਆਂ ਦਿੱਤੀਆਂ। ਇਸੇ ਕੇਸ 'ਚ ਵਿਧਾਇਕ ਅਮਨ ਅਰੋੜਾ ਤੇ ਬਲਜਿੰਦਰ ਕੌਰ ਵੱਲੋਂ ਅਦਾਲਤ ਵਿਚ ਪੇਸ਼ ਨਾ ਹੋਣ 'ਤੇ ਅਦਾਲਤ ਨੇ ਦੋਵਾਂ ਨੂੰ ਵਾਰੰਟ ਜਾਰੀ ਕਰਦਿਆਂ ਅਗਲੀ ਪੇਸ਼ੀ 'ਤੇ ਹਾਜਰ ਹੋਣ ਦੀ ਹਦਾਇਤ ਕੀਤੀ ਹੈ। ਬਚਾਅ ਪੱਖ ਦੇ ਵਕੀਲ ਅਨਮੋਲ ਰਤਨ ਸਿੱਧੂ ਨੇ ਦੱਸਿਆ ਕਿ ਬੀਤੀ 22 ਮਾਰਚ ਨੂੰ ਅਦਾਲਤ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਭਗਵੰਤ ਮਾਨ ਸਣੇ ਹੋਰਨਾਂ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਉਨ੍ਹਾਂ ਹੁਕਮਾਂ ਦੀ ਪਾਲਣਾ ਕਰਦਿਆਂ ਭਗਵੰਤ ਮਾਨ, ਹਰਪਾਲ ਸਿੰਘ ਚੀਮਾ ਤੇ ਸਰਬਜੀਤ ਕੌਰ ਮਾਣੂੰਕੇ ਅਦਾਲਤ ਵਿਚ ਪੇਸ਼ ਹੋਣ ਲਈ ਪਹੁੰਚੇ ਸਨ। ਦੱਸਣਯੋਗ ਹੈ ਕਿ 'ਆਪ' ਨੇ ਪੰਜਾਬ ਵਿਚ ਬਿਜਲੀ ਦੀਆਂ ਦਰਾਂ ਵਿੱਚ ਕਟੌਤੀ ਦੀ ਮੰਗ ਕਰਦਿਆਂ ਜਨਵਰੀ 2020 ਵਿਚ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਸੀ। ਸ਼ਹਿਰ ਵਿਚ ਧਾਰਾ 144 ਲੱਗੀ ਹੋਣ ਕਰਕੇ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ 'ਆਪ' ਵਰਕਰਾਂ ਅਤੇ ਪੁਲਿਸ ਵਿਚ ਖਿੱਚ-ਧੂਹ ਹੋਈ ਸੀ, ਜਿਸ ਵਿਚ ਚੰਡੀਗੜ੍ਹ ਪੁਲਿਸ ਦੇ ਕਈ ਮੁਲਾਜ਼ਮਾਂ ਦੇ ਮਾਮੂਲੀ ਸੱਟਾਂ ਵੱਜੀਆਂ ਸਨ। ਥਾਣਾ ਸੈਕਟਰ-3 ਦੀ ਪੁਲਿਸ ਨੇ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ, 7 ਵਿਧਾਇਕਾਂ ਸਣੇ 700-800 'ਆਪ' ਵਰਕਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ।



# ਦਿੱਲੀ ਦੀਆਂ ਮੰਡੀਆਂ ਵਿਚ ਕਣਕ ਦਾ ਭਾਅ 2500 ਰੁਪਏ ਕੁਇੰਟਲ ਨੂੰ ਟੱਪਿਆ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦੀਆਂ ਮੰਡੀਆਂ ਵਿਚ ਕਣਕ ਦੀਆਂ ਕੀਮਤਾਂ ਰਿਕਾਰਡ 2500 ਰੁਪਏ ਪ੍ਰਤੀ ਕੁਇੰਟਲ ਨੂੰ ਪਾਰ ਕਰ ਗਈਆਂ ਹਨ। ਅਜਿਹਾ ਘੱਟ ਸਪਲਾਈ ਅਤੇ ਵਧ ਮੰਗ ਕਾਰਨ ਹੋਇਆ ਹੈ। ਦਿੱਲੀ ਦੇ ਵਪਾਰੀਆਂ ਅਨੁਸਾਰ, ਗਰਮੀ ਕਾਰਨ ਇਸ ਸਾਲ ਕਣਕ ਦਾ ਉਤਪਾਦਨ ਘੱਟ ਹੋਇਆ, ਜਿਸ ਨਾਲ ਖੇਤੀਬਾੜੀ ਉਪਜ ਦੀ ਘਰੇਲੂ ਸਪਲਾਈ ਪ੍ਰਭਾਵਿਤ ਹੋਈ।

ਪਿਛਲੇ ਕੁਝ ਦਿਨਾਂ ਤੋਂ ਭਾਅ ਰੋਜ਼ਾਨਾ ਵੱਧ ਰਹੇ ਹਨ। ਹਰਿਆਣਾ ਵਿਚ ਇਹ 2,400 ਰੁਪਏ ਪ੍ਰਤੀ ਕੁਇੰਟਲ ਹੈ, ਜਦੋਂ ਕਿ ਰਾਜਸਥਾਨ ਵਿਚ ਕੀਮਤ 2,370 ਰੁਪਏ ਪ੍ਰਤੀ ਕੁਇੰਟਲ ਹੈ। 14 ਮਈ, 2022 ਨੂੰ ਕਣਕ ਦੀ ਬਰਾਮਦ ਉਤੇ ਪਾਬੰਦੀ ਲੱਗਣ ਤੋਂ ਬਾਅਦ ਮੰਡੀ ਵਿਚ ਕੀਮਤਾਂ 2,150 ਤੋਂ 2,175 ਰੁਪਏ ਪ੍ਰਤੀ ਕੁਇੰਟਲ ਦੇ ਆਸ-ਪਾਸ ਹਨ।

ਸਰਕਾਰੀ ਅੰਕੜਿਆਂ ਅਨੁਸਾਰ ਪਿਛਲੇ ਕੁਝ ਸਾਲਾਂ ਵਿਚ ਕਣਕ ਦੀ ਬਰਾਮਦ ਵਿੱਚ ਵਾਧਾ ਹੋਇਆ ਹੈ। ਸਾਲ 2021-22 ਵਿੱਚ 212.15 ਕਰੋੜ ਰੁਪਏ ਮੁੱਲ ਦੀ ਕਣਕ ਬਰਾਮਦ ਕੀਤੀ ਗਈ ਸੀ। 2022-23 (ਅਪਰੈਲ-ਜੁਲਾਈ) ਦੇ ਪਹਿਲੇ ਚਾਰ ਮਹੀਨਿਆਂ ਵਿਚ, 110 ਕਰੋੜ ਰੁਪਏ ਤੋਂ ਵਧ ਦੀ ਕਣਕ ਬਰਾਮਦ ਕੀਤੀ ਗਈ ਸੀ। ਕੌਮਾਂਤਰੀ ਮੰਗ ਤੇ ਸਪਲਾਈ ਦੀ ਸਥਿਤੀ, ਵਿਸ਼ਵ ਵਿਆਪੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ, ਯੂਕਰੇਨ ਅਤੇ ਰੂਸ ਵਰਗੇ ਵੱਡੇ ਕਣਕ ਬਰਾਮਦ ਕਰਨ ਵਾਲੇ ਮੁਲਕਾਂ ਵਿਚਾਲੇ ਟਕਰਾਅ ਆਦਿ ਕਾਰਨਾਂ ਕਰਕੇ ਬਰਾਮਦ ਵਿਚ ਵਾਧਾ ਹੋਇਆ ਹੈ। ਹਾਲਾਂਕਿ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਮੰਗ ਦੀ ਪੂਰਤੀ ਅਤੇ ਕਣਕ ਦੀਆਂ ਵਧ ਰਹੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਕੁਝ ਕਦਮ ਚੁੱਕ ਸਕਦਾ ਹੈ। ਕੇਂਦਰ ਕਣਕ ਉਤੇ 40 ਫੀਸਦੀ ਦਰਾਮਦ ਡਿਊਟੀ ਖਤਮ ਕਰ ਸਕਦਾ ਹੈ। ਇਸ ਤੋਂ ਇਲਾਵਾ ਕੇਂਦਰ ਸਟਾਕਿਸਟਾਂ ਤੇ ਵਪਾਰੀਆਂ ਵੱਲੋਂ ਰੱਖੇ ਗਏ ਕਣਕ ਦੇ ਸਟਾਕ ਦਾ ਸਵੈਇੱਛਤ ਖੁਲਾਸਾ ਕਰਨ ਤੇ ਕਣਕ ਉਤੇ ਸਟਾਕ ਹੋਲਡਿੰਗ ਸੀਮਾ ਵੀ ਤੈਅ ਕਰ ਸਕਦਾ ਹੈ।



# ਈ.ਟੀ.ਟੀ. ਅਧਿਆਪਕਾਂ ਨੇ ਤਰੱਕੀ ਲੈਣ ਤੋਂ ਤੌਬਾ ਕੀਤੀ

**ਚੰਡੀਗੜ੍ਹ:** ਪੰਜਾਬ ਦੇ ਵੱਡੀ ਗਿਣਤੀ ਈ.ਟੀ.ਟੀ. ਅਧਿਆਪਕਾਂ ਨੇ ਤਰੱਕੀ ਲੈਣ ਤੋਂ ਨਾਂਹ ਕਰ ਦਿੱਤੀ ਹੈ। ਪੰਜਾਬ ਸਰਕਾਰ ਨੇ ਬਠਿੰਡਾ ਜ਼ਿਲ੍ਹੇ ਵਿਚ ਕਰੀਬ 10 ਈ.ਟੀ.ਟੀ. ਅਧਿਆਪਕਾਂ ਨੂੰ ਸਕੂਲ ਮੁਖੀ ਵਜੋਂ ਤਰੱਕੀ ਦੇ ਦਿੱਤੀ ਸੀ ਪਰ ਇਹ ਸਕੂਲ ਮੁਖੀ ਹੁਣ ਮੁੜ ਈ.ਟੀ.ਟੀ. ਅਧਿਆਪਕ ਦੀ ਅਸਾਮੀ 'ਤੇ ਆ ਗਏ ਹਨ। ਲਿਖਤੀ ਰਿਕਾਰਡ 'ਚ ਇਨ੍ਹਾਂ ਨੇ ਆਖਿਆ ਹੈ ਕਿ ਉਨ੍ਹਾਂ ਦੀ ਘਰੇਲੂ ਮਜਬੂਰੀ ਹੈ ਪਰ ਹਕੀਕਤ ਇਹ ਹੈ ਕਿ ਸਕੂਲ ਮੁਖੀ ਨੂੰ ਕੰਮ ਵੱਧ ਹੈ ਅਤੇ ਸਕੂਲਾਂ ਵਿਚ ਫੰਡਾਂ ਤੇ ਪ੍ਰਬੰਧਾਂ ਦੀ ਘਾਟ ਹੈ।

ਵੇਰਵਿਆਂ ਅਨੁਸਾਰ ਜ਼ਿਲ੍ਹਾ ਬਠਿੰਡਾ ਵਿਚ 4 ਜੁਲਾਈ ਨੂੰ 72 ਈ.ਟੀ.ਟੀ. ਅਧਿਆਪਕਾਂ ਨੂੰ ਸਕੂਲ ਮੁਖੀ ਵਜੋਂ ਤਰੱਕੀ ਦੇਣ ਲਈ ਬੁਲਾਇਆ ਸੀ ਪਰ ਕਿਸੇ ਅਧਿਆਪਕਾਂ ਨੇ ਰੁਚੀ ਨਹੀਂ ਦਿਖਾਈ। ਇਸ ਤੋਂ ਪਹਿਲਾਂ 18 ਜੂਨ ਨੂੰ ਅਧਿਆਪਕ ਸੱਦੇ ਸਨ ਅਤੇ ਉਦੋਂ ਵੀ ਇਵੇਂ ਹੀ ਹੋਇਆ ਸੀ। ਪੂਹਲਾ ਪਿੰਡ ਦੇ ਦੋ ਸਕੂਲਾਂ ਵਿਚ ਤਾਇਨਾਤ ਦੋ ਪਤੀ-ਪਤਨੀ ਸਕੂਲ ਮੁਖੀ ਤੋਂ ਹੁਣ ਮੁੜ ਰਿਵਰਟ ਹੋ ਕੇ ਈ.ਟੀ.ਟੀ. ਅਧਿਆਪਕ ਬਣ ਗਏ ਹਨ। ਜੰਡਾਂਵਾਲਾ ਸਕੂਲ ਤੋਂ ਰੇਸ਼ਮ ਸਿੰਘ ਨੇ ਤਰੱਕੀ ਛੱਡ ਦਿੱਤੀ ਹੈ ਅਤੇ ਸੰਗਤ ਸਕੂਲ 'ਚੋਂ ਮਹਿਲਾ ਅਧਿਆਪਕਾ ਸਵਿਤਾ ਨੇ ਤਰੱਕੀ ਛੱਡ ਕੇ ਮੁੜ ਈ.ਟੀ.ਟੀ. ਦੀ ਅਸਾਮੀ 'ਤੇ ਆ ਗਈ ਹੈ। ਜ਼ਿਲ੍ਹਾ ਮਾਨਸਾ ਵਿਚ ਪੰਜ ਅਧਿਆਪਕਾਂ ਨੂੰ ਸਕੂਲ ਮੁਖੀ ਵਜੋਂ ਪਦਉਨਤ ਕੀਤਾ ਸੀ ਜੋ ਹੁਣ ਮੁੜ ਅਧਿਆਪਕ ਦੀ ਅਸਾਮੀ 'ਤੇ ਆ ਗਏ ਹਨ। ਸਰਹੱਦੀ ਜ਼ਿਲ੍ਹੇ ਤਰਨ ਤਾਰਨ ਵਿਚ 3 ਈ.ਟੀ.ਟੀ. ਅਧਿਆਪਕਾਂ ਨੇ ਤਰੱਕੀ ਲੈਣ ਮਗਰੋਂ ਮੁੜ ਈ.ਟੀ.ਟੀ. ਅਧਿਆਪਕ ਦੀ ਅਸਾਮੀ 'ਤੇ ਆਉਣ ਨੂੰ ਤਰਜੀਹ ਦਿੱਤੀ ਹੈ। ਜ਼ਿਲ੍ਹਾ ਪਟਿਆਲਾ ਵਿਚ ਤਾਂ ਦੋ ਸੀ.ਐਚ.ਟੀ. ਨੂੰ ਤਰੱਕੀ ਦੇ ਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਣਾਇਆ ਗਿਆ ਸੀ ਜਿਨ੍ਹਾਂ ਨੇ ਹੁਣ ਮੁੜ ਰਿਵਰਟ ਹੋ ਕੇ ਸੀ.ਐਚ.ਟੀ. ਦਾ ਅਹੁਦਾ ਸੰਭਾਲ ਲਿਆ ਹੈ।

ਪਟਿਆਲਾ ਵਿਚ ਹੀ ਤਿੰਨ ਹੋਰ ਸੀ.ਐਚ.ਟੀ. ਨੂੰ ਤਰੱਕੀ ਦੇ ਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਣਾਇਆ ਜਾਣਾ ਸੀ ਪ੍ਰੰਤੂ ਉਨ੍ਹਾਂ ਤਰੱਕੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਲ੍ਹਾ ਮੁਕਤਸਰ ਵਿਚ ਦਰਜਨ ਸਕੂਲ ਮੁਖੀਆਂ ਨੇ ਰਿਵਰਟ ਹੋਣ ਵਿਚ ਰੁਚੀ ਦਿਖਾਈ ਜਿਨ੍ਹਾਂ ਨੂੰ ਮਹਿਕਮੇ ਨੇ ਮੁੜ ਈ.ਟੀ.ਟੀ. ਅਧਿਆਪਕ ਦੀ ਅਸਾਮੀ 'ਤੇ ਤਾਇਨਾਤ ਕਰ ਦਿੱਤਾ ਹੈ। ਇਸ ਤਰ੍ਹਾਂ ਦਾ ਰੁਝਾਨ ਸਭ ਪਾਸੇ ਹੈ। ਖ਼ਾਸ ਕਰਕੇ ਮਹਿਲਾ ਅਧਿਆਪਕ ਤਰੱਕੀ ਤੋਂ ਤੌਬਾ ਕਰ ਰਹੀਆਂ ਹਨ।



### ਅਧਿਆਪਕਾਂ ਦੀ ਭਰਤੀ ਉਮਰ ਹੱਦ 'ਚ ਮਿਲੇਗੀ ਛੋਟ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਵਿਚ ਵੱਖ-ਵੱਖ ਸਕੀਮਾਂ ਅਧੀਨ ਕੰਮ ਕਰਦੇ ਕੰਟਰੈਕਟ ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੱਤੀ ਹੈ। ਇਨ੍ਹਾਂ ਨੂੰ ਭਵਿੱਖ 'ਚ ਹੋਣ ਵਾਲੀ 5994 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਵਿਚ ਉਪਰਲੀ ਉਮਰ ਹੱਦ ਵਿਚ ਛੋਟ ਮਿਲੇਗੀ। ਇਹ ਛੋਟ ਸਿਰਫ ਇਕੋ ਵਾਰ ਭਰਤੀ ਲਈ ਦਿੱਤੀ ਗਈ ਹੈ। ਇਸ ਦਾ ਲਾਭ ਸਿੱਖਿਆ ਵਿਭਾਗ ਵਿਚ ਵੱਖ-ਵੱਖ ਸਕੀਮਾਂ ਅਧੀਨ ਕੰਮ ਕਰਦੇ ਸਿੱਖਿਆ ਪ੍ਰੋਵਾਈਡਰਜ਼, ਐਜੂਕੇਸ਼ਨ ਪ੍ਰੋਵਾਈਡਰਜ਼, ਐਜੂਕੇਸ਼ਨ ਵਾਲੰਟੀਅਰਜ਼, ਈ.ਜੀ.ਐਸ, ਏ.ਆਈ.ਈ. ਅਤੇ ਐਸ.ਟੀ.ਆਰ. ਵਾਲੰਟੀਅਰਜ਼ ਲੈ ਸਕਣਗੇ। ਇਨ੍ਹਾਂ ਮੁਲਾਜ਼ਮਾਂ ਨੇ ਸਿੱਖਿਆ ਵਿਭਾਗ 'ਚ ਜਿੰਨਾ ਸਮਾਂ ਸੇਵਾਵਾਂ ਦਿੱਤੀਆਂ ਹਨ, ਉਸ ਸਮੇਂ ਮੁਤਾਬਕ ਹੀ ਛੋਟ ਦਿੱਤੀ ਜਾਵੇਗੀ।

# ਮੰਨੂ ਤੇ ਰੂਪਾ ਕੋਲੋਂ ਮਿਲੇ ਅਸਲੇ ਨਾਲ ਹੀ ਹੋਇਆ ਸੀ ਮੂਸੇਵਾਲਾ ਦਾ ਕਤਲ

ਮਾਨਸਾ: ਮਾਨਸਾ ਪੁਲਿਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਵਰਤੇ ਗਏ ਹਥਿਆਰ ਬਰਾਮਦ ਕਰ ਲਏ ਹਨ। ਪੁਲਿਸ ਮੁਤਾਬਕ ਇਹ ਉਹੀ ਹਥਿਆਰ ਹਨ, ਜੋ ਸ਼ਾਰਪ ਸ਼ੂਟਰ ਮਨਪ੍ਰੀਤ ਉਰਫ ਮੰਨੂ ਕੁੱਸਾ ਅਤੇ ਜਗਰੂਪ ਰੂਪਾ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਮਗਰੋਂ ਮੌਕੇ ਤੋਂ ਬਰਾਮਦ ਕੀਤੇ ਗਏ ਸਨ। ਪੰਜਾਬ ਪੁਲਿਸ ਲਈ ਇਨ੍ਹਾਂ ਹਥਿਆਰਾਂ ਦੀ ਬਰਾਮਦਗੀ ਵੱਡੀ ਸਿਰਦਰਦੀ ਬਣੀ ਹੋਈ ਸੀ। ਮਾਨਸਾ ਪੁਲਿਸ ਤੋਂ ਪਹਿਲਾਂ ਦਿੱਲੀ ਪੁਲਿਸ ਨੇ ਵੀ ਇਨ੍ਹਾਂ ਹਥਿਆਰਾਂ ਦੀ ਬਰਾਮਦਗੀ ਬਾਰੇ ਪ੍ਰਿਆਵਰਤ ਫੌਜੀ, ਕਸ਼ਿਸ਼ ਉਰਫ ਕੁਲਦੀਪ ਅਤੇ ਅੰਕਿਤ ਸੇਰਸਾ ਪਾਸੋਂ ਪੁੱਛਗਿੱਛ ਕੀਤੀ ਸੀ।



ਮਾਨਸਾ ਪੁਲਿਸ ਨੇ ਤਾਂ ਇਨ੍ਹਾਂ ਦਾ ਦੋ ਵਾਰ ਅਦਾਲਤ ਤੋਂ ਪੁਲਿਸ ਰਿਮਾਂਡ ਵੀ ਹਾਸਲ ਕੀਤਾ ਸੀ। ਉਧਰ, ਛੇਵਾਂ ਸ਼ਾਰਪ ਸ਼ੂਟਰ ਦੀਪਕ ਮੁੰਡੀ ਅਜੇ ਵੀ ਫਰਾਰ ਹੈ। ਐਸ.ਐਸ.ਪੀ. ਗੌਰਵ ਤੂਰਾ ਨੇ ਕਿਹਾ ਕਿ ਦੀਪਕ ਮੁੰਡੀ ਨੂੰ ਵੀ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸ਼ਾਰਪ ਸ਼ੂਟਰ ਮਨਪ੍ਰੀਤ ਉਰਫ ਮੰਨੂ ਕੁੱਸਾ ਅਤੇ ਜਗਰੂਪ ਰੂਪਾ ਕੋਲੋਂ ਮੁਕਾਬਲੇ ਮਗਰੋਂ ਜਿਹੜੇ ਹਥਿਆਰ ਬਰਾਮਦ ਹੋਏ ਹਨ, ਇਹ ਉਹੀ ਹਥਿਆਰ ਹਨ, ਜਿਨ੍ਹਾਂ ਨੂੰ ਸਿੱਧੂ ਮੂਸੇਵਾਲਾ ਦੇ ਕਤਲ ਵੇਲੇ ਵਰਤਿਆ ਗਿਆ ਸੀ। ਪੁਲਿਸ ਅਧਿਕਾਰੀ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਏ ਇਕ ਮੁਕਾਬਲੇ ਦੌਰਾਨ ਜਦੋਂ ਮਨਪ੍ਰੀਤ ਮੰਨੂ ਅਤੇ ਜਗਰੂਪ ਰੂਪਾ ਨੇ ਖੁਦ ਨੂੰ ਪੁਲਿਸ ਹਵਾਲੇ ਨਾ ਕੀਤਾ ਤਾਂ ਦੁਵੱਲੀ ਫਾਇਰਿੰਗ ਦੌਰਾਨ ਉਹ ਦੋਵੇਂ ਜਣੇ ਮਾਰੇ ਗਏ ਅਤੇ ਉਨ੍ਹਾਂ ਦੋਵਾਂ ਪਾਸੋਂ ਏਕੇ-47 ਅਤੇ 9-ਐਮ.ਐਮ. ਪਿਸਤੌਲ ਬਰਾਮਦ ਹੋਏ ਸਨ। ਅਧਿਕਾਰੀ ਅਨੁਸਾਰ ਪੰਜਾਬੀ ਗਾਇਕ ਦੇ ਕਤਲ ਵਾਲੀ ਥਾਂ ਪਿੰਡ ਜਵਾਹਰਕੇ ਤੋਂ ਅਤੇ ਸ਼ਾਰਪ ਸ਼ੂਟਰਾਂ ਦੇ ਮੁਕਾਬਲੇ ਵਾਲੀ ਜਗ੍ਹਾ ਤੋਂ ਜੋ ਖੋਲ੍ਹ ਮਿਲੇ ਹਨ, ਇਹ ਆਪਸ ਵਿਚ ਮੇਲ ਖਾਂਦੇ ਹਨ। ਉਨ੍ਹਾਂ ਕਿਹਾ ਕਿ ਫੋਰੈਂਸਿਕ ਜਾਂਚ ਦੌਰਾਨ ਇਸ ਦੀ ਪੁਸ਼ਟੀ ਹੋਈ ਹੈ।

ਪੁਲਿਸ ਨੂੰ ਮਿਲੇ ਵੇਰਵਿਆਂ ਮੁਤਾਬਕ ਮੂਸੇਵਾਲਾ ਦੇ ਕਤਲ ਲਈ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਸਾਰਿਆਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਜਿਨ੍ਹਾਂ ਹਥਿਆਰਾਂ ਨਾਲ ਮੂਸੇਵਾਲਾ ਨੂੰ ਮਾਰਿਆ ਗਿਆ, ਉਹ ਪ੍ਰਿਆਵਰਤ ਫ਼ੌਜੀ, ਅੰਕਿਤ ਸੇਰਸਾ ਅਤੇ ਕਸ਼ਿਸ਼ ਤੋਂ ਵਾਪਸ ਲੈ ਲਏ ਗਏ ਸਨ ਅਤੇ ਇਨ੍ਹਾਂ ਨੂੰ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਲੈ ਗਏ ਸਨ। ਪੁਲਿਸ ਅਨੁਸਾਰ ਮੰਨੂ ਨੇ ਏ.ਕੇ-47 ਤੋਂ ਫਾਇਰਿੰਗ ਕੀਤੀ ਸੀ ਅਤੇ ਉਹ ਕਰੋਲਾ ਗੱਡੀ ਵਿਚ ਸਨ, ਜਦੋਂ ਕਿ ਕਸ਼ਿਸ਼, ਪ੍ਰਿਆਵਰਤ ਫੌਜੀ ਅਤੇ ਅੰਕਿਤ ਸੇਰਸਾ ਹਮਲੇ ਵੇਲੇ ਬੋਲੇਰੋ ਗੱਡੀ ਵਿਚ ਸਨ। ਉਹ ਵਾਰਦਾਤ ਤੋਂ ਬਾਅਦ ਵੱਖੋ-ਵੱਖਰੇ ਰਾਹਾਂ ਉਪਰ ਚਲੇ ਗਏ ਸਨ। ਪ੍ਰਿਆਵਰਤ ਫੌਜੀ ਤੇ ਹੋਰ ਹਰਿਆਣਾ ਨੂੰ ਨਿਕਲ ਗਏ ਸਨ ਜਦੋਂਕਿ ਮੰਨੂ ਅਤੇ ਰੂਪਾ ਆਲਟੋ ਗੱਡੀ ਖੋਹ ਕੇ ਮੋਗਾ ਵਾਲੇ ਪਾਸੇ ਭੱਜ ਗਏ ਸਨ। ਪੁਲਿਸ ਇਸ ਗੱਲ ਦੀ ਪਹਿਲਾਂ ਹੀ ਪੁਸ਼ਟੀ ਕਰ ਚੁੱਕੀ ਹੈ ਕਿ ਪ੍ਰਿਆਵਰਤ ਫੌਜੀ ਹੋਰਾਂ ਦੇ ਹਥਿਆਰ ਹਿਸਾਰ ਨੇੜਿਓਂ ਇਕ ਪਿੰਡ 'ਚ ਦਿੱਲੀ ਪੁਲਿਸ ਵੱਲੋਂ ਬਰਾਮਦ ਕੀਤੇ ਗਏ ਸਨ।

ਸਿੱਧੂ ਮੂਸੇਵਾਲਾ ਦੇ ਕਤਲ ਵਿਚ ਕੁਲ 6 ਸ਼ਾਰਪ ਸ਼ੂਟਰ ਸ਼ਾਮਲ ਸਨ। ਇਨ੍ਹਾਂ ਵਿਚ ਪ੍ਰਿਆਵਰਤ ਫੌਜੀ, ਕਸ਼ਿਸ਼ ਇਸੇ ਵੇਲੇ ਪੁੱਛਗਿੱਛ ਲਈ ਰਿਮਾਂਡ 'ਤੇ ਹਨ। ਅੰਕਿਤ ਸੇਰਸਾ ਮਾਨਸਾ ਅਦਾਲਤ ਦੇ ਆਦੇਸ਼ਾਂ ਤੋਂ ਬਾਅਦ ਗੋਇੰਦਵਾਲ ਜੇਲ੍ਹ ਵਿਚ ਹੈ ਜਦੋਂਕਿ ਅੰਮ੍ਰਿਤਸਰ ਦੇ ਅਟਾਰੀ ਨੇੜੇ ਪਿੰਡ ਭਕਨਾ ਚੀਚਾ ਵਿਖੇ ਜਗਰੂਪ ਰੂਪਾ ਅਤੇ ਮਨਪ੍ਰੀਤ ਮੰਨੂ ਪੁਲਿਸ ਮੁਕਾਬਲੇ ਦੌਰਾਨ ਮਾਰੇ ਗਏ ਸਨ। ਦੀਪਕ ਮੁੰਡੀ, ਇਕੋ ਇਕ ਸ਼ੂਟਰ ਹੈ, ਜੋ ਇਸ ਵੇਲੇ ਫਰਾਰ ਹੈ।

## ਰਾਘਵ ਚੱਢਾ ਨੇ ਨੰਬਰ ਜਾਰੀ ਕਰ ਕੇ ਪੰਜਾਬੀਆਂ ਤੋਂ ਸੁਝਾਅ ਮੰਗੇ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਪੰਜਾਬ ਦੇ ਲੋਕਾਂ ਤੋਂ ਸੂਬੇ ਦੇ ਵੱਖ-ਵੱਖ ਮੁੱਦਿਆਂ ਬਾਰੇ ਸੁਝਾਅ ਲੈਣ ਲਈ ਮੋਬਾਈਲ ਨੰਬਰ 99109-44444 ਜਾਰੀ ਕੀਤਾ ਹੈ। ਇਸ 'ਤੇ ਲੋਕ ਫੋਨ ਕਰ ਕੇ ਆਪਣੇ ਸੁਝਾਅ ਦੇ ਸਕਦੇ ਹਨ।

ਰਾਘਵ ਚੱਢਾ ਨੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਹ ਲੋਕਾਂ ਦੇ ਸੁਝਾਵਾਂ ਨੂੰ ਸੰਸਦ 'ਚ ਚੁੱਕਣਗੇ। ਸ੍ਰੀ ਚੱਢਾ ਨੇ ਕਿਹਾ ਕਿ ਉਹ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਦੇ ਕੰਮਾਂ ਤੋਂ ਪ੍ਰੇਰਿਤ ਹਨ।

ਰਾਜ ਸਭਾ ਮੈਂਬਰ ਨੇ ਕਿਹਾ ਕਿ ਪੰਜਾਬ ਦੇ ਤਿੰਨ ਕਰੋੜ ਲੋਕ ਉਨ੍ਹਾਂ ਰਾਹੀਂ ਰਾਜ ਸਭਾ ਵਿਚ ਆਪਣੇ ਮੁੱਦੇ ਚੁੱਕ ਸਕਦੇ ਹਨ। ਇਸ ਲਈ ਮੋਬਾਈਲ ਨੰਬਰ 'ਤੇ ਵਟਸਐਪ ਰਾਹੀਂ ਵੀਡੀਓ ਜਾਂ ਦਸਤਾਵੇਜ਼ ਸਾਂਝੇ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਇਸ ਨੰਬਰ ਰਾਹੀਂ ਸੰਸਦ ਵਿਚ ਉਠਾਏ ਜਾਣ ਵਾਲੇ ਮੁੱਦਿਆਂ ਬਾਰੇ ਆਪਣੇ ਸੁਝਾਅ ਅਤੇ ਪ੍ਰਤੀਕਿਰਿਆ ਭੇਜ ਸਕਦੇ ਹਨ।



ਦੱਸਣਯੋਗ ਹੈ ਕਿ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਰਾਜ ਸਭਾ ਵਿਚ ਦੇਸ਼ ਅੰਦਰ ਵਧ ਰਹੀਆਂ ਤੇਲ ਕੀਮਤਾਂ, ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ, ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਅਤੇ ਪੰਜਾਬ ਦੀ ਭਲਾਈ ਲਈ ਕਈ ਹੋਰ ਮੁੱਦਿਆਂ ਨੂੰ ਚੁੱਕਿਆ ਹੈ। 'ਆਪ' ਤੋਂ ਰਾਜ ਸਭਾ ਮੈਂਬਰ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੇ ਮੁੱਦੇ ਉਠਾਉਂਦੇ ਰਹਿਣਗੇ।

## ਗੈਂਗਸਟਰ ਗੋਲਡੀ ਬਰਾੜ ਸਣੇ ਹੋਰਨਾਂ ਮੁਲਜ਼ਮਾਂ ਨੂੰ ਭਾਰਤ ਲਿਆਉਣ ਦੀ ਤਿਆਰੀ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਤੋਂ ਕੀਤੀ ਗਈ ਪੁੱਛ-ਗਿੱਛ ਨੂੰ ਗੰਭੀਰਤਾ ਨਾਲ ਲੈਂਦਿਆਂ ਹੁਣ ਪੰਜਾਬ ਅਤੇ ਕੇਂਦਰ ਸਰਕਾਰ ਚੌਕਸ ਹੋ ਗਈ ਹੈ। ਪੰਜਾਬੀ ਗਾਇਕ ਦੇ ਕਤਲ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਦੇ ਸ਼ੂਟਰਾਂ ਤੋਂ ਬਾਅਦ ਹੁਣ ਰਾਜਸਥਾਨ 'ਚ ਫੜੇ ਗਏ ਅਰਸ਼ਦ ਖਾਨ ਦੇ ਇਸ ਮਾਮਲੇ ਵਿਚ ਸਿੱਧੇ ਰੂਪ ਵਿਚ ਜੁੜੇ ਹੋਣ ਮਗਰੋਂ ਹੋਰ ਪਰਤਾਂ ਖੁੱਲ੍ਹ ਰਹੀਆਂ ਹਨ।

ਕੇਂਦਰ ਸਰਕਾਰ ਵੱਲੋਂ ਗੈਂਗਸਟਰਾਂ ਦੇ ਆਪਸੀ ਗੱਠਜੋੜ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਲਈ ਹੁਣ ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਸਮੇਤ ਹੋਰਨਾਂ ਨੂੰ ਭਾਰਤ ਲਿਆਉਣ ਲਈ ਉਪਰਾਲੇ ਆਰੰਭੇ ਗਏ ਹਨ।

ਇਕ ਪੁਲਿਸ ਅਧਿਕਾਰੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਲਈ ਮਾਨਸਾ ਪੁਲਿਸ ਫੜੇ ਗਏ ਸ਼ੂਟਰਾਂ ਤੋਂ ਲਗਾਤਾਰ ਪੁੱਛ-ਗਿੱਛ ਕਰ ਰਹੀ ਹੈ ਪਰ ਗੈਂਗਸਟਰਾਂ ਖਿਲਾਫ਼ ਕਾਰਵਾਈ ਕਰਨ ਦੀ ਕਮਾਨ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਡਾਇਰੈਕਟਰ ਜਨਰਲ (ਡੀਜੀ) ਦਿਨਕਰ ਗੁਪਤਾ ਨੂੰ ਸੌਂਪੀ ਗਈ ਹੈ।

ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਰੇ ਗਏ ਸ਼ਾਰਪ ਸ਼ੂਟਰ ਜਗਰੂਪ ਰੂਪਾ ਤੇ ਮਨਪ੍ਰੀਤ ਮੰਨੂ ਸਬੰਧੀ ਜਾਂਚ ਤੋਂ ਬਾਅਦ ਪੁਲਿਸ ਨੂੰ ਪਤਾ ਲੱਗਾ ਹੈ ਕਿ ਦੋਵੇਂ ਸਰਹੱਦੀ ਖੇਤਰ ਨੇੜੇ ਵੀ ਗਏ ਸਨ ਤਾਂ ਕਿ ਉਹ ਪਾਕਿਸਤਾਨ ਭੱਜ ਸਕਣ। ਪੁਲਿਸ ਅਨੁਸਾਰ ਉਥੇ ਉਨ੍ਹਾਂ ਬੱਬਰ ਖਾਲਸਾ ਦੇ ਗੈਂਗਸਟਰ ਹਰਵਿੰਦਰ ਰਿੰਦਾ ਦਾ ਸਮਰਥਨ ਹਾਸਲ ਕਰਨਾ ਸੀ।

ਪੁਲਿਸ ਅਧਿਕਾਰੀ ਅਨੁਸਾਰ ਕੇਂਦਰ ਲਗਾਤਾਰ ਮਾਨਸਾ ਪੁਲਿਸ ਦੇ ਸੰਪਰਕ ਵਿਚ ਹੈ। ਵੇਰਵਿਆਂ ਤੋਂ ਪਤਾ ਲੱਗਿਆ ਹੈ ਕਿ ਹੁਣ ਐਨ.ਆਈ.ਏ. ਦੀ ਜਾਂਚ ਪੰਜਾਬ, ਹਰਿਆਣਾ ਅਤੇ ਰਾਜਸਥਾਨ 'ਤੇ ਕੇਂਦਰਿਤ ਹੋਵੇਗੀ। ਇਨ੍ਹਾਂ ਰਾਜਾਂ ਵਿਚ ਜ਼ਿਆਦਾਤਰ ਗੈਂਗਸਟਰ ਸਰਗਰਮ ਹਨ। ਇਸ ਤੋਂ ਇਲਾਵਾ ਕੌਮੀ ਰਾਜਧਾਨੀ ਦਿੱਲੀ ਵਿਚ ਵੀ ਗੈਂਗਸਟਰਾਂ ਦੀ ਸਰਗਰਮੀ ਸਬੰਧੀ ਜਾਂਚ ਕੀਤੀ ਜਾਵੇਗੀ, ਜਦਕਿ ਕੈਨੇਡਾ 'ਚ ਬੈਠੇ ਗੈਂਗਸਟਰ ਵੀ ਐਨ.ਆਈ.ਏ. ਦੀ ਰਾਡਾਰ 'ਤੇ ਹੋਣਗੇ। ਪੁਲਿਸ ਅਧਿਕਾਰੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਪਹਿਲਾਂ ਹੀ ਮੰਨ ਚੁੱਕੀ ਹੈ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਗੈਂਗਸਟਰ ਨੌਜਵਾਨਾਂ ਨੂੰ ਪੈਸੇ ਦੇ ਕੇ ਉਥੇ ਵਸਣ ਦਾ ਲਾਲਚ ਦੇ ਕੇ ਉਨ੍ਹਾਂ ਤੋਂ ਹਿੰਸਕ ਕਾਰਵਾਈਆਂ ਕਰਵਾ ਰਹੇ ਹਨ।

## ਫਰੀਦਕੋਟ ਦੀ ਕੇਂਦਰੀ ਜੇਲ੍ਹ 'ਚ 45 ਫੀਸਦੀ ਕੈਦੀ ਨਸ਼ੇ ਦੇ ਆਦੀ



**ਫਰੀਦਕੋਟ:** ਇਥੋਂ ਦੀ ਕੇਂਦਰੀ ਮਾਡਰਨ ਜੇਲ੍ਹ ਵਿਚ ਨਜ਼ਰਬੰਦ ਕੈਦੀਆਂ ਅਤੇ ਹਵਾਲਾਤੀਆਂ ਦੇ ਡੋਪ ਟੈਸਟ ਤੋਂ ਬਾਅਦ ਹੈਰਾਨੀਜਨਕ ਖੁਲਾਸੇ ਹੋਏ ਹਨ। ਸਿਹਤ ਵਿਭਾਗ ਦੇ ਸੂਤਰਾਂ ਅਨੁਸਾਰ ਜੇਲ੍ਹ ਵਿਚ ਨਜ਼ਰਬੰਦ 2333 ਕੈਦੀਆਂ ਅਤੇ ਹਵਾਲਾਤੀਆਂ ਦੇ ਡੋਪ ਟੈਸਟ ਕਰਵਾਏ ਗਏ ਸਨ ਜਿਨ੍ਹਾਂ ਵਿਚੋਂ 1064 ਕੈਦੀਆਂ ਤੇ ਹਵਾਲਾਤੀਆਂ ਦੇ ਡੋਪ ਟੈਸਟ ਪਾਜ਼ੀਟਿਵ ਆਏ ਹਨ ਜਿਸ ਨਾਲ ਸਪਸ਼ਟ ਹੋ ਗਿਆ ਹੈ ਕਿ ਇਹ ਕੈਦੀ ਤੇ ਹਵਾਲਾਤੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਕੇਂਦਰੀ ਮਾਡਰਨ ਜੇਲ੍ਹ ਵਿਚ ਨਜ਼ਰਬੰਦ ਵਿਅਕਤੀਆਂ ਦੀਆਂ ਸਿਹਤ ਸਹੂਲਤਾਂ ਨੂੰ ਧਿਆਨ ਵਿਚ ਰੱਖਦਿਆਂ ਇਥੇ ਇਕ ਹਸਪਤਾਲ ਵੀ ਸਥਾਪਤ ਕੀਤਾ ਗਿਆ ਹੈ। ਇਸੇ ਹਸਪਤਾਲ ਦੇ ਅਮਲੇ ਵੱਲੋਂ ਡੋਪ ਟੈਸਟ ਪ੍ਰਕਿਰਿਆ ਮੁਕੰਮਲ ਕੀਤੀ ਗਈ ਹੈ। ਫਰੀਦਕੋਟ ਦੇ ਸਿਵਲ ਸਰਜਨ ਡਾ. ਸੰਜੇ ਕਪੂਰ ਨੇ ਡੋਪ ਟੈਸਟਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜੇਲ੍ਹ ਵਿਚ ਨਜ਼ਰਬੰਦ ਜਿਹੜੇ ਹਵਾਲਾਤੀ ਅਤੇ ਕੈਦੀ ਨਸ਼ੇ ਤੋਂ ਪੀੜਤ ਹਨ, ਉਨ੍ਹਾਂ ਦੀ ਕਾਊਂਸਲਿੰਗ ਕੀਤੀ ਜਾਵੇਗੀ ਅਤੇ ਸਿਹਤ ਵਿਭਾਗ ਉਨ੍ਹਾਂ ਨੂੰ ਹਰ ਸੰਭਵ ਮਦਦ ਦੇਵੇਗਾ ਤਾਂ ਕਿ ਉਹ ਨਸ਼ੇ ਛੱਡ ਸਕਣ। ਇਹ ਜੇਲ੍ਹ ਨਸ਼ੇ ਦੀ ਤਸਕਰੀ ਕਰਕੇ ਲਗਾਤਾਰ ਵਿਵਾਦਾਂ ਵਿਚ ਰਹੀ ਹੈ। ਸਿਹਤ ਵਿਭਾਗ ਵੱਲੋਂ ਕਰਵਾਏ ਗਏ ਡੋਪ ਟੈਸਟ ਤੋਂ ਇਹ ਵੀ ਖੁਲਾਸਾ ਹੋਇਆ ਹੈ ਕਿ 165 ਔਰਤਾਂ ਦੇ ਡੋਪ ਟੈਸਟ ਵੀ ਪਾਜ਼ੀਟਿਵ ਆਏ ਹਨ।

ਪੰਜਾਬ ਪੁਲਿਸ ਵੱਲੋਂ ਸਰਹੱਦੀ ਜ਼ਿਲ੍ਹਿਆਂ 'ਚ ਤਲਾਸ਼ੀ ਮੁਹਿੰਮ: ਪੰਜਾਬ ਪੁਲਿਸ ਨੇ ਬੀ.ਐਸ.ਐਫ. ਦੇ ਸਹਿਯੋਗ ਨਾਲ ਸੱਤ ਸਰਹੱਦੀ ਪੁਲਿਸ ਜ਼ਿਲ੍ਹਿਆਂ ਅੰਮ੍ਰਿਤਸਰ ਦਿਹਾਤੀ, ਪਠਾਨਕੋਟ, ਗੁਰਦਾਸਪੁਰ, ਬਟਾਲਾ, ਤਰਨਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿਚ ਕਰੀਬ ਦਸ ਘੰਟੇ ਤਲਾਸ਼ੀ ਮੁਹਿੰਮ ਚਲਾਈ। ਏ.ਡੀ.ਜੀ.ਪੀ. ਡਾ. ਨਰੇਸ਼ ਅਰੋੜਾ ਨੇ ਦੱਸਿਆ ਕਿ ਸਰਹੱਦ ਪਾਰੋਂ ਡਰੋਨ ਰਾਹੀਂ ਹੋ ਰਹੀ ਤਸਕਰੀ ਇਸ ਵੇਲੇ ਪੁਲਿਸ ਲਈ ਵੱਡੀ ਚੁਣੌਤੀ ਬਣੀ ਹੋਈ ਹੈ।

ਪੁਲਿਸ ਇਸ ਚੁਣੌਤੀ ਨਾਲ ਨਜਿੱਠਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਸਰਹੱਦੀ ਜ਼ਿਲਿਆਂ ਵਿਚ ਲਗਭਗ 100 ਥਾਵਾਂ 'ਤੇ ਰਾਤ ਭਰ ਨਾਕੇ ਲਗਾਏ ਗਏ ਸਨ। ਕਈ ਪਿੰਡਾਂ ਅਤੇ ਕਈ ਸ਼ੱਕੀ ਘਰਾਂ ਦੀ ਵਿਸ਼ੇਸ਼ ਤਲਾਸ਼ੀ ਲਈ ਗਈ ਤੇ ਘੇਰਾਬੰਦੀ ਕੀਤੀ ਗਈ।

### ਜੇਲ੍ਹ ਦਾ ਸਹਾਇਕ ਸੁਪਰਡੈਂਟ ਹੈਰੋਇਨ ਸਣੇ ਗ੍ਰਿਫਤਾਰ

**ਫਰੀਦਕੋਟ:** ਫਰੀਦਕੋਟ ਪੁਲਿਸ ਨੇ ਸਥਾਨਕ ਕੇਂਦਰੀ ਮਾਡਰਨ ਜੇਲ੍ਹ ਦੇ ਸਹਾਇਕ ਸੁਪਰਡੈਂਟ ਬਿੰਨੀ ਟਾਂਕ ਨੂੰ 78 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਸਹਾਇਕ ਸੁਪਰਡੈਂਟ ਬੈਰਕਾਂ ਦੀ ਚੈਕਿੰਗ ਲਈ ਜਦੋਂ ਡਿਊਟੀ ਤੋਂ ਅੱਗੇ ਜਾਣ ਲੱਗਾ ਤਾਂ ਦਰਵਾਜ਼ੇ 'ਤੇ ਤਾਇਨਾਤ ਸੰਤਰੀ ਨੇ ਉਸ ਨੂੰ ਤਲਾਸ਼ੀ ਲਈ ਰੋਕ ਲਿਆ। ਤਲਾਸ਼ੀ ਦੌਰਾਨ ਸਹਾਇਕ ਸੁਪਰਡੈਂਟ ਦੀ ਫਾਈਲ ਵਿਚੋਂ 78 ਗ੍ਰਾਮ ਹੈਰੋਇਨ ਬਰਾਮਦ ਹੋਈ। ਡਿਊਟੀ 'ਤੇ ਤਾਇਨਾਤ ਮੁਲਾਜ਼ਮਾਂ ਨੇ ਜੇਲ੍ਹ ਦੇ ਉੱਚ ਅਧਿਕਾਰੀਆਂ ਨੂੰ ਇਸ ਬਾਰੇ ਸੂਚਿਤ ਕੀਤਾ। ਇਸ ਮਗਰੋਂ ਸਿਟੀ ਪੁਲਿਸ ਫਰੀਦਕੋਟ ਨੇ ਸਹਾਇਕ ਜੇਲ੍ਹ ਸੁਪਰਡੈਂਟ ਰਣਜੀਤ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਬਿੰਨੀ ਟਾਂਕ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਕੇਸ ਦਰਜ ਕਰ ਲਿਆ ਹੈ।

### ਸੂਫੀ ਗਾਇਕਾ ਜੋਤੀ ਨੂਰਾਂ ਨਾਲ ਪਤੀ ਕੁਨਾਲ ਨੇ ਮਾਰੀ 20 ਕਰੋੜ ਦੀ ਠੱਗੀ

**ਜਲੰਧਰ:** ਨੂਰਾਂ ਭੈਣਾਂ ਦੇ ਨਾਂ ਨਾਲ ਮਸ਼ਹੂਰ ਸੂਫੀ ਗਾਇਕਾ ਜੋਤੀ ਨੂਰਾਂ ਨਾਲ ਉਸ ਦੇ ਪਤੀ ਨੇ ਕਥਿਤ 20 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਜੋਤੀ ਨੂਰਾਂ ਨੇ 2014 ਵਿਚ ਆਪਣੇ ਘਰਦਿਆਂ ਦੀ ਮਰਜ਼ੀ ਤੋਂ ਬਗੈਰ ਕੁਨਾਲ ਪਾਸੀ ਨਾਂ ਦੇ ਨੌਜਵਾਨ ਨਾਲ ਪ੍ਰੇਮ ਵਿਆਹ ਕਰਵਾਇਆ ਸੀ।

ਜੋਤੀ ਨੂਰਾਂ ਨੇ ਦੱਸਿਆ ਕਿ ਉਸ ਦਾ ਪਤੀ ਨਸ਼ੇ ਕਰਦਾ ਹੈ ਤੇ ਅਕਸਰ ਉਸ ਨਾਲ ਕੁੱਟਮਾਰ ਕਰਦਾ ਰਿਹਾ ਹੈ। ਉਸ ਨੇ ਦੱਸਿਆ ਕਿ ਵਿਆਹ ਤੋਂ ਬਾਅਦ ਉਸ ਵੱਲੋਂ ਜਿੰਨੇ ਵੀ ਸ਼ੋਅ ਕੀਤੇ ਗਏ ਹਨ, ਉਨ੍ਹਾਂ ਦੀ ਅਦਾਇਗੀ ਰਕਮ ਤੇ ਹੋਰ ਹਿਸਾਬ ਕਿਤਾਬ ਕੁਨਾਲ ਹੀ ਸੰਭਾਲਦਾ ਆ ਰਿਹਾ ਹੈ। ਜੋਤੀ ਨੂਰਾਂ ਨੇ ਦੱਸਿਆ ਕਿ ਅੱਜ ਤੱਕ ਦੇਸ਼ ਅਤੇ ਵਿਦੇਸ਼ ਵਿਚ ਜਿੰਨੇ ਵੀ ਸ਼ੋਅ ਉਸ ਨੇ ਕੀਤੇ ਹਨ, ਕੁਨਾਲ ਹੁਣ ਤੱਕ ਅੰਦਾਜਨ 20 ਕਰੋੜ ਰੁਪਏ ਦੀ ਠੱਗੀ ਮਾਰ ਚੁੱਕਿਆ ਹੈ।

## ਪੰਜਾਬ 'ਚ ਬੱਚਿਆਂ ਖਿਲਾਫ ਜੁਰਮ ਦੇ ਰੋਜ਼ਾਨਾ ਹੋ ਰਹੇ ਨੇ ਛੇ ਕੇਸ

**ਚੰਡੀਗੜ੍ਹ:** ਪੰਜਾਬ 'ਚ 2018 ਤੋਂ 2020 ਦੌਰਾਨ ਬੱਚਿਆਂ ਖਿਲਾਫ ਜੁਰਮ ਦੇ ਰੋਜ਼ਾਨਾ ਛੇ ਤੋਂ ਵਧ ਕੇਸ ਸਾਹਮਣੇ ਆਏ। ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐਨ.ਸੀ.ਪੀ.ਸੀ.ਆਰ.) ਦੇ ਰਿਕਾਰਡ ਤੋਂ ਇਹ ਖੁਲਾਸਾ ਹੋਇਆ ਹੈ। ਹਰਿਆਣਾ 'ਚ ਇਸ ਸਮੇਂ ਦੌਰਾਨ ਦੁਗਣੇ ਤੋਂ ਜ਼ਿਆਦਾ ਯਾਨੀ ਔਸਤਨ 13 ਕੇਸ ਰੋਜ਼ਾਨਾ ਰਿਕਾਰਡ ਕੀਤੇ ਗਏ।



ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਪ੍ਰਸ਼ਨਕਾਲ ਦੌਰਾਨ ਸੰਸਦ ਮੈਂਬਰਾਂ ਚੰਦਰਾਨੀ ਮੁਰਮੂ ਅਤੇ ਗੀਤਾ ਵਿਸ਼ਵਨਾਥ ਵਾਂਗਾ ਵੱਲੋਂ ਯਤੀਮਖਾਨਿਆਂ 'ਚ ਅਪਰਾਧ ਦਰ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਇਹ ਜਾਣਕਾਰੀ ਦਿੱਤੀ। ਐਨ.ਸੀ.ਪੀ.ਸੀ.ਆਰ. ਦੇ ਅੰਕੜਿਆਂ ਮੁਤਾਬਕ ਪਿਛਲੇ ਤਿੰਨ ਸਾਲਾਂ 'ਚ ਬਾਲ ਸੰਭਾਲ ਸੰਸਥਾਵਾਂ (ਸੀ.ਸੀ.ਆਈ.) 'ਚ ਬੱਚਿਆਂ ਨਾਲ ਬਦਸਲੂਕੀ ਦੇ 34 ਕੇਸ ਮਿਲੇ।

ਸੁਪਰੀਮ ਕੋਰਟ ਵੱਲੋਂ ਮਈ 2017 'ਚ ਦਿੱਤੇ ਗਏ ਹੁਕਮਾਂ ਮਗਰੋਂ ਐਨ.ਸੀ.ਪੀ.ਸੀ.ਆਰ. ਵੱਲੋਂ ਸੀ.ਸੀ.ਆਈ. ਦੇ ਅੰਕੜਿਆਂ ਦੀ ਘੋਖ ਕੀਤੀ ਗਈ ਸੀ ਅਤੇ ਇਹ ਰਿਪੋਰਟ ਮਾਰਚ 2020 'ਚ ਜਮ੍ਹਾਂ ਕਰਵਾਈ ਗਈ ਸੀ। ਇਹ ਰਿਪੋਰਟ ਸਾਰੇ ਸੂਬਿਆਂ ਦੇ ਜ਼ਿਲ੍ਹਾ ਮੈਜਿਸਟਰੇਟਾਂ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਨੂੰ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਸੀ। ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਏ.ਪੀ. ਐਸ ਸੰਧੂ ਨੇ ਦੱਸਿਆ ਕਿ ਪੰਜਾਬ 'ਚ ਸਰਕਾਰ ਵੱਲੋਂ ਚਲਾਏ ਜਾ ਰਹੇ ਛੇ ਯਤੀਮਖਾਨੇ ਅਤੇ ਘਰੋਂ ਭੱਜੇ ਬੱਚਿਆਂ ਲਈ ਇਕ ਆਸ਼ਰਮ ਹੈ ਜਿਨ੍ਹਾਂ 'ਚ 218 ਬੱਚੇ ਹਨ। ਇਸ ਦੇ ਨਾਲ ਯਤੀਮਾਂ ਲਈ 11 ਜ਼ਿਲ੍ਹਿਆਂ 'ਚ ਐਨ.ਜੀ.ਓਜ਼. ਵੱਲੋਂ 39 ਆਸ਼ਰਮ ਚਲਾਏ ਜਾ ਰਹੇ ਹਨ ਜੋ 1291 ਬੱਚਿਆਂ ਦੀ ਸਾਂਭ-ਸੰਭਾਲ ਕਰਦੇ ਹਨ।

# 'ਬਦਲਾਅ' ਵਾਲੀ ਆਪ ਸਰਕਾਰ ਨੇ ਕਰਜ਼ਾ ਚੁੱਕਣ ਵਿਚ ਰਿਕਾਰਡ ਤੋੜੇ

## ਪੰਜ ਮਹੀਨਿਆਂ ਦੌਰਾਨ ਹੀ 10,737 ਕਰੋੜ ਦਾ ਹੋਰ ਕਰਜ਼ਾ ਚੁੱਕ ਲਿਆ

**ਚੰਡੀਗੜ੍ਹ:** ਪੰਜਾਬ ਵਿਚ 'ਬਦਲਾਅ' ਦੇ ਨਾਮ ਉਤੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਦਾਅਵੇ ਹਕੀਕਤਾਂ ਨਾਲ ਮੇਲ ਨਹੀਂ ਖਾਂਦੇ। ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ ਪੰਜ ਮਹੀਨਿਆਂ ਦੌਰਾਨ ਹੀ 10,737 ਕਰੋੜ ਦਾ ਹੋਰ ਕਰਜ਼ਾ ਚੁੱਕ ਲਿਆ ਗਿਆ ਹੈ, ਹਾਲਾਂਕਿ ਵਿਰੋਧੀ ਧਿਰ ਹੁੰਦਿਆਂ ਆਪ ਵੱਲੋਂ ਲਗਾਤਾਰ ਪਿਛਲੀਆਂ ਸਰਕਾਰਾਂ ਦਾ ਇਸ ਮੁੱਦੇ ਉਤੇ ਵਿਰੋਧ ਕੀਤਾ ਜਾਂਦਾ ਰਿਹਾ ਹੈ। ਆਪ ਸਰਕਾਰ ਵੱਲੋਂ ਅਜੇ ਵੀ ਸੂਬੇ ਦਾ ਖ਼ਜ਼ਾਨਾ ਭਰਨ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ।

ਭਗਵੰਤ ਮਾਨ ਸਰਕਾਰ ਵੱਲੋਂ ਮਗਰਲੀਆਂ ਸਰਕਾਰਾਂ ਉਤੇ ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਕਰਨ ਦੇ ਦੋਸ਼ ਲਾਉਂਦਿਆਂ ਕਰਜ਼ੇ ਦੀ ਇਹ ਪੰਡ ਹਲਕੀ ਕਰਨ ਦਾ ਵਾਅਦਾ ਕੀਤਾ ਗਿਆ ਹੈ ਪਰ ਸਰਕਾਰ ਨੇ ਆਪਣੇ ਕਾਰਜਕਾਲ ਦੇ ਪੰਜ ਮਹੀਨਿਆਂ ਦੌਰਾਨ ਹੀ ਕਰਜ਼ਾ ਚੁੱਕਣ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਸਰਕਾਰ ਵੱਲੋਂ 28 ਜੁਲਾਈ ਨੂੰ ਦੋ ਹਜ਼ਾਰ ਕਰੋੜ ਦਾ ਨਵਾਂ ਹੋਰ ਕਰਜ਼ਾ ਚੁੱਕਿਆ ਗਿਆ, ਜਿਸ ਵਿਚੋਂ ਇਕ ਹਜ਼ਾਰ ਕਰੋੜ ਸੂਬੇ ਦੇ ਵਿਕਾਸ ਕਾਰਜਾਂ ਦੇ ਨਾਮ ਉਤੇ ਲਿਆ ਗਿਆ। ਜਦੋਂ ਖਜਾਨਾ ਵਿਭਾਗ ਦੇ ਸੂਤਰ ਖੁਦ ਪ੍ਰਵਾਨ ਕਰਦੇ ਹਨ ਕਿ ਕਰਜ਼ੇ ਦਾ ਮੰਤਵ ਤਨਖ਼ਾਹਾਂ ਦੀ ਅਦਾਇਗੀ ਸਮੇਂ ਸਿਰ ਪਹਿਲੀ ਅਗਸਤ ਤੋਂ ਕਰਨਾ ਸੀ। ਹਾਲਾਤ ਇਹ ਹਨ ਕਿ ਰਾਜ ਸਰਕਾਰ ਨੂੰ ਤਨਖ਼ਾਹਾਂ ਦੇਣ ਅਤੇ ਕਰਜ਼ੇ ਦਾ ਵਿਆਜ ਵਾਪਸ ਕਰਨ ਲਈ ਵੀ ਕਰਜ਼ਾ ਚੁੱਕਣਾ ਪੈ ਰਿਹਾ ਹੈ।

ਦੱਸ ਦਈਏ ਕਿ ਪਿਛਲੀਆਂ ਸਰਕਾਰਾਂ ਵੀ ਸੂਬੇ ਦੀ ਵਿੱਤੀ ਹਾਲਤ ਨੂੰ ਸੁਧਾਰਨ ਦੀ ਥਾਂ ਲਗਾਤਾਰ ਤਨਖਾਹ ਅਤੇ ਕਰਜ਼ੇ ਦੀ ਅਦਾਇਗੀ ਲਈ ਹੋਰ ਕਰਜ਼ੇ ਚੁੱਕਦੀਆਂ ਰਹੀਆਂ ਅਤੇ ਪੰਜਾਬ ਕਰਜ਼ੇ ਦੇ ਇਸ ਮੱਕੜ-ਜਾਲ ਵਿਚ ਫਸਦਾ ਗਿਆ। ਰਾਜ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਬਜਟ ਪੇਸ਼ ਕਰਨ ਮੌਕੇ ਐਲਾਨ ਕੀਤਾ ਗਿਆ ਸੀ ਕਿ ਰਾਜ ਪੂਰੇ ਵਿੱਤੀ ਸਾਲ ਵਿਚ 35 ਹਜ਼ਾਰ ਕਰੋੜ ਰੁਪਏ ਤੋਂ ਵੱਧ ਕਰਜ਼ਾ ਪ੍ਰਾਪਤ ਨਹੀਂ ਕਰੇਗਾ, ਹਾਲਾਂਕਿ ਬਜਟ ਵਿਚ ਸਾਲ ਦੌਰਾਨ ਲਏ ਜਾਣ ਵਾਲੇ ਕਰਜ਼ੇ ਦੀ ਰਾਸ਼ੀ 50 ਹਜ਼ਾਰ ਕਰੋੜ ਰੁਪਏ ਦਰਸਾਈ ਗਈ ਹੈ।



ਰਾਜ ਸਰਕਾਰ ਵੱਲੋਂ ਹਾਲਾਂਕਿ ਨਵੀਂ ਆਬਕਾਰੀ ਨੀਤੀ ਰਾਹੀਂ ਰਾਜ ਦੀ ਆਮਦਨ 9600 ਕਰੋੜ ਤੱਕ ਪਹੁੰਚਾਉਣ ਦਾ ਐਲਾਨ ਕੀਤਾ ਗਿਆ ਸੀ ਪਰ ਵਿੱਤ ਵਿਭਾਗ ਨੂੰ ਜੂਨ 2022 ਦੇ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਸਰਕਾਰ ਨੂੰ ਸ਼ਰਾਬ ਤੇ ਪੈਟਰੋਲ ਤੋਂ ਆਮਦਨ ਵਿਚ ਮਗਰਲੇ ਸਾਲ ਨਾਲੋਂ 5 ਫੀਸਦੀ ਦੀ ਕਮੀ ਆਈ ਹੈ, ਜੋ ਕਿ ਰਾਜ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਮੌਜੂਦਾ ਸਰਕਾਰ ਸ਼ਰਾਬ ਤੋਂ ਹੀ ਮਗਰਲੇ ਸਾਲ ਨਾਲੋਂ ਕੋਈ 3000 ਕਰੋੜ ਦੀ ਆਮਦਨ ਵਧਾਉਣ ਦੇ ਦਾਅਵੇ ਕਰਦੀ ਰਹੀ ਹੈ, ਪਰ ਜੇ ਸਰਕਾਰ ਨੂੰ ਆਬਕਾਰੀ ਤੋਂ ਵੀ ਟੈਕਸਾਂ ਵਿਚ ਵਾਧਾ ਨਹੀਂ ਮਿਲਦਾ ਤਾਂ ਇਹ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ।

### ਸਰਕਾਰ ਦੀ ਬਿੱਲੀ ਥੈਲਿਓਂ ਬਾਹਰ: ਬਾਜਵਾ

**ਜਲੰਧਰ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਮਾਨਦਾਰੀ ਅਤੇ ਸਾਫ ਸੁਥਰੇ ਪ੍ਰਸ਼ਾਸਨ ਦੇਣ ਦੇ ਦਾਅਵਿਆਂ ਉਤੇ ਸਵਾਲ ਚੁੱਕਦੇ ਹੋਏ ਖੁਲਾਸਾ ਕੀਤਾ ਹੈ ਕਿ 'ਆਪ' ਸਰਕਾਰ ਵੱਲੋਂ ਬੀਤੀ 13 ਮਾਰਚ ਨੂੰ ਅੰਮ੍ਰਿਤਸਰ ਵਿਖੇ ਕੀਤੀ ਗਈ ਵਿਜੇ ਯਾਤਰਾ ਉਤੇ 14.63 ਲੱਖ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਜੇ ਸੂਬੇ 'ਚ 'ਆਪ' ਸਰਕਾਰ ਨੇ ਸਹੁੰ ਵੀ ਨਹੀਂ ਚੁੱਕੀ ਸੀ ਕਿ ਆਮ ਆਦਮੀ ਪਾਰਟੀ ਨੇ ਵਿਜੇ ਯਾਤਰਾ ਉਪਰ ਪਾਰਟੀ ਫੰਡ ਵਿਚੋਂ ਖਰਚਾ ਕਰਨ ਦੀ ਥਾਂ ਸਰਕਾਰੀ ਖਜਾਨੇ 'ਤੇ ਲੱਖਾਂ ਰੁਪਈਆਂ ਦਾ ਬੋਝ ਪਾ ਦਿੱਤਾ। ਇਸ ਤਰ੍ਹਾਂ ਇਕ ਇਮਾਨਦਾਰ ਸਰਕਾਰ ਦਾ ਦਾਅਵਾ ਕਰਨ ਵਾਲੀ ਆਪ ਸਰਕਾਰ ਦੀ ਬਿੱਲੀ ਥੈਲਿਓਂ ਬਾਹਰ ਆ ਗਈ ਹੈ।

### ਭਗਵੰਤ ਮਾਨ ਦੇ ਦਾਅਵਿਆਂ ਦੀ ਪੋਲ ਖੁੱਲ੍ਹੀ: ਡਾ. ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੂੰ ਆਖਿਆ ਕਿ ਉਹ ਪੰਜਾਬੀਆਂ ਨੂੰ ਦੱਸੇ ਕਿ ਕਿਸ ਵਿਅਕਤੀ ਨੇ 13 ਮਾਰਚ ਨੂੰ ਆਮ ਆਦਮੀ ਪਾਰਟੀ ਦੇ ਜਿੱਤੇ ਦੇ ਮਾਰਚ ਲਈ ਪੈਸੇ ਖਰਚਣ ਦੀ ਪ੍ਰਵਾਨਗੀ ਦਿੱਤੀ ਜਦੋਂਕਿ ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਸਹੁੰ ਹਾਲੇ ਚੁੱਕੀ ਨਹੀਂ ਸੀ। ਡਾ. ਚੀਮਾ ਨੇ ਕਿਹਾ ਕਿ ਹੋਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਆਪ ਨੇ ਨਾ ਸਿਰਫ ਸਰਕਾਰੀ ਫੰਡਾਂ ਦੀ ਦੁਰਵਰਤੋਂ ਕੀਤੀ ਬਲਕਿ ਇਸ ਨੇ ਹੋਰ ਕਰਜ਼ੇ ਲੈ ਕੇ ਸੂਬੇ ਨੂੰ ਹੋਰ ਕਰਜ਼ਾਈ ਕੀਤਾ ਹੈ। ਉਨ੍ਹਾਂ ਕਿਹਾ ਕਿ ਮੀਡੀਆ ਰਿਪੋਰਟਾਂ ਮੁਤਾਬਕ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜ ਮਹੀਨਿਆਂ ਵਿਚ 10,762 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ।

# ਸਰਕਾਰ ਨੇ ਗੈਰਕਾਨੂੰਨੀ ਖਣਨ ਖਿਲਾਫ ਸ਼ਿਕੰਜਾ ਕੱਸਿਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੈਰਕਾਨੂੰਨੀ ਖਣਨ ਕਰਨ ਵਾਲਿਆਂ ਉਤੇ ਸ਼ਿਕੰਜਾ ਕੱਸ ਦਿੱਤਾ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਗੈਰਕਾਨੂੰਨੀ ਖਣਨ ਕਰਨ ਵਾਲਿਆਂ ਖ਼ਿਲਾਫ਼ ਪਹਿਲੇ ਦਿਨ ਤੋਂ ਹੀ ਸਪੱਸ਼ਟ ਨੀਤੀ ਤਹਿਤ ਕੰਮ ਕਰ ਰਹੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਬਣਨ ਤੋਂ ਲੈ ਕੇ 7 ਅਗਸਤ 2022 ਤੱਕ ਸਰਕਾਰ ਵੱਲੋਂ ਗੈਰਕਾਨੂੰਨੀ ਖਣਨ ਦੇ ਦੋਸ਼ ਹੇਠ 306 ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਗੈਰਕਾਨੂੰਨੀ ਖਣਨ ਸਬੰਧੀ ਸਭ ਤੋਂ ਵੱਧ 52 ਪਰਚੇ ਦਰਜ ਕੀਤੇ ਗਏ ਹਨ। ਬੈਂਸ ਨੇ ਕਿਹਾ ਕਿ ਗੈਰਕਾਨੂੰਨੀ ਖਣਨ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਭਾਵੇਂ ਉਹ ਆਮ ਆਦਮੀ ਪਾਰਟੀ ਦਾ ਹੀ ਕੋਈ ਆਗੂ ਜਾਂ ਵਰਕਰ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਪਿੰਡ ਕਾਹੀਵਾਲ 'ਚ ਨਾਜਾਇਜ਼ ਖਣਨ ਹੋਣ ਸਬੰਧੀ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ। ਇਸ 'ਤੇ ਤੁਰਤ ਕਾਰਵਾਈ ਕਰਦਿਆਂ ਪੁਲਿਸ ਅਤੇ ਸਬੰਧਤ ਮਹਿਕਮੇ ਨੂੰ ਮੌਕੇ 'ਤੇ ਪੜਤਾਲ ਕਰਨ ਲਈ ਭੇਜਿਆ ਅਤੇ ਪੜਤਾਲ ਮਗਰੋਂ ਦੋਸ਼ੀ ਪਾਏ ਗਏ ਵਿਅਕਤੀ ਖ਼ਿਲਾਫ਼ ਤੁਰਤ ਕਾਨੂੰਨੀ ਕਾਰਵਾਈ ਕਰਦਿਆਂ ਥਾਣਾ ਅਨੰਦਪੁਰ ਸਾਹਿਬ ਵਿਚ ਕੇਸ ਦਰਜ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਹੋਈ ਹੈ ਕਿ ਨਾਜਾਇਜ਼ ਖਣਨ ਸਬੰਧੀ ਕਿਸੇ ਵੀ ਥਾਂ ਤੋਂ ਸ਼ਿਕਾਇਤ ਪ੍ਰਾਪਤ ਹੋਣ 'ਤੇ ਤੁਰਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

### ਅਣਅਧਿਕਾਰਤ ਕਲੋਨੀਆਂ ਬਾਰੇ ਨਵੀਂ ਨੀਤੀ ਛੇਤੀ

**ਫਤਹਿਗੜ੍ਹ** ਸਾਹਿਬ: ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਮੰਤਰੀ ਅਮਨ ਅਰੋੜਾ ਨੇ ਜ਼ਿਲ੍ਹੇ ਦੇ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਇਥੇ ਬਚਤ ਭਵਨ ਵਿਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਉਪਰੰਤ ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਕਥਿਤ ਗਲਤ ਨੀਤੀਆਂ ਕਾਰਨ ਪੰਜਾਬ ਅੰਦਰ 14 ਹਜ਼ਾਰ ਅਣਅਧਿਕਾਰਤ ਕਲੋਨੀਆਂ ਬਣੀਆਂ ਹਨ ਜਿਨ੍ਹਾਂ ਵਿਚ ਲੋਕਾਂ ਦੀ ਸਹੂਲਤ ਦਾ ਧਿਆਨ ਨਹੀਂ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹੁਣ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਦੇਣ ਲਈ ਨਵੀਂ ਨੀਤੀ ਲਿਆ ਰਹੀ ਹੈ ਜੋ ਮੌਜੂਦਾ ਅਤੇ ਭਵਿੱਖ ਦੀਆਂ ਜਰੂਰਤਾਂ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਜਾਵੇਗੀ।

# ਅਦਾਲਤ ਵੱਲੋਂ ਹਰਨਾਜ਼ ਕੌਰ ਸੰਧੂ ਨੂੰ ਨੋਟਿਸ ਜਾਰੀ



**ਚੰਡੀਗੜ੍ਹ:** ਚੰਡੀਗੜ੍ਹ ਦੀ ਜ਼ਿਲ੍ਹਾ ਅਦਾਲਤ ਵਿਚ ਅਦਾਕਾਰਾਂ ਉਪਾਸਨਾ ਸਿੰਘ ਵੱਲੋਂ ਮਿਸ ਯੂਨੀਵਰਸ ਹਰਨਾਜ਼ ਕੌਰ ਸੰਧੂ ਖ਼ਿਲਾਫ਼ ਦਾਇਰ ਕੀਤੇ ਕੇਸ (ਸਿਵਲ ਸੂਟ) ਦੀ ਸੁਣਵਾਈ ਦੌਰਾਨ ਹਰਨਾਜ਼ ਕੌਰ ਸੰਧੂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਅਦਾਲਤ ਨੇ ਹਰਨਾਜ਼ ਸੰਧੂ ਨੂੰ ਨੋਟਿਸ ਜਾਰੀ ਕਰਦਿਆਂ 7 ਸਤੰਬਰ ਤੱਕ ਜਵਾਬ ਦੇਣ ਦੇ ਹੁਕਮ ਦਿੱਤੇ ਹਨ।

ਦੱਸ ਦਈਏ ਕਿ ਬੌਲੀਵੁੱਡ ਅਦਾਕਾਰਾ ਉਪਾਸਨਾ ਸਿੰਘ ਨੇ ਮਿਸ ਯੂਨੀਵਰਸ ਹਰਨਾਜ ਕੌਰ ਸੰਧੂ ਖ਼ਿਲਾਫ਼ ਚੰਡੀਗੜ੍ਹ ਦੇ ਸੈਕਟਰ 43 'ਚ ਸਥਿਤ ਜ਼ਿਲ੍ਹਾ ਅਦਾਲਤ ਵਿਚ ਕੇਸ (ਸਿਵਲ ਸੂਟ) ਉਪਾਸਨਾ ਸਿੰਘ ਨੇ ਦੋਸ਼ ਲਗਾਇਆ ਹੈ ਕਿ ਹਰਨਾਜ ਨੇ ਸਾਲ 2020 ਵਿਚ ਫੈਮਿਨਾ ਮਿਸ ਇੰਡੀਆ ਪੰਜਾਬ ਦਾ ਖਿਤਾਬ ਜਿੱਤਿਆ ਸੀ। ਉਸ ਸਮੇਂ ਹਰਨਾਜ ਨੇ ਉਸ ਦੇ ਸੰਤੋਸ਼ ਐਂਟਰਟੇਨਮੈਂਟ ਸਟੂਡੀਓ ਐਲ.ਐਲ.ਪੀ. ਨਾਲ ਇਕ ਕੰਟਰੈਕਟ ਕੀਤਾ ਸੀ। ਇਸ ਕੰਟਰੈਕਟ ਅਨੁਸਾਰ ਉਪਾਸਨਾ ਸਿੰਘ ਵੱਲੋਂ ਬਣਾਈ ਜਾਣ ਵਾਲੀ ਪੰਜਾਬੀ ਫਿਲਮ 'ਬਾਈ ਜੀ ਕੁੱਟਣਗੇ' ਵਿਚ ਹਰਨਾਜ ਕੌਰ ਸੰਧੂ ਨੂੰ ਲੀਡ ਰੋਲ ਦਿੱਤਾ ਗਿਆ ਸੀ। ਕੰਟਰੈਕਟ ਵਿਚ ਹਰਨਾਜ ਕੌਰ ਸੰਧੂ ਨੂੰ ਫਿਲਮ ਵਿਚ ਸਰੀਰਕ ਅਤੇ ਵਰਚੁਅਲ ਢੰਗ ਨਾਲ ਹਾਜ਼ਰ ਹੋਣਾ ਲਾਜ਼ਮੀ ਲਿਖਿਆ ਸੀ। ਉਪਾਸਨਾ ਸਿੰਘ ਨੇ ਕਿਹਾ ਕਿ ਸਾਲ 2021 ਵਿਚ ਹਰਨਾਜ ਕੌਰ ਸੰਧੂ ਨੇ ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਤੋਂ ਬਾਅਦ ਕੰਟਰੈਕਟ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ। ਹਰਨਾਜ ਨੇ ਫੋਨ ਚੁੱਕਣ ਅਤੇ ਈ-ਮੇਲ ਤੇ ਮੈਸੇਜ ਦਾ ਜਵਾਬ ਦੇਣਾ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਨਾਜ ਨਾਲ ਸੰਪਰਕ ਨਾ ਹੋਣ ਕਾਰਨ ਉਨ੍ਹਾਂ ਨੂੰ ਫਿਲਮ ਦੀ ਰਿਲੀਜ਼ ਡੇਟ 27 ਮਈ ਤੋਂ ਬਦਲ ਕੇ 19 ਅਗਸਤ ਕਰਨੀ ਪਈ ਹੈ। ਇਸ ਤਰ੍ਹਾਂ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਹ ਉਪਾਸਨਾ ਸਿੰਘ ਦੀ ਬਤੌਰ ਨਿਰਮਾਤਾ ਪਹਿਲੀ ਫ਼ਿਲਮ ਹੈ। ਉਨ੍ਹਾਂ ਕਿਹਾ ਕਿ ਹਰਨਾਜ ਕੌਰ ਸੰਧੂ ਨੇ ਉਨ੍ਹਾਂ ਦੀ ਫਿਲਮ ਦਾ ਇਕ ਵੀ ਪੋਸਟ ਸ਼ੇਅਰ ਨਹੀਂ ਕੀਤਾ ਹੈ।

# ਪੰਚਾਇਤੀ ਜ਼ਮੀਨ: ਸਰਕਾਰ ਨੇ 14 ਟਰੱਸਟਾਂ ਖਿਲਾਫ ਕਾਰਵਾਈ ਵਿੱਢੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਚਾਇਤੀ ਜ਼ਮੀਨਾਂ ਨੂੰ ਲੰਮੇ ਸਮੇਂ ਲਈ ਲੀਜ਼ 'ਤੇ ਲੈ ਕੇ ਜ਼ਮੀਨ ਦੀ ਦੁਰਵਰਤੋਂ ਕਰਨ ਵਾਲੇ 14 ਟਰੱਸਟਾਂ ਅਤੇ ਕੰਪਨੀਆਂ ਖ਼ਿਲਾਫ਼ ਕਾਰਵਾਈ ਵਿੱਢ ਦਿੱਤੀ ਹੈ। 'ਆਪ' ਸਰਕਾਰ ਵੱਲੋਂ ਇਸ ਤੋਂ ਪਹਿਲਾਂ ਪੰਜ ਕੰਪਨੀਆਂ ਤੇ ਟਰੱਸਟਾਂ ਦੀ 33 ਸਾਲਾ ਲੀਜ਼ ਨੂੰ ਰੱਦ ਕੀਤਾ ਜਾ ਚੁੱਕਾ ਹੈ ਜਿਸ ਵਿਚ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਵਾਲੀ ਬਾਲ ਗੋਪਾਲ ਗਊ ਬਸੇਰਾ ਵੈੱਲਫੇਅਰ ਸੁਸਾਇਟੀ ਵੀ ਸ਼ਾਮਲ ਹੈ।

ਇਸ ਸੁਸਾਇਟੀ ਵੱਲੋਂ ਪੰਚਾਇਤ ਮਹਿਕਮੇ ਦੇ ਫੈਸਲੇ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਵੀ ਦਿੱਤੀ ਹੋਈ ਹੈ। ਵੇਰਵਿਆਂ ਅਨੁਸਾਰ ਹਾਈਕੋਰਟ ਨੇ ਬਾਲ ਗੋਪਾਲ ਗਊ ਬਸੇਰਾ ਵੈੱਲਫੇਅਰ ਸੁਸਾਇਟੀ ਦੇ ਮਾਮਲੇ ਨੂੰ ਸਟੇਟਸ ਕੋ ਰੱਖਿਆ ਹੋਇਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਨੇ ਲੀਜ਼ ਰਾਸ਼ੀ ਸਮੇਂ ਸਿਰ ਨਾ ਭਰਨ ਕਰਕੇ ਇਸ ਸੁਸਾਇਟੀ ਦੀ ਲੀਜ਼ ਰੱਦ ਕਰਨ ਦਾ ਫੈਸਲਾ ਕੀਤਾ ਸੀ। ਜਾਣਕਾਰੀ ਅਨੁਸਾਰ ਪੰਚਾਇਤ ਮਹਿਕਮੇ ਵੱਲੋਂ ਹੁਣ ਤੱਕ 10 ਟਰੱਸਟਾਂ ਅਤੇ ਕੰਪਨੀਆਂ ਦੀ ਲੀਜ਼ ਇਸੇ ਕਰਕੇ ਰੱਦ ਕੀਤੀ ਜਾ ਚੁੱਕੀ ਹੈ ਕਿ ਉਨ੍ਹਾਂ ਨੇ ਵੇਲੇ ਸਿਰ ਲੀਜ਼ ਰਾਸ਼ੀ



ਨਹੀਂ ਤਾਰੀ। ਲੀਜ਼ ਰਾਸ਼ੀ ਨਾ ਤਾਰਨ ਕਰਕੇ ਰੱਦ ਹੋਏ ਕੇਸਾਂ ਵਿਚ ਪਠਾਨਕੋਟ, ਗੁਰਦਾਸਪੁਰ, ਲੁਧਿਆਣਾ, ਅੰਮ੍ਰਿਤਸਰ, ਪਟਿਆਲਾ, ਮਾਨਸਾ, ਮੁਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਦੇ ਟਰੱਸਟ ਤੇ ਕੰਪਨੀਆਂ ਸ਼ਾਮਲ ਹਨ। ਕਾਂਗਰਸ ਸਰਕਾਰ ਸਮੇਂ ਪੰਚਾਇਤੀ ਜ਼ਮੀਨਾਂ ਨੂੰ 33 ਸਾਲਾ ਲੀਜ਼ 'ਤੇ ਦੇਣ ਦੀ ਪਾਲਿਸੀ ਬਣਾਈ ਗਈ ਸੀ ਜਿਸ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਪੰਚਾਇਤ ਵਿਭਾਗ ਵੱਲੋਂ ਲੀਜ਼ ਦੇ 42 ਕੇਸ ਰੱਦ ਕੀਤੇ ਜਾ ਚੁੱਕੇ ਹਨ। ਨਵੀਂ ਸਰਕਾਰ ਵੱਲੋਂ ਲੀਜ਼ ਵਾਲੀਆਂ ਜ਼ਮੀਨਾਂ ਦੀ ਦੁਰਵਰਤੋਂ ਦੇ ਮਾਮਲੇ ਵਿਚ 14 ਕੇਸਾਂ ਨੂੰ ਵਿਚਾਰ ਅਧੀਨ ਰੱਖਿਆ ਹੋਇਆ ਹੈ ਜਿਨ੍ਹਾਂ 'ਤੇ ਕਿਸੇ ਵੇਲੇ ਵੀ ਕਾਰਵਾਈ ਸੰਭਵ ਹੈ। ਦੱਸਣਯੋਗ ਹੈ ਕਿ ਸਾਲ 2009 ਤੋਂ 2022 ਤੱਕ ਪੰਜਾਬ ਭਰ ਵਿਚ 253 ਪੰਚਾਇਤਾਂ ਦੀ ਪੰਚਾਇਤੀ ਜ਼ਮੀਨ ਵੱਖ-ਵੱਖ ਮੰਤਵਾਂ ਲਈ ਲੀਜ਼ 'ਤੇ ਦਿੱਤੀ ਗਈ ਸੀ। ਇਨ੍ਹਾਂ ਜ਼ਮੀਨਾਂ ਦਾ ਕੁੱਲ ਰਕਬਾ ਕਰੀਬ 1678 ਏਕੜ ਬਣਦਾ ਹੈ। ਜ਼ਿਲ੍ਹਾ ਮੁਹਾਲੀ ਦੇ ਪਿੰਡ ਬਲੌਂਗੀ ਦੀ 10 ਏਕੜ ਜ਼ਮੀਨ ਬਾਲ ਗੋਪਾਲ ਗਊ ਬਸੇਰਾ ਵੈੱਲਫੇਅਰ ਸੁਸਾਇਟੀ ਮੁਹਾਲੀ ਨੂੰ 33 ਸਾਲਾਂ ਦੀ ਲੀਜ਼ 'ਤੇ 25 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਦਿੱਤੀ ਗਈ ਸੀ। ਪਟਿਆਲਾ ਵਿਚ ਸਭ ਤੋਂ ਜ਼ਿਆਦਾ 42 ਪੰਚਾਇਤਾਂ ਦੀ ਜ਼ਮੀਨ 33 ਸਾਲਾਂ ਦੀ ਲੀਜ਼ 'ਤੇ ਦਿੱਤੀ ਗਈ ਹੈ। ਮੁਹਾਲੀ ਵਿਚ 20 ਪੰਚਾਇਤਾਂ ਦੀ ਜ਼ਮੀਨ ਲੀਜ਼ 'ਤੇ ਦਿੱਤੀ ਗਈ ਸੀ। ਬਠਿੰਡਾ ਜ਼ਿਲ੍ਹੇ ਦੇ ਪਿੰਡ ਜੰਡਾਂਵਾਲਾ ਵਿਚਲੀ ਗਊਸ਼ਾਲਾ ਵੱਲੋਂ ਲੀਜ਼ ਰਾਸ਼ੀ ਨਹੀਂ ਭਰੀ ਗਈ। ਇਸੇ ਤਰ੍ਹਾਂ ਹੁਸ਼ਿਆਰਪੁਰ ਦੇ ਪਿੰਡ ਛਾਉਣੀ ਕਲਾਂ, ਮੁਹਾਲੀ ਦੇ ਪਿੰਡ ਧੇੜੀ ਤੇ ਚਾਂਦਪੁਰ ਤੋਂ ਇਲਾਵਾ ਫ਼ਿਰੋਜ਼ਪੁਰ ਦੇ ਪਿੰਡ ਖਾਈ ਫੇਮੇ ਕੀ ਅਤੇ ਮੁਕਤਸਰ ਦੇ ਪਿੰਡ ਪੰਨੀਵਾਲਾ ਫੱਤਾ ਦੀ ਪੰਚਾਇਤੀ ਜ਼ਮੀਨ ਵੀ ਸ਼ਾਮਲ ਹੈ ਜਿਸ ਵਲੋਂ ਰਾਸ਼ੀ ਨਹੀਂ ਭਰੀ ਗਈ।

ਪੰਜਾਬ ਟਾਈਮਜ਼

ਸਨਿਚਰਵਾਰ, 13 ਅਗਸਤ 2022

# ਝੰਡਿਆਂ ਦੀ ਸਿਆਸਤ

ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ 75 ਸਾਲ ਪੂਰੇ ਹੋ ਗਏ ਹਨ। 75 ਸਾਲ ਪਹਿਲਾਂ ਪੂਰੇ ਮੁਲਕ ਲਈ ਭਾਵੇਂ ਇਹ ਆਜ਼ਾਦੀ ਦੇ ਜਸ਼ਨਾਂ ਦਾ ਸਮਾਂ ਸੀ ਪਰ ਮੁਲਕ ਦੇ ਦੋ ਸੂਬਿਆਂ- ਪੰਜਾਬ ਤੇ ਬੰਗਾਲ ਦੀ ਵੰਡ ਕਾਰਨ ਇਨ੍ਹਾਂ ਦੋਹਾਂ ਸੂਬਿਆਂ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਦੁੱਖ ਝਾਗਣੇ ਪਏ। ਪੰਜਾਬ ਦਾ ਕੇਸ ਤਾਂ ਬੰਗਾਲ ਨਾਲੋਂ ਵੀ ਵੱਖਰਾ ਹੈ ਜਿਥੇ ਆਬਾਦੀ ਦੀ ਅਦਲਾ-ਬਦਲੀ ਦੌਰਾਨ ਲੱਖਾਂ ਲੋਕਾਂ ਦਾ ਘਾਣ ਹੋਇਆ। ਉਸ ਵਕਤ ਜਿਹੋ-ਜਿਹੀ ਹਿੰਸਾ ਅਤੇ ਵੱਢ-ਟੁੱਕ ਹੋਈ, ਅਜਿਹੀ ਮਿਸਾਲ ਦੁਨੀਆ ਭਰ ਦੇ ਇਤਿਹਾਸ ਵਿਚ ਕਿਤੇ ਨਹੀਂ ਲੱਭਦੀ। ਵਿਰੋਧੀ ਧਰਮ ਵਾਲਿਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ, ਖੱਜਲ-ਖੁਆਰ ਕੀਤਾ ਗਿਆ, ਧੀਆਂ-ਭੈਣਾਂ ਦੀਆਂ ਇੱਜ਼ਤਾਂ ਰੋਲੀਆਂ ਗਈਆਂ। ਹੁਣ ਚੰਗੀ ਗੱਲ ਹੋਈ ਹੈ ਕਿ ਐਤਕੀਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਜਿਊੜਿਆਂ ਨੂੰ ਸ਼ਰਧਾਂਜਲੀ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਠੀਕ ਹੀ ਕਿਹਾ ਹੈ ਕਿ ਇਹ ਵੰਡ ਸਿਆਸੀ ਆਗੂਆਂ ਦੀ ਫਿਰਕਾਪ੍ਰਸਤ ਸੋਚ ਦਾ ਸਿੱਟਾ ਸੀ ਜਿਸ ਨੇ ਲੱਖਾਂ ਪੰਜਾਬੀਆਂ ਦੀ ਜਾਨ ਲੈ ਲਈ ਅਤੇ ਲੱਖਾਂ ਨੂੰ ਘਰੋਂ ਬੇਘਰ ਕਰਕੇ ਉਜਾੜ ਦਿੱਤਾ, ਵੰਡ ਦੀ ਇਹ ਲਕੀਰ ਲੱਖਾਂ ਲੋਕਾਂ ਦੇ ਖੂਨ ਨਾਲ ਭਿੱਜੀ ਹੋਈ ਹੈ। ਜਥੇਦਾਰ ਦੇ ਇਸ ਸੱਦੇ ਦਾ ਹਰ ਪਾਸਿਉਂ ਸਵਾਗਤ ਹੋਇਆ ਹੈ।

ਦੂਜੇ ਬੰਨੇ, ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਹੈ ਜਿਸ ਨੇ ਐਤਕੀਂ ਆਜ਼ਾਦੀ ਦਿਹਾੜੇ ਨੂੰ ਅੰਮ੍ਰਿਤ ਮਹਾਂਉਤਸਵ ਨਾਂ ਦੇ ਕੇ ਵੱਡੇ ਪੱਧਰ 'ਤੇ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ। ਇਸ ਐਲਾਨ ਨਾਲ ਫਿਰ ਇਕ ਐਲਾਨ ਹੋਰ ਜੁੜ ਗਿਆ ਕਿ ਇਸ ਆਜ਼ਾਦੀ ਦਿਹਾੜੇ ਮੌਕੇ ਹਰ ਘਰ ਤਿਰੰਗਾ ਲਹਿਰਾਇਆ ਜਾਵੇਗਾ। ਇਸ ਕਾਰਜ ਲਈ ਸਭ ਰਾਜਾਂ ਨੂੰ ਵਿਸ਼ੇਸ਼ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਅਤੇ ਅਗਾਂਹ ਵੱਖ-ਵੱਖ ਰਾਜ ਸਰਕਾਰਾਂ ਨੇ ਪ੍ਰਸ਼ਾਸਨ ਨੂੰ ਹੁਕਮ ਦੇ ਦਿੱਤੇ। ਹੁਣ ਜਾਣਕਾਰੀ ਇਹ ਮਿਲ ਰਹੀ ਹੈ ਕਿ ਤਿਰੰਗਾ ਝੰਡਾ ਮੁਹਿੰਮ ਤੋਂ ਮੋਦੀ ਸਰਕਾਰ ਕਰੋੜਾਂ ਰੁਪਏ ਕਮਾ ਰਹੀ ਹੈ। ਅਸਲ ਵਿਚ ਮੋਦੀ ਸਰਕਾਰ ਦਾ ਕੰਮ ਕਰਨ ਦਾ ਢੰਗ-ਤਰੀਕਾ ਹੀ ਇਹੀ ਹੈ। ਵੱਧ ਤੋਂ ਵੱਧ ਲੋਕਾਂ ਨੂੰ ਸਬੰਧਿਤ ਪ੍ਰੋਗਰਾਮ ਵਿਚ ਸ਼ਾਮਿਲ ਕਰੋ ਅਤੇ ਆਪਣਾ ਏਜੰਡਾ ਅੱਗੇ ਵਧਾਉ। ਪਹਿਲਾਂ ਆਮ ਲੋਕਾਂ ਨੂੰ ਰਸੋਈ ਗੈਸ ਵਾਲੇ ਸਿਲੰਡਰ ਦੇਣ, ਬੈਂਕਾਂ ਵਿਚ ਖਾਤੇ ਖੋਲ੍ਹਣ ਅਤੇ ਅਜਿਹੇ ਹੋਰ ਕਈ ਪ੍ਰੋਗਰਾਮ ਵੀ ਇਸੇ ਤਰਜ਼ ਉਤੇ ਚਲਾਏ ਗਏ। ਹੁਣ ਵੀ ਸਰਕਾਰ ਨੇ ਲੋਕਾਂ ਦੇ ਅਸਲ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਲਈ 'ਦੇਸ਼ ਭਗਤੀ' ਵਾਲਾ ਇਹ ਪ੍ਰੋਗਰਾਮ ਉਲੀਕਿਆ ਹੈ। ਮੁਲਕ ਦੇ ਨੌਜਵਾਨ ਇਸ ਵਕਤ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿਚ ਪ੍ਰਾਈਵੇਟ ਅਦਾਰਿਆਂ ਦੀ ਵੱਡੀ ਘੁਸਪੈਠ ਕਾਰਨ ਆਮ ਪਰਿਵਾਰਾਂ ਦਾ ਸਹੀ ਢੰਗ ਨਾਲ ਇਲਾਜ ਨਹੀਂ ਹੋ ਰਿਹਾ ਅਤੇ ਉਨ੍ਹਾਂ ਦੇ ਬੱਚੇ ਹੌਲੀ-ਹੌਲੀ ਸਿੱਖਿਆ ਦੇ ਖੇਤਰ ਵਿਚ ਪਛੜ ਰਹੇ ਹਨ। ਮੁਲਕ ਦੀਆਂ ਦਰਾਮਦਾਂ, ਬਰਾਮਦਾਂ ਨਾਲੋਂ ਬਹੁਤ ਜ਼ਿਆਦਾ ਵਧ ਰਹੀਆਂ ਜਿਸ ਕਾਰਨ ਡਾਲਰ ਦੇ ਮੁਕਾਬਲੇ ਰੁਪਈਆ ਬਹੁਤ ਕਮਜ਼ੋਰ ਪੈ ਰਿਹਾ ਹੈ; ਸਿੱਟੇ ਵਜੋਂ ਮਹਿੰਗਾਈ ਹੋਰ ਜ਼ਿਆਦਾ ਵਧ ਰਹੀ ਹੈ ਪਰ ਮੋਦੀ ਸਰਕਾਰ ਝੰਡੇ ਦੀ ਸਿਆਸਤ ਕਰਕੇ ਸੁਰਖਰੂ ਹੋ ਗਈ ਹੈ।

ਇਸੇ ਦੌਰਾਨ ਪੰਜਾਬ ਵਿਚ ਵੀ ਐਤਕੀਂ ਝੰਡੇ ਦੀ ਸਿਆਸਤ ਚਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਵੇਂ ਬਣੇ ਲੋਕ ਸਭਾ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਨੂੰ ਆਪੋ-ਆਪਣੇ ਘਰਾਂ 'ਤੇ ਕੇਸਰੀ ਨਿਸ਼ਾਨ ਸਾਹਿਬ (ਝੰਡਾ) ਲਹਿਰਾਉਣ ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਹੁਣ ਇਹ ਬਹਿਸ ਸ਼ੁਰੂ ਹੋ ਗਈ ਹੈ ਕਿ ਸਿੱਖਾਂ ਦੇ ਨਿਸ਼ਾਨ ਸਾਹਿਬ ਦਾ ਰੰਗ ਨੀਲਾ ਹੈ ਜਾਂ ਕੇਸਰੀ। ਕੁੱਲ ਮਿਲਾ ਕੇ ਪੰਜਾਬ ਵਿਚ ਵੀ ਝੰਡੇ ਦੀ ਸਿਆਸਤ ਹੋ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਅੰਤਾਂ ਦੇ ਸੰਕਟ ਵਿਚੋਂ ਲੰਘ ਰਹੇ ਪੰਜਾਬ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਕੇ ਉਸੇ ਆਧਾਰ 'ਤੇ ਮੁਹਿੰਮਾਂ ਵਿੱਢੀਆਂ ਜਾਂਦੀਆਂ ਪਰ ਹੋ ਇਸ ਤੋਂ ਐਨ ਉਲਟ ਰਿਹਾ ਹੈ। ਪੰਜਾਬ ਨੂੰ ਦਰਪੇਸ਼ ਮਸਲੇ ਕਿਸੇ ਵੀ ਮੰਚ ਉਤੇ ਵਿਚਾਰੇ ਨਹੀਂ ਜਾ ਰਹੇ ਸਗੋਂ ਕੇਂਦਰੀ ਸ਼ਾਸਕਾਂ ਨੇ ਲੋਕਾਂ ਦੇ ਅਸਲ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਲਈ ਜਿਹੜਾ ਏਜੰਡਾ ਬਣਾ ਕੇ ਲੋਕਾਂ ਅੱਗੇ ਪਰੋਸਿਆ, ਸਿਮਰਨਜੀਤ ਸਿੰਘ ਮਾਨ ਵਰਗੇ ਆਗੂ ਉਸੇ ਏਜੰਡੇ ਦੇ ਆਧਾਰ 'ਤੇ ਝੰਡੇ ਲਹਿਰਾਉਣ ਦੀ ਗੱਲ ਕਰਨ ਲੱਗ ਪਏ। ਅਜਿਹੀ ਪ੍ਰਤੀਕਿਰਿਆਵਾਦੀ ਸਿਆਸਤ ਦਾ ਫਾਇਦਾ ਸਿਰਫ ਤੇ ਸਿਰਫ ਕੇਂਦਰੀ ਸ਼ਾਸਕਾਂ ਨੂੰ ਹੀ ਹੋਣਾ ਹੈ।

ਅਸਲ ਵਿਚ, ਇਸ ਵਕਤ ਪੰਜਾਬ ਜਾਂ ਮੁਲਕ ਦਾ ਸੰਕਟ ਹੀ ਇਹ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਮੁਤਾਬਿਕ ਏਜੰਡਾ ਨਹੀਂ ਬਣਾਇਆ ਜਾ ਰਿਹਾ ਹੈ। ਸਾਰੀਆਂ ਸਿਆਸੀ ਜਮਾਤਾਂ ਦਾ ਇਕੋ-ਇਕ ਮਕਸਦ ਹੁਣ ਚੋਣਾਂ ਲੜਨਾ ਅਤੇ ਜਿੱਤਣਾ ਹੀ ਰਹਿ ਗਿਆ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਪੰਜਾਬ ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਰਵਾਇਤੀ ਧਿਰਾਂ ਤੋਂ ਤੰਗ ਆ ਕੇ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਮਿਸਾਲੀ ਜਿੱਤ ਦਿਵਾਈ ਪਰ ਇਹ ਸਰਕਾਰ ਉਨ੍ਹਾਂ ਉਮੀਦਾਂ 'ਤੇ ਪੂਰੀ ਉਤਰਦੀ ਨਜ਼ਰ ਨਹੀਂ ਆ ਰਹੀ ਜੋ ਆਮ ਲੋਕਾਂ ਨੇ ਵੋਟਾਂ ਪਾਉਣ ਵੇਲੇ ਇਸ ਪਾਰਟੀ ਤੋਂ ਲਗਾਈਆਂ ਸਨ। ਇਹ ਸਰਕਾਰ ਤਾਂ ਅਜੇ ਤੱਕ ਪੰਜਾਬ ਲਈ ਕੋਈ ਏਜੰਡਾ ਤਿਆਰ ਕਰਨ ਵਿਚ ਵੀ ਨਾਕਾਮ ਹੀ ਰਹੀ ਹੈ। ਜਾਪਦਾ ਇੰਝ ਹੈ ਕਿ ਇਹ ਪਾਰਟੀ ਸਿਰਫ ਮਾਅਰਕੇਬਾਜ਼ੀ ਨਾਲ ਆਪਣਾ ਕੰਮ ਚੱਲਦਾ ਰੱਖਣਾ ਚਾਹੁੰਦੀ ਹੈ। ਸਿਹਤ ਮੰਤਰੀ ਦਾ ਯੂਨੀਵਰਸਿਟੀ ਵਾਈਸ ਚਾਂਸਲਰ ਨਾਲ ਪਿਆ ਰੱਫੜ ਇਸੇ ਮਾਅਰਕੇਬਾਜ਼ੀ ਦਾ ਨਤੀਜਾ ਹੈ। ਉਂਝ ਵੀ ਇਸ ਸਰਕਾਰ 'ਤੇ ਦਿੱਲੀਓਂ ਪਾਰਟੀ ਹਾਈ ਕਮਾਂਡ ਦੀਆਂ ਹਦਾਇਤਾਂ ਮੁਤਾਬਿਕ ਕੰਮ ਕਰਨ ਦੇ ਇਲਜ਼ਾਮ ਲੱਗ ਰਹੇ ਹਨ। ਜ਼ਾਹਿਰ ਹੈ ਕਿ ਜਿੰਨਾ ਚਿਰ ਲੋਕਾਂ ਲਈ ਕੋਈ ਏਜੰਡਾ ਤਿਆਰ ਨਹੀਂ ਹੁੰਦਾ, ਓਨਾ ਚਿਰ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਲੋਕਾਂ ਨੂੰ ਆਪਣੇ ਨਕਲੀ ਏਜੰਡਿਆਂ ਨਾਲ ਗੁਮਰਾਹ ਕਰਦੀਆਂ ਰਹਿਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਉਕਾ ਪੰਜਾਬ ਦਾ!

ਦਾਅ ਪੇਚ ਗੁੱਝੀਆਂ ਸਿਆਸਤਾਂ ਦੇ ਬੁੱਝੀਏ ਨਾ ਨਿਰਣਾ ਨੀ ਹੁੰਦਾ ਸਾਥੋਂ ਪਾਸ ਅਤੇ ਫੇਲ੍ਹ ਦਾ।
ਘੋੜਾ ਹੀ ਸਮਝ ਲਈਏਬਾਹਲੇ ਉਤਸ਼ਾਹੀ ਹੋ ਕੇ ਸਿਆਸਤਾਂ ਦੀ ਧੂੜ ਵਿਚ ਟੱਟੂ ਜੋ ਵੀ ਠੇਲ੍ਹਦਾ।
ਕਰਦਾ ਤਿਆਰੀ ਹੁੰਦਾ 'ਦੋਂਹ' ਨੂੰ ਮਾਂਜਾ ਫੇਰਨੇ ਦੀ ਛੇਤੀ 'ਭੋਗ' ਪੈ ਜਾਂਦਾ ਏ ਤੀਸਰੇ ਦੀ ਖੇਡ ਦਾ।
ਪੈਣਾ ਏ ਸੁਆਰਨਾ ਬਈ ਆਪਣਾ ਹੀ ਕਾਜ ਆਪੇ ਰੱਖ ਕੇ ਅਖਾਣ ਚੇਤੇ 'ਧਾਰ ਅਤੇ ਤੇਲ' ਦਾ।
ਕੱਢ ਕੋਈ ਐਨਿਆਂ 'ਚੋਂ ਸੂਰਮਾ ਪੰਜਾਬ ਸਿਆਂ, ਪਿੱਛੇ ਕਾਹਨੂੰ ਲੱਗ ਜਾਣਾ ਡੱਬਾ ਜਿੱਦਾਂ ਰੇਲ ਦਾ।
ਰੱਖੇ ਵੀ ਪੰਜਾਬ ਆਸ ਜਦੋਂ ਕਿਸੇ 'ਨਵੇਂ' ਉਤੇ ਉਹ ਵੀ ਚੂੰਆਂ ਨਿਕਲੇ ਜੀ ਨਾਗ ਪੁਰੀ ਵੇਲ ਦਾ।

# ਜੇ ਪੰਜਾਬ ਦੀ ਵੰਡ ਨਾ ਹੁੰਦੀ...

***ਜੇ ਮੁਲਕ ਅਤੇ ਪੰਜਾਬ ਦੀ ਵੰਡ ਨਾ ਹੁੰਦੀ ਤਾਂ ਲਾਹੌਰ ਤੇ ਅੰਮ੍ਰਿਤਸਰ ਕਿੰਨਾ ਜ਼ਿਆਦਾ ਵਿਕਸਿਤ ਹੁੰਦੇ ਪਰ ਵੰਡ ਇਤਿਹਾਸਿਕ ਸਚਾਈ ਹੈ ਅਤੇ ਪਾਕਿਸਤਾਨ ਤੇ ਭਾਰਤ ਦੋ ਆਜ਼ਾਦ ਮੁਲਕ ਹਨ। ਦੁਖਾਂਤ ਇਹ ਹੈ ਕਿ ਅੱਜ ਵੀ ਦੋਵੇਂ ਦੇਸ਼ ਚੰਗੇ ਗੁਆਢੀਆਂ ਵਾਂਗ ਨਹੀਂ ਰਹਿ ਰਹੇ। ਹਰ ਵੇਲੇ ਅਸ਼ਾਂਤੀ ਦਾ ਮਾਹੌਲ ਰਹਿੰਦਾ ਹੈ; ਫਲਸਰੂਪ ਅੰਤਰਰਾਸ਼ਟਰੀ ਸਰਹੱਦ ਦੇ ਦੋਵੇਂ ਪਾਸੇ ਆਰਥਿਕ ਤਰੱਕੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪੈ ਰਿਹਾ ਹੈ।***



ਡਾ. ਰਣਜੀਤ ਸਿੰਘ ਘੁੰਮਣ

ਭਾਰਤ-ਪਾਕਿਸਤਾਨ ਦੀ ਬਰਤਾਨਵੀ ਸਾਮਰਾਜ ਤੋਂ ਆਜ਼ਾਦੀ ਅਤੇ ਦੇਸ਼ ਦੀ ਵੰਡ ਇਕੋ ਸਮੇਂ ਵਾਪਰੀਆਂ ਦੋ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਵਿਚ ਆਜ਼ਾਦੀ ਦੀ ਖੁਸ਼ੀ ਅਤੇ ਵੰਡ ਦਾ ਦੁਖਾਂਤ ਇਕੋ ਸਮੇਂ ਵਾਪਰੇ। ਭਾਵੇਂ ਇਨ੍ਹਾਂ ਘਟਨਾਵਾਂ ਨੂੰ ਵਾਪਰਿਆਂ ਹੁਣ 75 ਸਾਲ ਬੀਤ ਗਏ ਹਨ ਪਰ ਵੰਡ ਦੇ ਜ਼ਖਮ ਅਜੇ ਵੀ ਅੱਲੇ ਹਨ ਅਤੇ ਦੁਖਾਂਤ ਅਜੇ ਵੀ ਤਾਜ਼ਾ ਹੈ। ਵੰਡ ਦੀ ਜ਼ਿੰਮੇਵਾਰੀ ਲਈ ਉਸ ਵੇਲੇ ਦੀ ਬਰਤਾਨਵੀ ਹਕੂਮਤ, ਧਰਮ ਆਧਾਰਿਤ ਸੰਪਰਦਾਇਕ/ਕੱਟੜਪੰਥੀ ਸੰਗਠਨ (ਖਾਸਕਰ ਹਿੰਦੂ ਮਹਾਂਸਭਾ ਤੇ ਮੁਸਲਿਮ ਲੀਗ) ਅਤੇ ਉਸ ਵੇਲੇ ਦੀਆਂ ਰਾਜਨੀਤਕ ਪਾਰਟੀਆਂ ਸਿਰ ਜਾਂਦੀ ਹੈ ਪਰ ਵੰਡ ਵਿਚ ਜਾਨੀ ਅਤੇ ਮਾਲੀ ਨੁਕਸਾਨ ਦੀ ਜ਼ਿੰਮੇਵਾਰੀ ਸਾਰੇ ਧਰਮਾਂ ਦੇ ਲੋਕਾਂ ਸਿਰ ਜਾਂਦੀ ਹੈ। ਸਾਰੇ ਵਰਗਾਂ ਅਤੇ ਧਰਮਾਂ ਦੇ ਲੋਕਾਂ ਨੂੰ ਅਣ-ਮਨੁੱਖੀ ਕਤਲੋ-ਗਾਰਤ ਅਤੇ ਹੈਵਾਨੀਅਤ ਨੂੰ ਝੱਲਣਾ ਪਿਆ।

ਪਿਛਲੇ 75 ਸਾਲਾਂ ਦੌਰਾਨ ਵੀ ਭਾਰਤ-ਪਾਕਿਸਤਾਨ ਬਾਰਡਰ (ਪਾਕਿਸਤਾਨ ਦੀ 553 ਕਿਲੋਮੀਟਰ ਸਰਹੱਦ ਪੰਜਾਬ ਨਾਲ ਲਗਦੀ ਹੈ) ਕਦੀ ਵੀ ਸ਼ਾਂਤ ਨਹੀਂ ਰਿਹਾ। ਭਾਰਤ ਪਾਕਿਸਤਾਨ ਵਿਚਾਲੇ ਸਾਢੇ ਤਿੰਨ ਜੰਗਾਂ ਵਿਚੋਂ ਦੋ ਵੱਡੀਆਂ ਜੰਗਾਂ ਦੌਰਾਨ ਪੰਜਾਬ ਹੀ ਮੁੱਖ ਤੌਰ 'ਤੇ ਲੜਾਈ ਦਾ ਮੈਦਾਨ ਸੀ। ਵੰਡ ਦੌਰਾਨ ਅਤੇ ਵੰਡ ਤੋਂ ਬਾਅਦ ਵੀ ਦੋਵਾਂ ਪੰਜਾਬਾਂ ਨੇ ਹੀ ਮੁੱਖ ਤੌਰ 'ਤੇ ਦੁਖਾਂਤ ਭੁਗਤਿਆ ਅਤੇ ਭੁਗਤ ਰਹੇ ਹਨ। ਵੰਡ ਏਨੀ ਕਠੋਰ ਸੀ ਕਿ ਇਸ ਨੇ ਨਾ ਕੇਵਲ ਘਰਾਂ ਅਤੇ ਪਰਿਵਾਰਾਂ ਨੂੰ ਹੀ ਵੰਡਿਆ ਬਲਕਿ ਦਰਿਆਵਾਂ, ਨਦੀਆਂ, ਪਹਾੜਾਂ ਦੇ ਨਾਲ-ਨਾਲ ਆਵਾਜਾਈ ਨਾਲ ਸਬੰਧਿਤ ਰੇਲਾਂ, ਸੜਕਾਂ ਅਤੇ ਸਮੁੱਚੇ ਆਰਥਿਕ ਢਾਂਚੇ ਨੂੰ ਵੀ ਵੰਡ ਦਿੱਤਾ। ਲੋਕਾਂ ਨੂੰ ਪੁਸ਼ਤੈਨੀ ਘਰ ਅਤੇ ਕਾਰੋਬਾਰ ਅਚਾਨਕ ਹੀ ਮਜਬੂਰਨ ਛੱਡਣੇ ਪਏ। ਕਈ ਪੀੜ੍ਹੀਆਂ ਤੱਕ ਵਸਦੇ-ਰਸਦੇ ਇਹ ਲੋਕ ਪਨਾਹਗੀਰ ਅਖਵਾਉਂਦੇ ਰਹੇ ਅਤੇ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿੰਦੇ ਰਹੇ।

ਜੇ ਮੁਲਕ ਤੇ ਪੰਜਾਬ ਦੀ ਵੰਡ ਨਾ ਹੁੰਦੀ ਤਾਂ ਲਾਹੌਰ ਤੇ ਅੰਮ੍ਰਿਤਸਰ ਕਿੰਨਾ ਜ਼ਿਆਦਾ ਵਿਕਸਿਤ ਹੁੰਦੇ ਪਰ ਵੰਡ ਮੰਦਭਾਗੀ ਇਤਿਹਾਸਿਕ ਸਚਾਈ ਹੈ ਅਤੇ ਪਾਕਿਸਤਾਨ ਤੇ ਭਾਰਤ ਦੋ ਆਜ਼ਾਦ ਮੁਲਕ ਹਨ ਪਰ ਦੁਖਾਂਤ ਇਹ ਹੈ ਕਿ ਅੱਜ ਵੀ ਦੋਵੇਂ ਦੇਸ਼ ਚੰਗੇ ਗੁਆਢੀਆਂ ਵਾਂਗ ਨਹੀਂ ਰਹਿ ਰਹੇ। ਹਰ ਵੇਲੇ ਅਸ਼ਾਂਤੀ ਅਤੇ ਤਣਾਅ ਦਾ ਮਾਹੌਲ ਰਹਿੰਦਾ ਹੈ; ਫਲਸਰੂਪ ਅੰਤਰਰਾਸ਼ਟਰੀ ਸਰਹੱਦ ਦੇ ਦੋਵੇਂ ਪਾਸੇ ਆਰਥਿਕ ਤਰੱਕੀ ਉੱਪਰ ਬਹੁਤ ਹੀ ਮਾੜਾ ਪ੍ਰਭਾਵ ਪੈ ਰਿਹਾ ਹੈ। ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੂੰ ਆਪਣੀਆਂ ਆਰਥਿਕ ਸਰਗਰਮੀਆਂ ਕਰਨੀਆਂ ਮੁਸ਼ਕਿਲ ਹੋ ਰਹੀਆਂ ਹਨ। ਸਰਕਾਰਾਂ ਵੀ ਸਰਹੱਦੀ ਇਲਾਕਿਆਂ ਵਿਚ ਵਸਦੇ ਲੋਕਾਂ ਦੀ ਬਣਦੀ ਸਾਰ ਨਹੀਂ ਲੈ ਰਹੀਆਂ। ਇਸ ਦੇ ਫਲਸਰੂਪ ਸਮਾਜਿਕ (ਸਿੱਖਿਆ ਤੇ ਸਿਹਤ ਸਹੂਲਤਾਂ) ਅਤੇ ਆਰਥਿਕ ਬੁਨਿਆਦੀ ਢਾਂਚਾ ਬਹੁਤ ਹੀ ਘੱਟ ਵਿਕਸਿਤ ਹੋਇਆ ਹੈ। ਨਤੀਜੇ ਵਜੋਂ ਇਨ੍ਹਾਂ ਖਿੱਤਿਆਂ ਵਿਚ ਰਹਿਣ ਵਾਲੇ ਲੋਕ ਆਰਥਿਕ ਪੱਖੋਂ ਬਹੁਤ ਪਛੜ ਗਏ ਹਨ। ਸੋ, ਭਾਵੇਂ ਉਜੜ-ਪੁਜੜ ਕੇ ਆਏ ਬਹੁਤੇ ਲੋਕ ਆਪਣੀ ਹਿੰਮਤ, ਸਿਰੜ ਅਤੇ ਮਿਹਨਤ ਸਦਕਾ ਆਰਥਿਕ ਪੱਖੋਂ ਸਥਿਰ ਹੋ ਗਏ ਹਨ ਪਰ ਸਰਹੱਦ ਦੇ ਆਸ-ਪਾਸ ਵਸਦੇ ਲੋਕਾਂ ਦੀ ਹਾਲਤ ਅੱਜ ਵੀ ਤਰਸਯੋਗ ਹੈ।

ਦੇਸ਼ ਦੀ ਵੰਡ ਕਾਰਨ ਦੋਵਾਂ ਦੇਸ਼ਾਂ ਵਿਚ ਹੋ ਰਹੇ ਵਪਾਰ ਅਤੇ ਵਪਾਰਕ ਸਬੰਧਾਂ ਉੱਪਰ ਵੀ ਬਹੁਤ ਮਾੜਾ ਅਸਰ ਪਿਆ। ਦੋਵਾਂ ਪੰਜਾਬਾਂ ਵਿਚਕਾਰ ਵੰਡ ਵੇਲੇ ਵਪਾਰ ਦੀ ਖਾਸ ਮਹੱਤਤਾ ਸੀ ਕਿਉਂਕਿ ਦੋਵੇਂ ਖਿੱਤੇ (ਪੱਛਮੀ ਤੇ ਪੂਰਬੀ ਪੰਜਾਬ) ਆਰਥਿਕ ਅਤੇ ਵਪਾਰਕ ਪੱਖੋਂ ਇਕ ਦੂਜੇ ਦੇ ਪੂਰਕ ਸਨ ਅਤੇ ਸਾਂਝੇ ਪੰਜਾਬ ਦਾ ਆਰਥਿਕ ਵਿਕਾਸ ਵੀ ਇਸੇ ਆਧਾਰ 'ਤੇ ਕੀਤਾ ਗਿਆ ਸੀ। ਵੰਡ ਤੋਂ ਅਗਲੇ ਸਾਲ (1948-49) ਦੌਰਾਨ ਪਾਕਿਸਤਾਨ ਦੀਆਂ ਕੁੱਲ ਦਰਾਮਦਾਂ ਅਤੇ ਬਰਾਮਦਾਂ ਵਿਚ ਭਾਰਤ ਦਾ ਕ੍ਰਮਵਾਰ 51 ਪ੍ਰਤੀਸ਼ਤ ਅਤੇ 24 ਪ੍ਰਤੀਸ਼ਤ ਹਿੱਸਾ ਸੀ। ਇਸ ਵਿਚੋਂ ਅੱਧ ਤੋਂ ਵੀ ਜ਼ਿਆਦਾ ਵਪਾਰ ਵਾਹਗਾ ਬਾਰਡਰ ਦੇ ਰਸਤੇ ਹੋ ਰਿਹਾ ਸੀ ਜਿਸ ਦਾ ਪੰਜਾਬ ਨੂੰ ਬਹੁਤ ਫਾਇਦਾ ਸੀ, ਬਾਅਦ ਵਾਲੇ ਸਾਲਾਂ ਵਿਚ ਆਪਸੀ ਵਪਾਰ ਬਹੁਤ ਘੱਟ ਗਿਆ। 1965 ਦੀ ਲੜਾਈ ਤੋਂ ਬਾਅਦ ਦੋਵਾਂ ਮੁਲਕਾਂ ਵਿਚਕਾਰ 9 ਸਾਲਾਂ ਤੱਕ ਵਪਾਰ ਬਿਲਕੁਲ ਬੰਦ ਰਿਹਾ। ਪੰਜਾਬ ਨੂੰ ਇਸ ਦਾ ਬਹੁਤ ਵੱਡਾ ਆਰਥਿਕ ਖਮਿਆਜ਼ਾ (ਪਾਕਿਸਤਾਨ ਪੰਜਾਬ ਨੂੰ ਵੀ) ਭੁਗਤਣਾ ਪਿਆ। ਦੋਵੇਂ ਪੰਜਾਬ ਸਮੁੰਦਰੀ ਬੰਦਰਗਾਹਾਂ ਤੋਂ ਬਹੁਤ ਦੂਰ



ਹਨ ਅਤੇ ਉਸ ਰਸਤੇ ਸਾਮਾਨ ਦੀ ਢੋਆ-ਢੁਆਈ ਉੱਪਰ ਲਾਗਤ (ਸਮੇਂ ਅਤੇ ਵਿੱਤ ਦੀ) ਬਹੁਤ ਵਧ ਜਾਂਦੀ ਹੈ। 1965 ਤੋਂ 1974 ਦੇ 9 ਸਾਲਾਂ ਦੀ ਵਪਾਰ-ਬੰਦੀ ਦੌਰਾਨ ਵੀ ਭਾਰਤੀ ਅਤੇ ਪਾਕਿਸਤਾਨੀ ਵਸਤਾਂ ਦਾ ਵਪਾਰ ਮੱਧ ਏਸ਼ੀਆ ਰਾਹੀਂ ਹੁੰਦਾ ਰਿਹਾ ਪਰ ਇਸ ਵਿਚ ਬਹੁਤਾ ਫਾਇਦਾ ਬੰਦਰਗਾਹਾਂ ਦੇ ਨੇੜਲੇ ਸੂਬਿਆਂ ਨੂੰ ਹੋਇਆ, ਪੰਜਾਬਾਂ ਦੇ ਵਪਾਰ ਨੂੰ ਬਹੁਤ ਵੱਡਾ ਧੱਕਾ ਲੱਗਿਆ।

1965 ਦੀ ਭਾਰਤ-ਪਾਕਿਸਤਾਨ ਲੜਾਈ ਤੋਂ ਬਾਅਦ ਪੰਜਾਬ ਵਿਚ ਉਦਯੋਗਿਕ ਇਕਾਈਆਂ ਨੇ ਵੀ ਹਿਜਰਤ ਸ਼ੁਰੂ ਕਰ ਦਿੱਤੀ। ਬਟਾਲੇ ਦੇ ਲੋਹਾ ਉਦਯੋਗ ਨੂੰ ਖਾਸ ਧੱਕਾ ਲੱਗਾ। ਬਟਾਲੇ ਦੀ ਬਹੁਤ ਵੱਡੀ ਉਦਯੋਗਿਕ ਇਕਾਈ (ਬੀਕੋ) ਫਰੀਦਾਬਾਦ (ਹੁਣ ਹਰਿਆਣਾ) ਵਿਖੇ ਚਲੀ ਗਈ। 1971 ਦੀ ਲੜਾਈ ਨੇ ਪੰਜਾਬ ਦੇ ਉਦਯੋਗਾਂ ਨੂੰ (ਖਾਸਕਰ ਅੰਮ੍ਰਿਤਸਰ ਤੇ ਬਟਾਲੇ ਨੂੰ) ਹੋਰ ਵੀ ਧੱਕਾ ਪਹੁੰਚਾਇਆ। ਫਲਸਰੂਪ ਪੰਜਾਬ ਦੀ ਉਦਯੋਗਿਕ ਅਤੇ ਆਰਥਿਕ ਉੱਨਤੀ ਨੂੰ ਬਹੁਤ ਵੱਡਾ ਨੁਕਸਾਨ ਹੋ ਗਿਆ। ਕੇਂਦਰ ਸਰਕਾਰ ਦੁਆਰਾ ਪੰਜਾਬ ਦੇ ਗੁਆਂਢੀ ਰਾਜਾਂ (ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ) ਵਿਸ਼ੇਸ਼ ਸਹੂਲਤਾਂ ਨੇ ਵੀ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਬਹੁਤ ਨੁਕਸਾਨ ਪਹੁੰਚਾਇਆ। ਦੇਸ਼ ਦੀ ਵੰਡ ਦਾ ਅਸਰ ਵਾਹਗਾ ਬਾਰਡਰ ਤੋਂ ਹੋ ਰਹੇ ਵਪਾਰ ਉਪਰ ਸ਼ੁਰੂ ਤੋਂ ਹੀ ਮਾੜਾ ਪੈ ਰਿਹਾ ਹੈ। ਤਰਾਸਦੀ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਇਸ ਮੁੱਦੇ ਨੂੰ ਕਦੀ ਵੀ ਸ਼ਿੱਦਤ ਨਾਲ ਨਹੀਂ ਉਭਾਰਿਆ। ਕੇਂਦਰ ਦੀਆਂ ਸਰਕਾਰਾਂ ਨੇ ਵੀ ਇਸ ਸਿਲਸਿਲੇ ਵਿਚ ਪੰਜਾਬ ਨਾਲ ਸੁਹਿਰਦਤਾ ਵਾਲਾ ਵਰਤਾਰਾ ਨਹੀਂ ਕੀਤਾ। ਦੱਸਣਾ ਵਾਜਬ ਹੋਵੇਗਾ ਕਿ ਅੰਤਰਰਾਸ਼ਟਰੀ ਵਪਾਰ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਹੁੰਦਾ ਹੈ। ਪਾਕਿਸਤਾਨ ਸਰਕਾਰ ਅਤੇ ਉਧਰਲੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵੀ ਵਾਹਗਾ ਬਾਰਡਰ ਰਾਹੀਂ ਵਪਾਰ ਦੀ ਮਹੱਤਤਾ ਨੂੰ ਵਿਕਸਿਤ ਕਰਨ ਲਈ ਸੰਜੀਦਾ ਯਤਨ ਨਹੀਂ ਕੀਤੇ। ਲਗਦਾ ਹੈ ਕਿ ਬੰਬਈ-ਕਰਾਚੀ ਉਦਯੋਗਿਕ ਅਤੇ ਵਪਾਰ-ਸੰਗਠਨ ਸਿਆਸੀ ਪਾਰਟੀਆਂ ਅਤੇ ਸਰਕਾਰਾਂ ਉੱਪਰ ਭਾਰੂ ਹਨ, ਕਿਉਂਕਿ ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਣ ਨਾਲ ਬੰਬਈ-ਕਰਾਚੀ ਦਰਮਿਆਨ ਸਰਗਰਮ ਵਪਾਰਕ ਸੰਗਠਨਾਂ ਨੂੰ ਨੁਕਸਾਨ ਹੋਵੇਗਾ।

ਫਰਵਰੀ 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਵਿਚ ਵਪਾਰ ਬੰਦ ਹੋ ਗਿਆ ਜਿਸ ਦਾ ਅਸਰ ਪੰਜਾਬ ਉੱਪਰ ਵਧੇਰੇ ਪਿਆ। ਦਿਹਾਤੀ ਅਤੇ ਉਦਯੋਗਿਕ ਵਿਕਾਸ ਸੈਂਟਰ (ਕਰਿਡ), ਚੰਡੀਗੜ੍ਹ ਵਲੋਂ ਲੇਖਕ ਦੀ ਰਹਿਨੁਮਾਈ ਵਿਚ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਦੇ ਫਲਸਰੂਪ ਪੰਜਾਬ ਦੀ ਆਰਥਿਕਤਾ ਉਪਰ ਪਏ ਪ੍ਰਭਾਵ ਦਾ ਅਧਿਐਨ ਕੀਤਾ ਗਿਆ। ਪੁਲਵਾਮਾ ਹਮਲੇ ਤੋਂ ਬਾਅਦ 16 ਫਰਵਰੀ 2019 ਨੂੰ ਭਾਰਤ ਨੇ ਪਾਕਿਸਤਾਨ ਤੋਂ ਦਰਾਮਦਾਂ ਉੱਪਰ 200 ਪ੍ਰਤੀਸ਼ਤ ਕਸਟਮ ਡਿਊਟੀ ਲਗਾ ਦਿੱਤੀ ਸੀ ਅਤੇ 9 ਅਗਸਤ 2019 ਨੂੰ ਪਾਕਿਸਤਾਨ ਨੇ ਭਾਰਤ ਨਾਲ ਵਪਾਰ ਉਪਰ ਪੂਰਨ ਰੋਕ ਲਗਾ ਦਿੱਤੀ ਸੀ। ਫਲਸਰੂਪ ਭਾਰਤ-ਪਾਕਿਸਤਾਨ ਵਪਾਰ ਪੂਰਨ ਰੂਪ ਵਿਚ ਬੰਦ ਹੋ ਗਿਆ। ਇਸ ਦਾ ਸਭ ਤੋਂ ਵੱਧ ਮਾੜਾ ਪ੍ਰਭਾਵ ਵਾਹਗਾ ਬਾਰਡਰ ਰਾਹੀਂ ਹੋ ਰਹੇ ਵਪਾਰ ਉੱਪਰ ਪਿਆ। 2017-18 ਦੌਰਾਨ ਵਾਹਗਾ ਬਾਰਡਰ ਤੋਂ 5507 ਕਰੋੜ ਰੁਪਏ ਦਾ ਵਪਾਰ ਹੋਇਆ ਸੀ ਜੋ ਭਾਰਤ-ਪਾਕਿਸਤਾਨ ਦੇ ਸਮੁੱਚੇ ਵਪਾਰ ਦਾ ਤਕਰੀਬਨ ਚੌਥਾ ਹਿੱਸਾ ਬਣਦਾ ਹੈ। ਇਹ ਵਪਾਰ ਰੇਲ ਅਤੇ ਸੜਕੀ ਰਸਤੇ ਹੋ ਰਿਹਾ ਸੀ, ਸੜਕੀ-ਵਪਾਰ ਦਾ ਹਿੱਸਾ ਜ਼ਿਆਦਾ ਸੀ। ਅਚਾਨਕ ਵਪਾਰ ਬੰਦ ਹੋਣ ਨਾਲ ਪੰਜਾਬ ਵਿਚਲੀਆਂ (ਖਾਸਕਰ ਅੰਮ੍ਰਿਤਸਰ ਤੇ ਜਲੰਧਰ ਜ਼ਿਲ੍ਹਿਆਂ ਨੂੰ) ਬਹੁਤ ਸਾਰੀਆਂ ਆਰਥਿਕ ਸਰਗਰਮੀਆਂ ਨੂੰ ਭਾਰੀ ਧੱਕਾ ਲੱਗਾ। ਅਧਿਐਨ ਤੋਂ ਪਤਾ ਲੱਗਾ ਕਿ ਫਰਵਰੀ 2019 ਤੋਂ ਅਗਸਤ 2020 ਤੱਕ ਵਾਹਗਾ ਬਾਰਡਰ ਤੋਂ ਵਪਾਰ ਬੰਦ ਹੋਣ ਕਾਰਨ 16 ਮਹੀਨਿਆਂ ਦੇ ਅਰਸੇ ਦੌਰਾਨ ਪੰਜਾਬ ਨੂੰ 1609 ਕਰੋੜ ਰੁਪਏ ਦਾ ਨੁਕਸਾਨ ਹੋਇਆ। ਇਸ ਤੋਂ ਇਲਾਵਾ ਤਕਰੀਬਨ 10000 ਤੋਂ 12000 ਕਾਮਿਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਿਆ। ਫਲਸਰੂਪ ਲੱਖਾਂ ਪਰਿਵਾਰਾਂ ਦੀ ਉਪਜੀਵਿਕਾ ਨੂੰ ਨੁਕਸਾਨ ਹੋਇਆ। ਅਸਲ ਨੁਕਸਾਨ ਉਪਰੋਕਤ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੋਵੇਗਾ, ਕਿਉਂਕਿ ਕੋਵਿਡ ਦੇ ਚਲਦਿਆਂ ਅਸੀਂ ਪੂਰੇ ਅੰਦਾਜ਼ੇ ਨਹੀਂ ਲਗਾ ਸਕੇ।

ਅਧਿਐਨ ਤੋਂ ਬਾਅਦ 23 ਮਹੀਨੇ ਹੋਰ ਗੁਜ਼ਰ ਗਏ ਹਨ। ਇਨ੍ਹਾਂ 23 ਮਹੀਨਿਆਂ ਦੌਰਾਨ ਵਾਹਗਾ ਬਾਰਡਰ ਤੋਂ ਵਪਾਰ ਨਾ ਹੋਣ ਕਾਰਨ 2313 ਕਰੋੜ ਰੁਪਏ ਦਾ ਹੋਰ ਨੁਕਸਾਨ ਹੋ ਗਿਆ ਹੈ। ਫਰਵਰੀ 2019 ਤੋਂ ਜੁਲਾਈ 2022 ਤੱਕ ਤਕਰੀਬਨ 3922 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। 1975 ਤੋਂ 2012 ਤੱਕ ਵਾਹਗਾ ਬਾਰਡਰ ਰਾਹੀਂ ਬਹੁਤ ਘੱਟ ਵਪਾਰ ਹੋ ਰਿਹਾ ਸੀ। ਪਰ 2012 ਵਿਚ ਅਟਾਰੀ ਵਿਖੇ ਏਕੀਕ੍ਰਿਤ ਚੈੱਕ ਪੋਸਟ ਬਣਨ ਨਾਲ ਇਸ ਰਸਤੇ ਭਾਰਤ-ਪਾਕਿਸਤਾਨ ਵਪਾਰ ਵਧਣਾ ਸ਼ੁਰੂ ਹੋ ਗਿਆ ਪਰ ਇਸ ਚੈਕ ਪੋਸਟ 'ਤੇ ਭਾਰਤ ਸਰਕਾਰ ਨੇ ਅਜੇ ਤੱਕ ਸਮੁੱਚੇ ਟਰੱਕ ਨੂੰ ਸਕੈਨ ਕਰਨ ਵਾਲਾ ਸਕੈਨਰ ਅਜੇ ਤੱਕ ਚਾਲੂ ਨਹੀਂ ਕੀਤਾ ਜਿਸ ਕਾਰਨ ਵਪਾਰਕ ਕਾਰਜ-ਕੁਸ਼ਲਤਾ ਉੱਪਰ ਮਾੜਾ ਪ੍ਰਭਾਵ ਪੈ ਰਿਹਾ ਹੈ।

ਸੋ ਜ਼ਰੂਰਤ ਹੈ ਕਿ ਭਾਰਤ-ਪਾਕਿਸਤਾਨ ਵਪਾਰਕ ਸਬੰਧ ਵਧਾਏ ਜਾਣ ਅਤੇ ਵਾਹਗਾ ਬਾਰਡਰ ਰਾਹੀਂ ਵਪਾਰ ਵੀ ਵਧਾਇਆ ਜਾਵੇ। ਹੁਸੈਨੀਵਾਲਾ ਬਾਰਡਰ ਵੀ ਵਪਾਰ ਲਈ ਖੋਲ੍ਹਿਆ ਜਾਵੇ। ਅਜਿਹਾ ਕਰਨ ਨਾਲ ਨਾ ਕੇਵਲ ਪੰਜਾਬ ਨੂੰ ਬਲਕਿ ਪੰਜਾਬ ਦੇ ਨਾਲ ਲਗਦੇ ਹੋਰ ਰਾਜਾਂ ਨੂੰ ਵੀ ਫਾਇਦਾ ਹੋਵੇਗਾ। ਨਾਲ ਹੀ ਭਾਰਤ ਜ਼ਮੀਨੀ ਰਸਤਿਆਂ ਰਾਹੀਂ ਮੱਧ-ਪੂਰਬੀ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਤੱਕ ਆਪਣੀ ਵਪਾਰਕ ਪਹੁੰਚ ਵਧਾ ਸਕਦਾ ਹੈ। ਵਾਹਗਾ ਬਾਰਡਰ ਅਤੇ ਹੁਸੈਨੀਵਾਲਾ ਬਾਰਡਰ ਤੋਂ ਵਪਾਰ ਵਧਾਉਣ ਲਈ ਪੰਜਾਬ ਅਤੇ ਇਸਦੇ ਗੁਆਂਢੀ ਰਾਜਾਂ ਨੂੰ ਅਤੇ ਇਨ੍ਹਾਂ ਦੀਆਂ ਸਿਆਸੀ ਪਾਰਟੀਆਂ, ਮੀਡੀਆ ਤੇ ਬੁੱਧੀਜੀਵੀਆਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਪਵੇਗਾ ਤਾਂ ਕਿ ਇਹ ਇਕ ਅਹਿਮ ਮੁੱਦਾ ਬਣ ਜਾਵੇ ਅਤੇ ਕੇਂਦਰ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਲਈ ਮਜਬੂਰ ਹੋਣਾ ਪਵੇ।

ਭਾਰਤ-ਪਾਕਿਸਤਾਨ ਵਿਚ ਵਪਾਰਕ ਅਤੇ ਆਰਥਿਕ ਸਬੰਧ ਮਜ਼ਬੂਤ ਹੋਣ ਨਾਲ ਦੋਵਾਂ ਮੁਲਕਾਂ ਦੇ ਆਪਸੀ ਕੂਟਨੀਤਕ ਅਤੇ ਰਾਜਨੀਤਕ ਸਬੰਧ ਵੀ ਮਜ਼ਬੂਤ ਹੋ ਸਕਦੇ ਹਨ। ਫਲਸਰੂਪ ਖਿੱਤੇ ਵਿਚ ਸ਼ਾਂਤੀ ਵਾਲਾ ਮਾਹੌਲ ਬਣੇਗਾ ਅਤੇ ਸ਼ਾਂਤੀ ਆਰਥਿਕ ਵਿਕਾਸ ਲਈ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ। ਵਾਹਗਾ ਅਤੇ ਹੁਸੈਨੀਵਾਲਾ ਸਰਹੱਦਾਂ ਰਾਹੀਂ ਵਪਾਰ ਵਧਾਉਣ ਨੂੰ ਵੀ ਇਸੇ ਪ੍ਰਸੰਗ ਵਿਚ ਰੱਖ ਕੇ ਦੇਖਣ ਦੀ ਲੋੜ ਹੈ, ਕਿਉਂਕਿ ਇਸ ਵਿਚ ਆਰਥਿਕ ਵਿਕਾਸ ਦੀਆਂ ਬਹੁਤ ਵੱਡੀਆਂ ਸੰਭਾਵਨਾਵਾਂ ਲੁਕੀਆਂ ਹੋਈਆਂ ਹਨ।


*ਆਰ.ਐਸ.ਐਸ.-ਭਾਜਪਾ ਸਰਕਾਰ ਵੱਲੋਂ ਵਿਸ਼ਵ ਗੁਰੂ ਬਣਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਹ ਬਿਰਤਾਂਤ ਸਿਰਜਿਆ ਗਿਆ ਹੈ ਕਿ ਪਿਛਲੇ ਸੱਤ ਦਹਾਕਿਆਂ 'ਚ ਮੁਲਕ ਨੇ ਕੌਮਾਂਤਰੀ ਪੱਧਰ 'ਤੇ ਇੰਨਾ ਨਾਮਣਾ ਨਹੀਂ ਖੱਟਿਆ ਜਿੰਨਾ ਮਾਣ-ਤਾਣ ਆਲਮੀ ਭਾਈਚਾਰੇ 'ਚ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਮਿਲਿਆ ਹੈ। ਆਜ਼ਾਦੀ ਦੇ 75ਵੇਂ ਉਤਸਵ ਨੂੰ 'ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ' ਨਾਂ ਦਿੱਤਾ ਗਿਆ ਹੈ। 'ਹਰ ਘਰ ਤਿਰੰਗਾ' ਮੁਹਿੰਮ ਜ਼ੋਰਾਂ 'ਤੇ ਹੈ ਪਰ ਆਰਥਿਕਤਾ ਜੋ ਸਮਾਜੀ ਤਰੱਕੀ ਦੀ ਬੁਨਿਆਦ ਹੈ, ਦੇ ਖੇਤਰ ਵਿਚ ਭਾਰਤ ਦੀ ਕਾਰਗੁਜ਼ਾਰੀ ਇਸ ਤੋਂ ਵੱਖਰੀ ਤਸਵੀਰ ਪੇਸ਼ ਕਰਦੀ ਹੈ। ਮਸ਼ਹੂਰ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਆਪਣੇ 30 ਜੁਲਾਈ 2022 ਦੇ ਅੰਕ 'ਚ ਰੁਪਏ ਆ ਰਹੀ ਗਿਰਾਵਟ ਬਾਰੇ ਤਬਸਰਾ ਕੀਤਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

# ਸੁਤੰਤਰਤਾ ਦੇ 75ਵੇਂ ਸਾਲ, ਰੁਪਿਆ 80 'ਤੇ ਜਾ ਡਿਗਿਆ

ਰੁਪਏ ਦੀ ਕੀਮਤ 'ਚ ਗਿਰਾਵਟ ਦੀ ਨੂੰ ਲੈ ਕੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੂੰ ਨਮੋਸ਼ੀ ਹੋਣੀ ਚਾਹੀਦੀ ਹੈ ਜੋ ਅਕਸਰ ਹੀ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਏ.ਪੀ.) ਸਰਕਾਰ ਦਾ ਇਸ ਲਈ ਮਜ਼ਾਕ ਉਡਾਉਂਦੇ ਰਹੇ ਹਨ ਕਿ ਉਸ ਦੇ ਰਾਜ ਦੌਰਾਨ ਰੁਪਏ ਦੀ ਕੀਮਤ 'ਚ ਗਿਰਾਵਟ ਆਉਂਦੀ ਰਹੀ ਹੈ ਅਤੇ ਉਹ ਇਸ ਨੂੰ ਰੋਕਣ ਦੇ ਅਸਮਰੱਥ ਸੀ। ਤਾਜ਼ਾ ਰੁਝਾਨ ਦਰਸਾਉਂਦੇ ਹਨ ਕਿ ਰੁਪਇਆ ਜੋ ਜਨਵਰੀ 2022 ਦੇ ਸ਼ੁਰੂ 'ਚ 74 ਰੁਪਏ ਪ੍ਰਤੀ ਡਾਲਰ ਦੇ ਕਰੀਬ ਸੀ, ਜੁਲਾਈ ਦੇ ਚੌਥੇ ਹਫਤੇ ਹੋਰ ਜ਼ਿਆਦਾ ਘਟ ਕੇ 80 ਰੁਪਏ ਪ੍ਰਤੀ ਡਾਲਰ ਰਹਿ ਗਈ ਹੈ, ਯਾਨੀ ਤਕਰੀਬਨ 8 ਫੀਸਦ ਗਿਰਾਵਟ।

ਨਿਰਪੱਖ ਗੱਲ ਕਰਨੀ ਹੋਵੇ ਤਾਂ ਭਾਰਤੀ ਰੁਪਿਆ ਹੀ ਇਕਲੌਤੀ ਕਰੰਸੀ ਨਹੀਂ ਜਿਸ ਦੀ ਕੀਮਤ 'ਚ ਇਸ ਵਕਤ ਡਾਲਰ ਦੇ ਮੁਕਾਬਲੇ ਗਿਰਾਵਟ ਆਈ ਹੈ। ਕੁਲ ਦੁਨੀਆ 'ਚ ਕਰੰਸੀ ਅਥਾਰਟੀਜ਼ ਦੁਆਰਾ ਸੌਫਟ ਮਨੀ ਦਾ ਰੁਖ ਬਦਲਣ ਦੇ ਹਿੱਸੇ ਵਜੋਂ ਵਿਆਜ ਦਰਾਂ ਵਿਚ ਇੱਕੋ ਸਮੇਂ ਕੀਤੇ ਵਾਧੇ ਤੋਂ ਬਾਅਦ ਆਲਮੀ ਮੁਦਰਾ ਬਾਜ਼ਾਰ ਵਹਾਅ 'ਚ ਹੈ। ਅਮਰੀਕਾ ਦੇ ਫੈਡਰਲ ਰਿਜ਼ਰਵ ਵੱਲੋਂ ਮਾਰਚ 2022 ਤੋਂ ਲੈ ਕੇ ਦਰਾਂ ਵਧਾਏ ਜਾਣ ਨਾਲ 150 ਅਧਾਰ ਅੰਕਾਂ ਦਾ ਵਾਧਾ ਹੋਇਆ ਹੈ; ਹਾਲਾਂਕਿ, ਮਹੱਤਵਪੂਰਨ ਕਰੰਸੀਆਂ ਦੀਆਂ ਵਟਾਂਦਰਾ ਦਰਾਂ ਵਿਚ ਰੁਝਾਨ ਤਿੱਖੇ ਰੂਪ 'ਚ ਵਖਰੇਵੇਂ ਵਾਲੇ ਹਨ। ਦਰਅਸਲ, ਕੁਝ ਮੁੱਖ ਕਰੰਸੀਆਂ ਸਾਲ ਦੇ ਪਹਿਲੇ ਸੱਤ ਮਹੀਨਿਆਂ 'ਚ ਡਾਲਰ ਦੇ ਮੁਕਾਬਲੇ 'ਚ ਉੱਭਰੀਆਂ ਜਾਂ ਮਜ਼ਬੂਤ ਹੋਈਆਂ ਹਨ ਜਿਨ੍ਹਾਂ 'ਚ ਬ੍ਰਾਜ਼ੀਲੀਅਨ ਰੀਆਲ (4.7%), ਬ੍ਰਿਟਿਸ਼ ਪੌਂਡ (7.2%) ਅਤੇ ਯੂਰੋ (9.8%) ਸ਼ਾਮਿਲ ਹਨ। ਇਸ ਦੌਰਾਨ ਰੁਪਏ 'ਚ 4.3% ਗਿਰਾਵਟ ਆਈ।

ਕੁਝ ਕਰੰਸੀਆਂ 'ਚ ਰੁਪਏ ਤੋਂ ਵੀ ਤੇਜ਼ੀ ਨਾਲ ਗਿਰਾਵਟ ਆਈ ਹੈ। ਇਨ੍ਹਾਂ ਵਿਚ ਜਾਪਾਨੀ ਯੇਨ (15.4%), ਦੱਖਣੀ ਕੋਰੀਆਈ ਵੌਨ (10.6%), ਥਾਈ ਬਾਹਤ (9.6%), ਫਿਲੀਪੀਨੀ ਪੀਸੋ (8.5%), ਅਤੇ ਦੱਖਣੀ ਅਫਰੀਕੀ ਰੈਂਡ (7%) ਸ਼ਾਮਲ ਹਨ। ਕੁਝ ਹੋਰ ਕਰੰਸੀਆਂ ਜਿਨ੍ਹਾਂ 'ਚ ਰੁਪਏ ਦੇ ਮੁਕਾਬਲੇ ਬਹੁਤ ਹੌਲੀ ਰਫਤਾਰ ਨਾਲ ਗਿਰਾਵਟ ਆਈ ਹੈ, ਉਨ੍ਹਾਂ ਵਿਚ ਰੂਸੀ ਰੂਬਲ (0.4%), ਚੀਨੀ ਯੁਆਨ (0.6%), ਸਿੰਗਾਪੁਰ ਡਾਲਰ (2.6%) ਅਤੇ ਸਵਿਸ ਫ੍ਰੈਂਕ (4.1%) ਸ਼ਾਮਿਲ ਹਨ। ਸਮੁੱਚੇ ਪੱਧਰ 'ਤੇ, ਯੂ.ਐੱਸ. ਡਾਲਰ ਸੂਚਕ ਅੰਕ ਜੋ ਕਰੰਸੀਆਂ ਦੇ ਇਕ ਅੰਕ ਦੇ ਰੂਪ ਵਿਚ ਡਾਲਰ ਦੇ ਮੁੱਲ ਨੂੰ ਮਾਪਦਾ ਹੈ, ਜਨਵਰੀ 2022 ਦੇ ਸ਼ੁਰੂ 'ਚ 96.17 ਤੋਂ ਵਧ ਕੇ ਜੁਲਾਈ ਦੇ ਅੰਤ ਵਿਚ 106.7 ਤੋਂ ਵਧੇਰੇ ਹੋ ਗਿਆ ਹੈ, ਇਹ ਲੱਗਭੱਗ 11% ਦਾ ਵਾਧਾ ਹੈ। ਨਿਸ਼ਚਿਤ ਤੌਰ 'ਤੇ, ਫੈਡਰਲ ਰਿਜ਼ਰਵ ਦੀ ਦਖ਼ਲਅੰਦਾਜ਼ੀ ਤੋਂ ਬਾਦ ਡਾਲਰ ਦੀ ਚੋਖੀ ਮਜ਼ਬੂਤੀ ਦੇ ਬਾਵਜੂਦ ਰੁਪਏ ਨੇ ਅਜੇ ਆਪਣੇ ਆਪ ਨੂੰ ਸੰਭਾਲਿਆ ਹੋਇਆ ਹੈ।



ਰੁਪਏ ਦੀ ਕੀਮਤ 'ਚ ਗਿਰਾਵਟ ਦਾ ਮੁੱਖ ਕਾਰਨ ਡਾਲਰ ਦੀ ਮੰਗ ਅਤੇ ਸਪਲਾਈ 'ਚ ਵਧ ਰਿਹਾ ਕੁਜੋੜ ਹੈ। ਡਾਲਰ ਦੀ ਵਧਦੀ ਮੰਗ ਵਿਚ ਯੋਗਦਾਨ ਪਾਉਣ ਵਾਲਾ ਮਹੱਤਵਪੂਰਨ ਕਾਰਕ ਦਰਾਮਦਾਂ ਦਾ ਵਧਣਾ ਹੈ ਜਿਸ ਨੇ ਵਪਾਰ ਘਾਟੇ ਨੂੰ ਕਾਫੀ ਜ਼ਿਆਦਾ ਵਧਾ ਦਿੱਤਾ ਹੈ। ਵਪਾਰ ਘਾਟਾ ਜਨਵਰੀ 'ਚ 17.3 ਅਰਬ ਡਾਲਰ ਤੋਂ ਵਧ ਕੇ ਜੂਨ 2022 'ਚ 25.6 ਅਰਬ ਡਾਲਰ ਹੋ ਗਿਆ ਜੋ ਮੁੱਖ ਤੌਰ 'ਤੇ ਤੇਲ ਦੇ ਦਰਾਮਦ ਬਿੱਲਾਂ ਵਿਚ ਵਾਧਾ ਹੋਣ ਕਰਕੇ ਹੈ। ਹਾਲਾਂਕਿ ਚਾਲੂ ਖਾਤੇ ਦਾ ਘਾਟਾ ਜੋ 2021-22 ਦੀ ਤੀਜੀ ਤਿਮਾਹੀ 'ਚ ਕੁਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ 2.6% ਸੀ ਉਹ ਘਟ ਕੇ ਚੌਥੀ ਤਿਮਾਹੀ 'ਚ ਜੀ.ਡੀ.ਪੀ. ਦੇ 1.5% ਤੱਕ ਆ ਗਿਆ ਹੈ ਪਰ ਭਵਿੱਖਬਾਣੀ ਇਹ ਹੈ ਕਿ ਚਾਲੂ ਖਾਤੇ ਦਾ ਘਾਟਾ ਜੋ 2021 'ਚ ਜੀ.ਡੀ.ਪੀ. ਦਾ 1.2% ਹੈ, ਦੇ 2022-23 ਵਿਚ ਜੀ.ਡੀ.ਪੀ. 2.8% ਤੱਕ ਦੁੱਗਣੇ ਤੋਂ ਵੀ ਵਧੇਰੇ ਹੋ ਜਾਣ ਦੀ ਉਮੀਦ ਹੈ।

ਇਸ ਤੋਂ ਬਿਨਾ, ਇਕੁਇਟੀ (ਖਰਚੇ ਵਗੈਰਾ ਕੱਢ ਕੇ ਸੰਪਤੀ ਦਾ ਅਸਲ ਮੁੱਲ) ਅਤੇ ਕਰਜ਼ਾ ਮੰਡੀਆਂ ਵਿਚ ਨਿਵੇਸ਼ ਕੀਤੇ ਡਾਲਰ ਦੇ ਵਹਾਅ ਨੇ ਵੀ ਗਿਰਾਵਟ ਵਿਚ ਯੋਗਦਾਨ ਪਾਇਆ ਹੈ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਦੇ ਸਮੁੱਚੇ ਆਊਟਫਲੋ (ਆਪਣਾ ਧਨ ਵਾਪਸ ਲਿਜਾਣਾ) ਹੁਣ ਵਧੇ ਹਨ। ਸਮੁੱਚਾ ਆਊਟਫਲੋ ਵਧ ਕੇ 1.2 ਲੱਖ ਕਰੋੜ ਰੁਪਏ ਹੋਣ ਨਾਲ ਬਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਨੇ ਚਾਲੂ ਵਿੱਤੀ ਸਾਲ 'ਚ ਲਗਾਤਾਰ ਨੌਂ ਮਹੀਨਿਆਂ ਤੱਕ ਭਾਰੀ ਵਿਕਰੀ ਕੀਤੀ ਹੈ। ਅਤੇ ਕੇਂਦਰ ਸਰਕਾਰ ਦੀਆਂ ਸਕਿਉਰਿਟੀਆਂ ਵਿਚ ਉਨ੍ਹਾਂ ਦੀ ਹੋਲਡਿੰਗ ਅਤੇ ਕਾਰਪੋਰੇਟ ਬੌਂਡ ਭਾਗ ਵਿਚ ਉਨ੍ਹਾਂ ਦੇ ਪੂੰਜੀ-ਨਿਵੇਸ਼ ਵੀ ਆਪਣੇ ਸਿਖਰਲੇ ਪੱਧਰ ਤੋਂ ਹੇਠਾਂ ਆ ਗਏ ਹਨ। ਇਸ ਦੇ ਮੁਕਾਬਲੇ, ਡਾਲਰ ਦੀ ਸਪਲਾਈ ਵਿਚ ਗਿਰਾਵਟ ਆਈ ਹੈ ਕਿਉਂਕਿ ਮੌਜੂਦਾ ਵਿੱਤੀ ਸਾਲ 'ਚ ਵਿਦੇਸ਼ਾਂ ਤੋਂ ਸਿੱਧੇ ਵਿਦੇਸ਼ੀ ਪੂੰਜੀ-ਨਿਵੇਸ਼ ਦਾ ਵਹਾਅ ਅਤੇ ਕਾਰਪੋਰੇਟ ਫਰਮਾਂ ਦੁਆਰਾ ਬਾਹਰੀ ਵਪਾਰਕ ਉਧਾਰ ਵਿਚ ਸੀਮਾਂਤ ਰੂਪ 'ਚ ਗਿਰਾਵਟ ਆਈ ਹੈ।

ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਆਪਣੇ ਵਿਦੇਸ਼ੀ ਮੁਦਰਾ ਭੰਡਾਰ 'ਚੋਂ ਡਾਲਰ ਵੇਚ ਕੇ ਇਸ ਵਧਦੀ ਮੰਗ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਤੀਜੇ ਵਜੋਂ ਵਿਦੇਸ਼ੀ ਮੁਦਰਾ ਭੰਡਾਰ ਦੇ ਆਕਾਰ ਵਿਚ ਭਾਰੀ ਕਮੀ ਆਈ ਹੈ ਜੋ ਸਤੰਬਰ 2021 ਦੇ ਸ਼ੁਰੂ 'ਚ 642 ਅਰਬ ਡਾਲਰ ਦੇ ਉਚੇ ਪੱਧਰ ਤੋਂ ਡਿਗ ਕੇ ਜੁਲਾਈ 2022 ਦੇ ਪਹਿਲੇ ਹਫਤੇ ਤੱਕ 580 ਅਰਬ ਡਾਲਰ ਰਹਿ ਗਿਆ ਹੈ; ਹਾਲਾਂਕਿ, 9.5 ਮਹੀਨਿਆਂ ਦੇ ਦਰਾਮਦ ਨੂੰ ਵਿੱਤ ਮੁਹੱਈਆ ਕਰਨ ਜੋਗੇ ਫੰਡ ਹੋਣ ਕਾਰਨ ਵਿਦੇਸ਼ੀ ਐਕਸਚੇਂਜ ਰਿਜ਼ਰਵ ਅਜੇ ਵੀ ਲੋੜੀਂਦੇ ਪੱਧਰ 'ਤੇ ਹਨ, ਫਿਰ ਵੀ ਕੇਂਦਰੀ ਬੈਂਕ ਇਕ ਹੱਦ ਤੋਂ ਅੱਗੇ ਰੁਪਏ ਦੀ ਸੁਰੱਖਿਆ ਨਹੀਂ ਕਰ ਸਕਦਾ।

ਰੁਪਏ ਦੀ ਗਿਰਾਵਟ ਦਾ ਅਰਥਚਾਰੇ 'ਤੇ ਵੱਖਰੀ ਤਰ੍ਹਾਂ ਦਾ ਅਸਰ ਪੈਂਦਾ ਹੈ। ਇਹ ਦਾਅਵਾ ਅਕਸਰ ਕੀਤਾ ਜਾਂਦਾ ਹੈ ਕਿ ਰੁਪਏ ਦੀ ਗਿਰਾਵਟ ਬਰਾਮਦਕਾਰਾਂ ਲਈ ਸਹਾਈ ਹੋਵੇਗੀ ਕਿਉਂਕਿ ਇਹ ਭਾਰਤੀ ਵਸਤੂਆਂ ਨੂੰ ਡਾਲਰ ਦੇ ਰੂਪ ਵਿਚ ਸਸਤੀਆਂ ਕਰ ਦਿੰਦੀ ਹੈ ਅਤੇ ਬਰਾਮਦਕਾਰਾਂ ਨੂੰ ਰੁਪਏ ਦੀ ਵਧੇਰੇ ਮੁਹੱਈਆ ਕਰਾਉਂਦੀ ਹੈ ਪਰ ਹੁਣ ਅਜਿਹਾ ਹੋਣ ਦੀ ਸੰਭਾਵਨਾ ਨਹੀਂ ਹੈ। ਇਹ ਇਸ ਕਰਕੇ ਹੈ ਕਿਉਂਕਿ ਰੁਪਏ ਦੀ 40-ਮੁਦਰਾ ਵਾਸਤਵਿਕ ਪ੍ਰਭਾਵੀ ਵਟਾਂਦਰਾ ਦਰ ਜੋ ਕੀਮਤ ਦੇ ਅੰਤਰ ਲਈ ਐਡਜਸਟ ਕੀਤੀਆਂ ਕਰੰਸੀਆਂ ਦੀ ਨਾਮਨਿਹਾਦ ਵਟਾਂਦਰਾ ਦਰ ਦੀ ਵਧੇਰੇ ਮਹੱਤਵ ਦਿੱਤੇ ਜਾਣ ਵਾਲੀ ਔਸਤ ਹੈ, ਉਹ 2020-21 'ਚ 103.5 ਤੋਂ ਵਧ ਕੇ 2021-22 'ਚ 104.7 ਹੋ ਗਈ ਹੈ ਤੇ ਹੁਣ ਮਾਮੂਲੀ ਘਟ ਕੇ 104.1 ਰਹਿ ਗਈ ਹੈ। ਰੁਪਏ ਦੀ ਮਜ਼ਬੂਤ ਵਾਸਤਵਿਕ ਪ੍ਰਭਾਵੀ ਵਟਾਂਦਰਾ ਦਰ ਬਰਾਮਦ ਮੁਹਾਜ਼ ਉੱਪਰ ਕਿਸੇ ਵੀ ਲਾਭ ਨੂੰ ਸੀਮਤ ਕਰ ਸਕਦੀ ਹੈ।

ਵਧੇਰੇ ਮਹੱਤਵਪੂਰਨ ਗੱਲ ਇਹ ਹੈ ਕਿ ਰੁਪਏ ਦੀ ਗਿਰਾਵਟ ਦਾ ਵਿਦੇਸ਼ੀ ਪੂੰਜੀ-ਨਿਵੇਸ਼ ਅਤੇ ਕੀਮਤਾਂ 'ਤੇ ਮਾੜਾ ਅਸਰ ਪਵੇਗਾ। ਵਿਦੇਸ਼ੀ ਨਿਵੇਸ਼ਕ ਖਾਸ ਤੌਰ 'ਤੇ ਜੋ ਇਕੁਇਟੀ ਅਤੇ ਕਰਜੇ ਦੇ ਬਾਜ਼ਾਰਾਂ ਵਿਚ ਹਨ, ਸਥਿਰ ਵਟਾਂਦਰਾ ਦਰਾਂ ਨੂੰ ਤਰਜ਼ੀਹ ਦਿੰਦੇ ਹਨ ਜੋ ਉਨ੍ਹਾਂ ਨੂੰ ਧਨ ਨੂੰ ਲਾਭਦਾਇਕ ਢੰਗ ਨਾਲ ਵਾਪਸ ਭੇਜਣ ਦੀ ਇਜਾਜ਼ਤ ਦਿੰਦੇ ਹਨ; ਹਾਲਾਂਕਿ, ਰੁਪਏ ਦੀ ਗਿਰਾਵਟ ਦਾ ਸਭ ਤੋਂ ਬੁਰਾ ਅਸਰ ਮਹਿੰਗਾਈ 'ਤੇ ਪਵੇਗਾ ਕਿਉਂਕਿ ਇਹ ਦਰਾਮਦਾਂ ਦੀਆਂ ਰੁਪਏ 'ਚ ਕੀਮਤਾਂ 'ਚ ਵਾਧਾ ਕਰੇਗਾ, ਖਾਸਕਰ ਤੇਲ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ। ਦਰਅਸਲ ਲੰਮੇ ਸਮੇਂ ਦੇ ਰੁਝਾਨ ਦਰਸਾਉਂਦੇ ਹਨ ਕਿ ਜਦੋਂ ਵੀ ਰੁਪਏ 'ਚ ਤੇਜ਼ੀ ਨਾਲ ਗਿਰਾਵਟ ਆਉਂਦੀ ਹੈ, ਖਪਤਕਾਰ ਅਤੇ ਥੋਕ ਦੋਵੇਂ ਤਰ੍ਹਾਂ ਦੀਆਂ ਕੀਮਤਾਂ 'ਚ ਆਮ ਤੌਰ 'ਤੇ ਵਾਧਾ ਹੋ ਜਾਂਦਾ ਹੈ।

ਸਰਕਾਰ ਅਤੇ ਕੇਂਦਰੀ ਬੈਂਕ ਨੇ ਰੁਪਏ ਦੀ ਵਟਾਂਦਰਾ ਦਰ ਨੂੰ ਸਥਿਰ ਕਰਨ ਲਈ ਮੁਲਕ ਵਿਚ ਡਾਲਰ ਦੇ ਵਹਿਣ ਨੂੰ ਵਧਾਉਣ ਅਤੇ ਬਾਹਰ ਜਾਣ ਨੂੰ ਰੋਕਣ ਲਈ ਕਈ ਉਪਾਵਾਂ ਦਾ ਐਲਾਨ ਕੀਤਾ ਹੈ। ਹੌਲੀ ਆਲਮੀ ਆਰਥਿਕ ਵਾਧਾ ਦਰ ਦੇ ਵਧੇਰੇ ਹੌਲੀ ਰਫਤਾਰ ਨਾਲ ਹੋਣ ਦੀਆਂ ਭਵਿੱਖਬਾਣੀਆਂ ਤੇਲ ਦੀਆਂ ਅੰਤਰਰਾਸ਼ਟਰੀ ਕੀਮਤਾਂ ਨੂੰ ਘੱਟ ਕਰਨ ਅਤੇ ਡਾਲਰ ਦੀ ਮੰਗ ਨੂੰ ਘਟਾਉਣ ਦੀ ਆਸ ਬੰਨਾਉਂਦੀਆਂ ਹਨ। ਹਾਲਾਂਕਿ, ਜੇ ਯੂ.ਐੱਸ. ਫੈਡਰਲ ਰਿਜ਼ਰਵ ਹਮਲਾਵਰ ਰੁਖ ਅਪਣਾਉਣਾ ਜਾਰੀ ਰੱਖਦਾ ਹੈ ਅਤੇ ਦਰਾਂ ਵਿਚ ਵਾਧਾ ਕਰਦਾ ਰਹਿੰਦਾ ਹੈ ਤਾਂ ਆਰ.ਬੀ.ਆਈ. ਨੂੰ ਵੀ ਮੁੜ ਦਰਾਂ ਵਧਾਉਣੀਆਂ ਪੈਣਗੀਆਂ। ਕੁਲ ਮਿਲਾ ਕੇ, ਸਿਰਫ ਦਰਾਮਦਾਂ ਦੇ ਮੁਕਾਬਲੇ ਬਰਾਮਦ ਵਧਾ ਕੇ ਅਤੇ ਵਪਾਰਕ ਮੋਰਚੇ 'ਤੇ ਅਸੰਤੁਲਨ ਨੂੰ ਠੀਕ ਕਰਕੇ ਹੀ ਸਥਿਰ ਰੁਪਈਆ ਯਕੀਨੀ ਬਣਾਇਆ ਜਾ ਸਕਦਾ ਹੈ।

---

# 'ਹਰ ਘਰ ਤਿਰੰਗਾ' ਮੁਹਿੰਮ 'ਤੇ ਸਿਆਸਤ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਹਰ ਘਰ ਤਿਰੰਗਾ' ਮੁਹਿੰਮ ਦਾ ਐਲਾਨ ਕਰਦਿਆਂ ਲੋਕਾਂ ਨੂੰ ਆਪੋ-ਆਪਣੇ ਘਰਾਂ ਵਿਚ 13 ਤੋਂ 15 ਅਗਸਤ ਦਰਮਿਆਨ ਤਿਰੰਗਾ ਲਹਿਰਾਉਣ ਦੀ ਅਪੀਲ ਕੀਤੀ ਹੈ। ਭਾਰਤ ਦੀ ਆਜ਼ਾਦੀ ਦੇ 75 ਸਾਲਾ ਦਿਵਸ ਮੌਕੇ ਮਨਾਏ ਜਾ ਰਹੇ ਅੰਮ੍ਰਿਤ ਮਹਾਂਉਤਸਵ 'ਤੇ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀਆਂ ਸਮੇਤ ਭਾਜਪਾ ਆਗੂਆਂ ਨੂੰ ਸੋਸ਼ਲ ਮੀਡੀਆ 'ਤੇ ਆਪਣੀ ਪ੍ਰੋਫਾਈਲ ਤਸਵੀਰ ਵਿਚ ਵੀ ਤਿਰੰਗੇ ਦੀ ਤਸਵੀਰ ਲਾਉਣ ਲਈ ਕਿਹਾ ਹੈ। ਇਸ ਐਲਾਨ ਤੋਂ ਬਾਅਦ ਭਾਰਤੀ ਮੀਡੀਆ ਨੇ ਬਹਿਸ ਸ਼ੁਰੂ ਕਰ ਦਿੱਤੀ। ਕੁਝ ਟੀ.ਵੀ. ਚੈਨਲ ਦੇਖਣ 'ਤੇ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਇਹੋ ਇੱਕੋ-ਇੱਕ ਮੁੱਦਾ ਹੈ।

ਦੂਰੋਂ ਦੇਖਣ/ਸੁਣਨ ਨੂੰ ਇਹ ਅਪੀਲ ਚੰਗੀ ਲੱਗਦੀ ਹੈ ਪਰ ਗਹੁ ਨਾਲ ਤੱਕਿਆਂ ਇਸ ਦੇ ਮਾਇਨੇ ਬਹੁਤ ਗੰਭੀਰ ਨਜ਼ਰ ਆਉਂਦੇ ਹਨ। ਪਹਿਲੀ ਤਾਂ ਇਹ ਪ੍ਰਾਪੇਗੰਡਾ ਮੁਹਿੰਮ ਨਜ਼ਰ ਆਉਂਦੀ ਹੈ। ਜਦ ਦੇਸ਼ ਮਹਿੰਗਾਈ, ਬੇਰੁਜ਼ਗਾਰੀ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਤਾਂ ਉਹਨਾਂ ਸਮੱਸਿਆਵਾਂ 'ਤੇ ਕਾਬੂ ਪਾਉਣ ਦੀ ਬਜਾਇ ਪੂਰੀ ਸਟੇਟ ਮਸ਼ੀਨਰੀ ਇਸ ਪ੍ਰਚਾਰ 'ਤੇ ਲਾ ਦਿੱਤੀ ਹੈ। ਕਿਹਾ ਜਾਂਦਾ ਹੈ ਕਿ 'ਭੁੱਖੇ ਢਿੱਡ ਤਾਂ ਭਗਤੀ ਵੀ ਨਹੀਂ ਹੁੰਦੀ' ਤਾਂ ਸਭ ਤੋਂ ਪਹਿਲਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਢਿੱਡ ਭਰਨ ਬਾਰੇ ਸੋਚੇ। ਪਿਛਲੇ ਦਿਨਾਂ ਤੋਂ ਇਹ ਵਿਅੰਗ ਸੋਸ਼ਲ ਮੀਡੀਆ 'ਤੇ ਘੁੰਮ ਰਿਹਾ ਹੈ ਕਿ 'ਇਸ ਗਰੀਬ ਕੋਲ ਝੰਡਾ ਤਾਂ ਹੈ ਪਰ ਝੰਡਾ ਲਾਉਣ ਲਈ ਘਰ ਨਹੀਂ ਹੈ। ਇਸ ਨੂੰ ਘਰ ਦਿੱਤਾ ਜਾਵੇ ਤਾਂ ਕਿ ਇਹ ਝੰਡਾ ਲਗਾ ਸਕੇ। ਦੂਜਾ ਇਹ ਕਿ ਪ੍ਰਧਾਨ ਮੰਤਰੀ ਜੀ ਨੇ ਆਪਣੀ ਜ਼ਿੰਦਗੀ ਦਾ ਲੰਮਾ ਸਮਾਂ ਉਸ ਸੰਸਥਾ ਵਿਚ ਗੁਜ਼ਾਰਿਆ ਹੈ ਜੋ ਤਿੰਰਗਾ ਲਹਿਰਾਉਣ ਤੋਂ ਇਨਕਾਰੀ ਰਹੀ ਹੈ। ਦਰਅਸਲ, 1925 ਵਿਚ ਹੋਂਦ ਵਿਚ ਆਈ ਆਰ.ਐਸ.ਐਸ. ਦਾ ਆਪਣਾ ਝੰਡਾ ਭਗਵਾਂ ਹੈ ਤੇ ਇਹ ਸੱਚ ਹੈ ਕਿ ਇਸ ਨੇ ਕਦੇ ਤਿਰੰਗੇ ਨੂੰ ਸਵੀਕਾਰ ਨਹੀਂ ਕੀਤਾ। 1930 ਵਿਚ ਸੰਘ ਚਾਲਕ ਹੈਡਗੇਵਾਰ ਨੇ ਸਾਰੇ ਸਵੈਮਸੇਵਕਾਂ ਨੂੰ ਕੌਮੀ ਝੰਡੇ ਵਜੋਂ ਭਗਵਾਂ ਝੰਡੇ ਦੀ ਪੂਜਾ ਕਰਨ ਦਾ ਆਦੇਸ਼ ਦਿੰਦਿਆਂ ਸਰਕੂਲਰ ਜਾਰੀ ਕੀਤਾ ਸੀ। ਆਰ.ਐੱਸ.ਐੱਸ. ਦੇ ਆਗੂ ਰਹੇ ਐੱਮ.ਐੱਸ. ਗੋਲਵਲਕਰ ਨੇ ਕਿਹਾ ਸੀ ਕਿ ਭਗਵਾਂ ਝੰਡਾ ਭਾਰਤੀ ਸੰਸਕ੍ਰਿਤੀ ਦੀ ਅਗਵਾਈ ਕਰਦਾ ਹੈ।

ਤਿਰੰਗੇ ਝੰਡੇ ਦਾ ਇਤਿਹਾਸ ਦੇਖੀਏ ਤਾਂ ਇਹ 15 ਅਗਸਤ 1947 ਦੇ ਆਜ਼ਾਦੀ ਦਿਵਸ ਤੋਂ ਪਹਿਲਾਂ ਹੀ ਹੋਂਦ ਵਿਚ ਆ ਚੁੱਕਾ ਸੀ। ਅੰਗਰੇਜ਼ ਹਕੂਮਤ ਸਮੇਂ ਭਾਰਤ ਵਿਚ ਅੰਗਰੇਜ਼ੀ ਸਾਮਰਾਜ ਦਾ ਝੰਡਾ 'ਯੂਨੀਅਨ ਜੈਕ' ਲਹਿਰਾਉਂਦਾ ਸੀ; ਜਦ ਆਜ਼ਾਦੀ ਦੀ ਲਹਿਰ ਨੇ ਜ਼ੋਰ ਫੜਿਆ ਤਾਂ ਕਾਂਗਰਸ ਪਾਰਟੀ ਨੇ ਕਈ ਝੰਡੇ ਪਾਸ ਕੀਤੇ ਤੇ ਲਹਿਰਾਏ। ਕਾਂਗਰਸ ਝੰਡਿਆਂ ਵਿਚ ਬਦਲਾਅ ਕਰਦੀ ਗਈ; ਆਖਰ 1931 ਵਿਚ ਕਾਂਗਰਸ ਨੇ ਕੇਸਰੀ, ਸਫੇਦ ਅਤੇ ਹਰਾ ਰੰਗ ਸ਼ਾਮਲ ਕਰਦਿਆਂ ਤਿਰੰਗਾ ਝੰਡਾ ਮੰਨਿਆ। ਉਸ ਸਮੇਂ ਕਾਂਗਰਸੀਆਂ ਨੇ ਕੇਸਰੀ ਰੰਗ ਨੂੰ ਬਲੀਦਾਨ ਤੇ ਤਿਆਗ, ਸਫੇਦ ਨੂੰ ਸੱਚ ਤੇ ਸ਼ਾਂਤੀ ਅਤੇ ਹਰੇ ਰੰਗ ਨੂੰ ਖੁਸ਼ਹਾਲੀ ਤੇ ਵੀਰਤਾ ਦਾ ਪ੍ਰਤੀਕ ਦੱਸ ਕੇ ਵਿਆਖਿਆ ਕੀਤੀ। ਇਸ ਵਿਚ ਚਰਖੇ ਦਾ ਨਿਸ਼ਾਨ ਸੀ ਪਰ 22 ਜੁਲਾਈ 1947 ਨੂੰ ਕਾਂਗਰਸੀਆਂ ਨੇ ਫਿਰ ਇਸ ਵਿਚ ਫੇਰਬਦਲ ਕਰਦਿਆਂ ਚਰਖੇ ਦਾ ਨਿਸ਼ਾਨ ਹਟਾ ਕੇ ਉਸ ਦੇ ਸਥਾਨ 'ਤੇ ਅਸ਼ੋਕ ਮਹਾਨ ਦੀ ਲਾਟ ਤੋਂ ਲਿਆ ਧਰਮ ਚੱਕਰ ਲਾ ਦਿੱਤਾ। ਸਫ਼ੈਦ ਪੱਟੀ ਵਿਚਕਾਰ ਪੱਟੀ ਦੀ ਚੌੜਾਈ ਦੇ ਬਰਾਬਰ ਵਿਆਸ ਵਾਲੇ ਇਸ ਚੱਕਰ ਵਿਚ 24 ਡੰਡੇ ਹੁੰਦੇ ਹਨ ਜੋ 24 ਘੰਟੇ ਹੀ ਦੇਸ਼ ਅਤੇ ਸਮਾਜ ਦੀ ਤਰੱਕੀ ਕਰਨ ਦੀ ਨਿਸ਼ਾਨੀ ਦੇ ਪ੍ਰਤੀਕ ਵਜੋਂ ਲਏ ਜਾਂਦੇ ਹਨ। 1947 ਤੋਂ ਬਾਅਦ ਇਸ ਝੰਡੇ ਨੂੰ ਹੀ ਸਰਬਸੰਮਤੀ ਨਾਲ ਆਜ਼ਾਦ ਭਾਰਤ ਦੇ ਕੌਮੀ ਝੰਡੇ ਦੇ ਰੂਪ ਵਜੋਂ ਸਵੀਕਾਰ ਕਰ ਲਿਆ ਗਿਆ।

ਮੁੱਖ ਰੂਪ ਵਿਚ ਤਿਰੰਗਾ ਖੱਦਰ ਦੇ ਕੱਪੜੇ ਦਾ ਬਣਾਇਆ ਜਾਂਦਾ ਹੈ। ਇੰਡੀਅਨ ਫਲੈਗ ਕੋਡ-2002 ਮੁਤਾਬਕ ਕੌਮੀ ਝੰਡਾ ਕੇਵਲ ਹੱਥ ਦਾ ਬਣਿਆ ਹੋਇਆ ਜਾਂ ਹੱਥ ਦੇ ਬੁਣੇ ਹੋਏ ਕੱਪੜੇ ਦੀ ਸਮੱਗਰੀ ਨਾਲ ਹੀ ਬਣਾਇਆ ਜਾ ਸਕਦਾ ਹੈ ਪਰ ਪਿਛਲੇ ਸਮੇਂ ਦੌਰਾਨ ਇਸ ਫਲੈਗ ਕੋਡ ਵਿਚ ਬਦਲਾਅ ਕੀਤੇ ਗਏ ਕਿ ਹੁਣ ਕੌਮੀ ਝੰਡਾ ਹੱਥ ਨਾਲ ਕੱਤ ਕੇ, ਹੱਥ ਨਾਲ ਬੁਣ ਕੇ ਜਾਂ ਮਸ਼ੀਨ ਨਾਲ ਬਣਾਏ ਕੱਪੜੇ ਦੇ ਰੇਸ਼ਮ, ਸੂਤੀ, ਪੌਲਿਸਟਰ ਨਾਲ ਬਣਿਆ ਵੀ ਹੋ ਸਕਦਾ ਹੈ। ਪੌਲਿਸਟਰ ਬਾਰੇ ਜਾਣਕਾਰੀ ਮਿਲੀ ਹੈ ਕਿ ਪੌਲਿਸਟਰ ਕੱਪੜਿਆਂ ਦੇ ਵੱਡੇ ਨਿਰਮਾਤਾ ਭਾਰਤ ਵਿਚ ਆਰ.ਆਈ.ਐੱਲ. ਹੈ ਜਿਨ੍ਹਾਂ ਦੀ ਸਰਕਾਰ ਨਾਲ ਨੇੜਤਾ ਜੱਗ ਜ਼ਾਹਿਰ ਹੈ। ਹੁਣ ਕੇਂਦਰ ਸਰਕਾਰ ਮੁਤਾਬਕ, ਝੰਡੇ ਤਿੰਨ ਸਾਈਜ਼ 9 ਰੁਪਏ, 18 ਰੁਪਏ ਅਤੇ 25 ਰੁਪਏ ਵਿਚ ਉਪਲੱਬਧ ਹੋਣਗੇ। ਝੰਡਾ ਬਣਾਉਣ ਵਾਲੀਆਂ ਕੰਪਨੀਆਂ ਸ਼ੁਰੂਆਤ ਵਿਚ ਕੇਂਦਰ ਅਤੇ ਸੂਬਾ ਸਰਕਾਰ ਨੂੰ ਉਧਾਰ ਇਹ ਝੰਡੇ ਉਪਲਬਧ ਕਰਵਾਉਣਗੀਆਂ ਪਰ ਲੋਕਾਂ ਨੂੰ ਆਪਣੇ ਪੈਸੇ ਨਾਲ ਝੰਡਾ ਖਰੀਦਣਾ ਪਵੇਗਾ। ਕੇਂਦਰ ਸਰਕਾਰ ਦਾ ਟੀਚਾ ਜੇਕਰ 24 ਕਰੋੜ ਘਰਾਂ 'ਤੇ ਝੰਡਾ ਲਹਿਰਾਉਣ ਦਾ ਹੈ, ਜੇਕਰ ਝੰਡੇ ਦੀ ਘੱਟੋ-ਘੱਟ ਕੀਮਤ 10 ਰੁਪਏ ਵੀ ਹੋਵੇ ਤਾਂ ਇਸ ਮੁਹਿੰਮ ਵਿਚ ਕੁੱਲ 240 ਕਰੋੜ ਰੁਪਏ ਖਰਚ ਹੋਣਗੇ। ਸੁਭਾਵਕ ਹੈ ਕਿ ਇਹ 240 ਕਰੋੜ ਉਨ੍ਹਾਂ ਨੂੰ ਲੋਕਾਂ ਕੋਲੋਂ ਹੀ ਆਉਣਗੇ।

ਰਾਸ਼ਟਰਵਾਦੀ ਸਿਆਸਤ ਵਿਚ ਅਰਵਿੰਦ ਕੇਜਰੀਵਾਲ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਿੱਛੇ ਛੱਡਣ ਦਾ ਯਤਨ ਕੀਤਾ ਜਾ ਰਿਹਾ ਹੈ ਕਿਉਂਕਿ ਅਰਵਿੰਦ ਕੇਜਰੀਵਾਲ ਨੇ ਵੀ 14 ਅਗਸਤ ਦੀ ਸ਼ਾਮ 5 ਵਜੇ ਹਰ ਭਾਰਤ ਵਾਸੀ ਹੱਥ ਵਿਚ ਤਿਰੰਗਾ ਲੈ ਕੇ ਰਾਸ਼ਟਰ ਗੀਤ ਗਾਉਣ ਦੀ ਅਪੀਲ ਕੀਤੀ ਹੈ। ਕੇਜਰੀਵਾਲ ਨੇ ਤਾਂ ਕੇਂਦਰ ਸਰਕਾਰ ਤੋਂ ਅੱਗੇ ਕਦਮ ਪੁੱਟਦਿਆਂ ਟੀ.ਵੀ. ਚੈਨਲਾਂ/ਅਖਬਾਰਾਂ 'ਤੇ ਕਰੋੜਾਂ ਰੁਪਏ ਦੀਆਂ ਮਸ਼ਹੂਰੀਆਂ ਵੀ ਚਲਾ ਦਿੱਤੀਆ ਹਨ।

ਸਿਮਰਨਜੀਤ ਮਾਨ ਨੇ ਲੋਕਾਂ ਨੂੰ ਆਪਣੇ ਘਰਾਂ ਅਤੇ ਵਪਾਰਕ ਅਦਾਰਿਆਂ 'ਤੇ ਕੇਸਰੀ ਝੰਡੇ ਲਗਾਉਣ ਦੀ ਅਪੀਲ ਕੀਤੀ ਹੈ, ਇਸ ਵਿਚ ਕੋਈ ਖਾਸ ਗੱਲ ਨਹੀਂ ਹੈ, ਹਰ ਸੰਸਥਾ ਜਾਂ ਪਾਰਟੀ ਨੂੰ ਹੱਕ ਹੈ ਕਿ ਉਹ ਕੌਮੀ ਝੰਡੇ ਦਾ ਸਨਮਾਨ ਕਰਦਿਆਂ ਆਪਣਾ ਝੰਡਾ ਲਹਿਰਾ ਸਕਦੇ ਹਨ। ਕਿਸਾਨ ਜਥੇਬੰਦੀਆਂ ਦੇ ਆਪਣੇ ਝੰਡੇ ਹਨ, ਉਹ ਆਪਣੇ ਝੰਡੇ ਲਾਉਂਦੀਆਂ ਹਨ।

ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਭਾਰਤ ਵੱਖ-ਵੱਖ ਕੌਮਾਂ ਦਾ ਸਮੂਹ ਹੈ ਜਿੱਥੇ ਵੱਖ-ਵੱਖ ਧਰਮਾ ਦੇ ਲੋਕ ਰਹਿੰਦੇ ਹਨ ਤੇ ਉਹਨਾਂ ਦੀ ਬੋਲੀ ਵੀ ਇੱਕ ਨਹੀਂ ਹੈ। ਭਾਰਤ ਦੇ ਲੋਕਾਂ ਦਾ ਰਹਿਣ-ਸਹਿਣ ਵੀ ਆਪਣ ਵਿਚ ਮਿਲਦਾ ਨਹੀਂ ਹੈ ਤੇ ਸਾਡਾ ਸੰਵਿਧਾਨ ਸਾਨੂੰ ਕਈ ਤਰ੍ਹਾਂ ਦੀ ਅਜਾਦੀ ਦਿੰਦਾ ਹੈ ਤਾਂ ਅਜਿਹੇ ਵਿਚ ਸਰਕਾਰ ਨੂੰ ਕੋਈ ਵੀ ਇੱਕ ਚੀਜ ਪੂਰੇ ਦੇਸ਼ ਦੇ ਲੋਕਾਂ 'ਤੇ ਧੱਕੇ ਨਾਲ ਲਾਗੂ ਨਹੀਂ ਕਰਨੀ ਚਾਹੀਦੀ ਹੈ।

ਕਰਨਾਟਕ ਵਿਚ ਸੂਬੇ ਦਾ ਵੱਖਰਾ ਝੰਡਾ ਬਣਾਉਣ ਦੀ ਚਰਚਾ ਚੱਲਦੀ ਰਹੀ ਹੈ ਤਾਂ ਚਾਰ ਕੁ ਸਾਲ ਪਹਿਲਾਂ ਕਰਨਾਟਕ ਦੇ ਉਸ ਸਮੇਂ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਨੂੰ ਰਾਜ ਦੇ ਵੱਖਰੇ ਝੰਡੇ ਦਾ ਐਲਾਨ ਕੀਤਾ ਸੀ; ਹਾਲਾਂਕਿ, ਸੂਬਾ ਸਰਕਾਰ ਕੋਲ ਆਪਣਾ ਵੱਖਰਾ ਝੰਡਾ ਅਪਨਾਉਣ ਦਾ ਅਧਿਕਾਰ ਨਹੀਂ ਹੈ। ਇਸ ਲਈ ਸਿੱਧਰਮਈਆ ਸਰਕਾਰ ਨੇ ਕੇਂਦਰ ਸਰਕਾਰ ਕੋਲੋਂ ਆਪਣੇ ਵੱਖਰੇ ਝੰਡੇ ਲਈ ਆਗਿਆ ਮੰਗੀ ਸੀ। ਕੇਂਦਰ ਸਰਕਾਰ ਨੇ ਭਾਵੇਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਪਰ ਸੂਬੇ ਦੇ ਵੱਖਰੇ ਝੰਡੇ ਦੀ ਗੱਲ ਤੁਰਨ ਨਾਲ ਕੰਨੜ ਸੰਗਠਨ ਖੁਸ਼ ਸਨ।

ਜੰਮੂ ਕਸ਼ਮੀਰ ਸੂਬੇ ਦਾ ਆਪਣਾ ਝੰਡਾ ਰਿਹਾ ਹੈ। 1952 ਵਿਚ ਕੇਂਦਰ ਅਤੇ ਰਾਜ ਦੀਆਂ ਸ਼ਕਤੀਆਂ ਨੂੰ ਪ੍ਰਭਾਸ਼ਿਤ ਕਰਨ ਵਾਲਾ ਸਮਝੌਤਾ ਜੋ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਜੰਮੂ ਕਸ਼ਮੀਰ ਦੇ ਮੁਖੀ ਸ਼ੇਖ ਮੁਹੰਮਦ ਅਬਦੁੱਲਾ ਦਰਮਿਆਨ ਹੋਇਆ ਸੀ, ਤਹਿਤ ਜੰਮੂ ਕਸ਼ਮੀਰ ਨੇ ਤਿਰੰਗੇ ਨੂੰ ਕੌਮੀ ਝੰਡਾ ਮੰਨਿਆ ਅਤੇ ਜੰਮੂ ਕਸ਼ਮੀਰ ਦੇ ਝੰਡੇ ਨੂੰ ਸੂਬੇ ਦਾ ਝੰਡਾ ਮੰਨਿਆ ਗਿਆ ਅਤੇ ਦੋਵੇਂ ਇਕੱਠੇ ਲਹਿਰਾਏ ਗਏ। ਸਮਝੌਤੇ ਵਿਚ ਦਰਜ ਸੀ ਕਿ ਕੇਂਦਰ ਸਰਕਾਰ ਕੇਂਦਰੀ ਝੰਡੇ ਨਾਲ ਸੂਬਾ ਸਰਕਾਰ ਦੇ ਆਪਣੇ ਝੰਡੇ ਨੂੰ ਲੈ ਕੇ ਸਹਿਮਤੀ ਜਤਾਉਂਦੀ ਹੈ ਪਰ ਸੂਬਾ ਸਰਕਾਰ ਇਸ ਉੱਤੇ ਸਹਿਮਤ ਹੈ ਕਿ ਸੂਬੇ ਦਾ ਝੰਡਾ ਕੇਂਦਰੀ ਝੰਡੇ ਦਾ ਵਿਰੋਧੀ ਨਹੀਂ ਹੋਵੇਗਾ।

ਉਂਝ, ਜੇ ਅਸੀਂ ਆਜ਼ਾਦੀ ਦਿਵਸ ਬਾਰੇ ਪੰਜਾਬ ਦੇ ਉਹਨਾਂ ਬਜ਼ੁਰਗਾਂ ਨਾਲ ਗੱਲ ਕਰਕੇ ਦੇਖੀਏ ਜਿਨ੍ਹਾਂ ਨੇ 1947 ਦੀ ਵੰਡ ਆਪਣੇ ਪਿੰਡੇ 'ਤੇ ਝੱਲੀ ਤਾਂ ਉਹ ਇਸ ਸਮੇਂ ਨੂੰ 'ਵੱਢ-ਟੁੱਕ ਦਾ ਦੌਰ', 'ਹੱਲਿਆਂ ਵੇਲੇ' ਕਹਿ ਕੇ ਯਾਦ ਕਰਦੇ ਹਨ। ਮੁੱਖ ਰੂਪ ਵਿਚ ਇਹ ਸੰਤਾਪ ਪੰਜਾਬ ਅਤੇ ਬੰਗਾਲ ਦੇ ਲੋਕਾਂ ਨੇ ਝੱਲਿਆ, ਇਸ ਲਈ ਇਸ ਦਿਨ ਬਾਰੇ ਪੰਜਾਬੀਆਂ ਦੀ ਭਾਵਨਾ ਹੋਰ ਹੈ।

# ਬਾਬਾ ਸੁੰਦਰ ਜੀ

ਬਾਬਾ ਸੁੰਦਰ ਜੀ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਰਾਮਕਲੀ ਵਿਚ ਛੇ ਪਹਿਰਿਆਂ ਦੀ 'ਸਦੁ' ਨਾਮ ਦੀ ਬਾਣੀ ਦੇ ਕਰਤਾ ਵਜੋਂ ਸ਼ਾਮਲ ਹੈ। ਬਾਬਾ ਸੁੰਦਰ ਜੀ ਗੁਰੂ ਅਮਰਦਾਸ ਪਾਤਿਸ਼ਾਹ ਦੇ ਪੜਪੋਤੇ ਸਨ। ਪ੍ਰੋਫੈਸਰ ਸਾਹਿਬ ਸਿੰਘ ਨੇ ਉਨ੍ਹਾਂ ਦਾ ਛਜਰਾ ਇਸ ਪ੍ਰਕਾਰ ਦਿੱਤਾ ਹੈ: ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ, ਬਾਬਾ ਮੋਹਰੀ ਜੀ ਦੇ ਪੁੱਤਰ ਬਾਬਾ ਅਨੰਦ ਜੀ ਅਤੇ ਬਾਬਾ ਅਨੰਦ ਜੀ ਦੇ ਅੱਗੋਂ ਪੁੱਤਰ ਬਾਬਾ ਸੁੰਦਰ ਜੀ। 'ਸਿੱਖ ਇਨਸਾਈਕਲੋਪੀਡੀਆ' ਅਨੁਸਾਰ ਬਾਬਾ ਮੋਹਰੀ ਜੀ ਦੇ ਪੁੱਤਰ ਅਤੇ ਬਾਬਾ ਸੁੰਦਰ ਜੀ ਦੇ ਪਿਤਾ ਬਾਬਾ ਅਨੰਦ, ਸੁਭਾਅ ਪੱਖੋਂ ਬਹੁਤ ਹੀ ਧਰਮਾਤਮਾ ਪੁਰਖ ਸਨ। ਇਸ ਤਰ੍ਹਾਂ ਧਾਰਮਿਕ ਅਤੇ ਪਵਿੱਤਰ ਮਾਹੌਲ ਵਿਚ ਪਲਦਿਆਂ ਬਾਬਾ ਸੁੰਦਰ ਜੀ ਦੇ ਮਨ ਵਿਚ ਆਪਣੇ ਪੜਦਾਦਾ ਗੁਰੂ ਅਮਰਦਾਸ ਜੀ ਲਈ ਬਹੁਤ ਹੀ ਡੂੰਘਾ ਪ੍ਰੇਮ, ਸ਼ਰਧਾ ਅਤੇ ਸਤਿਕਾਰ ਪੈਦਾ ਹੋ ਗਿਆ ਸੀ। ਉਨ੍ਹਾਂ ਦੇ ਰਚੇ ਸ਼ਬਦ 'ਸਦੁ' ਦਾ ਅਰਥ ਹੈ 'ਸੱਦਾ' ਜਾਂ 'ਬੁਲਾਵਾ'; ਜਿਸ ਦਾ ਵਿਸ਼ਾ ਹੈ ਗੁਰੂ ਅਮਰਦਾਸ ਪਾਤਿਸ਼ਾਹ ਨੂੰ ਕਰਤਾ ਪੁਰਖ ਵੱਲੋਂ ਆਪਣੇ ਪਾਸ ਬੁਲਾਵਾ ਭੇਜਿਆ ਜਾਣਾ ਅਤੇ



**ਡਾ. ਗੁਰਨਾਮ ਕੌਰ, ਕੈਨੇਡਾ**

ਉਨ੍ਹਾਂ ਦੀ ਚੜ੍ਹਾਈ ਕਰਨ ਦਾ ਵੇਲਾ। ਪ੍ਰੋਫੈਸਰ ਸਾਹਿਬ ਸਿੰਘ ਨੇ 'ਸਦ' ਸ਼ਬਦ ਦਾ ਅਰਥ ਕਰਦਿਆਂ ਲਿਖਿਆ ਹੈ ਕਿ ਇਹ ਸੰਸਕ੍ਰਿਤ ਦੇ ਲਫ਼ਜ਼ 'ਸ਼ਬਦ' ਦਾ ਪ੍ਰਾਕ੍ਰਿਤ ਰੂਪ ਹੈ 'ਸਦ' ਜੋ ਪੰਜਾਬੀ ਵਿੱਚ ਭੀ 'ਸੱਦ' ਹੈ। ਸੰਸਕ੍ਰਿਤ ਦੇ ਤਾਲਵੀ 'ਸ਼' ਦੀ ਥਾਂ ਪ੍ਰਾਕ੍ਰਿਤ ਵਿਚ ਦੰਤਵੀ 'ਸ' ਰਹਿ ਗਿਆ ਅਤੇ ਦੋ ਅੱਖਰਾਂ 'ਬਦ-(ਬ ਅੱਧਾ)' ਦੇ ਥਾਂ ਇੱਕ ਅੱਖਰ 'ਦ' ਦੀ ਹੀ ਦੋਹਰੀ ਆਵਾਜ਼ ਰਹਿ ਗਈ। ਰਾਮਕਲੀ ਰਾਗ ਵਿੱਚ ਲਿਖੀ ਹੋਈ ਇਸ ਬਾਣੀ ਦਾ ਨਾਮ 'ਸਦੁ' ਹੈ, ਇਥੇ ਇਸ ਦਾ ਭਾਵ ਹੈ 'ਰੱਬ ਵੱਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ'।

ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ "ਇਹ ਬਾਣੀ ਦਾ ਸਿਰਲੇਖ ਹੈ। ਇਸ ਵਿਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਵਣ ਦੇ ਸਮੇਂ ਦਾ ਵਰਣਨ ਹੈ ਜੋ ਬਾਬਾ ਸੁੰਦਰ ਜੀ (ਜੋ ਉਸ ਵੇਲੇ ਮੌਜੂਦ ਸਨ) ਕਰ ਰਹੇ ਹਨ। ਗੁਰੂ ਜੀ ਦਾ ਸਿੱਖ-ਸੰਗਤਾਂ ਤਾਈਂ ਅੰਤਲਾ ਉਪਦੇਸ਼ ਬਾਬਾ ਸੁੰਦਰ ਜੀ ਦੀ ਜ਼ਬਾਨੀ ਹੈ ਜੋ ਬਾਬਾ ਸੁੰਦਰ ਜੀ ਗੁਰੂ ਅਮਰਦਾਸ ਜੀ ਦੇ ਪੜਪੋਤੇ (ਮੋਹਰੀ ਜੀ ਦੇ ਪੋਤਰੇ ਅਤੇ ਅਨੰਦ ਜੀ ਦੇ ਸਪੁੱਤਰ ਸਨ) ਕਰ ਰਹੇ ਹਨ। ਜਿਵੇਂ ਅਨੰਦ ਸਾਹਿਬ ਤਿਵੇਂ ਇਸ 'ਸਦੁ' ਦਾ ਭਾਵ ਕੋਈ ਇਤਿਹਾਸਕ ਗੱਲ ਦੱਸਣ ਦਾ ਨਹੀਂ, ਬਲਕਿ ਉਥੇ ਖੁਸ਼ੀ ਅਤੇ ਇਥੇ ਗ਼ਮੀ ਦੇ ਮੌਕੇ ਉਤੇ ਗੁਰਬਾਣੀ ਵਰਤਣ ਦਾ ਉਪਦੇਸ਼ ਦਿੱਤਾ ਹੈ। ਭਾਵ ਦੋਹਾਂ ਦਾ ਬਾਣੀ ਦੀ ਮਹੱਤਤਾ ਹੈ।"

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ॥
ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ॥
ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ॥
ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥
ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ॥
ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ॥1॥

ਬਾਬਾ ਸੁੰਦਰ ਜੀ ਬਚਨ ਕਰਦੇ ਹਨ ਕਿ ਸੰਸਾਰ ਵਿਚ ਦਾਤਾ ਭਾਵ ਦੇਣਹਾਰ ਕੇਵਲ ਪਰਮਾਤਮਾ ਹੈ ਜੋ ਤਿੰਨਾਂ ਲੋਕਾਂ ਵਿਚ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ। ਉਸ ਅਕਾਲ ਪੁਰਖ ਵਿਚ ਗੁਰੂ ਅਮਰਦਾਸ ਦੇ ਸ਼ਬਦ ਰਾਹੀਂ ਲੀਨ ਹਨ ਅਤੇ ਉਸ ਪਰਮਾਤਮਾ ਨੂੰ ਉਹ ਗੁਰੂ ਦੇ ਸ਼ਬਦ ਰਾਹੀਂ ਜਾਣਦੇ ਹਨ, ਉਹ ਉਸ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦੇ। ਜਿਹੜੇ ਗੁਰੂ ਦੇ ਸ਼ਬਦ ਰਾਹੀਂ ਉਸ ਇੱਕ ਕਰਤਾ ਪੁਰਖ ਦੇ ਨਾਮ ਨੂੰ ਧਿਆਉਂਦੇ ਹਨ; ਉਹ ਉਸ ਕਰਤਾ ਪੁਰਖ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਪਛਾਣਦੇ। ਭਗਤੀ ਦੀ ਇਹ ਪਰਮ-ਪਦਵੀ, ਇਹ ਉੱਚਾ ਦਰਜਾ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਅਤੇ ਗੁਰੂ ਅੰਗਦ ਦੀ ਮਿਹਰ ਸਦਕਾ ਪ੍ਰਾਪਤ ਕੀਤਾ ਹੈ। ਜਦ ਇਸ ਸੰਸਾਰ ਤੋਂ ਕੂਚ ਕਰਨ ਦਾ ਹੁਕਮ ਆਇਆ ਤਾਂ ਗੁਰੂ ਅਮਰਦਾਸ ਪਰਮਾਤਮਾ ਦੇ ਨਾਮ ਵਿਚ ਲੀਨ ਸਨ। ਗੁਰੂ ਅਮਰਦਾਸ ਜੀ ਨੇ ਇਸ ਸੰਸਾਰ ਵਿਚ ਰਹਿੰਦਿਆਂ ਭਗਤੀ ਦੁਆਰਾ ਉਸ ਅਟੱਲ ਅਤੇ ਅਮਰ ਵਾਹਿਗੁਰੂ ਨੂੰ ਪ੍ਰਾਪਤ ਕਰ ਲਿਆ ਹੋਇਆ ਸੀ।

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ॥
ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ॥
ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ॥
ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ॥
ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ॥
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ॥2॥

ਬਾਬਾ ਸੁੰਦਰ ਜੀ ਅੱਗੇ ਬਿਆਨ ਕਰਦੇ ਹਨ ਕਿ ਕਰਤਾ ਪੁਰਖ ਦੀ ਇਹ ਰਜ਼ਾ ਕਿ ਗੁਰੂ ਅਮਰਦਾਸ ਪਰਮ ਜੋਤਿ ਵਾਹਿਗੁਰੂ ਵਿਚ ਸਮਾ ਜਾਣ ਗੁਰੂ ਸਾਹਿਬ ਦੇ ਮਨ ਨੂੰ ਚੰਗੀ ਲੱਗੀ ਅਤੇ ਉਹ ਕਰਤਾ ਪੁਰਖ ਪਾਸ ਜਾਣ ਲਈ ਤਿਆਰ ਹੋ ਗਏ। ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਅੱਗੇ ਇਹ ਬੇਨਤੀ ਕੀਤੀ ਕਿ ਮੇਰੀ ਅਰਦਾਸ ਹੈ ਕਿ ਮੇਰੀ ਲਾਜ ਰੱਖੋ! ਅਤੇ ਆਪਣੇ ਸੇਵਕਾਂ 'ਤੇ ਮਿਹਰ ਕਰੋ, ਪੈਜ ਰੱਖੋ ਅਤੇ ਉਸ ਮਾਇਆ ਤੋਂ ਨਿਰਲੇਪ ਵਾਹਿਗੁਰੂ ਦੇ ਨਾਮ ਦੀ ਬਖ਼ਸ਼ਿਸ਼ ਕਰੋ। ਕਰਤਾ ਪੁਰਖ ਦਾ ਇਹ ਨਾਮ ਜੋ ਮੌਤ ਦੇ ਦੂਤ ਅਤੇ ਕਾਲ ਨੂੰ ਨਾਸ ਕਰ ਦੇਣ ਵਾਲਾ ਹੈ, ਇਸ ਸੰਸਾਰ ਤੋਂ ਕੂਚ ਕਰਨ ਵੇਲੇ ਮੇਰਾ ਸਾਥੀ ਬਣੇ। ਵਾਹਿਗੁਰੂ ਨੇ ਸਤਿਗੁਰੂ ਦੀ ਕੀਤੀ ਹੋਈ ਇਹ ਬੇਨਤੀ, ਇਹ ਅਰਦਾਸ ਸੁਣ ਲਈ ਅਤੇ ਆਪਣੀ ਮਿਹਰ ਕਰ ਕੇ ਸਤਿਗੁਰੂ ਅਮਰਦਾਸ ਨੂੰ ਕਰਤਾ ਪੁਰਖ ਨੇ ਆਪਣੇ ਆਪ ਨਾਲ ਮਿਲਾ ਲਿਆ ਅਤੇ ਸਤਿਗੁਰੂ ਦੀ ਧੰਨ ਧੰਨ ਹੋ ਗਈ ਅਤੇ ਅਕਾਲ ਪੁਰਖ ਪਾਸੋਂ ਸ਼ਾਬਾਸ਼ ਮਿਲੀ।

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ॥
ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ॥
ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ॥
ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ॥
ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ॥
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ॥3॥

ਬਾਬਾ ਸੁੰਦਰ ਜੀ ਅਨੁਸਾਰ ਗੁਰੂ ਅਮਰਦਾਸ ਜੀ ਨੇ ਕਹਿਆ ਕਿ ਮੇਰੇ ਸਿੱਖੋ, ਪੁੱਤਰੋ, ਭਾਈਓ ਮੇਰੇ ਪ੍ਰਭੂ ਨੂੰ ਇਹ ਚੰਗਾ ਲੱਗਿਆ ਹੈ ਅਤੇ ਉਸ ਦਾ ਇਹ ਹੁਕਮ ਆਇਆ ਹੈ ਕਿ ਮੇਰੇ ਪਾਸ ਆਉ। ਮੈਨੂੰ ਉਸ ਅਕਾਲ ਪੁਰਖ ਦਾ ਭਾਣਾ, ਉਸ ਦੀ ਰਜ਼ਾ ਚੰਗੀ ਲੱਗੀ ਹੈ ਅਤੇ ਰਜ਼ਾ ਮੰਨਣ 'ਤੇ ਮੇਰੇ ਵਾਹਿਗੁਰੂ ਨੇ ਮੈਨੂੰ ਸ਼ਾਬਾਸ਼ ਦਿੱਤੀ ਹੈ। ਅਕਾਲ ਪੁਰਖ, ਵਾਹਿਗੁਰੂ ਦਾ ਭਗਤ ਉਹੀ ਹੈ ਜੋ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ, ਉਸ ਦੀ ਰਜ਼ਾ ਵਿਚ ਚੱਲਦਾ ਹੈ। ਉਸ ਦੇ ਅੰਦਰ ਪੂਰਨ ਅਨੰਦ ਹੁੰਦਾ ਹੈ, ਪੂਰਨ ਅਨੰਦ ਦੇਣ ਵਾਲਾ ਅਨਹਦ ਨਾਦ ਵੱਜਦਾ ਹੈ ਅਤੇ ਵਾਹਿਗੁਰੂ ਆਪ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਤੁਸੀਂ ਮੇਰੇ ਪੁੱਤ, ਭਾਈ, ਮੇਰਾ ਪਰਿਵਾਰ ਹੋ ਅਤੇ ਸਭ ਆਪਣੇ ਮਨ ਵਿਚ ਆਪ ਨਿਰਣਾ ਕਰ ਕੇ ਦੇਖੋ ਕਿ ਧੁਰ ਦਰਗਾਹ ਤੋਂ ਆਇਆ ਪਰਵਾਨਾ ਬਦਲਦਾ ਨਹੀਂ ਹੁੰਦਾ, ਇਸ ਲਈ ਗੁਰੂ ਹੁਣ ਅਕਾਲ ਪੁਰਖ ਕੋਲ ਜਾ ਰਿਹਾ ਹੈ।

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥
ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥
ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥
ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ॥
ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥4॥

ਬਾਬਾ ਸੁੰਦਰ ਜੀ ਅੱਗੇ ਬਿਆਨ ਕਰਦੇ ਹਨ ਕਿ ਸਤਿਗੁਰੂ ਅਮਰਦਾਸ ਜੀ ਨੇ ਆਪਣੀ ਮਰਜ਼ੀ ਅਨੁਸਾਰ ਸਾਰੇ ਪਰਿਵਾਰ ਨੂੰ ਆਪਣੇ ਪਾਸ ਸੱਦਿਆ ਅਤੇ ਹੁਕਮ ਕੀਤਾ ਕਿ ਮੇਰੇ ਕੂਚ ਕਰਨ 'ਤੇ ਮੇਰੇ ਪਿੱਛੋਂ ਵਿਛੋੜੇ ਵਿਚ ਕਿਸੇ ਨੇ ਰੋਣਾ ਨਹੀਂ ਕਿਉਂਕਿ ਇਹ ਮੈਨੂੰ ਚੰਗਾ ਨਹੀਂ ਲੱਗਣਾ। ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਇੱਜ਼ਤ ਚੰਗੀ ਲੱਗਦੀ ਹੈ, ਵਡਿਆਈ ਹੁੰਦੀ ਚੰਗੀ ਲੱਗਦੀ ਹੈ ਉਹ ਆਪਣੇ ਮਿੱਤਰ ਨੂੰ ਇੱਜ਼ਤ ਮਿਲਣ 'ਤੇ, ਸਤਿਕਾਰ ਮਿਲਣ 'ਤੇ ਖੁਸ਼ ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ ਗੁਰੂ ਅਮਰਦਾਸ ਨੂੰ ਪਿਆਰ ਕਰਨ ਵਾਲਿਆਂ ਨੂੰ ਰੋਣ ਦੀ ਥਾਂ ਖੁਸ਼, ਪ੍ਰਸੰਨ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਵਾਹਿਗੁਰੂ ਦੀ ਦਰਗਾਹ ਤੋਂ ਵਡਿਆਈ ਮਿਲ ਰਹੀ ਹੈ। ਗੁਰੂ ਅਮਰਦਾਸ ਕਹਿੰਦੇ ਹਨ ਕਿ ਤੁਸੀਂ ਮੇਰੇ ਪੁੱਤਰੋ ਅਤੇ ਭਰਾਵੋ ਆਪਣੇ ਮਨ ਵਿਚ ਵਿਚਾਰ ਕਰ ਕੇ ਦੇਖੋ ਕਿ ਵਾਹਿਗੁਰੂ ਆਪ ਗੁਰੂ ਨੂੰ ਇੱਜ਼ਤ ਦਾ ਸਰੋਪਾ ਦੇ ਰਿਹਾ ਹੈ, ਸਨਮਾਨ ਨਾਲ ਨਵਾਜ਼ ਰਿਹਾ ਹੈ, ਇਸ ਲਈ ਖੁਸ਼ ਹੋਵੋ। ਬਾਬਾ ਸੁੰਦਰ ਜੀ ਅੱਗੇ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਜੀਵਨ ਵਿਚ ਹੀ ਗੁਰੂ ਰਾਮਦਾਸ ਜੀ ਨੂੰ ਆਪ ਗੁਰ-ਗੱਦੀ 'ਤੇ ਬਿਰਾਜਮਾਨ ਕੀਤਾ ਭਾਵ ਗੁਰੂ ਥਾਪਿਆ ਅਤੇ ਸਾਰੇ ਸਿੱਖਾਂ, ਗੁਰਭਾਈਆਂ, ਪੁੱਤਰਾਂ, ਭਰਾਵਾਂ ਨੂੰ ਗੁਰੂ ਰਾਮਦਾਸ ਜੀ ਦੇ ਚਰਨੀਂ ਲਾ ਦਿੱਤਾ।

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ॥
ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ॥
ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥5॥

ਅੱਗੇ ਫ਼ੁਰਮਾਇਆ ਹੈ ਕਿ ਜੋਤੀ ਜੋਤਿ ਸਮਾਉਣ ਵੇਲੇ ਸਤਿਗੁਰੂ ਅਮਰਦਾਸ ਜੀ ਬੋਲੇ ਕਿ ਮੇਰੇ ਪਿੱਛੋਂ ਸਿਰਫ਼ ਰੱਬੀ ਕੀਰਤਨ ਕਰਨਾ ਹੈ। ਵਾਹਿਗੁਰੂ ਦੇ ਪੰਡਿਤਾਂ ਨੂੰ, ਅਰਥਾਤ ਸੰਤ-ਜਨਾਂ ਨੂੰ ਸੱਦਣਾ ਹੈ ਜਿਹੜੇ ਅਕਾਲ ਪੁਰਖ ਦੀ ਕਥਾ-ਵਾਰਤਾ ਰੂਪੀ ਪੁਰਾਣ ਪੜ੍ਹਨ ਅਰਥਾਤ ਨਿਰੋਲ ਵਾਹਿਗੁਰੂ ਦੇ ਗੁਣਾਂ ਦੀ ਕਥਾ ਕਰਨ। ਵਾਹਿਗੁਰੂ ਦੀ ਕਥਾ ਕਰਨੀ ਹੈ, ਉਸ ਦੇ ਨਾਮ ਦੀ ਕਥਾ ਨੂੰ ਸੁਣਨਾ ਹੈ ਕਿਉਂਕਿ ਪਰਵਦਗਾਰ ਦੇ ਪ੍ਰੇਮ-ਰੂਪੀ ਅਰਥੀ ਹੀ ਗੁਰੂ ਦੇ ਮਨ ਨੂੰ ਚੰਗੀ ਲੱਗਦੀ ਹੈ। ਕਹਿਣ ਤੋਂ ਭਾਵ ਹੈ ਕਿ ਰੋਣ-ਪਿੱਟਣ ਅਤੇ ਫ਼ਜ਼ੂਲ ਦੀ ਸਜਾਵਟ ਵਾਲੇ ਬਿਬਾਣ ਦੀ ਥਾਂ ਵਾਹਿਗੁਰੂ ਦੇ ਕੀਰਤਨ ਨਾਲ ਜਾਂਦੀ ਅਰਥੀ ਸ੍ਰੇਸ਼ਟ ਹੈ। ਸਤਿਗੁਰੂ ਨੇ ਆਦੇਸ਼ ਕੀਤਾ ਕਿ ਪੱਤਿਆਂ ਦੇ ਬਣੇ ਹੋਏ ਡੂਨੇ ਜਿਨ੍ਹਾਂ ਉੱਤੇ ਪਿੰਡ ਰੱਖੀਦੇ ਹਨ, ਦੀ ਥਾਂ ਸਤਿਸੰਗਤਿ ਕਰਨੀ ਹੈ। ਕਹਿਣ ਤੋਂ ਭਾਵ ਹੈ ਕਿ ਪਿੰਡ, ਪੱਤਲ, ਕਿਰਿਆ, ਦੀਵਾ ਆਦਿ ਰਸਮਾਂ ਕਰਨ ਦੀ ਥਾਂ ਸਤਿਸੰਗਤਿ ਵਿਚ ਜੁੜਨਾ ਹੈ ਅਤੇ ਕਰਤਾ ਪੁਰਖ ਨੂੰ ਯਾਦ ਕਰਨਾ ਹੈ। ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ ਉਸ ਵੇਲੇ ਕਿਹਾ ਕਿ ਸਤਿਗੁਰੂ ਨੂੰ ਅਕਾਲ ਪੁਰਖ ਮਿਲ ਪਿਆ ਅਰਥਾਤ ਗੁਰੂ ਅਮਰਦਾਸ ਜੀ ਦੀ ਜੋਤਿ ਆਪਣੇ ਸਰੋਤ ਕਰਤਾ ਪੁਰਖ ਦੀ ਜੋਤਿ ਵਿਚ ਸਮਾ ਗਈ। ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ, ਗੁਰਗੱਦੀ ਸੌਂਪੀ ਅਤੇ ਗੁਰੂ ਦੇ ਸ਼ਬਦ ਦੀ ਸੱਚੀ ਰਾਹਦਾਰੀ ਦਿੱਤੀ, ਗੁਰੂ ਦੇ ਸ਼ਬਦ ਦਾ ਨਿਸ਼ਾਨ ਦਿੱਤਾ।

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ॥
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ॥
ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ॥
ਕਹੈ ਸੁੰਦਰੁ ਸੁਣਹੁ ਸੰਤਹੁ ਜਗਤੁ ਪੈਰੀ ਪਾਇ ਜੀਉ॥6॥1॥

ਗੁਰੂ ਅਮਰਦਾਸ ਜੀ ਨੇ ਜਦੋਂ ਇਹ ਬਚਨ ਕੀਤਾ, ਆਗਿਆ ਕੀਤੀ ਕਿ ਗੁਰੂ ਰਾਮਦਾਸ ਨੂੰ ਗੁਰੂ ਮੰਨਣਾ ਹੈ ਤਾਂ ਗੁਰੂ ਦੇ ਸਿੱਖਾਂ ਨੇ ਗੁਰੂ ਦੀ ਰਜ਼ਾ ਨੂੰ ਮੰਨ ਲਿਆ, ਆਗਿਆ ਦੀ ਪਾਲਣਾ ਕੀਤੀ। ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਰੀ ਜੀ ਗੁਰੂ ਦੇ ਸਨਮੁਖ ਆਏ, ਗੁਰੂ ਦੀ ਆਗਿਆ ਦੀ ਪਾਲਣਾ ਕੀਤੀ ਅਤੇ ਗੁਰੂ ਰਾਮਦਾਸ ਨੂੰ ਮੱਥਾ ਟੇਕਿਆ, ਸੀਸ ਨਿਵਾਇਆ ਅਤੇ ਗੁਰੂ ਦੇ ਸਨਮੁਖ ਸੁਰਖ਼ਰੂ ਹੋਕੇ ਖੜ੍ਹੇ ਹੋਏ। ਗੁਰੂ ਅਮਰਦਾਸ ਜੀ ਨੇ ਜਿਸ ਗੁਰੂ ਰਾਮਦਾਸ ਵਿਚ ਆਪਣਾ ਆਪ ਰੱਖਿਆ ਅਰਥਾਤ ਗੁਰੂ ਰਾਮਦਾਸ ਵਿਚ ਆਪਣੀ ਜੋਤਿ ਟਿਕਾ ਦਿੱਤੀ, ਸਾਰਿਆਂ ਨੇ ਉਸ ਗੁਰੂ ਰਾਮਦਾਸ ਨੂੰ ਪੈਰੀਂ ਪੈਣਾ ਕੀਤਾ, ਗੁਰੂ ਮੰਨ ਕੇ ਉਨ੍ਹਾਂ ਅੱਗੇ ਸੀਸ ਝੁਕਾਇਆ। ਜਿਸ ਕਿਸੇ ਨੇ ਈਰਖਾ ਕੀਤੀ ਅਤੇ ਪੈਰੀਂ ਪੈਣਾ ਨਹੀਂ ਕੀਤਾ ਉਸ ਨੂੰ ਭੀ ਗੁਰੂ ਅਮਰਦਾਸ ਜੀ ਨੇ ਆਪ ਲਿਆ ਕੇ ਗੁਰੂ ਰਾਮਦਾਸ ਜੀ ਦੇ ਅੱਗੇ ਪੈਰੀਂ ਪੈਣਾ ਕਰਾਇਆ। ਬਾਬਾ ਸੁੰਦਰ ਜੀ ਨੇ ਕਿਹਾ ਕਿ ਕਿ ਸੰਤ ਜਨੋ! ਸੁਣੋ ਅਕਾਲ ਪੁਰਖ ਨੂੰ ਅਤੇ ਗੁਰੂ ਅਮਰਦਾਸ ਨੂੰ ਇਹੀ ਚੰਗਾ ਲੱਗਿਆ ਉਨ੍ਹਾਂ ਨੇ ਗੁਰੂ ਰਾਮਦਾਸ ਨੂੰ ਵਡਿਆਈ ਬਖ਼ਸ਼ੀ; ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ; ਲਿਖੇ ਲੇਖ ਨੂੰ ਰੱਬ ਦੀ ਰਜ਼ਾ ਜਾਣ ਕੇ ਮੰਨਿਆ ਅਤੇ ਸਾਰਾ ਜਗਤ ਗੁਰੂ ਰਾਮਦਾਸ ਜੀ ਦੇ ਪੈਰੀਂ ਪਿਆ ਅਰਥਾਤ ਗੁਰੂ ਰਾਮਦਾਸ ਜੀ ਨੂੰ ਗੁਰੂ ਸਵੀਕਾਰ ਕੀਤਾ।

ਬਾਬਾ ਸੁੰਦਰ ਜੀ ਦੀ ਇਸ ਬਾਣੀ ਤੋਂ ਸਾਨੂੰ ਇਹ ਸਮਝਣ ਵਿਚ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ ਕਿ ਗੁਰੂ ਸਾਹਿਬ ਨੇ ਅਕਾਲ ਚਲਾਣੇ ਸਮੇਂ ਪਿੰਡ, ਪੱਤਲ, ਦੀਵਾ, ਕਿਰਿਆ ਆਦਿ ਰਸਮਾਂ ਕਰਨ ਤੋਂ ਮਨਾਹੀ ਕੀਤੀ ਹੈ। ਕਿਸੇ ਪੰਡਿਤ ਨੂੰ ਸੱਦ ਕੇ ਇਹ ਕਿਰਿਆ ਕਰਮ ਕਰਨ ਦੀ ਥਾਂ ਵਾਹਿਗੁਰੂ ਦਾ ਨਾਮ ਜਪਣ ਵਾਲੇ ਅਤੇ ਉਸ ਦੇ ਗੁਣਾਂ ਦਾ ਗਾਇਨ ਕਰਨ ਵਾਲੇ ਸੰਤਜਨਾਂ, ਗੁਰਮੁਖਿ ਜਨਾਂ ਨਾਲ ਮਿਲ ਕੇ ਰੱਬੀ ਬਾਣੀ ਦਾ ਕੀਰਤਨ ਕਰਨ, ਕਰਤਾ ਪੁਰਖ ਦੇ ਗੁਣਾਂ ਦਾ ਗਾਇਨ ਕਰਨ ਲਈ ਕਿਹਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਅਤੇ ਸਮੇਤ ਆਪਣੇ ਪੁੱਤਰ-ਪੋਤਰਿਆਂ, ਰਿਸ਼ਤੇਦਾਰਾਂ ਅਤੇ ਸਾਰੀ ਸਿੱਖ ਸੰਗਤਿ ਨੂੰ ਗੁਰੂ ਰਾਮਦਾਸ ਜੀ ਨੂੰ ਗੁਰੂ ਮੰਨ ਕੇ ਉਨ੍ਹਾਂ ਅੱਗੇ ਸੀਸ ਝੁਕਾਉਣ ਲਈ ਕਿਹਾ। ਸਮੇਤ ਪਰਿਵਾਰ ਦੇ ਸਾਰੀ ਸੰਗਤਿ ਨੇ ਉਨ੍ਹਾਂ ਦੇ ਹੁਕਮ ਦੀ ਪਾਲਣਾ ਕੀਤੀ ਅਤੇ ਗੁਰੂ ਅੱਗੇ ਸੀਸ ਨਿਵਾਇਆ। ਜਿਸ ਕਿਸੇ ਨੇ ਈਰਖਾ ਦੇ ਵੱਸ ਹੋ ਕੇ ਇਸ ਦਾ ਵਿਰੋਧ ਕਰਨਾ ਚਾਹਿਆ ਉਸ ਨੂੰ ਵੀ ਗੁਰੂ ਅਮਰਦਾਸ ਜੀ ਨੇ ਆਪ ਸਮਝਾਇਆ ਅਤੇ ਸਬੰਧਤ ਵਿਅਕਤੀਆਂ ਨੇ ਹੁਕਮ ਦੀ ਪਾਲਣਾ ਕੀਤੀ। ਇਸ ਦੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਦੇਣ ਮੌਕੇ ਬਾਣੀ ਵੀ ਸੌਂਪੀ:

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨਿਸਾਣੁ ਜੀਉ॥

'ਸਦ' ਦੀ ਪੰਜਵੀਂ ਪਉੜੀ ਬਾਰੇ ਕਿਸੇ ਕਿਸਮ ਦਾ ਭੁਲੇਖਾ ਖਾਣ "ਇਸ ਪਉੜੀ ਵਿਚ ਗੁਰੂ ਅਮਰਦਾਸ ਜੀ ਵਲੋਂ ਕਿਰਿਆ ਕਰਨ ਦੀ ਹਿਦਾਇਤ ਦਾ ਜ਼ਿਕਰ ਹੈ" ਤੋਂ ਸੁਚੇਤ ਕਰਦਿਆਂ ਪ੍ਰੋਫੈਸਰ ਸਾਹਿਬ ਸਿੰਘ ਨੇ 'ਦਰਪਣ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਲਿਖਿਆ ਹੈ ਕਿ "ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਹੀ ਸਮਝਣ ਲਈ ਇਹ ਅੱਤ ਜ਼ਰੂਰੀ ਹੈ ਕਿ ਉਸ ਵਕਤ ਦੀ ਪੰਜਾਬੀ ਦੇ ਵਿਆਕਰਨਿਕ ਨਿਯਮਾਂ ਦੀ ਥੋੜੀ ਬਹੁਤ ਸਮਝ ਹੋਵੇ। " ਉਨ੍ਹਾਂ ਨੇ ਅੱਗੇ ਲਫ਼ਜ਼ "ਪੰਡਿਤ, ਪੜਹਿ ਅਤੇ ਪਾਵਏ" ਦੀ ਵਿਆਕਰਨਿਕ ਵਿਆਖਿਆ ਕਰਦਿਆਂ ਲਿਖਿਆ ਹੈ ਕਿ "ਲਫ਼ਜ਼ 'ਪੰਡਿਤ' ਬਹੁ ਬਚਨ ਹੈ, ਲਫ਼ਜ਼ 'ਪੜਹਿ' ਭੀ ਬਹੁ ਬਚਨ ਹੈ। ਹਿੰਦੂ ਸੱਜਣ ਮਰੇ ਪ੍ਰਾਣੀ ਪਿਛੋਂ ਕਿਰਿਆ ਕਰਾਂਦੇ ਹਨ। ਕਿਰਿਆ ਕਰਨ ਵਾਲੇ ਬ੍ਰਾਹਮਣ ਨੂੰ ਆਚਾਰਜ ਆਖੀਦਾ ਹੈ। ਇਹ ਆਚਾਰਜ ਖ਼ਾਨਦਾਨੀ ਹੀ ਤੁਰੇ ਆਉਂਦੇ ਹਨ। ਹਰੇਕ ਘਰ ਦਾ ਇਕੋ ਹੀ ਆਚਾਰਜ ਹੁੰਦਾ ਹੈ। ਜੇ ਗੁਰੂ ਅਮਰਦਾਸ ਜੀ ਵਲੋਂ ਕਿਰਿਆ ਦੀ ਹਿਦੈਤ ਹੁੰਦੀ, ਤਾਂ ਲਫ਼ਜ਼ 'ਪੰਡਿਤ' ਏਥੇ ਇਕ ਬਚਨ ਹੁੰਦਾ, ਇਸ ਦੀ ਸ਼ਕਲ 'ਪੰਡਿਤੁ' ਹੁੰਦੀ, ਅੱਖਰ 'ਤ' ਦੇ ਅੰਤ ਵਿਚ (_) ਹੁੰਦਾ। ਲਫ਼ਜ਼ 'ਗੋਪਾਲ' ਸੰਬੰਧ ਕਾਰਕ ਵਿਚ ਹੈ। 'ਕੇਸੋ ਗੋਪਾਲ ਪੰਡਿਤ' ਦਾ ਅਰਥ ਹੈ 'ਕੇਸੋ ਗੋਪਾਲ ਦੇ ਪੰਡਿਤ।' ਕੇਸੋ ਅਤੇ ਗੋਪਾਲ ਪਰਮਾਤਮਾ ਦੇ ਨਾਮ ਹਨ; ਜਿਵੇਂ:-

'ਕਬੀਰ ਕੇਸੋ ਕੇਸੋ ਕੂਕੀਐ'
ਅਤੇ
'ਗੋਪਾਲ ਤੇਰਾ ਆਰਤਾ'।

ਸਤਿਗੁਰੂ ਜੀ ਵਲੋਂ ਹਦਾਇਤ ਇਹ ਹੈ ਕਿ ਸਾਡੇ ਪਿਛੋਂ ਪਰਮਾਤਮਾ ਦੇ ਪੰਡਤਾਂ ਨੂੰ ਸੱਦਣਾ, ਭਾਵ ਸਤਸੰਗੀਆਂ ਨੂੰ ਬੁਲਾਣਾ ਜੋ ਆ ਕੇ ਗਰੁੜ ਪੁਰਾਣ ਦੇ ਥਾਂ 'ਹਰਿ ਹਰਿ ਕਥਾ' ਪੜ੍ਹਨ। ਇਸੇ ਦੀ ਹਦਾਇਤ ਦੀ ਤਾਕੀਦ ਅਗਲੀਆਂ ਦੋ ਤੁਕਾਂ ਵਿਚ ਕੀਤੀ ਹੈ।

"ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ॥"

ਲਫ਼ਜ਼ 'ਪਾਵਏ' ਵਰਤਮਾਨ ਕਾਲ ਹੈ, ਅੰਨ ਪੁਰਖ, ਇਕ ਵਚਨ। ਇਸ ਦਾ ਅਰਥ ਹੈ 'ਪਾਂਦਾ ਹੈ'। ਕਿਸੇ ਭੀ ਹਾਲਤ ਵਿਚ ਲਫ਼ਜ਼ ਹੁਕਮੀ ਭਵਿੱਖਤ ਕਾਲ ਵਿਚ ਨਹੀਂ ਹੈ। ਤੀਜੀ ਤੁਕ ਵਿਚ ਜ਼ਿਕਰ ਹੈ ਕਿ 'ਬੇਬਾਣ ਹਰਿ ਰੰਗੁ ਗੁਰ ਭਾਵਏ' (ਗੁਰੂ ਨੂੰ ਹਰੀ ਦਾ ਪਿਆਰ-ਰੂਪ ਬੇਬਾਣ ਚੰਗਾ ਲੱਗਦਾ ਹੈ)। ਚੌਥੀ ਤੁਕ ਦੇ ਲਫ਼ਜ਼ 'ਪਾਵਏ' ਦਾ ਕਰਤਾ ਕਾਰਕ ਲਫ਼ਜ਼ 'ਗੁਰੁ' ਹੈ (ਗੁਰੂ ਪਿੰਡ ਪਤਲਿ ਕਿਰਿਆ ਦੀਵਾ ਫੁੱਲ - ਇਹ ਸਭ ਕੁਝ 'ਹਰਿਸਰ' ਵਿਚ ਪਾਂਦਾ ਹੈ, ਭਾਵ, ਇਹ ਸਾਰੀ ਰਸਮ ਨੂੰ ਗੁਰੂ ਸਤਸੰਗ ਤੋਂ ਸਦਕੇ ਕਰਦਾ ਹੈ)।

ਇਸ ਸੰਖੇਪ ਚਰਚਾ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਅੰਤਮ ਰਸਮਾਂ ਦੇ ਰੂਪ ਵਿਚ ਸੰਗਤੀ ਤੌਰ 'ਤੇ ਇਕੱਤਰ ਹੋ ਕੇ ਗੁਰਬਾਣੀ ਦੀ ਕਥਾ-ਕੀਰਤਨ ਅਤੇ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਹਨ; ਹੋਰ ਕਿਸੇ ਵੀ ਕਿਸਮ ਦੀਆਂ ਬਬਾਣ, ਦੀਵਾ, ਪੱਤਲ, ਕਿਰਿਆ ਆਦਿ ਦੀ ਮਨਾਹੀ ਕਰਦੇ ਹਨ। ਸਿੱਖ ਲਈ ਦੁੱਖ ਦੀ ਘੜੀ ਵਿਚ ਵੀ ਨਾਮ ਸਿਮਰਨ ਦਾ ਉਪਦੇਸ਼ ਹੈ;ਜਿਵੇਂ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥2॥

ਗੁਰੂ ਸਾਹਿਬਾਨ ਨੇ ਸਿੱਖ ਦੇ ਜਨਮ, ਜੀਵਨ ਅਤੇ ਅੰਤਮ ਸਮੇਂ ਨੂੰ ਸੌਖੇ ਅਤੇ ਸਹੀ ਢੰਗ ਨਾਲ ਬਸਰ ਕਰਨ ਲਈ ਨਾਮ ਸਿਮਰਨ ਨਾਲ ਜੋੜਿਆ ਹੈ, ਕਿਸੇ ਕਿਸਮ ਦੇ ਕਰਮ-ਕਾਂਡ ਅਤੇ ਵਾਧੂ ਰਸਮਾਂ ਵਿਚ ਸਮਾਂ ਅਤੇ ਜੀਵਨ ਵਿਅਰਥ ਕਰਨ ਦੀ ਜ਼ਰੂਰਤ ਨਹੀਂ ਹੈ।

## ਦੁਆਵਾਂ

ਤੇਰੇ ਲਈ ਮੈਂ ਸੱਜਣਾ ਦੁਆਵਾਂ ਲਿਖ ਰਿਹਾ ਹਾਂ
ਜਿੱਧਰੋਂ ਦੀ ਲੰਘਣਾ ਉਹ ਰਾਹਵਾਂ ਲਿਖ ਰਿਹਾ ਹਾਂ।

ਜਿਨ੍ਹਾਂ ਵਿਚ ਸਿਮਟ ਕੇ ਵੇਖਣਾ ਸਵਰਗ ਮੈਂ,
ਗੋਰੀਆਂ ਮੁਲਾਇਮ ਜਿਹੀਆਂ ਬਾਹਵਾਂ ਲਿਖ ਰਿਹਾ ਹਾਂ।

ਜਿੱਥੇ-ਜਿੱਥੇ ਸਾਡੀਆਂ ਸੀ ਮੁਲਾਕਾਤਾਂ ਹੁੰਦੀਆਂ,
ਸੋਚ-ਸੋਚ ਕੇ ਉਹ ਸਭ ਥਾਵਾਂ ਲਿਖ ਰਿਹਾ ਹਾਂ।

ਤੇਰੇ ਨਾਲ ਖਹਿ-ਖਹਿ ਕੇ ਸਾਡੇ ਵੱਲ ਆਉਂਦੀਆਂ ਜੋ,
ਠੰਡੀਆਂ ਤੇ ਠਾਰ ਉਹ, ਹਵਾਵਾਂ ਲਿਖ ਰਿਹਾ ਹਾਂ।

ਤੇਰੇ-ਮੇਰੇ ਦਿਲ ਵਿਚ ਦੱਬੀਆਂ ਜੋ ਪਈਆਂ ਨੇ,
ਇੱਕ-ਇੱਕ ਕਰਕੇ ਇੱਛਾਵਾਂ ਲਿਖ ਰਿਹਾ ਹਾਂ।

ਜਿਨ੍ਹਾਂ ਨੇ ਉਮਰ ਭਰ ਵਾਸਤੇ ਗੁਲਾਮ ਕੀਤਾ,
ਤੇਰੀਆਂ ਉਹ ਮਸਤ ਅਦਾਵਾਂ ਲਿਖ ਰਿਹਾ ਹਾਂ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਯੂਬਾ ਸਿਟੀ, ਕੈਲੀਫੋਰਨੀਆ*
*ਫੋਨ: +13604481989*

# ਡਾਲਰ ਦੀ ਚੜ੍ਹਤ ਅਤੇ ਹਾਲੋਂ-ਬੇਹਾਲ ਰੁਪਈਆ

**ਡਾ. ਸ ਸ ਛੀਨਾ**

ਕਿਸੇ ਮੁਲਕ ਦੀ ਕਰੰਸੀ ਦੀ ਦੂਸਰੇ ਮੁਲਕ ਦੀ ਕਰੰਸੀ ਨਾਲ ਵਟਾਂਦਰਾ ਦਰ, ਉਸ ਮੁਲਕ ਦੀ ਆਰਥਿਕਤਾ ਦੀ ਮਜ਼ਬੂਤੀ ਦਾ ਪ੍ਰਤੀਕ ਹੈ। ਅੱਜ ਕੱਲ੍ਹ ਇਕ ਡਾਲਰ ਦੀ ਕੀਮਤ ਭਾਰਤ ਦੇ ਤਕਰੀਬਨ 80 ਰੁਪਏ ਦੇ ਕਰੀਬ ਪਹੁੰਚ ਗਈ ਹੈ ਜੋ ਇਹ ਦੱਸਦੀ ਹੈ ਕਿ ਅਮਰੀਕਾ ਦੀ ਆਰਥਿਕਤਾ ਮਜ਼ਬੂਤ ਹੈ ਕਿਉਂ ਜੋ ਉਨ੍ਹਾਂ ਦਾ ਇਕ ਡਾਲਰ ਭਾਰਤ ਦੇ 80 ਰੁਪਏ ਦੇ ਬਰਾਬਰ ਵਸਤੂਆਂ ਖਰੀਦ ਸਕਦਾ ਹੈ। ਜਿਸ ਤਰ੍ਹਾਂ ਵਸਤੂ ਦੀ ਮੰਗ ਅਤੇ ਪੂਰਤੀ ਉਸ ਵਸਤੂ ਦੀ ਕੀਮਤ ਤੈਅ ਕਰਦੀਆਂ ਹਨ, ਉਸੇ ਤਰ੍ਹਾਂ ਕਿਸੇ ਕਰੰਸੀ ਦੀ ਮੰਗ ਅਤੇ ਪੂਰਤੀ ਉਸ ਕਰੰਸੀ ਦੀ ਕੀਮਤ ਤੈਅ ਕਰਦੀ ਹੈ।

ਅਮਰੀਕਾ ਦੇ ਡਾਲਰਾਂ ਦੀ ਮੰਗ, ਪੂਰਤੀ ਤੋਂ ਜ਼ਿਆਦਾ ਹੋਣ ਕਰਕੇ ਡਾਲਰ ਦੀ ਕੀਮਤ ਪਿਛਲੇ 75 ਸਾਲਾਂ ਤੋਂ ਲਗਾਤਾਰ ਵਧ ਰਹੀ ਹੈ। ਦੂਸਰੇ ਸ਼ਬਦਾਂ ਵਿਚ ਡਾਲਰਾਂ ਦੀ ਮੰਗ, ਅਮਰੀਕਾ ਅਤੇ ਹੋਰ ਮੁਲਕਾਂ ਤੋਂ ਵਸਤੂਆਂ ਅਤੇ ਸੇਵਾਵਾਂ ਦੇ ਖਰੀਦਣ ਲਈ ਕੀਤੀ ਜਾਂਦੀ ਹੈ ਜਦੋਂਕਿ ਡਾਲਰਾਂ ਦੀ ਪੂਰਤੀ ਭਾਰਤ ਤੋਂ ਅਮਰੀਕਾ ਅਤੇ ਹੋਰ ਮੁਲਕਾਂ ਨੂੰ ਵੇਚਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ 'ਤੇ ਨਿਰਭਰ ਕਰਦੀ ਹੈ। ਪਿਛਲੇ ਲੰਮੇ ਸਮੇਂ ਤੋਂ ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਖਿਲਾਫ ਰਿਹਾ ਹੈ ਜਿਸ ਦਾ ਅਰਥ ਹੈ ਕਿ ਭਾਰਤ ਤੋਂ ਹੋਣ ਵਾਲੀ ਬਰਾਮਦ ਘੱਟ ਸੀ ਜਦੋਂਕਿ ਦਰਾਮਦ ਜ਼ਿਆਦਾ ਸੀ ਜਿਸ ਕਰਕੇ ਭਾਰਤ ਦੀ ਕਰੰਸੀ ਉਨ੍ਹਾਂ ਡਾਲਰਾਂ ਦੀ ਕਰੰਸੀ ਦੇ ਮੁਕਾਬਲੇ ਕਮਜ਼ੋਰ ਹੁੰਦੀ ਗਈ।

ਜਦੋਂ ਡਾਲਰਾਂ ਦੀ ਕੀਮਤ ਵਧਦੀ ਹੈ ਤਾਂ ਇਸ ਨਾਲ ਭਾਰਤ ਵਿਚ ਮਹਿੰਗਾਈ ਹੋਰ ਵਧ ਜਾਂਦੀ ਹੈ। ਇਹ ਮਹਿੰਗਾਈ ਜਿਹੜੀ ਡਾਲਰਾਂ ਦੀ ਵਜ੍ਹਾ ਕਰਕੇ ਹੁੰਦੀ ਹੈ, ਉਹ ਭਾਵੇਂ ਹਰ ਸ਼ਖ਼ਸ ਨੂੰ ਪ੍ਰਭਾਵਿਤ ਕਰਦੀ ਹੈ ਪਰ ਇਹ ਸਗੋਂ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ ਜਿਨ੍ਹਾਂ ਨੇ ਕਦੀ ਡਾਲਰਾਂ ਦਾ ਨੋਟ ਵੀ ਨਹੀਂ ਦੇਖਿਆ ਹੁੰਦਾ। ਇਸ ਦੇ ਕਾਰਨ ਇਸ ਪ੍ਰਕਾਰ ਹਨ:

ਭਾਰਤ ਆਪਣੀਆਂ ਪੈਟਰੋਲ ਅਤੇ ਡੀਜ਼ਲ ਦੀਆਂ ਲੋੜਾਂ ਤੇਲ ਦਰਾਮਦ ਕਰਕੇ ਪੂਰੀਆਂ ਕਰਦਾ ਹੈ ਜਿਸ ਲਈ ਹਰ ਸਾਲ ਲੱਖਾਂ-ਕਰੋੜਾਂ ਡਾਲਰ ਦੇਣੇ ਪੈਂਦੇ ਹਨ। ਭਾਰਤ ਜਿਹੜਾ ਵੀ ਤੇਲ ਦਰਾਮਦ ਕਰਦਾ ਹੈ, ਉਸ ਵਿਚੋਂ ਸਿਰਫ ਇਰਾਨ ਹੀ ਉਹ ਮੁਲਕ ਹੈ ਜਿਹੜਾ ਭਾਰਤ ਤੋਂ ਭਾਰਤੀ ਕਰੰਸੀ ਰੁਪਏ ਵਿਚ ਅਦਾਇਗੀ ਲੈ ਲੈਂਦਾ ਹੈ। ਬਾਕੀ ਸਭ ਮੁਲਕ ਜਿਨ੍ਹਾਂ ਵਿਚ ਮੁੱਖ ਅਰਬ ਮੁਲਕ ਹਨ, ਤੇਲ ਕੀਮਤ ਦੀ ਅਦਾਇਗੀ ਡਾਲਰਾਂ ਵਿਚ ਲੈਂਦੇ ਹਨ। ਅੱਜ ਕੱਲ੍ਹ ਇਕ ਬੈਰਲ ਤੇਲ ਦੀ ਕੀਮਤ 110 ਡਾਲਰ ਹੈ ਜਿਹੜੀ ਪਿਛਲੇ ਸਾਲ 80 ਡਾਲਰ ਪ੍ਰਤੀ ਬੈਰਲ ਤੋਂ ਵੀ ਘੱਟ ਸੀ। ਇਸ ਵਧੀ ਹੋਈ ਕੀਮਤ ਕਰਕੇ ਪਹਿਲਾਂ ਤੋਂ ਜ਼ਿਆਦਾ ਡਾਲਰ ਦੇਣੇ ਪੈਂਦੇ ਹਨ ਪਰ ਇਸ ਦੇ ਨਾਲ ਹੀ ਜਿੰਨੀ ਡਾਲਰ ਦੀ ਕੀਮਤ ਵਧਦੀ ਹੈ, ਉਨੇ ਹੀ ਜ਼ਿਆਦਾ ਰੁਪਏ ਦੇਣੇ ਪੈਂਦੇ ਹਨ; ਜਿਵੇਂ ਜੇ ਪਹਿਲਾਂ ਇਕ ਡਾਲਰ ਲਈ 75 ਰੁਪਏ ਦੇਣੇ ਪੈਂਦੇ ਸਨ, ਹੁਣ 80 ਰੁਪਏ ਦੇਣੇ ਪੈਣਗੇ। ਇਸ ਕਰਕੇ ਜਿੰਨੀ ਮਹਿੰਗਾਈ ਹੋਵੇਗੀ, ਉਸ ਦਾ ਪ੍ਰਭਾਵ ਵਸਤੂਆਂ ਦੀ ਢੁਆਈ ਅਤੇ ਆਵਾਜਾਈ ਦੇ ਖਰਚ 'ਤੇ ਵੀ ਹੋਵੇਗਾ ਅਤੇ ਇਸ ਢੁਆਈ ਦੀ ਲਾਗਤ ਦੇ ਵਾਧੇ ਕਰਕੇ ਕੀਮਤਾਂ ਵਿਚ ਹੋਏ ਵਾਧੇ ਨੂੰ ਟਾਲਿਆ ਨਹੀਂ ਜਾ ਸਕਦਾ। ਇਹ ਵਾਧਾ ਹਰ ਵਸਤੂ ਦੀ ਕੀਮਤ ਵਿਚ ਹੋ ਜਾਵੇਗਾ।

1972 ਤੋਂ ਪਹਿਲਾਂ ਦੁਨੀਆ ਦੇ ਜ਼ਿਆਦਾਤਰ ਮੁਲਕਾਂ ਵਿਚ ਕਰੰਸੀ ਦੀ ਵਟਾਂਦਰਾ ਦਰ ਉਨ੍ਹਾਂ ਮੁਲਕਾਂ ਦੀ ਸਰਕਾਰ ਤੈਅ ਕਰਦੀ ਸੀ। ਇਸ ਤਰ੍ਹਾਂ ਹੀ ਭਾਰਤ ਦੀ ਰੁਪਏ ਅਤੇ ਡਾਲਰਾਂ ਦੀ ਦਰ ਤੈਅ ਸੀ। ਉਸ ਵਕਤ 7 ਰੁਪਏ ਦਾ ਇਕ ਡਾਲਰ ਹੁੰਦਾ ਸੀ ਪਰ ਜਿਹੜੇ ਵਪਾਰੀ ਦਰਾਮਦ ਦਾ ਵਪਾਰ ਕਰਦੇ ਸਨ, ਜੇ ਉਨ੍ਹਾਂ ਕੋਲ ਜ਼ਿਆਦਾ ਡਾਲਰ ਹੋਣ ਤਾਂ ਉਹ ਜ਼ਿਆਦਾ ਮਾਲ ਮੰਗਵਾ ਸਕਦੇ ਸਨ। ਇਸ ਲਈ ਉਹ ਵੱਧ ਤੋਂ ਵੱਧ ਡਾਲਰ ਲੈਣ ਲਈ ਕੁਝ ਹੋਰ ਡਾਲਰਾਂ ਦੀ ਮੰਗ ਕਰਦੇ ਸਨ ਪਰ ਜਦੋਂ ਨਹੀਂ ਸਨ ਮਿਲਦੇ ਤਾਂ ਉਹ ਬਲੈਕ ਵਿਚ ਹੋਰ ਵਪਾਰੀਆਂ ਤੋਂ ਡਾਲਰ ਲੈ ਲੈਂਦੇ ਸਨ ਜਿਹੜੇ 7 ਰੁਪਏ ਤੋਂ ਜ਼ਿਆਦਾ ਦਰ ਨਾਲ ਮਿਲਦੇ ਸਨ। ਇਸ ਲਈ ਦੋ ਰੇਟ ਸਨ- ਇਕ ਸਰਕਾਰੀ ਦਰ ਅਤੇ ਦੂਸਰਾ ਬਲੈਕ ਦੀ ਦਰ। 1990 ਤੋਂ ਬਾਅਦ ਜ਼ਿਆਦਾਤਰ ਮੁਲਕਾਂ ਅਤੇ ਭਾਰਤ ਨੇ ਵੀ ਵਟਾਂਦਰਾ ਦਰ ਨੂੰ ਮੰਡੀ ਦੀ ਦਰ ਵਿਚ ਬਦਲ ਦਿੱਤਾ, ਇਸ ਕਰਕੇ ਡਾਲਰ ਦਾ ਰੇਟ ਹਰ ਰੋਜ਼ ਬਦਲ ਜਾਂਦਾ ਸੀ। ਇਸ ਸਮੇਂ ਤੋਂ ਬਾਅਦ ਇਹ ਲਗਾਤਾਰ ਵਧਦਾ ਹੀ ਰਿਹਾ ਪਰ 1999 ਤੋਂ ਬਾਅਦ ਤਾਂ ਇਹ 60 ਰੁਪਏ ਤੋਂ ਕਿਤੇ ਉਤੇ ਚਲਾ ਗਿਆ।



ਜਦੋਂ ਕਿਸੇ ਮੁਲਕ ਦੀ ਕਰੰਸੀ ਦੀ ਕੀਮਤ ਘਟਦੀ ਹੈ ਤਾਂ ਬਾਹਰ ਦੇ ਵਪਾਰੀ ਉਥੋਂ ਜ਼ਿਆਦਾ ਖਰੀਦਦੇ ਹਨ ਕਿਉਂ ਜੋ ਉਹ ਆਪਣੀ ਕਰੰਸੀ ਨਾਲ ਜ਼ਿਆਦਾ ਮੁੱਲ ਦੀਆਂ ਵਸਤੂਆਂ ਖਰੀਦ ਸਕਦੇ ਹਨ, ਜਿਵੇਂ ਹੁਣ ਇਕ ਡਾਲਰ ਨਾਲ ਭਾਰਤ ਵਿਚੋਂ 80 ਰੁਪਏ ਦੀਆਂ ਵਸਤੂਆਂ ਖਰੀਦੀਆਂ ਜਾ ਸਕਦੀਆਂ ਹਨ। ਦੂਸਰੀ ਤਰਫ ਡਾਲਰ ਮਹਿੰਗਾ ਹੋਣ ਨਾਲ ਬਾਹਰ ਦੀਆਂ ਵਸਤੂਆਂ ਲਈ ਜ਼ਿਆਦਾ ਕੀਮਤ ਦੇਣੀ ਪੈਂਦੀ ਹੈ, ਇਸ ਨਾਲ ਦਰਾਮਦ ਵਿਚ ਕਮੀ ਆਉਂਦੀ ਹੈ। ਇਹੋ ਵਜ੍ਹਾ ਸੀ ਕਿ ਜਦੋਂ ਸਰਕਾਰ ਵਿਦੇਸ਼ੀ ਮੁਦਰਾ ਦਾ ਰੇਟ ਤੈਅ ਕਰਦੀ ਸੀ, ਉਸ ਵਕਤ ਭਾਰਤ ਨੇ ਪਹਿਲਾਂ 1949, ਫਿਰ 1966 ਅਤੇ ਫਿਰ 1972 ਵਿਚ ਵੱਡੀ ਮਾਤਰਾ ਨਾਲ ਆਪ ਹੀ ਆਪਣੀ ਕਰੰਸੀ ਦੀ ਕੀਮਤ ਘਟਾਈ ਸੀ ਤਾਂ ਕਿ ਭਾਰਤ ਦਾ ਵਪਾਰ ਸੰਤੁਲਨ ਠੀਕ ਹੋ ਸਕੇ ਪਰ ਭਾਰਤ ਦੀ ਬਰਾਮਦ ਲਗਾਤਾਰ ਘੱਟ ਅਤੇ ਦਰਾਮਦ ਵੱਧ ਹੋਣ ਕਰਕੇ ਉਹ ਸੰਤੁਲਨ ਠੀਕ ਨਾ ਹੋ ਸਕਿਆ।

ਬਰਾਮਦ ਵਧਾਉਣਾ ਹਰ ਮੁਲਕ ਦੀ ਵੱਡੀ ਤਰਜੀਹ ਹੁੰਦੀ ਹੈ। ਇਸੇ ਲਈ ਜਿੱਥੇ ਤੁਲਨਾਤਮਿਕ ਲਾਗਤ ਵੱਡਾ ਤੱਤ ਹੈ, ਉੱਥੇ ਮੁਲਕ ਵਿਚ ਚੱਲ ਰਹੀਆਂ ਕੀਮਤਾਂ ਵੀ ਇਸ ਨੂੰ ਤੈਅ ਕਰਦੀਆਂ ਹਨ। ਭਾਰਤ ਵਿਚ ਮਹਿੰਗਾਈ ਲਗਾਤਾਰ ਵਧਦੀ ਰਹੀ ਹੈ। ਹਰ ਸਾਲ ਤਕਰੀਬਨ 5 ਤੋਂ 7 ਫੀਸਦੀ ਤੱਕ ਕੀਮਤਾਂ ਵਧ ਜਾਂਦੀਆਂ ਰਹੀਆਂ ਹਨ, ਇਸ ਲਈ ਮਹਿੰਗਾਈ ਹੋਣ ਕਰਕੇ ਭਾਰਤ ਦੀ ਬਰਾਮਦ ਨਾ ਵਧ ਸਕੀ। 1995 ਵਿਚ ਜਦੋਂ ਭਾਰਤ ਨੇ ਸੰਸਾਰ ਵਪਾਰ ਸੰਸਥਾ ਦਾ ਮੈਂਬਰ ਬਣਨਾ ਸੀ, ਇਸ ਦੇ ਜ਼ਿਆਦਾਤਰ ਅਰਥ-ਸ਼ਾਸਤਰੀ ਅਤੇ ਨੇਤਾ ਇਸ ਗੱਲ ਦੇ ਹੱਕ ਵਿਚ ਨਹੀਂ ਸਨ ਕਿ ਭਾਰਤ ਸੰਸਾਰ ਵਪਾਰ ਸੰਸਥਾ ਦਾ ਮੈਂਬਰ ਬਣੇ ਪਰ ਕਿਉਂ ਜੋ ਦੁਨੀਆ ਦੇ ਉਹ ਸਾਰੇ ਹੀ ਮੁਲਕ ਜਿਨ੍ਹਾਂ ਨਾਲ ਭਾਰਤ ਦਾ ਵਪਾਰ ਚੱਲਦਾ ਸੀ, ਉਹ ਉਸ ਸੰਸਥਾ ਦੇ ਮੈਂਬਰ ਬਣ ਗਏ ਸਨ, ਇਸ ਲਈ ਭਾਰਤ ਨੂੰ ਮਜਬੂਰੀਵਸ ਉਸ ਸੰਸਥਾ ਦਾ ਮੈਂਬਰ ਬਣਨਾ ਪਿਆ ਤਾਂ ਕਿ ਭਾਰਤ ਦੁਨੀਆ ਦੇ ਮੁਲਕਾਂ ਤੋਂ ਅਲੱਗ-ਥਲੱਗ ਨਾ ਹੋ ਜਾਵੇ। ਇਸ ਮੈਂਬਰਸ਼ਿਪ ਨਾਲ ਭਾਰਤ ਦਾ ਦੁਨੀਆ ਦੇ ਵਪਾਰ ਵਿਚ ਜਿਹੜਾ 1.7 ਫੀਸਦੀ ਹਿੱਸਾ ਸੀ, ਉਹ ਤਾਂ ਵਧ ਕੇ 2.1 ਫੀਸਦੀ ਹੋ ਗਿਆ ਪਰ ਇਸ ਵਪਾਰ ਵਿਚ ਜਿੱਥੇ ਭਾਰਤ ਦੀ ਬਰਾਮਦ ਵਧੀ, ਉੱਥੇ ਦਰਾਮਦ ਵਿਚ ਵਾਧਾ ਉਸ ਤੋਂ ਬਹੁਤ ਜ਼ਿਆਦਾ ਹੋ ਗਿਆ। ਇਸ ਕਰਕੇ ਭਾਰਤ ਦਾ ਵਪਾਰ ਸੰਤੁਲਨ ਭਾਰਤ ਦੇ ਖਿਲਾਫ ਰਿਹਾ ਅਤੇ ਭਾਰਤੀ ਰੁਪਏ ਦੀ ਕੀਮਤ ਹੋਰ ਡਿਗਦੀ ਗਈ।

ਦੁਨੀਆ ਦਾ ਕੋਈ ਵੀ ਮੁਲਕ ਆਪਣੀਆਂ ਲੋੜਾਂ ਲਈ ਆਤਮ-ਨਿਰਭਰ ਨਹੀਂ। ਕਿਸੇ ਮੁਲਕ ਦੇ ਕੁਦਰਤੀ ਸਾਧਨਾਂ ਵਿਚ ਖਣਿਜ ਪਦਾਰਥ ਜ਼ਿਆਦਾ ਹਨ; ਕਿਤੇ ਤੇਲ, ਕਿਤੇ ਖੇਤੀ; ਇਉਂ ਕੌਮਾਂਤਰੀ ਵਪਾਰ ਤੁਲਨਾਤਮਿਕ ਲਾਗਤ ਦੇ ਆਧਾਰ 'ਤੇ ਹੁੰਦਾ ਹੈ ਕਿ ਜਿਸ ਮੁਲਕ ਵਿਚ ਜਿਹੜੀ ਵਸਤੂ ਸਸਤੀ ਬਣਦੀ ਹੈ, ਉਹ ਪੈਦਾ ਕਰ ਲਈ ਜਾਵੇ ਅਤੇ ਜਿਹੜੀ ਮਹਿੰਗੀ ਬਣਦੀ ਹੈ, ਉਹ ਬਾਹਰ ਤੋਂ ਦਰਾਮਦ ਕਰ ਲਈ ਜਾਵੇ। ਭਾਰਤ ਵਿਚ ਤੇਲ ਬਹੁਤ ਘੱਟ ਪੈਦਾ ਹੁੰਦਾ ਹੈ ਅਤੇ ਤੇਲ ਦੀ ਮੰਗ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਕੀਮਤਾਂ ਵਿਚ ਵੀ। ਇਸ ਸਮੇਂ ਇਹ ਕੀਮਤ ਹੋਰ ਵਧਣ ਦਾ ਰੁਝਾਨ ਹੈ ਜਿਸ ਕਰਕੇ ਜਿੱਥੇ ਕੀਮਤਾਂ ਵਿਚ ਹੋਰ ਵਾਧਾ ਹੋਵੇਗਾ, ਉੱਥੇ ਭਾਰਤ ਦੇ ਵਪਾਰ ਸੰਤੁਲਨ ਵਿਚ ਸੁਧਾਰ ਨਹੀਂ ਹੋ ਸਕਦਾ। ਇਸ ਲਈ ਡਾਲਰਾਂ ਦੀਆਂ ਕੀਮਤਾਂ ਵਿਚ ਵਾਧੇ ਦਾ ਰੁਝਾਨ ਰਹੇਗਾ। ਇਸ ਨਾਲ ਭਾਰਤ ਵਿਚ ਕੀਮਤਾਂ ਵਿਚ ਹੋਰ ਵਾਧਾ ਹੋ ਸਕਦਾ ਹੈ। ਡਾਲਰ ਦੀ ਕੀਮਤ 'ਤੇ ਕਾਬੂ ਪਾਉਣ ਲਈ ਬਰਾਮਦ ਵਿਚ ਵੱਡੇ ਵਾਧੇ ਦੀ ਲੋੜ ਹੈ।

ਜਦੋਂ ਡਾਲਰ ਦੀ ਕੀਮਤ ਵਿਚ ਵਾਧਾ ਹੁੰਦਾ ਹੈ ਤਾਂ ਇਸ ਨਾਲ ਸਿਰਫ ਮੁਲਕ ਵਿਚ ਹੀ ਕੀਮਤਾਂ ਵਧਣ ਦਾ ਰੁਝਾਨ ਨਹੀਂ ਬਣਦਾ ਸਗੋਂ ਇਸ ਨਾਲ ਭਾਰਤ ਤੋਂ ਬਾਹਰ ਗਏ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਹੋਰ ਖਰਚ ਵੀ ਵਧ ਜਾਂਦੇ ਹਨ। ਇਸ ਨਾਲ ਜਿਹੜੇ ਭਾਰਤੀ ਯਾਤਰੀ ਬਾਹਰਲੇ ਮੁਲਕਾਂ ਵਿਚ ਜਾਂਦੇ ਹਨ, ਉਨ੍ਹਾਂ ਦੇ ਖਰਚ ਵਿਚ ਵੀ ਵੱਡਾ ਵਾਧਾ ਹੋ ਜਾਂਦਾ ਹੈ। ਭਾਰਤ ਨੇ ਜਿਹੜਾ ਵਿਦੇਸ਼ੀ ਕਰਜ਼ੇ ਦਾ ਵਿਆਜ ਦੇਣਾ ਹੈ, ਉਸ ਵਿਚ ਵੀ ਵਾਧਾ ਹੋ ਜਾਂਦਾ ਹੈ। ਮੁਲਕ ਵਿਚ ਡਾਲਰਾਂ ਦੀ ਪੂਰਤੀ ਵਧਾਉਣ ਲਈ ਵੱਧ ਤੋਂ ਵੱਧ ਬਰਾਮਦ ਦੇ ਯਤਨ, ਵੱਧ ਤੋਂ ਵੱਧ ਯਾਤਰੀਆਂ ਦਾ ਭਾਰਤ ਵਿਚ ਆਉਣਾ ਅਤੇ ਵਿਦਿਅਕ ਸੰਸਥਾਵਾਂ ਵਿਚ ਵੱਧ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਦਾਖਲ ਕਰਨ ਤੋਂ ਇਲਾਵਾ ਅਣਚਾਹੀ ਦਰਾਮਦ, ਜਿਵੇਂ ਸੋਨੇ ਦੀ ਦਰਾਮਦ ਘਟਾਉਣੀ ਚਾਹੀਦੀ ਹੈ ਅਤੇ ਵਿਦੇਸ਼ਾਂ ਤੋਂ ਆਉਣ ਵਾਲੀ ਦਰਾਮਦ ਦੇ ਬਦਲ, ਜਿਵੇਂ ਖਾਣ ਵਾਲੇ ਤੇਲਾਂ, ਦਾਲਾਂ ਦੇ ਬਦਲ ਭਾਰਤ ਵਿਚ ਵਧਾਉਣੇ ਪੈਣਗੇ।

# ਰੁਪਏ ਨਾਲ ਕੀ ਭਾਣਾ ਵਰਤਿਆ?

**ਰਾਜੀਵ ਖੋਸਲਾ/ਸਤੀਸ਼ ਖੋਸਲਾ**

ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਵਿਚ ਆਈ ਗਿਰਾਵਟ ਨੂੰ ਲੈ ਕੇ ਸਿਆਸੀ ਮੋਰਚੇ 'ਤੇ ਹੰਗਾਮਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਲੋਕ ਸਭਾ ਵਿਚ ਦੱਸਿਆ ਕਿ ਦਸੰਬਰ 2014 ਤੋਂ ਲੈ ਕੇ ਹੁਣ ਤਕ ਭਾਰਤੀ ਰੁਪਏ ਵਿਚ ਇਕ ਡਾਲਰ ਦੇ ਮੁਕਾਬਲੇ ਲਗਭਗ 25% ਦੀ ਕਮੀ ਆਈ ਹੈ। 31 ਦਸੰਬਰ 2014 ਨੂੰ ਇਕ ਡਾਲਰ ਦੀ ਕੀਮਤ 63.33 ਰੁਪਏ ਸੀ ਜੋ ਹੁਣ ਲਗਭਗ 80 ਰੁਪਏ ਹੋ ਚੁੱਕੀ ਹੈ। ਜੁਲਾਈ 2021 ਵਿਚ ਡਾਲਰ ਦੀ ਕੀਮਤ 74.44 ਰੁਪਏ ਸੀ।

ਸਰਕਾਰ ਦਾ ਦਾਅਵਾ ਹੈ ਕਿ ਰੂਸ-ਯੂਕਰੇਨ ਯੁੱਧ, ਕੱਚੇ ਤੇਲ ਦੀਆਂ ਰਿਕਾਰਡ ਉਚੀਆਂ ਕੀਮਤਾਂ ਅਤੇ ਸੰਸਾਰ ਭਰ ਵਿਚ ਅਨਸੁਖਾਵੀਆਂ ਵਿੱਤੀ ਤਬਦੀਲੀਆਂ ਭਾਰਤੀ ਰੁਪਏ ਨੂੰ ਕਮਜ਼ੋਰ ਕਰ ਰਹੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਹੋਰ ਦੇਸ਼ਾਂ ਦੀਆਂ ਮੁਦਰਾਵਾਂ ਜਿਵੇਂ ਯੂਰੋ, ਬ੍ਰਿਟਿਸ਼ ਪਾਉਂਡ, ਜਾਪਾਨੀ ਯੇਨ, ਯੁਆਨ ਆਦਿ ਭਾਰਤੀ ਰੁਪਏ ਦੇ ਮੁਕਾਬਲੇ ਜ਼ਿਆਦਾ ਕਮਜ਼ੋਰ ਹੋਈਆਂ ਹਨ। ਸਰਕਾਰ ਤਕਨੀਕੀ ਸ਼ਬਦਾਵਲੀ ਵਰਤ ਕੇ ਦੱਸ ਰਹੀ ਹੈ ਕਿ ਰੁਪਏ ਵਾਲੇ ਪੱਖ 'ਤੇ ਸਭ ਕੁਝ ਕਾਬੂ ਹੇਠ ਹੈ। ਇਸ ਗਿਰਾਵਟ ਕਾਰਨ ਆਮ ਜਨਤਾ 'ਤੇ ਇਸ ਦਾ ਕੀ ਮਾੜਾ ਅਸਰ ਪੈ ਰਿਹਾ ਹੈ, ਇਸ ਬਾਰੇ ਕੋਈ ਚਰਚਾ ਨਹੀਂ ਕੀਤੀ ਜਾ ਰਹੀ।

ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਨੂੰ ਰੁਪਏ ਦੀ ਗਿਰਾਵਟ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਇਸ ਤੱਥ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰੂਸ-ਯੂਕਰੇਨ ਯੁੱਧ ਅਤੇ ਅਮਰੀਕਾ ਤੇ ਨਾਟੋ ਦੇਸ਼ਾਂ ਦੁਆਰਾ ਰੂਸ 'ਤੇ ਲਾਈਆਂ ਆਰਥਿਕ ਪਾਬੰਦੀਆਂ ਕਾਰਨ ਕੱਚੇ ਤੇਲ, ਕੁਦਰਤੀ ਗੈਸ, ਕੋਲਾ ਤੇ ਹੋਰ ਊਰਜਾ ਸਰੋਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ। ਇਹ ਵਾਧਾ ਉਸ ਵੇਲੇ ਹੋਇਆ ਹੈ ਜਦੋਂ ਦੁਨੀਆ ਨੇ ਕਰੋਨਾ ਤੋਂ ਉਭਰਨਾ ਸ਼ੁਰੂ ਹੀ ਕੀਤਾ ਸੀ। ਭਾਰਤ ਵਿਚ ਵਰਤਿਆ ਜਾਣ ਵਾਲਾ ਮੁੱਖ ਕੱਚਾ ਤੇਲ (ਬ੍ਰੈਂਟ ਕਰੂਡ) ਜੋ ਇਸ ਸਾਲ ਪਹਿਲੀ ਮਾਰਚ ਨੂੰ 83.06 ਡਾਲਰ ਪ੍ਰਤੀ ਬੈਰਲ ਸੀ (ਜਦੋਂ ਰੂਸ-ਯੂਕਰੇਨ ਯੁੱਧ ਸ਼ੁਰੂ ਹੋਇਆ), ਜੂਨ ਵਿਚ 116.56 ਡਾਲਰ ਪ੍ਰਤੀ ਬੈਰਲ ਪਹੁੰਚ ਗਿਆ, ਉਦੋਂ ਤੋਂ ਲਗਭਗ 100 ਡਾਲਰ ਪ੍ਰਤੀ ਬੈਰਲ ਦੇ ਨੇੜੇ ਹੈ। ਕੱਚੇ ਤੇਲ ਵਿਚ ਆਈ ਤੇਜ਼ੀ ਨੇ ਨਾ ਸਿਰਫ ਪੈਟਰੋਲ, ਡੀਜ਼ਲ, ਰਸੋਈ ਗੈਸ ਜਾਂ ਹਵਾਈ ਯਾਤਰਾ ਮਹਿੰਗੇ ਕੀਤੇ ਬਲਕਿ ਇਸ ਦੇ ਦੂਰਗਾਮੀ ਪ੍ਰਭਾਵਾਂ ਕਾਰਨ ਰੋਜ਼ਮੱਰਾ ਵਰਤੋਂ ਵਾਲੀਆਂ ਵਸਤਾਂ, ਸਫਰ, ਬਾਹਰ ਖਾਣਾ, ਉਸਾਰੀ ਸਮੱਗਰੀ ਆਦਿ ਵੀ ਮਹਿੰਗੇ ਹੋਏ ਹਨ। ਵੱਧ ਕੀਮਤ 'ਤੇ ਤੇਲ ਦੀ ਦਰਾਮਦ ਕਾਰਨ ਵਿਦੇਸ਼ੀ ਮੁਦਰਾ ਤੋਂ ਡਾਲਰ ਦਾ ਵਧੇਰੇ ਪ੍ਰਵਾਹ ਹੋਇਆ ਹੈ ਜਿਸ ਨਾਲ ਭਾਰਤੀ ਰੁਪਏ ਦੀ ਕੀਮਤ ਘਟੀ ਹੈ। ਇਸੇ ਸਮੇਂ ਦੌਰਾਨ ਭਾਰਤ ਸਰਕਾਰ ਨੇ ਬਿਜਲੀ ਸੰਕਟ ਨਾਲ ਨਜਿੱਠਣ ਲਈ ਬਿਜਲੀ ਉਤਪਾਦਨ ਕੰਪਨੀਆਂ ਨੂੰ ਕੋਲੇ ਦੀ ਵੱਧ ਦਰਾਮਦ ਕਰ ਕੇ ਘਰੇਲੂ ਕੋਲੇ ਵਿਚ 10% ਮਿਸ਼ਰਨ ਦਾ ਆਦੇਸ਼ ਵੀ ਦਿੱਤਾ ਹੈ।

ਰੁਪਏ ਦੀ ਕੀਮਤ ਘਟਦੀ ਹੈ ਤਾਂ ਬਰਾਮਦਕਾਰਾਂ ਨੂੰ ਫਾਇਦਾ ਹੁੰਦਾ ਹੈ ਪਰ ਭਾਰਤ ਦੀਆਂ ਬਰਾਮਦਾਂ ਜਿਵੇਂ ਗਹਿਣੇ, ਹੀਰੇ, ਇੰਜਨੀਅਰਿੰਗ ਸਾਮਾਨ, ਰਸਾਇਣ, ਰਿਫਾਇੰਡ ਪੈਟਰੋਲ, ਡੀਜ਼ਲ ਆਦਿ ਦੀ ਪ੍ਰਕਿਰਤੀ ਅਜਿਹੀ ਹੈ ਕਿ ਇਨ੍ਹਾਂ ਵਿਚ ਵਰਤੋਂ ਵਿਚ ਆਉਣ ਵਾਲਾ ਕੱਚਾ ਮਾਲ ਬਹੁਤ ਉੱਚ ਕੀਮਤਾਂ 'ਤੇ ਦਰਾਮਦ ਹੋ ਰਿਹਾ ਹੈ ਜਿਸ ਕਾਰਨ ਰੁਪਏ ਦੀ ਗਿਰਾਵਟ ਦਾ ਵੀ ਕੋਈ ਖਾਸ ਫਾਇਦਾ ਬਰਾਮਦਕਾਰਾਂ ਨੂੰ ਨਹੀਂ ਪਹੁੰਚ ਰਿਹਾ। ਇਸ ਤੋਂ ਇਲਾਵਾ ਭਾਰਤੀ ਰੁਪਏ ਦੇ ਮੁਕਾਬਲੇ ਹੋਰ ਮੁਲਕਾਂ ਦੀਆਂ ਮੁਦਰਾਵਾਂ ਵਿਚ ਵਧੇਰੇ ਗਿਰਾਵਟ ਵੀ ਬਰਾਮਦ ਤੋਂ ਆਉਣ ਵਾਲੇ ਡਾਲਰ ਦੇ ਪ੍ਰਵਾਹ ਵਿਚ ਕੋਈ ਅਰਥਪੂਰਨ ਵਾਧਾ ਕਰਨ ਵਿਚ ਅਸਫਲ ਰਹੀ ਹੈ। ਸੰਖੇਪ ਸ਼ਬਦਾਂ ਵਿਚ ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਬਹੁਤ ਸਾਰੀਆਂ ਵਸਤਾਂ ਜਿਵੇਂ ਖਾਦਾਂ, ਕੋਲਾ, ਸਟੀਲ, ਐਲੂਮੀਨੀਅਮ ਆਦਿ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਅਤੇ ਭਾਰਤ ਕਿਉਂਕਿ ਸ਼ੁੱਧ ਦਰਾਮਦ ਦੇਸ਼ ਹੈ, ਇਸ ਲਈ ਉੱਚੀਆਂ ਕੀਮਤਾਂ 'ਤੇ ਦਰਾਮਦਾਂ ਹੋਣ ਕਾਰਨ ਡਾਲਰ ਦਾ ਵਧੇਰੇ ਨਿਕਾਸ ਹੋਇਆ ਹੈ ਜਿਸ ਨਾਲ ਰੁਪਏ ਵਿਚ ਗਿਰਾਵਟ ਆਈ ਹੈ।

ਵਿਦੇਸ਼ੀ ਨਿਵੇਸ਼ਕਾਂ ਦੁਆਰਾ ਪੂੰਜੀ ਦੀ ਨਿਕਾਸੀ ਭਾਰਤੀ ਰੁਪਏ ਦੀ ਗਿਰਾਵਟ ਦਾ ਦੂਜਾ ਮੁੱਖ ਕਾਰਕ ਹੈ। ਪਿਛਲੇ ਸਾਲ ਅਕਤੂਬਰ ਤੋਂ ਹੀ ਇਹ ਪ੍ਰਕਿਰਿਆ ਦੇਖੀ ਜਾ ਰਹੀ ਹੈ ਜਿਸ ਵਿਚ ਵਿਦੇਸ਼ੀ ਨਿਵੇਸ਼ਕ ਭਾਰਤ ਵਿਚੋਂ ਆਪਣਾ ਨਿਵੇਸ਼ ਕਢਵਾਉਣ ਵਿਚ ਲੱਗੇ ਹੋਏ ਹਨ। ਇਸ ਸਾਲ ਪਹਿਲੀ ਜਨਵਰੀ ਤੋਂ 30 ਜੂਨ ਤੱਕ ਭਾਰਤੀ ਸਟਾਕ ਮਾਰਕੀਟ ਤੋਂ ਲਗਭਗ 3000 ਕਰੋੜ ਡਾਲਰ ਦੀ ਕੁੱਲ ਪੂੰਜੀ ਬਾਹਰ ਜਾ ਚੁੱਕੀ ਹੈ। ਕਮਜ਼ੋਰ ਆਰਥਿਕ ਪੈਮਾਨੇ, ਸਰਕਾਰਾਂ ਦੁਆਰਾ ਲਏ ਜਾ ਰਹੇ ਭਾਰੀ ਕਰਜ਼ੇ, ਵਧਦੀ ਮਹਿੰਗਾਈ ਤੇ ਵਿਆਜ ਦਰ, ਵਿਦੇਸ਼ੀ ਨਿਵੇਸ਼ਕਾਂ ਅਤੇ ਪੂੰਜੀਪਤੀਆਂ ਨੂੰ ਬਾਜ਼ਾਰ ਵਿਚ ਬਰਕਰਾਰ ਰੱਖਣ ਵਿਚ ਅਸਫਲ ਰਹੇ ਹਨ। ਇਸ ਨਾਲ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਵਿਚ ਗੰਭੀਰ ਗਿਰਾਵਟ ਆਈ ਹੈ।

ਰੁਪਏ ਦੀ ਗਿਰਾਵਟ ਦਾ ਤੀਜਾ ਕਾਰਕ ਅਮਰੀਕੀ ਡਾਲਰ ਦੀ ਮਜ਼ਬੂਤੀ ਹੈ। ਅਮਰੀਕਾ ਵਿਚ ਜੂਨ 2022 ਵਿਚ ਮਹਿੰਗਾਈ ਦਾ ਪੱਧਰ ਵਧ ਕੇ 9.1% ਹੋ ਗਿਆ ਜੋ ਪਿਛਲੇ 41 ਸਾਲਾਂ ਵਿਚ ਸਭ ਤੋਂ ਵੱਧ ਹੈ। ਮੰਗ ਦੇ ਨਾਲ ਨਾਲ ਪੂਰਤੀ ਵਾਲੇ ਪੱਖ 'ਤੇ ਆਈਆਂ ਸਮੱਸਿਆਵਾਂ ਕਾਰਨ ਵੀ ਅਮਰੀਕਾ ਵਿਚ ਕੀਮਤਾਂ ਵਧ ਰਹੀਆਂ ਹਨ। ਮੰਗ ਦੇ ਮੋਰਚੇ 'ਤੇ ਕਰੋਨਾ ਦੌਰਾਨ ਉੱਥੇ ਦੀ ਸਰਕਾਰ ਦੁਆਰਾ ਲੋਕਾਂ ਨੂੰ ਦਿੱਤੇ ਬੇਰੁਜ਼ਗਾਰੀ ਭੱਤੇ, ਲੋਕਾਂ ਦੀ ਖਰੀਦ ਸ਼ਕਤੀ ਘਟਣ ਨਹੀਂ ਦੇ ਰਹੇ ਜਦੋਂ ਕਿ ਪੂਰਤੀ ਵਾਲੇ ਪੱਖ ਤੋਂ ਰੂਸ-ਯੂਕਰੇਨ ਯੁੱਧ ਅਤੇ ਚੀਨ ਵਿਚ ਮੁੜ ਹੋਈ ਤਾਲਾਬੰਦੀ ਕਾਰਨ, ਵਸਤੂਆਂ ਦੀ ਘਾਟ ਦੇਖਣ ਨੂੰ ਮਿਲ ਰਹੀ ਹੈ। ਮਹਿੰਗਾਈ 'ਤੇ ਕਾਬੂ ਪਾਉਣ ਲਈ ਅਮਰੀਕਾ ਦੇ ਫੈਡਰਲ ਰਿਜ਼ਰਵ ਨੇ ਵਿਆਜ ਦਰਾਂ ਵਿਚ ਲਗਾਤਾਰ ਵਾਧਾ ਕੀਤਾ ਹੈ। ਇਸ ਵਧੇ ਨੇ ਅਮਰੀਕੀ ਨਿਵੇਸ਼ਕਾਂ ਨੂੰ ਘਰ ਵਿਚ ਹੀ ਆਪਣੇ ਨਿਵੇਸ਼ 'ਤੇ ਉੱਚ ਵਿਆਜ ਕਮਾਉਣ ਦਾ ਮੌਕਾ ਦਿੱਤਾ ਹੈ। ਇਸ ਲਈ ਨਿਵੇਸ਼ਕਾਂ ਨੇ ਹੋਰ ਮੁਲਕਾਂ ਵਿਚੋਂ ਨਿਵੇਸ਼ ਸਮਾਪਤ ਕਰਕੇ ਆਪਣੀ ਬੱਚਤ ਅਮਰੀਕਾ ਵੱਲ ਸੇਧੀ ਹੈ ਜਿਸ ਕਾਰਨ ਡਾਲਰ ਦੀ ਮੰਗ ਬੇਮਿਸਾਲ ਵਧੀ ਹੈ।

ਰੁਪਏ ਦੀ ਗਿਰਾਵਟ ਰੋਕਣ ਲਈ ਭਾਰਤੀ ਰਿਜ਼ਰਵ ਬੈਂਕ ਲਗਾਤਾਰ ਯਤਨਸ਼ੀਲ ਹੈ ਅਤੇ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿਚੋਂ ਹਰ ਹਫਤੇ 35000 ਕਰੋੜ ਦੇ ਲਗਭਗ ਬਾਜ਼ਾਰ ਵਿਚ ਡਾਲਰ ਵੇਚ ਰਿਹਾ ਹੈ ਪਰ ਰਿਜ਼ਰਵ ਬੈਂਕ ਨੂੰ ਇਸ ਮੋਰਚੇ 'ਤੇ ਕੋਈ ਖਾਸ ਸਫਲਤਾ ਨਹੀਂ ਮਿਲਦੀ ਦਿਸ ਰਹੀ; ਐਪਰ ਰਿਜ਼ਰਵ ਬੈਂਕ ਦੇ ਯਤਨਾਂ ਨਾਲ ਕੇਵਲ ਵਿਦੇਸ਼ੀ ਮੁਦਰਾ ਭੰਡਾਰ ਵਿਚ ਹੀ ਕਮੀ ਆਈ ਹੈ। ਇਸ ਸਾਲ ਜਨਵਰੀ ਤੋਂ ਜੁਲਾਈ ਤਕ ਰੁਪਏ ਵਿਚ 6.93% ਗਿਰਾਵਟ ਦਰਜ ਕੀਤੀ ਗਈ ਜਦੋਂ ਕਿ ਵਿਦੇਸ਼ੀ ਮੁਦਰਾ ਭੰਡਾਰ ਵਿਚ ਗਿਰਾਵਟ 9.08% (24 ਜੁਲਾਈ 2022 ਤੱਕ) ਰਹੀ ਹੈ। ਹੁਣ ਰਿਜ਼ਰਵ ਬੈਂਕ ਨੇ ਆਪਣੀ ਰਣਨੀਤੀ ਵਿਚ ਤਬਦੀਲੀ ਕਰਕੇ ਵਿਦੇਸ਼ੀ ਮੁਦਰਾ ਭੰਡਾਰ ਵਧਾਉਣ ਵੱਲ ਯਤਨ ਸ਼ੁਰੂ ਕਰ ਦਿੱਤੇ ਹਨ ਜੋ ਇਸ ਪ੍ਰਕਾਰ ਹਨ:

*ਸਭ ਤੋਂ ਪਹਿਲਾਂ ਸਰਕਾਰ ਨੇ ਸੋਨੇ ਦੀ ਦਰਾਮਦ ਨੂੰ ਠੱਲ੍ਹ ਪਾਉਣ ਅਤੇ ਵਧਦਾ ਵਪਾਰਕ ਘਾਟਾ ਰੋਕਣ ਲਈ ਪਹਿਲੀ ਜੁਲਾਈ ਨੂੰ ਸੋਨੇ 'ਤੇ ਦਰਾਮਦ ਡਿਊਟੀ 10.75% ਤੋਂ ਵਧਾ ਕੇ 15% ਕਰ ਦਿੱਤੀ ਹੈ।

*ਰੂਸ-ਯੂਕਰੇਨ ਜੰਗ ਕਾਰਨ ਯੂਰੋਪ ਦੇ ਮੁਲਕ ਰੂਸ ਤੋਂ ਕੱਚਾ ਤੇਲ ਅਤੇ ਗੈਸ ਘੱਟ ਮਾਤਰਾ ਵਿਚ ਦਰਾਮਦ ਕਰ ਰਹੇ ਹਨ ਅਤੇ ਰੂਸ ਆਪਣਾ ਤੇਲ ਸਸਤਾ ਕਰਕੇ ਹੋਰ ਮੁਲਕਾਂ ਨੂੰ ਵੇਚ ਰਿਹਾ ਹੈ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਿਲ ਹੈ। ਭਾਰਤ ਦੀਆਂ ਪ੍ਰਾਈਵੇਟ ਕੰਪਨੀਆਂ (ਜਿਵੇਂ ਰਿਲਾਇੰਸ, ਨਾਇਰਾ ਆਦਿ) ਸਸਤਾ ਤੇਲ ਦਰਾਮਦ ਕਰਕੇ ਅਤੇ ਇਸ ਦੀ ਰਿਫਾਇਨਿੰਗ ਕਰਕੇ ਯੂਰੋਪ ਨੂੰ ਵੇਚ ਰਹੀਆਂ ਹਨ ਅਤੇ ਬੇਤਹਾਸ਼ਾ ਮੁਨਾਫ਼ੇ ਕਮਾ ਰਹੀਆਂ ਹਨ। ਹਾਲ ਹੀ ਵਿਚ ਭਾਰਤ ਸਰਕਾਰ ਨੇ ਪੈਟਰੋਲ 'ਤੇ 6 ਰੁਪਏ ਅਤੇ ਡੀਜ਼ਲ 'ਤੇ 13 ਰੁਪਏ ਬਰਾਮਦ ਡਿਊਟੀ ਲਾਗੂ ਕੀਤੀ ਤਾਂ ਜੋ ਭਾਰਤੀ ਪੈਟਰੋਲ ਪੰਪਾਂ 'ਤੇ ਕਿਸੇ ਵੀ ਕਿਸਮ ਦੀ ਕਮੀ ਪੇਸ਼ ਨਾ ਆਵੇ। ਇਸ ਦੇ ਨਾਲ ਇਹ ਅੰਦਾਜ਼ਾ ਵੀ ਲਗਾਇਆ ਕਿ ਬਰਾਮਦ ਡਿਊਟੀ ਲਾਗੂ ਹੋਣ ਨਾਲ ਭਾਰਤ ਸਰਕਾਰ ਨੂੰ ਇੱਕ ਲੱਖ ਕਰੋੜ ਰੁਪਏ ਦੀ ਵਾਧੂ ਆਮਦਨ ਹੋਵੇਗੀ ਜੋ ਮਈ ਮਹੀਨੇ ਵਿਚ ਪੈਟਰੋਲ ਅਤੇ ਡੀਜ਼ਲ 'ਤੇ ਘਟਾਈ ਆਬਕਾਰੀ ਨੂੰ ਪੂਰਾ ਕਰਨ ਵਿਚ ਮਦਦਗਾਰ ਸਾਬਤ ਹੋਵੇਗੀ ਪਰ ਸਰਕਾਰ ਨੇ ਪਿਛਲੇ ਦਿਨੀਂ ਬਿਨਾ ਕੋਈ ਤਰਕ ਦਿੱਤੇ ਇਹ ਬਰਾਮਦ ਡਿਊਟੀ ਪੈਟਰੋਲ ਤੋਂ ਬਿਲਕੁਲ ਹਟਾ ਦਿੱਤੀ ਅਤੇ ਡੀਜ਼ਲ 'ਤੇ ਘੱਟ ਕਰ ਦਿੱਤੀ। ਸਰਕਾਰ ਦਾ ਇਹ ਕਦਮ ਇਕ ਪਾਸੇ ਪ੍ਰਾਈਵੇਟ ਕੰਪਨੀਆਂ ਨੂੰ ਲਾਭ ਦੇਣ ਵਾਲਾ ਅਤੇ ਦੂਜੇ ਪਾਸੇ ਬਰਾਮਦ ਤੋਂ ਹੋਣ ਵਾਲੀਆਂ ਵੱਧ ਬਰਾਮਦਾਂ ਵਲ ਸੇਧਤ ਜਾਪਦਾ ਹੈ।

*ਭਾਰਤੀ ਗ੍ਰਹਿ ਮੰਤਰਾਲੇ ਨੇ ਵੀ ਸੂਚਨਾ ਜਾਰੀ ਕਰਕੇ ਭਾਰਤ ਵਿਚ ਰਹਿ ਰਹੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਰਿਸ਼ਤੇਦਾਰਾਂ ਤੋਂ ਵਧੇਰੇ ਪੈਸਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਹੈ। ਸੂਚਨਾ ਅਨੁਸਾਰ ਸੋਧੇ ਹੋਏ ਨਿਯਮ ਹੁਣ ਭਾਰਤੀ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸਰਕਾਰ ਤੋਂ ਇਜਾਜ਼ਤ ਲਏ ਬਿਨਾ ਬਾਹਰੋਂ 10 ਲੱਖ ਰੁਪਏ ਤੱਕ ਮੰਗਵਾਉਣ ਦੀ ਆਗਿਆ ਦਿੰਦੇ ਹਨ।

*ਵਿਦੇਸ਼ੀ ਮੁਦਰਾ ਬਚਾਉਣ ਲਈ, ਆਰਬੀਆਈ ਨੇ ਬੈਂਕਾਂ ਨੂੰ (ਪੂਰਵ ਪ੍ਰਵਾਨਗੀ ਨਾਲ) ਭਾਰਤੀ ਰੁਪਏ ਵਿਚ ਬਰਾਮਦ ਅਤੇ ਦਰਾਮਦ ਦੇ ਲੈਣ-ਦੇਣ ਦੀ ਇਜਾਜ਼ਤ ਦਿੱਤੀ ਹੈ।

*ਆਰਬੀਆਈ ਨੇ ਭਾਰਤੀ ਕੰਪਨੀਆਂ ਨੂੰ ਵੀ 31 ਦਸੰਬਰ 2022 ਤਕ ਬਾਹਰੋਂ 75 ਕਰੋੜ ਡਾਲਰ ਦੇ ਮੁਕਾਬਲੇ 150 ਕਰੋੜ ਡਾਲਰ ਫੰਡਾਂ ਰਾਹੀਂ ਮੰਗਵਾਉਣ ਦੀ ਇਜਾਜ਼ਤ ਦਿੱਤੀ ਹੈ।

ਇਹ ਸਾਰੇ ਕਦਮ ਵਿਦੇਸ਼ੀ ਮੁਦਰਾ ਦੇ ਬਿਹਤਰ ਪ੍ਰਵਾਹ ਲਈ ਚੁੱਕੇ ਜਾ ਰਹੇ ਹਨ। ਸਰਕਾਰ ਰੁਪਏ ਨੂੰ ਬਚਾਉਣ ਲਈ ਭਾਵੇਂ ਨਿਤ ਨਵੇਂ ਅਸਥਾਈ ਉਪਾਅ ਕਰ ਲਵੇ ਪਰ ਜਦੋਂ ਤੱਕ ਬੁਨਿਆਦੀ ਅਰਥਚਾਰਾ ਮਜ਼ਬੂਤ ਨਹੀਂ ਹੁੰਦਾ, ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਹੁੰਦੇ, ਆਮਦਨ ਵਿਚ ਇਜ਼ਾਫਾ ਨਹੀਂ ਹੁੰਦਾ, ਨਿਵੇਸ਼ ਤੇ ਉਤਪਾਦਨ ਦਾ ਪਹੀਆ ਨਹੀਂ ਘੁੰਮ ਸਕਦਾ, ਉਦੋਂ ਤੱਕ ਵਿਦੇਸ਼ੀ ਨਿਵੇਸ਼ਕ ਤੇ ਮੁਦਰਾ ਭਾਰਤ ਤੋਂ ਦੂਰ ਹੀ ਰਹਿਣਗੇ ਅਤੇ ਰੁਪਏ ਵਿਚ ਗਿਰਾਵਟ ਜਾਰੀ ਰਹੇਗੀ।



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)
ਸ਼ਿਕਾਗੋ ਕਬੱਡੀ ਕੱਪ-2022
ਅਤੇ ਵਾਲੀਬਾਲ ਮੁਕਾਬਲੇ ਲੇਬਰ ਡੇਅ ਵੀਕੈਂਡ
4 ਸਤੰਬਰ, 2022 ਐਤਵਾਰ
ਰੌਸ਼ਨ ਪ੍ਰਿੰਸ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ
SHER-E-PUNJAB SPORTS CLUB CHICAGO MIDWEST
ਸਮਾਂ: ਸਵੇਰੇ 10 ਤੋਂ 6 ਵਜੇ ਤਕ
ਮੁਫਤ ਦਾਖਲਾ, ਖਾਣਾ, ਕਾਰ ਪਾਰਕਿੰਗ ਤੇ ਮਨੋਰੰਜਨ
Executive Director of Event
ਅਮਰਜੀਤ ਢੀਂਡਸਾ
Director of Event
ਲਖਬੀਰ ਢੀਂਡਸਾ
ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਮੁੱਖ ਮਹਿਮਾਨ
ਗੁਰਿੰਦਰਜੀਤ ਸਿੰਘ ਗਰੇਵਾਲ
ਵਿਸ਼ੇਸ਼ ਮਹਿਮਾਨ
ਜੇ ਪੀ ਖਹਿਰਾ
ਚੇਅਰਮੈਨ
ਬਲਦੇਵ ਸਿੰਘ ਸੱਲ੍ਹਾਂ
ਪ੍ਰਧਾਨ
ਅੰਮ੍ਰਿਤਪਾਲ ਸਿੰਘ ਗਿੱਲ
ਪੰਜਾਬ ਤੋਂ ਵਿਸ਼ੇਸ਼ ਮਹਿਮਾਨ
ਐਮ ਆਰ ਦੂਬੇ ਐਡਵੋਕੇਟ (ਪਟਿਆਲਾ)
ਗੈਸਟ ਆਫ ਆਨਰ
ਜਥੇਦਾਰ ਤਾਰਾ ਸਿੰਘ ਸੱਲ੍ਹਾਂ
ਅਮਰ ਘੁਮਾਣ
ਹੈਰੀ ਘੁਮਾਣ
ਭੋਲਾ ਸਿੰਘ ਧੰਮ
ਨਰਿੰਦਰ ਸਿੰਘ ਮੁੰਦਰ
ਡਾ. ਗੁਰਚਰਨ ਸਿੰਘ ਗਰੇਵਾਲ
ਅਮਰਜੀਤ ਸਿੰਘ ਸੰਧਰ
ਗੈਸਟ ਆਫ ਆਨਰ
ਰਵੀ ਹੰਝਰਾ
ਹੈਪੀ ਸਿੰਘ ਹੀਰ
ਜਸਕਰਨ ਸਿੰਘ ਧਾਲੀਵਾਲ
ਲਖਵਿੰਦਰ ਸਿੰਘ ਸੇਖੋਂ
ਲਵ ਮਿਨਹਾਸ
ਗੁਰਸ਼ਰਨ ਸਹੋਤਾ
ਸੰਨੀ ਸ਼ੇਰਗਿੱਲ ਇੰਡੀਅਨਐਪੋਲਿਸ
ਸੋਹਣ ਸਿੰਘ ਗਿੱਲ
ਜਸਵਿੰਦਰ ਜੱਸੀ ਸਲੇਮਪੁਰ
ਰਾਕੇਸ਼ ਰਿਹਾਨ
ਖਾਣੇ ਦੀ ਸੇਵਾ ਕੈਫੇ ਇੰਡੀਆ ਮਿਲਵਾਕੀ ਵਲੋਂ ਕੀਤੀ ਜਾਵੇਗੀ
ਬੋਰਡ ਮੈਂਬਰ
ਗੁਰਦੇਵ ਸਿੰਘ ਗਿੱਲ
ਅਜੈਬ ਸਿੰਘ ਲੱਖਣ
ਦੀਪਾ ਬੰਦੇਸ਼ਾ
ਬਲਵਿੰਦਰ ਸਿੰਘ ਚੱਠਾ
ਅਮਰਦੇਵ ਸਿੰਘ ਬੰਦੇਸ਼ਾ
ਸੰਤੋਖ ਸਿੰਘ ਡੀ ਸੀ
ਦਰਸ਼ਨ ਸਿੰਘ ਪੰਮਾ
ਪਰਮਿੰਦਰ ਸਿੰਘ ਵਾਲੀਆ
ਗੁਰਮੀਤ ਧਾਲੀਵਾਲ
ਲਖਵਿੰਦਰ ਸਿੰਘ
ਜੱਸੀ ਸਹੋਤਾ
ਰਾਣਾ ਭੰਡਾਲ
ਰਾਜਾ ਡੱਲ੍ਹਣ
ਅੰਮ੍ਰਿਤਪਾਲ ਮਾਂਗਟ
ਜਸਰੂਪ ਸਿੰਘ
ਪਿੰਦਾ ਸੈਂਬੀ
ਅਮਰਜੀਤ ਬੰਦੇਸ਼ਾ
ਰਾਣਾ ਗਾਖਲ
ਅਮਰੀਕ ਗਾਖਲ
ਮਨਜਿੰਦਰ ਸਿੰਘ
ਪ੍ਰੀਤਮ ਸਿੰਘ ਸਿੱਧੂ
ਪਰਵਿੰਦਰ ਸਿੰਘ ਔਜਲਾ
For Further Info.: Ph: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451, 847-778-7519, 608-566-6655

# Sher-E-Punjab Soprts Club-Chicago (Midwest)

## ਪਹਿਲਾ ਇਨਾਮ



ਸੈਮ ਖਟੜਾ ਜਿੰਦਰ ਪੰਜਲ ਲਖਵੀਰ ਜੌਹਲ ਗੁਰਮੀਤ ਬੱਬਰ



ਜੱਸੀ ਮਾਨ, ਗੋਪੀ ਦਰੜ, ਮਨੋਜ ਗਰੇਵਾਲ,ਅਮਰੀਕ ਗਰੇਵਾਲ

## ਦੂਜਾ ਇਨਾਮ



ਰਣਦੀਪ ਰਿੰਕੂ, ਪਰਮਿੰਦਰ ਗੋਲਡੀ, ਹਰਜਿੰਦਰ ਜਿੰਦੀ, ਭੁਪਿੰਦਰ ਟਿੰਕਾ, ਸਤਪਾਲ ਸੱਤਾ, ਜਰਨੈਲ ਸਿੰਘ ਮਿਆਣੀ, ਸੁਖਵਿੰਦਰ ਘੱਗਰ, ਜੱਗੀ ਘੋਤੜਾ

## ਤੀਜਾ ਇਨਾਮ



ਸਵਰਗਵਾਸੀ ਸ. ਅਮਰਪਾਲ ਸਿੰਘ ਬੰਦੇਸ਼ਾ

ਡਾ. ਪਾਲ ਸਿੰਘ ਬੰਦੇਸ਼ਾ ਡਾ. ਮਨਅਮਰ ਸਿੰਘ ਬੰਦੇਸ਼ਾ ਅਤੇ ਜਸਪਾਲ ਸਿੰਘ ਜੈਸੀ ਵਲੋਂ ਸਵਰਗਵਾਸੀ ਸ. ਅਮਰਪਾਲ ਸਿੰਘ ਬੰਦੇਸ਼ਾ ਦੀ ਯਾਦ ਵਿਚ ਤੀਜਾ ਇਨਾਮ

## ਸਾਡੇ ਕਬੱਡੀ ਟੀਮਾਂ ਦੇ ਸਪਾਂਸਰ



ਅਮਨਦੀਪ ਜੈਂਟੀ, ਕਾਬੁਲ ਗਿੱਲ, ਦੀਪਾ ਟਾਂਡਾ, ਪਰਮਜੀਤ ਸਿੰਘ, ਹਰਦੀਪ ਸਿੰਘ ਬਬਲੂ, ਜਸਵਿੰਦਰ ਸੰਧੂ, ਸੋਖ ਭੋਪਾਲ, ਰਾਜਬੀਰ ਰਾਣਾ, ਰਾਜਾ ਬਿੰਦ, ਦਲਜੀਤ ਮੁਲਤਾਨੀ, ਮੰਨਾ ਘੋਤੜਾ

## ਪਲਾਟੀਨਮ ਸਪਾਂਸਰ



ਹਰਵਿੰਦਰ ਵਾਲੀਆ, ਦਰਸ਼ਨ ਸਿੰਘ ਦਰੜ, ਪ੍ਰਿਥਪਾਲ ਘੋਤੜਾ, ਦੀਦਾਰ ਸਿੰਘ ਧਨੋਆ, ਗੁਰਮੀਤ ਸਿੰਘ ਸੱਲ੍ਹਾਂ, ਸਰਬਜੀਤ ਸਿੰਘ ਸੱਲ੍ਹਾਂ, ਗੁਰਚਰਨ ਸਿੰਘ ਝੱਜ, ਜੈਦੇਵ ਸਿੰਘ ਭੱਠਲ, ਸੁਖਰਾਜ ਸਿੰਘ ਤੱਖਰ, ਹਰਵਿੰਦਰ ਕੰਗ, ਜਰਨੈਲ ਸਿੰਘ ਮੱਲ੍ਹੀ, ਰਾਜਦੀਪ ਪੰਮਾ, ਲਖਵੀਰ ਸਿੰਘ ਸਹੋਤਾ



ਪਰਮਜੀਤ ਸਿੰਘ ਮਹਿਰਾਜ, ਰੁਪਿੰਦਰ ਅਰੋੜਾ, ਦਪਿੰਦਰ ਸਿੰਘ ਧਾਲੀਵਾਲ, ਜਸਵੰਤ ਸਿੰਘ, ਬਲਜੀਤ ਸਿੰਘ, ਹਰਇੰਦਰਜੀਤ ਧਾਲੀਵਾਲ, ਹਰਦੀਪ ਸਿੰਘ ਭੱਟੀ, ਭੁਪਿੰਦਰ ਸੋਢੀ, ਡਾ. ਪਾਲ ਬੰਦੇਸ਼ਾ, ਸੁਰਜੀਤ ਸਿੰਘ ਤੂਰ, ਗੁਰਦੇਵ ਸਿੰਘ ਜੌੜਾ



ਰਾਣਾ ਵਿਰਕ, ਜਸਵੀਰ ਲਾਲੀ, ਚਰਨਜੀਤ ਸਮਰਾ, ਮੁਖਤਿਆਰ ਸਿੰਘ ਨੰਦੜਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਹਰਕਿਸ਼ਨ ਸਿੰਘ ਭੱਟੀ, ਅਮਰੀਕ ਸਿੰਘ ਸ਼ਿਕਾਗੋ, ਸ਼ਿੰਦਾ ਚੀਮਾ, ਸੁਖਦੇਵ ਸਿੰਘ ਸਮਰਾ, ਗੁਰਿੰਦਰ ਸਿੰਘ ਖਾਲਸਾ, ਬਿਕਰਮ ਸਿੱਧੂ, ਸੰਤੋਖ ਸਿੰਘ ਤੂਰ

ਰੀਗਲ ਜਿਊਲਰਜ਼ ਵਲੋਂ ਬੈਸਟ ਜਾਫੀ ਤੇ ਰੇਡਰ ਨੂੰ ਗੋਲਡ ਮੈਡਲ ਨਾਲ ਸਨਮਾਨਿਆ ਜਾਵੇਗਾ






## ਕਬੱਡੀ ਕੁਮੈਂਟੇਟਰ



ਕਾਲਾ ਰਸ਼ੀਨ



ਮੱਖਣ ਅਲੀ

ਅਮਰਜੀਤ ਢੀਂਡਸਾ ਤੇ ਲਖਬੀਰ ਢੀਂਡਸਾ ਵਲੋਂ ਕੀਤਾ ਜਾਵੇਗਾ ਵਿਸ਼ੇਸ਼ ਸਨਮਾਨ

**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ**

## ਗੋਲਡ ਸਪਾਂਸਰ



ਵਿਭਾ ਰਾਜਪੂਤ, ਮਨਮੋਹਨ ਗਰੇਵਾਲ, ਬਰੈਟੀ ਗਿੱਲ, ਜਸਜੀਤ ਸਿੰਘ ਸਿੱਧੂ, ਹਰਕੇਵਲ ਲਾਲੀ, ਕਸ਼ਮੀਰਾ ਸਿੰਘ



ਪਰਮਜੀਤ ਸਿੱਧੂ, ਸਤਵੰਤ ਨਿੱਜਰ, ਗੁਰਬਚਨ ਸਿੰਘ ਪੱਪੂ, ਅਜਮੇਰ ਸਿੰਘ ਲੱਖਣ, ਜਸਵਿੰਦਰ ਲੱਖਣ, ਡਾ. ਹਰਜਿੰਦਰ ਸਿੰਘ ਖਹਿਰਾ, ਸੁੱਖੀ ਘੁੰਮਣ ਕੈਲੀਫੋਰਨੀਆ

# ਭਾਰਤ ਅਤੇ ਯਹੂਦੀ

ਕਲਾ ਪਰਿਕਰਮਾ


ਸੁਰਿੰਦਰ ਸਿੰਘ ਤੇਜ




ਸੁਲੋਚਨਾ, ਫਿਰੋਜ਼ਾ ਬੇਗਮ, ਪ੍ਰਮਿਲਾ, ਨਾਦਿਰਾ, ਡੇਵਿਡ, ਪਰਲ ਪਦਮਸੀ- ਇਹ ਉਹ ਨਾਮ ਹਨ ਜਿਨ੍ਹਾਂ ਨੇ ਭਾਰਤੀ ਸਿਨੇ ਜਗਤ ਨੂੰ ਨਵੀਂ ਆਭਾ ਬਖਸ਼ੀ। ਇੰਜ ਹੀ ਲੈਫਟੀਨੈਂਟ ਜਨਰਲ ਜੇ.ਐੱਫ.ਆਰ. ਜੈਕਬ, ਲੀਲਾ ਸੈਮਸਨ ਜਾਂ ਪ੍ਰੋ. ਨਿਸੀਮ ਇਜ਼ੈਕੀਅਲ ਵੀ ਭਾਰਤੀਆਂ ਲਈ ਬੜੇ ਜਾਣੇ-ਪਛਾਣੇ ਨਾਮ ਹਨ। ਅਨੀਸ਼ ਕਪੂਰ ਕੌਮਾਂਤਰੀ ਪੱਧਰ ਦਾ ਉੱਘਾ ਬੁੱਤਸਾਜ਼ ਹੈ ਪਰ ਅੱਜ ਕੱਲ੍ਹ ਅਭਿਨੇਤਰੀ ਵਿਦਿਆ ਬਾਲਨ ਦੇ ਸਹੁਰੇ ਅਤੇ ਫਿਲਮ ਨਿਰਮਾਤਾ ਸਿਧਾਰਥ ਰਾਏ ਕਪੂਰ ਤੇ ਅਦਾਕਾਰ ਭਰਾਵਾਂ- ਕੁਨਾਲ ਰਾਏ ਕਪੂਰ ਤੇ ਆਦਿੱਤਿਆ ਰਾਏ ਕਪੂਰ ਦੇ ਪਿਤਾ ਵਜੋਂ ਵੱਧ ਜਾਣਿਆ ਜਾਂਦਾ ਹੈ। ਇਨ੍ਹਾਂ ਸਾਰੇ ਨਾਵਾਂ ਦਾ ਖਾਸ ਰਿਸ਼ਤਾ ਹੈ: ਇਹ ਸਾਰੇ ਭਾਰਤੀ ਯਹੂਦੀ ਹਨ। ਉਪਰੋਕਤ ਨਾਵਾਂ ਤੋਂ ਇਲਾਵਾ ਹੋਰ ਭਾਰਤੀ-ਯਹੂਦੀ ਹਸਤੀਆਂ ਦੀ ਫਹਿਰਿਸਤ ਵੀ ਕਾਫੀ ਲੰਮੀ ਹੈ ਜਿਨ੍ਹਾਂ ਨੇ ਭਾਰਤੀ ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਜ਼ਿਕਰਯੋਗ ਯੋਗਦਾਨ ਪਾਇਆ। ਸਾਡੇ ਵਿਚੋਂ ਕਿੰਨੇ ਕੁ ਇਹ ਜਾਣਦੇ ਹਨ ਕਿ ਮਹਾਤਮਾ ਗਾਂਧੀ ਦੇ ਨਿੱਜੀ ਫਿਜ਼ੀਸ਼ਨ ਡਾ. ਅਬਰਾਹਮ ਇਰੂਲਕਰ ਯਹੂਦੀ ਸਨ? ਗਾਂਧੀ ਜੀ ਨੂੰ ਐਲੋਪੈਥਿਕ ਦਵਾਈਆਂ ਲੈਣ ਲਈ ਕਿਵੇਂ ਰਾਜ਼ੀ ਕਰਨਾ ਹੈ, ਇਹ ਵਿਧੀ ਸਿਰਫ ਉਹੋ ਹੀ ਜਾਣਦੇ ਸਨ। ਉਨ੍ਹਾਂ ਦੀ ਧੀ ਲੀਲਾ ਇਰੂਲਕਰ 1993 ਤੋਂ 2003 ਤੱਕ ਸਾਈਪ੍ਰਸ ਗਣਰਾਜ ਦੀ ਪ੍ਰਥਮ ਮਹਿਲਾ ਰਹੀ। ਇੰਜ ਹੀ, ਇਜ਼ਰਾਈਲ ਵਿਚ ਕਈ ਰਾਜਸੀ ਸਿਤਾਰੇ ਅਜਿਹੇ ਹਨ ਜਿਨ੍ਹਾਂ ਦਾ ਭਾਰਤ ਨਾਲ ਜੱਦੀ-ਪੁਸ਼ਤੀ ਨਾਤਾ ਹੈ। ਇਨ੍ਹਾਂ ਵਿਚੋਂ ਇਕ ਅਲੀ ਬਿਨ-ਮਿਨਾਸ਼ਿਮ ਤਾਂ ਚਾਰ ਵਰ੍ਹਿਆਂ ਤਕ ਇਜ਼ਰਾਇਲੀ ਮੰਤਰੀ ਵੀ ਰਹੇ ਹਨ। ਦੋ ਇਜ਼ਰਾਇਲੀ ਮੇਜਰ ਜਨਰਲ ਕ੍ਰਮਵਾਰ ਦਿੱਲੀ ਤੇ ਕੋਚੀ ਦੇ ਜੰਮਪਲ ਹਨ।

ਭਾਰਤੀ ਯਹੂਦੀਆਂ ਬਾਰੇ ਅਜਿਹੀ ਢੇਰ ਸਾਰੀ ਜਾਣਕਾਰੀ ਮਯੱਸਰ ਕਰਵਾਉਂਦੀ ਹੈ ਓਰੀ ਜ਼ੈੱਡ ਸੌਲਟਿਸ ਵੱਲੋਂ ਸੰਪਾਦਿਤ ਕਿਤਾਬ 'ਗਰੋਇੰਗ ਅੱਪ ਜਿਊਇਸ਼ ਇਨ ਇੰਡੀਆ'। ਸੌਲਟਿਸ ਅਮਰੀਕੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਸਥਿਤ ਜੌਰਜਟਾਊਨ ਯੂਨੀਵਰਸਿਟੀ ਦੇ ਯਹੂਦੀ ਸਭਿਅਤਾ ਕੇਂਦਰ ਵਿਚ ਪ੍ਰੋਫੈਸਰ ਅਤੇ ਬੈਨੀ ਬਰਿੱਥ ਨੈਸ਼ਨਲ ਜਿਊਇਸ਼ ਮਿਊਜ਼ੀਅਮ ਦਾ ਸਾਬਕਾ ਡਾਇਰੈਕਟਰ ਹੈ। ਉਸ ਨੇ ਇਸ ਕਿਤਾਬ ਵਿਚ ਭਾਰਤੀ ਯਹੂਦੀਆਂ ਦੇ ਇਤਿਹਾਸ, ਇਜ਼ਰਾਇਲੀ ਰਾਸ਼ਟਰ ਉਸਾਰੀ ਵਿਚ ਉਨ੍ਹਾਂ ਦੇ ਯੋਗਦਾਨ ਅਤੇ ਭਾਰਤ ਵਿਚ ਜੰਮੇ-ਪਲੇ ਯਹੂਦੀਆਂ ਦੇ ਭਾਰਤ ਬਾਰੇ ਪ੍ਰਭਾਵਾਂ ਨੂੰ ਪ੍ਰਭਾਵੀ ਢੰਗ ਨਾਲ ਜ਼ਬਾਨ ਬਖਸ਼ਣ ਵਾਲੇ 13 ਲੇਖ ਸ਼ਾਮਲ ਕੀਤੇ ਹਨ। ਇਨ੍ਹਾਂ ਵਿਚੋਂ ਤਿੰਨ ਪ੍ਰੋ. ਸੌਲਟਿਸ ਦੇ ਆਪਣੇ ਹਨ: ਇਕ ਬੁਨਿਆਦੀ ਤੌਰ 'ਤੇ ਇਤਿਹਾਸ ਦੇ ਝਰੋਖੇ ਵਾਂਗ ਹੈ ਅਤੇ ਬਾਕੀ ਦੋ ਇਜ਼ਰਾਇਲੀ ਸਾਹਿਤ ਤੇ ਕਲਾਵਾਂ ਉਪਰ ਭਾਰਤੀ ਪ੍ਰਭਾਵਾਂ ਦੀ ਤਸਵੀਰ ਪੇਸ਼ ਕਰਦੇ ਹਨ। ਬਹੁਤੇ ਲੇਖਾਂ ਦੀ ਸੁਰ ਭਾਰਤ ਪ੍ਰਤੀ ਮੋਹ ਵਾਲੀ ਹੈ। ਜਿੱਥੇ ਜਿੱਥੇ ਆਲੋਚਨਾ ਕੀਤੀ ਗਈ ਹੈ, ਉੱਥੇ ਇਸ ਦੀ ਵਜ੍ਹਾ ਜਾਂ ਆਧਾਰ ਵੀ ਖੁੱਲ੍ਹ ਕੇ ਬਿਆਨ ਕੀਤਾ ਗਿਆ ਹੈ। ਭਾਸ਼ਾਈ ਰਵਾਨੀ ਦਾ ਉਚੇਚੇ ਤੌਰ 'ਤੇ ਖਿਆਲ ਰੱਖਿਆ ਗਿਆ ਹੈ।

ਹਿੰਦੂ ਮੱਤ ਤੋਂ ਬਾਅਦ ਯਹੂਦੀ ਮੱਤ (ਜੁਡਾਇਜ਼ਮ) ਸਾਡੀ ਧਰਤੀ ਦਾ ਸਭ ਤੋਂ ਪੁਰਾਣਾ ਜਥੇਬੰਦਕ ਧਰਮ ਮੰਨਿਆ ਗਿਆ ਹੈ। ਇਸਾਈਤਵ ਅਤੇ ਇਸਲਾਮ ਦੀਆਂ ਜੜ੍ਹਾਂ ਇਸੇ ਮੱਤ ਵਿਚ ਹਨ। ਇਸੇ ਲਈ ਤਿੰਨਾਂ ਧਰਮਾਂ ਨੂੰ ਇਬਰਾਹੀਮੀ ਮਜ਼ਹਬ ਕਿਹਾ ਜਾਂਦਾ ਹੈ। ਤਿੰਨਾਂ ਦੇ ਬਹੁਤੇ ਅਵਤਾਰ ਜਾਂ ਪੈਗੰਬਰ ਵੀ ਸਾਂਝੇ ਹਨ। ਅਜਿਹਾ ਹੋਣ ਦੇ ਬਾਵਜੂਦ ਯਹੂਦੀਆਂ ਨੂੰ ਬਾਕੀ ਦੇ ਦੋ ਧਰਮਾਂ ਹੱਥੋਂ ਸ਼ੋਸ਼ਣ ਦਾ ਲਗਾਤਾਰ ਸ਼ਿਕਾਰ ਹੋਣਾ ਪਿਆ। ਆਪਣੀ ਜੱਦੀ ਧਰਤੀ ਜੋ ਮੱਧ ਸਾਗਰ ਤੇ ਅਰਬੀ ਰੇਗਿਸਤਾਨ ਦੇ ਦਰਮਿਆਨ ਸੀ, ਛੱਡ ਕੇ ਉਨ੍ਹਾਂ ਨੂੰ ਯੂਰਪ ਜਾਂ ਏਸ਼ੀਆ ਦੇ ਹੋਰਨਾਂ ਹਿੱਸਿਆਂ ਵੱਲ ਲਗਾਤਾਰ ਹਿਜਰਤ ਕਰਨੀ ਪਈ। ਇਸ ਕਿਸਮ ਦਾ ਪਰਵਾਸ ਦੋ ਹਜ਼ਾਰ ਵਰ੍ਹਿਆਂ ਤੋਂ ਵੱਧ ਸਮੇਂ ਤੱਕ ਚਲਦਾ ਰਿਹਾ। 1948 ਵਿਚ ਇਜ਼ਰਾਈਲ ਦੀ ਸਥਾਪਨਾ ਤੋਂ ਬਾਅਦ ਸਥਿਤੀ ਵਿਚ ਨਵਾਂ ਮੋੜ ਆਇਆ। ਇਹ ਹਿਜਰਤ ਮੋੜਵੇਂ ਪਰਵਾਸ ਦਾ ਰੂਪ ਧਾਰਨ ਕਰ ਗਈ। ਹੁਣ ਇਜ਼ਰਾਈਲ ਵਿਚੋਂ ਨਿਕਲਣ ਵਾਲਿਆਂ ਦੀ ਤਾਦਾਦ ਬਹੁਤ ਘੱਟ ਹੈ ਅਤੇ ਆਮਦ ਵੱਧ। ਇਸ ਰੁਝਾਨ ਨੇ ਉਸ ਮੁਲਕ ਦੀਆਂ ਹਕੂਮਤਾਂ ਨੂੰ ਪਿਛਲੇ ਸੱਤਰ ਵਰ੍ਹਿਆਂ ਦੌਰਾਨ ਫਲਸਤੀਨੀ ਇਲਾਕਿਆਂ ਵਿਚ ਯਹੂਦੀ ਬਸਤੀਆਂ ਜਬਰੀ ਵਸਾਉਣ ਦਾ (ਨਾਪਾਕ) ਬਹਾਨਾ ਮੁਹੱਈਆ ਕੀਤਾ ਹੋਇਆ ਹੈ।



ਓਰੀ ਜ਼ੈੱਡ ਸੌਲਟਿਸ




ਕਿਤਾਬ ਦਾ ਮੁਖੜਾ।

ਕਿਤਾਬ ਦੇ ਭੂਮਿਕਾਨੁਮਾ ਅਧਿਆਇ ਵਿਚ ਮੁੰਬਈ ਦੇ ਬੇਨੇ ਇਜ਼ਰਾਈਲ ਹੈਰੀਟੇਜ ਮਿਊਜ਼ੀਅਮ ਦਾ ਸੰਸਥਾਪਕ ਤੇ ਟਰੱਸਟੀ ਰੈਲਫੀ ਜਿਰ੍ਹਾਦ ਲਿਖਦਾ ਹੈ ਕਿ ਯਹੂਦੀਆਂ ਦੀ ਭਾਰਤ ਵਿਚ ਆਮਦ 2500 ਵਰ੍ਹੇ ਪਹਿਲਾਂ ਹੋਣ ਦੀ ਗੱਲ ਅਕਸਰ ਸੁਣੀ ਜਾਂਦੀ ਹੈ ਪਰ ਵਿਗਿਆਨਕ ਸਬੂਤ ਇਹ ਆਮਦ 1300 ਵਰ੍ਹੇ ਪੁਰਾਣੀ ਹੋਣ ਦੀ ਤਸਦੀਕ ਕਰਦੇ ਹਨ। ਉਦੋਂ ਬੇਨੇ ਇਜ਼ਰਾਇਲੀ (ਭਾਵ ਇਜ਼ਰਾਇਲੀ ਜ਼ੱਦ ਦੇ) ਦੋ ਸੌ ਦੇ ਕਰੀਬ ਯਹੂਦੀਆਂ ਵਾਲੀ ਕਿਸ਼ਤੀ ਅਰਬ ਸਾਗਰ ਵਿਚ ਹਾਦਸਾਗ੍ਰਸਤ ਹੋ ਗਈ ਅਤੇ ਸਿਰਫ 19 ਯਹੂਦੀ ਮੌਜੂਦਾ ਮੁੰਬਈ ਦੇ ਨਵਗਾਮ ਨਾਮੀ ਇਲਾਕੇ ਵਿਚ ਭਾਰਤੀ ਸਾਹਿਲ 'ਤੇ ਜਿਊਂਦੇ ਜਾਗਦੇ ਪਹੁੰਚ ਸਕੇ। ਇਨ੍ਹਾਂ ਨੂੰ ਇੱਥੇ ਠਾਹਰ ਵੀ ਮਿਲੀ ਅਤੇ ਸਨੇਹ-ਦੁਲਾਰ ਵੀ। ਇਸ ਤੋਂ ਮਗਰੋਂ ਭਾਰਤੀ ਸੌਦਾਗਰਾਂ ਰਾਹੀਂ ਇਹ ਸੁਨੇਹਾ ਯਹੂਦੀਆਂ ਦੀ ਧਰਤੀ ਤੱਕ ਪਹੁੰਚਿਆ ਕਿ ਭਾਰਤੀ ਭੂਮੀ, ਹਕੂਮਤੀ ਹਿੰਸਾ ਤੋਂ ਪ੍ਰਭਾਵਿਤ ਯਹੂਦੀਆਂ ਦੇ ਪਰਵਾਸ ਲਈ ਸੁਖਾਵੀਂ ਹੈ। ਇਸ ਸੁਨੇਹੇ ਦੇ ਬਾਵਜੂਦ ਯਹੂਦੀਆਂ ਦੀ ਭਾਰਤ ਵੱਲ ਹਿਜਰਤ ਕਦੇ ਵੀ ਵੱਡੇ ਪੱਧਰ 'ਤੇ ਨਹੀਂ ਹੋਈ। ਅਰਬ ਸਾਗਰ ਵਾਲਾ ਸਮੁੰਦਰੀ ਰੂਟ ਉਨ੍ਹਾਂ ਲਈ ਵੱਧ ਖਤਰੇ ਵਾਲਾ ਵੀ ਸੀ ਅਤੇ ਮਾਇਕ ਤੌਰ 'ਤੇ ਮਹਿੰਗਾ ਵੀ। ਦੂਜੇ ਪਾਸੇ, ਯੂਰਪ ਵੱਲ ਜਾਣ ਦੇ ਦਰਜਨਾਂ ਜ਼ਮੀਨੀ ਰਸਤੇ ਸਨ। ਲਿਹਾਜ਼ਾ, ਬਹੁਤੀ ਹਿਜਰਤ ਯੂਰਪੀਅਨ ਮੁਲਕਾਂ ਅਤੇ ਰੂਸ ਵੱਲ ਹੀ ਹੋਈ, ਖਾਸਕਰ ਕਾਲੇ ਸਾਗਰ ਤੇ ਕੈਸਪੀਅਨ ਸਾਗਰ ਦੇ ਆਸ-ਪਾਸ ਵਸੇ ਇਲਾਕਿਆਂ ਵੱਲ। ਹੁਣ ਇਨ੍ਹਾਂ ਇਲਾਕਿਆਂ ਵਿਚ ਵੀ 1947 ਦੇ ਮੁਕਾਬਲੇ ਵਿਚ ਸਿਰਫ 20 ਫੀਸਦੀ ਯਹੂਦੀ ਬਚੇ ਹਨ; ਬਾਕੀ ਸਾਰੇ ਪਿਛਲੇ ਸੱਤ ਦਹਾਕਿਆਂ ਦੌਰਾਨ ਇਜ਼ਰਾਈਲ ਜਾ ਪੁੱਜੇ ਹਨ।

ਪ੍ਰੋ. ਸੌਲਟਿਸ ਦੇ ਇਕ ਲੇਖ ਮੁਤਾਬਿਕ 18ਵੀਂ ਤੇ 19ਵੀਂ ਸਦੀਆਂ ਦੌਰਾਨ ਭਾਰਤ ਵਿਚ ਯਹੂਦੀਆਂ ਦੀ ਸੰਖਿਆ 50 ਹਜ਼ਾਰ ਤੋਂ ਵੱਧ ਸੀ; ਹੁਣ ਇਹ ਪੰਜ ਤੋਂ ਛੇ ਹਜ਼ਾਰ ਦਰਮਿਆਨ ਹੈ। ਪਾਰਸੀਆਂ ਵਾਂਗ ਯਹੂਦੀਆਂ ਨੇ ਵੀ ਆਪਣਾ ਧਰਮ ਤੇ ਸਭਿਆਚਾਰ ਬਚਾ ਕੇ ਰੱਖਣ ਵੱਲ ਧਿਆਨ ਕੇਂਦ੍ਰਿਤ ਕੀਤਾ। ਇਸ ਦੇ ਪਾਸਾਰ-ਪ੍ਰਚਾਰ ਦੇ ਯਤਨ ਨਹੀਂ ਕੀਤੇ। ਕੋਸ਼ਿਸ਼ ਇਹ ਵੀ ਰਹੀ ਕਿ ਆਪਣੀਆਂ ਧਾਰਮਿਕ ਰਹੁ-ਰੀਤਾਂ ਤੇ ਪ੍ਰਥਾਵਾਂ ਨੂੰ ਮੁਕਾਮੀ ਮਾਹੌਲ ਮੁਤਾਬਿਕ ਢਾਲਿਆ ਜਾਵੇ। ਇਸੇ ਕਾਰਨ ਉਨ੍ਹਾਂ ਨੂੰ ਹੋਰਨਾਂ ਧਰਮਾਂ ਵੱਲੋਂ ਵਿਰੋਧ ਜਾਂ ਤੁਅੱਸਬ ਦਾ ਸਾਹਮਣਾ ਨਹੀਂ ਕਰਨਾ ਪਿਆ। ਯਹੂਦੀ ਮੂਲ ਦੀ ਭਾਰਤੀ ਲੇਖਕ ਐਸਟਰ ਡੇਵਿਡ ਦੇ ਲੇਖ ਅਨੁਸਾਰ ਯਹੂਦੀਆਂ ਨੂੰ ਭਾਰਤੀ ਹਿੰਦੂਆਂ ਤੋਂ ਹਮਾਇਤ ਵੀ ਮਿਲੀ ਤੇ ਹਮਦਰਦੀ ਵੀ। ਇਨ੍ਹਾਂ ਤੱਤਾਂ ਨੇ ਯਹੂਦੀਆਂ ਵੀ ਨੂੰ ਜਵਾਬੀ ਤੌਰ 'ਤੇ ਮੁਕਾਮੀ ਮਾਹੌਲ ਮੁਤਾਬਿਕ ਢਲਣ ਦੇ ਰਾਹ ਪਾਇਆ। ਉਹ ਲਿਖਦੀ ਹੈ, "ਜੁਡਾਇਜ਼ਮ ਤੇ ਹਿੰਦੂ ਮੱਤ ਦੀਆਂ ਕਈ ਧਾਰਮਿਕ ਤੇ ਸਮਾਜਿਕ ਰਹੁ-ਰੀਤਾਂ ਇਕੋ ਜਹੀਆਂ ਹਨ। ਇਸ ਤੱਥ ਨੇ ਵੀ ਯਹੂਦੀਆਂ ਦਾ ਭਾਰਤੀ ਸਮਾਜ ਵਿਚ ਜਜ਼ਬ ਹੋਣਾ ਆਸਾਨ ਬਣਾਇਆ। ਉਨ੍ਹਾਂ ਨਾਲ ਕਿਤੇ ਵੀ ਭੇਦਭਾਵ ਨਹੀਂ ਹੋਇਆ।

ਸੀਏਟਲ (ਅਮਰੀਕਾ) ਸਥਿਤ ਆਰਟ ਹਿਸਟੋਰੀਅਨ ਓਰਨਾ ਇਲਿਆਹੂ ਦਾ ਲੇਖ ਭਾਰਤ ਵਿਚ ਵਸੇ ਯਹੂਦੀ ਗਰੁੱਪਾਂ ਦੀਆਂ ਵਿਭਿੰਨਤਾਵਾਂ ਉੱਤੇ ਰੌਸ਼ਨੀ ਪਾਉਂਦਾ ਹੈ। ਇਹ ਵਿਭਿੰਨਤਾਵਾਂ ਸੰਤਾਲੀ ਤੋਂ ਪਹਿਲਾਂ ਭਾਰਤ ਦੇ ਬ੍ਰਿਟਿਸ਼ ਹੁਕਮਰਾਨਾਂ ਲਈ ਉਤਸੁਕਤਾ ਦਾ ਵਿਸ਼ੇਸ਼ ਵਿਸ਼ਾ ਬਣੀਆਂ ਰਹੀਆਂ। ਮਸਲਨ, ਮੁੰਬਈ ਜਾਂ ਕੋਂਕਣ ਵਿਚ ਵਸੇ ਬਹੁਤੇ ਯਹੂਦੀ ਬੇਨੇ ਇਜ਼ਰਾਇਲੀ (ਸ਼ਾਬਦਿਕ ਅਰਥ: ਇਜ਼ਰਾਈਲ ਦੇ ਪੁੱਤ) ਹਨ। ਇਹ ਮਰਾਠੀ ਭਾਸ਼ੀ ਹਨ ਅਤੇ ਮਰਾਠੀਆਂ ਵਾਂਗ ਆਪਣੇ ਨਾਮ ਨਾਲ ਆਪਣੇ ਪਿੰਡ/ਕਸਬੇ ਦਾ ਨਾਮ ਜੋੜਦੇ ਆਏ ਹਨ (ਜਿਵੇਂ ਇਰੂਲਕਰ ਭਾਵ ਇਰੂਲ ਦਾ ਵਾਸੀ)। ਗੋਆ ਵਿਚ ਮੈਰਨੋ ਯਹੂਦੀ ਵਸੇ ਹੋਏ ਹਨ ਜੋ ਮੌਰੱਕੋ ਤੋਂ ਆਏ। ਆਂਧਰਾ ਵਿਚ ਵਸੇ ਯਹੂਦੀ ਬੇਨੇ ਇਬਰਾਹਿਮੀ (ਪੈਗੰਬਰ ਇਬਰਾਹੀਮ ਦੇ ਬੇਟੇ) ਹਨ। ਕੋਚੀ ਤੇ ਇਰਨਾਕੁਲਮ ਦੇ ਯਹੂਦੀ ਭਾਵੇਂ ਬੇਨੇ ਇਜ਼ਰਾਇਲੀ ਹਨ ਪਰ ਉਨ੍ਹਾਂ ਦੀਆਂ ਪ੍ਰਾਰਥਨਾ ਸਭਾਵਾਂ ਵੀ ਮਲਿਆਲਮ ਵਿਚ ਹੁੰਦੀਆਂ ਹਨ ਅਤੇ ਆਮ ਬੋਲਚਾਲ ਦੀ ਭਾਸ਼ਾ ਵੀ ਇਹੋ ਹੈ। ਉਨ੍ਹਾਂ ਵਿਚੋਂ ਬਹੁਤਿਆਂ ਨੂੰ ਇਜ਼ਰਾਈਲ ਜਾ ਕੇ ਉਥੋਂ ਦੇ ਮਾਹੌਲ 'ਚ ਰਚਣ-ਮਿਚਣ ਵਿਚ ਦਿੱਕਤ ਆਈ। ਸਭ ਤੋਂ ਦਿਲਚਸਪ ਕਥਾ ਹੈ ਉੱਤਰ-ਪੂਰਬੀ ਭਾਰਤ ਦੇ ਯਹੂਦੀਆਂ ਦੀ। ਉਹ ਮੱਧ-ਪੂਰਬ ਭਾਵ ਕਿਸੇ ਵੀ ਅਰਬ ਮੁਲਕ ਤੋਂ ਭਾਰਤ ਨਹੀਂ ਆਏ। ਉਹ ਮਨੀਪੁਰ ਤੇ ਮਿਜ਼ੋਰਮ ਦੇ ਕਬੀਲਿਆਂ ਨਾਲ ਸਬੰਧਤ ਹਨ। ਇਨ੍ਹਾਂ ਲੋਕਾਂ ਨੂੰ ਪ੍ਰਾਚੀਨ ਬਾਈਬਲ (ਓਲਡ ਟੈਸਟਾਮੈਂਟ) ਵਿਚ ਦਰਸਾਏ 12 ਗੁੰਮਸ਼ੁਦਾ ਯਹੂਦੀ ਕਬੀਲਿਆਂ ਵਿਚ ਸ਼ੁਮਾਰ ਸਮਝਿਆ ਜਾਂਦਾ ਹੈ। 19ਵੀਂ ਸਦੀ ਵਿਚ ਮਣੀਪੁਰ ਦੇ ਕੁੱਕੀ ਅਤੇ ਮਿਜ਼ੋਰਮ ਦੇ ਮਿਜ਼ੋ, ਇਸਾਈ ਪਾਦਰੀਆਂ ਦੇ ਪ੍ਰਭਾਵ ਹੇਰ ਇਸਾਈ ਬਣੇ। ਫਿਰ 1940ਵਿਆਂ ਵਿਚ ਯਹੂਦੀਆਂ ਨਾਲ ਰਿਸ਼ਤੇ ਬਾਰੇ ਪਤਾ ਲੱਗਦਿਆਂ ਹੀ ਕਈਆਂ ਨੇ ਯਹੂਦੀ ਮੱਤ ਅਪਣਾ ਲਿਆ। 1948 ਵਿਚ ਇਨ੍ਹਾਂ ਦੀ ਸੰਖਿਆ 15 ਹਜ਼ਾਰ ਦੇ ਆਸ-ਪਾਸ ਸੀ ਪਰ ਇਜ਼ਰਾਈਲ ਵੱਲ ਪਰਵਾਸ ਮਗਰੋਂ ਹੁਣ ਇਹ ਗਿਣਤੀ ਹਜ਼ਾਰ ਤੋਂ ਵੀ ਘੱਟ ਰਹਿ ਗਈ ਹੈ। ਇਨ੍ਹਾਂ ਨੂੰ ਬੇਨੇ ਮਿਨਾਸ਼ੇ ਦਾ ਨਾਮ ਦਿੱਤਾ ਜਾਂਦਾ ਹੈ। ਬਗਦਾਦੀ ਯਹੂਦੀ ਇਰਾਕ ਤੋਂ 18ਵੀਂ ਸਦੀ ਵਿਚ ਸੂਰਤ ਆਏ। ਸੂਰਤ ਦਾ ਫੌਜਦਾਰ ਮੁਗਲ ਸੀ ਪਰ ਉਸ ਨੇ ਇਨ੍ਹਾਂ ਲਈ ਭੋਜਨ-ਪਾਣੀ ਤੇ ਰਿਹਾਇਸ਼ ਦਾ ਵਾਜਬ ਪ੍ਰਬੰਧ ਕੀਤਾ। ਇਹ ਲੋਕ ਚੰਗੇ ਕਾਰੋਬਾਰੀ ਸਨ। ਆਪਣੇ ਨਾਮ ਨਾਲ ਸ਼ੇਖ ਲਾਉਂਦੇ ਸਨ।


ਕਿਤਾਬ ਵਿਚ ਕਿਤੇ-ਕਿਤੇ ਗੈਰ-ਜ਼ਰੂਰੀ ਉਲਾਰ ਵੀ ਹੈ; ਮਸਲਨ, ਪ੍ਰੋ. ਸੌਲਟਿਸ ਆਪਣੇ ਪਹਿਲੇ ਲੇਖ ਵਿਚ ਲਿਖਦਾ ਹੈ: "ਹਿੰਦੂ ਮੱਤ ਦਾ ਸੁਭਾਅ ਹੀ ਅਜਿਹਾ ਹੈ ਕਿ ਇਹ ਰੂਹਾਨੀਅਤ ਦੇ ਵੱਖ-ਵੱਖ ਰੰਗਾਂ ਜਾਂ ਧਰਮਾਂ ਨਾਲ ਵਿਤਕਰਾ ਨਹੀਂ ਕਰਦਾ। ਇਸ ਨੂੰ ਹੋਰਨਾਂ ਧਰਮਾਂ ਦੇ ਗੁਰੂਆਂ/ਅਵਤਾਰਾਂ ਦੀ ਇੱਜ਼ਤ ਕਰਨੀ ਆਉਂਦੀ ਹੈ।"

ਕਾਸ਼! ਇਹ ਕੁਝ ਅੱਜ ਦੇ ਯੁੱਗ, ਖਾਸ ਕਰਕੇ ਮੁਸਲਿਮ ਭਾਈਚਾਰੇ ਦੇ ਪ੍ਰਸੰਗ ਵਿਚ ਕਿਹਾ ਜਾ ਸਕਦਾ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਅਗਸਤ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-547



ਚੁੱਕ ਗੁਨਾਹਾਂ ਦੀ ਪੰਡ ਸਿਰ 'ਤੇ, ਹੋ ਗਿਆ ਹਾਂ ਚਕਨਾਚੂਰ,
ਵਜੂਦ-ਪਿੰਜਰ ਦੋਵੇਂ ਟੁਕੜੇ ਟੁਕੜੇ, ਹੋ ਗਿਆ ਸ਼ੀਸ਼ੇ ਵਾਂਗਰ ਚੂਰ
ਪੰਜ ਵੈਰੀਆਂ ਆਣ ਕੇ ਘੇਰਿਆ, ਕਰਿਆ ਸੀ ਡਾਹਢਾ ਮਜਬੂਰ,
ਭਰਮ ਹਉਮੈ ਨੇ ਜਾਲ਼ ਪਾਇਆ, ਪਰ ਅੱਜ ਟੁੱਟਿਆ ਹੈ ਗਰੂਰ।

### ਕੈਪਸ਼ਨ ਮੁਕਾਬਲਾ-545



ਸੌਣ ਮਹੀਨਾ ਬੱਦਲ ਵਰ੍ਹਦੇ,
ਬਾਲਣ ਭਿੱਜਦਾ, ਚੁੱਲ੍ਹੇ ਠਰਦੇ।
ਛੱਤਾਂ ਟਪਕਣ, ਟੁੱਟਣ ਕੜੀਆਂ,
ਘਰ ਢਾਹੁੰਦੀਆਂ ਹਰ ਸਾਲ ਝੜੀਆਂ।
ਬੇਬੇ ਬਾਲਣ ਚੁਗ ਕੇ ਲਿਆਉਂਦੀ,
ਫੇਰ ਕਿਤੇ ਜਾ ਕੇ ਚੁੱਲ੍ਹਾ ਚਲਾਉਂਦੀ।
*-ਗੁਰਦੇਵ ਸਿੰਘ ਢਪਾਲੀ*
*ਗੁਰੂ ਤੇਗ ਬਹਾਦਰ ਨਗਰ, ਬਠਿੰਡਾ।*
*ਫੋਨ: 94176-49275*

---

ਹਾੜ ਵੀ ਮਾੜਾ, ਸਾਉਣ ਵੀ ਮਾੜਾ
ਰੁੱਤ ਸਾਨੂੰ ਕੋਈ ਰਾਸ ਨਾ ਆਵੇ।
ਟੱਬਰ ਦਾ ਢਿੱਡ ਭਰਨ ਦੀ ਖਾਤਰ
ਚੁੱਲ੍ਹੇ ਦਾ ਨਿੱਤ ਫ਼ਿਕਰ ਸਤਾਵੇ।
ਪੰਜੀਂ ਸਾਲੀਂ ਲਾ ਜਾਣ ਲਾਰੇ
ਮੁੜ ਕੇ ਨਾ ਕੋਈ ਮੂੰਹ ਦਿਖਾਵੇ।
*-ਜਗਮੀਤ ਸਿੰਘ ਪੰਧੇਰ*
*ਫੋਨ :+1 2042963177*

---

ਸਾਉਣ ਮਹੀਨਾ ਤ੍ਰਿਣ ਵਣ ਹਰਿਆ,
ਕੁਦਰਤ ਖੁਸ਼ੀ ਮਨਾਵੇ,
ਖੁਣੋਂ ਬਾਲਣੋਂ ਗਰੀਬਾਂ ਦੇ ਚੁੱਲ੍ਹੇ ਠੰਢੇ,
ਢਿੱਡਾਂ ਦੀ ਭੁੱਖ ਸਤਾਵੇ
ਗੈਸ ਸਿਲੰਡਰ ਹਜ਼ਾਰੋਂ ਨੇ ਟੱਪ ਗਏ,
ਭਾਅ ਨੂੰ ਨੱਥ ਨਾ ਪਾਵੇ,
ਜੀ.ਐੱਸ,ਟੀ. ਨੇ ਕੱਢੇ ਕਚੂੰਮਰ
ਬੇਬੇ, ਚੁਗ ਬਾਲਣ ਲਿਆਵੇ।
*-ਸੇਵਾ ਸਿੰਘ 'ਨੂਰਪੁਰੀ'*

---

ਹਨੇਰਾ ਘੁੱਪ, ਚੜ੍ਹ ਆਈ
ਘਟਾ ਘਨਘੋਰ
ਆਈ ਸੀ ਅਜੇ ਦਿਹਾੜੀ ਲਾ ਕੇ
ਫਿਕਰ ਸਤਾਵੇ ਬਾਲਣ ਦਾ
ਤੁਰ ਪਈ ਛਿਟੀਆਂ ਭਾਲਣ
ਰਾਤ ਦਾ ਡੰਗ ਪਕਾਉਣ ਲਈ
ਰੋਟੀ ਦਾ ਕਿਵੇਂ ਕਰਨਾ ਹੱਲ
ਇਹ ਫਿਕਰ ਸਤਾਵੇ ਸਿਰਫ ਗਰੀਬਾਂ ਨੂੰ
ਕਿਉਂਕਿ ਗਿੱਲੇ ਗੋਟੇ ਨਹੀਂ ਅੱਗ ਬਲਦੀ
ਮਾਰ ਮਾਰ ਫੂਕਾਂ ਭੂਕਣਿਆਂ 'ਚ
ਮਗਜ਼ ਬੰਦ ਹੀ ਹੋ ਜਾਂਦਾ।
*-ਦਸ਼ਨ ਪਾਲ ਦੋਸਾਂਝ।*

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:**
**847-359-0746**

# ਜਸ਼ਨ-ਏ-ਆਜ਼ਾਦੀ

ਡਾ. ਹਰਸ਼ਿੰਦਰ ਕੌਰ, ਐਮ. ਡੀ
ਫੋਨ: 0175-2216783

ਆਜ਼ਾਦੀ ਦੌਰਾਨ ਸ਼ਹੀਦ ਹੋਏ ਫੌਜੀਆਂ ਦਾ ਸਨਮਾਨ ਕਰਨਾ ਸਾਡਾ ਫਰਜ਼ ਹੈ। ਉਨ੍ਹਾਂ ਸਦਕਾ ਹੀ ਇਹ ਦਿਨ ਵੇਖਣਾ ਨਸੀਬ ਹੋਇਆ ਹੈ। ਉਨ੍ਹਾਂ ਸ਼ਹੀਦਾਂ ਦੇ ਟੱਬਰਾਂ ਦਾ ਦੇਣਾ ਵੀ ਨਹੀਂ ਦਿੱਤਾ ਜਾ ਸਕਦਾ, ਜਿਨ੍ਹਾਂ ਨੇ ਆਪਣਾ ਵਿਹੜਾ ਸੱਖਣਾ ਕਰ ਕੇ ਸਾਡਾ ਵਿਹੜਾ ਆਬਾਦ ਕੀਤਾ ਹੈ।

ਇਨ੍ਹਾਂ ਦੇ ਨਾਲ ਕੁੱਝ ਹੋਰ ਅਣਕਹੀਆਂ ਅਤੇ ਅਣਸੁਣੀਆਂ ਮੌਤਾਂ ਜੋ ਆਜ਼ਾਦੀ ਲਈ ਪਰਵਾਨ ਹੋਈਆਂ, ਉਨ੍ਹਾਂ ਦਾ ਜ਼ਿਕਰ ਕਦੇ ਨਹੀਂ ਹੁੰਦਾ। ਹੁਣ ਤਕ ਦੇ ਮਨਾਏ ਆਜ਼ਾਦੀ ਦੇ ਜਸ਼ਨਾਂ ਵਿਚ ਉਨ੍ਹਾਂ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਗਿਆ। ਮੈਂ ਉਨ੍ਹਾਂ ਦੀ ਯਾਦ ਦਿਵਾਉਣ ਦਾ ਹੀਆ ਕੀਤਾ ਹੈ। ਜਿਸ ਨੇ ਬੀ.ਬੀ.ਸੀ ਉੱਤੇ ਇਸ ਪ੍ਰੋਗਰਾਮ ਵਿਚਲੇ ਤੱਥ ਅਤੇ ਅੰਕੜੇ ਨਾ ਵੇਖੇ ਹੋਣ, ਉਨ੍ਹਾਂ ਨੂੰ ਮੈਂ ਦੱਸ ਦਿਆਂ ਕਿ :

1. ਸੰਨ 1947 ਦੀ ਭਾਰਤ-ਪਾਕਿ ਵਿਚਲੀ ਵੰਡ ਦੌਰਾਨ ਦੁਨੀਆ ਭਰ ਵਿਚਲੀਆਂ ਸਾਰੀਆਂ ਆਜ਼ਾਦੀ ਦੀਆਂ ਜੰਗਾਂ ਤੋਂ ਵੱਧ ਲੋਕ ਘਰੋਂ ਬੇਘਰ ਹੋਏ।

2. ਇਹ ਗਿਣਤੀ ਸਾਢੇ 14 ਮਿਲੀਅਨ ਲੋਕਾਂ ਤੋਂ ਵੀ ਵੱਧ ਸਾਬਤ ਹੋਈ ਹੈ ਜਿਸ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਹਨ।

3. ਇਸ ਦੌਰਾਨ ਗਿਣੀਆਂ ਜਾ ਚੁੱਕੀਆਂ ਅਤੇ ਰਿਪੋਰਟ ਹੋਈਆਂ 93,000 ਔਰਤਾਂ ਨੂੰ ਮਧੋਲਿਆ ਅਤੇ ਅਗਵਾ ਕੀਤਾ ਗਿਆ। ਜਿਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਲੱਗਿਆ ਤੇ ਸਿਰਫ਼ ਟੋਟੇ ਹੀ ਲੱਭੇ ਜਾਂ ਪੂਰੇ ਦੇ ਪੂਰੇ ਟੱਬਰ ਫ਼ਨਾਹ ਹੋ ਗਏ, ਉਹ ਇਸ ਗਿਣਤੀ ਵਿਚ ਸ਼ਾਮਲ ਨਹੀਂ ਹਨ।

4. ਇਨ੍ਹਾਂ ਔਰਤਾਂ ਦਾ ਸਿਰਫ਼ ਜਬਰ-ਜਨਾਹ ਅਤੇ ਕਤਲ ਹੀ ਨਹੀਂ ਕੀਤਾ ਗਿਆ, ਬਲਕਿ ਇਨ੍ਹਾਂ ਵਿਚੋਂ ਲਗਭਗ 15 ਹਜ਼ਾਰ ਨੂੰ ਨੌਕਰਾਣੀ, ਬੰਧੂਆ ਮਜ਼ਦੂਰ ਜਾਂ ਰਖ਼ੈਲ ਬਣਨ ਲਈ ਮਜਬੂਰ ਕੀਤਾ ਗਿਆ ਅਤੇ ਕੁੱਝ ਨੂੰ ਕੋਠੇ ਉੱਤੇ ਬਿਠਾ ਦਿੱਤਾ ਗਿਆ।

5. ਜਿਹੜੀਆਂ ਔਰਤਾਂ ਦਾ ਜਬਰ-ਜਨਾਹ ਕਰਨ ਬਾਅਦ ਜ਼ਿੰਦਾ ਰੱਖਿਆ ਗਿਆ, ਉਸ ਦਾ ਵੀ ਕਾਰਨ ਸੀ। ਇਨ੍ਹਾਂ ਵਿਚੋਂ ਕਈਆਂ ਦੇ ਸਰੀਰ ਉੱਤੇ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਅਤੇ ਕਈਆਂ ਉੱਤੇ 'ਹਿੰਦੁਸਤਾਨ ਜ਼ਿੰਦਾਬਾਦ' ਦੇ ਪੱਕੇ ਠੱਪੇ ਲਾ ਕੇ ਦੂਜੇ ਮੁਲਕ ਨੂੰ ਸ਼ਰਮਸਾਰ ਕਰਨ ਲਈ ਇਨ੍ਹਾਂ ਨੂੰ ਵਰਤਿਆ ਗਿਆ ਕਿ ਜਦੋਂ ਵੀ ਇਹ ਆਪਣੇ ਮੁਲਕ ਵਾਪਸ ਜਾਣ ਤਾਂ ਉਹ ਲੋਕ ਦੂਜੇ ਮੁਲਕ ਦੀ ਪੱਕੀ ਮੋਹਰ ਵੇਖਣ!

6. ਦੁਸ਼ਮਣੀ ਦਾ ਆਲਮ ਇਹ ਸੀ ਕਿ ਜਿਹੜੀਆਂ ਔਰਤਾਂ ਮਰਨ ਨੂੰ ਤਰਜੀਹ ਦੇਣ, ਉਨ੍ਹਾਂ ਦੇ ਮੁਰਦਾ ਸਰੀਰ ਵੀ ਆਪਣੇ ਮੁਲਕ ਇਹੋ ਸੁਨੇਹਾ ਪਹੁੰਚਾਉਣ। ਇਸੇ ਲਈ ਕੋਈ ਔਰਤ ਛੱਡੀ ਹੀ ਨਹੀਂ ਗਈ!

7. ਯਾਸਮੀਨ ਖ਼ਾਨ ਨੇ ਵੰਡ ਬਾਰੇ ਲਿਖੀ ਕਿਤਾਬ ਵਿਚ ਸਪਸ਼ਟ ਕੀਤਾ ਹੈ ਕਿ ਔਰਤਾਂ ਉੱਤੇ ਅਤਿ ਦੇ ਜ਼ੁਲਮ ਇਸ ਲਈ ਢਾਹੇ ਗਏ ਕਿ ਭਾਰਤੀਆਂ ਨੂੰ ਜ਼ਲੀਲ ਕੀਤਾ ਜਾ ਸਕੇ। ਔਰਤਾਂ ਨੂੰ ਜਬਰੀ ਮੁਸਲਮਾਨ ਧਰਮ ਵਿਚ ਸ਼ਾਮਲ ਕਰ ਕੇ ਹਿੰਦੂ ਧਰਮ ਦਾ ਨਾਮੋ ਨਿਸ਼ਾਨ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ।

8. ਇੰਗਲੈਂਡ ਵਿਖੇ ਡੀਮੋਂਟ ਫੋਰਟ ਯੂਨੀਵਰਸਿਟੀ ਦੀ ਪ੍ਰੋਫੈਸਰ ਪੀਪਾ ਵਿਰਦੀ ਨੇ ਪੁਰਾਣੇ ਰਿਕਾਰਡ ਅਤੇ ਤਸਵੀਰਾਂ ਇਕੱਠੀਆਂ ਕਰ ਕੇ ਅਤੇ ਘੁੰਮ ਫਿਰ ਕੇ ਲੋਕਾਂ ਦੀਆਂ ਇੰਟਰਵਿਊ ਕਰ ਕੇ ਜੋ ਤੱਥ ਪੇਸ਼ ਕੀਤੇ ਹਨ, ਉਹ ਦਿਲ ਕੰਬਾਊ ਹਨ।

ਜਿਵੇਂ ਹਰ ਜਿੱਤ ਦੀ ਟਰਾਫ਼ੀ ਸਾਂਭੀ ਜਾਂਦੀ ਹੈ, ਇਸੇ ਤਰ੍ਹਾਂ ਭਾਰਤੀਆਂ ਅਤੇ ਪਾਕਿਸਤਾਨੀਆਂ ਨੇ, ਦੂਜੇ ਮੁਲਕ ਦੀਆਂ ਔਰਤਾਂ ਦੇ ਸਰੀਰਾਂ ਨੂੰ ਟਰਾਫ਼ੀਆਂ ਬਣਾ ਕੇ ਸਾਂਭਿਆ।

ਪਹਿਲਾਂ ਔਰਤਾਂ ਨੂੰ ਰੱਜ ਕੇ ਜ਼ਲੀਲ ਕਰ ਕੇ, ਜਿੰਨਿਆਂ ਵੱਲੋਂ ਹੋ ਸਕਦਾ, ਜਬਰ-ਜਨਾਹ ਕਰ ਕੇ, ਫੇਰ ਉਨ੍ਹਾਂ ਦੀ ਛਾਤੀ ਕੱਟ ਦਿੱਤੀ ਜਾਂਦੀ। ਉਸ ਤੋਂ ਬਾਅਦ ਸਾਰੇ ਸਰੀਰ ਦੇ ਮਾਸ ਨੂੰ ਦੰਦਾਂ ਨਾਲ ਵੱਢ ਟੁੱਕ ਕੇ ਲਾਹਿਆ ਜਾਂਦਾ (ਜੋ ਕਿ ਮੁਰਦਾ ਸਰੀਰਾਂ ਉੱਤੇ ਦੰਦਾਂ ਦੇ ਨਿਸ਼ਾਨਾਂ ਤੋਂ ਸਪਸ਼ਟ ਹੋ ਚੁੱਕਿਆ ਹੈ)। ਫੇਰ ਗਰਮ ਲੋਹੇ ਨਾਲ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਹਿੰਦੁਸਤਾਨ ਜ਼ਿੰਦਾਬਾਦ' ਦੀ ਮੋਹਰ ਲਾਈ ਜਾਂਦੀ। ਕਈਆਂ ਦੇ ਸਰੀਰਾਂ ਉੱਤੇ ਇਕ ਦੂਜੇ ਪ੍ਰਤੀ ਕੱਢੀਆਂ ਗਾਲਾਂ ਛਾਪ ਦਿੱਤੀਆਂ ਜਾਂਦੀਆਂ। ਫੇਰ ਬਾਹਵਾਂ ਕੱਟੀਆਂ ਜਾਂਦੀਆਂ ਤੇ ਉਸ ਤੋਂ ਬਾਅਦ ਖਿੱਚ ਕੇ ਲੱਤਾਂ ਜੋੜ ਵਿਚੋਂ ਕੱਢ ਕੇ ਵੱਢੀਆਂ ਜਾਂਦੀਆਂ। ਅਖ਼ੀਰ ਵਿਚ ਸਿਰ ਧੜ ਤੋਂ ਅਲੱਗ ਕੀਤਾ ਜਾਂਦਾ। ਅਜਿਹੇ ਬਾਕੀ ਬਚੇ ਧੜ ਨੂੰ ਜਿੱਤ ਦੀ ਟਰਾਫ਼ੀ ਵਜੋਂ ਸਾਂਭਿਆ ਜਾਂਦਾ ਕਿ ਅਸੀਂ ਦੂਜੇ ਮੁਲਕ ਦੇ ਲੋਕਾਂ ਉੱਤੇ ਜਿੱਤ ਹਾਸਲ ਕਰ ਕੇ ਆਪਣਾ ਬਦਲਾ ਲਾਹ ਲਿਆ ਹੈ।

9. ਆਪਣੇ ਆਪ ਨੂੰ ਇਸ ਜ਼ਲਾਲਤ ਤੋਂ ਬਚਾਉਣ ਲਈ ਸੈਂਕੜੇ ਔਰਤਾਂ ਨੇ ਖ਼ੂਹ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ।

10. ਰਿਤੂ ਮੈਨਨ ਤੇ ਕਮਲਾ ਭਸੀਨ ਨੇ ਅੱਖੀਂ ਵੇਖੀਆਂ ਗੱਲਾਂ ਬਿਆਨ ਕਰਦਿਆਂ ਕਿਹਾ ਕਿ ਜਿਨ੍ਹਾਂ ਔਰਤਾਂ ਦੇ ਸਰੀਰਾਂ ਉੱਤੇ 'ਪਾਕਿਸਤਾਨ ਜ਼ਿੰਦਾਬਾਦ' ਜਾਂ 'ਜੈ ਹਿੰਦ' ਗਰਮ ਲੋਹੇ ਨਾਲ ਛਾਪਿਆ ਗਿਆ ਸੀ, ਉਨ੍ਹਾਂ ਦੇ ਸਰੀਰਾਂ ਦੀ ਬਚੀ-ਖੁਚੀ ਚਮੜੀ ਉੱਤੇ ਏਨੇ ਭਿਆਨਕ ਦੰਦਾਂ ਦੇ



ਨਿਸ਼ਾਨ ਸਨ ਕਿ ਜਾਨਵਰ ਵੀ ਸ਼ਾਇਦ ਇੰਜ ਨਾ ਚੱਬਦੇ ਜਿਵੇਂ ਇਨਸਾਨ ਰੂਪੀ ਹੈਵਾਨਾਂ ਨੇ ਚੂੰਡਿਆ ਹੋਇਆ ਸੀ।

11. ਸ਼ੇਖ਼ੂਪੁਰਾ ਦੇ ਇਕ ਡਾਕਟਰ ਨੇ ਮੈਨਨ ਅਤੇ ਭਸੀਨ ਨੂੰ ਦੱਸਿਆ ਕਿ ਜਿੰਨੇ ਕੇਸ ਰਿਫਿਊਜੀ ਕੈਂਪਾਂ ਵਿਚੋਂ ਚੁੱਕੀਆਂ ਔਰਤਾਂ ਦੀ ਛਾਤੀ ਵੱਢਣ ਤੋਂ ਬਾਅਦ ਉਸ ਕੋਲ ਲਿਆਏ ਗਏ, ਉਨ੍ਹਾਂ ਵਿਚੋਂ ਇਕ ਵੀ ਔਰਤ ਬਚਾਈ ਨਹੀਂ ਜਾ ਸਕੀ, ਕਿਉਂਕਿ ਉਸ ਵਿਚ ਕੁੱਝ ਬਚਾਉਣ ਜੋਗਾ ਛੱਡਿਆ ਹੀ ਨਹੀਂ ਸੀ ਗਿਆ।

12. ਸੰਨ 1950 ਵਿਚ ਮੈਨਨ ਤੇ ਭਸੀਨ ਨੇ ਸਰਕਾਰੀ ਅੰਕੜਿਆਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ 50,000 ਔਰਤਾਂ ਨੂੰ ਭਾਰਤ ਅਤੇ 33,000 ਔਰਤਾਂ ਨੂੰ ਪਾਕਿਸਤਾਨ ਵਿਚ ਜਬਰ-ਜਨਾਹ ਕਰ ਕੇ ਤਸੀਹੇ ਦੇ ਕੇ ਮਾਰ ਘੱਤਿਆ ਗਿਆ। ਪਰ ਔਰਤਾਂ ਵਾਸਤੇ ਕੰਮ ਕਰ ਰਹੇ ਰੀਹੈਬਿਲੀਟੇਸ਼ਨ ਸੈਂਟਰ ਵਿਚ ਲੱਗੇ ਲੋਕਾਂ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨ ਵਿਚ ਇਹ ਗਿਣਤੀ ਕਿਤੇ ਵੱਧ ਹੈ ਤੇ ਲਗਭਗ ਇਕ ਲੱਖ 25,000 ਔਰਤਾਂ ਨਿਰਵਸਤਰ ਕਰ ਕੇ ਕਤਲ ਕੀਤੀਆਂ ਗਈਆਂ ਤੇ ਕਾਫ਼ਲਿਆਂ ਉੱਤੇ ਹਮਲੇ ਕਰ ਕੇ ਚੁੱਕੀਆਂ ਔਰਤਾਂ ਦਾ ਤਾਂ ਨਾਮੋ ਨਿਸ਼ਾਨ ਹੀ ਨਹੀਂ ਲੱਭਿਆ। ਕਿਸੇ ਦੀ ਇਕ ਬਾਂਹ ਤੇ ਕਿਸੇ ਦੀ ਇਕ ਲੱਤ ਹੀ ਮਿਲੀ ਜੋ ਐਵੇਂ ਹੀ ਦਫ਼ਨ ਕਰ ਦਿੱਤੀਆਂ ਗਈਆਂ।

13. ਕਮਲਾਬੇਨ ਪਟੇਲ ਨੇ ਦੱਸਿਆ ਕਿ ਉਸ ਨੇ ਵੰਡ ਤੋਂ 8 ਸਾਲ ਬਾਅਦ ਤਕ 20,728 ਚੁੱਕੀਆਂ ਗਈਆਂ ਔਰਤਾਂ ਨਾਲ ਕੰਮ ਕੀਤਾ, ਜਿਨਾਂ ਵਿੱਚੋਂ 600 ਵਾਪਸ ਭੇਜੀਆਂ ਗਈਆਂ। ਉਸ ਦੱਸਿਆ ਕਿ ਬਥੇਰੀਆਂ ਔਰਤਾਂ ਜੋ ਵਾਪਸ ਪਹੁੰਚੀਆਂ, ਉਨ੍ਹਾਂ ਦੱਸਿਆ ਕਿ ਪਾਕਿਸਤਾਨੀ ਫੌਜੀਆਂ ਨੇ ਉਨ੍ਹਾਂ ਨੂੰ ਕਈ-ਕਈ ਦਿਨ ਭੁੱਖੇ ਰੱਖ ਕੇ ਰੋਜ਼ ਸਾਰਿਆਂ ਵੱਲੋਂ ਜਬਰ-ਜਨਾਹ ਕਰਨ ਬਾਅਦ ਹੀ ਵਾਪਸ ਭਾਰਤ ਭੇਜਿਆ ਹੈ।

14. ਇਹ ਵੀ ਉਦੋਂ ਪਤਾ ਲੱਗਿਆ ਕਿ ਕਈ ਪਿਓਆਂ ਨੇ ਆਪਣੀਆਂ ਧੀਆਂ, ਮਾਵਾਂ, ਭੈਣਾਂ ਨੂੰ ਅਜਿਹੇ ਹਾਲਾਤ ਵਿਚੋਂ ਲੰਘਣ ਨਾਲੋਂ ਆਪ ਹੀ ਸਿਰ ਵੱਢ ਕੇ ਜਾਂ ਅੱਗ ਵਿਚ ਸਾੜ ਕੇ ਮਾਰ ਮੁਕਾ ਦਿੱਤਾ।

15. ਇਨ੍ਹਾਂ ਤੋਂ ਇਲਾਵਾ ਵੀ ਕਈਆਂ ਨੇ ਖੁਲਾਸਾ ਕੀਤਾ ਕਿ ਕਿਵੇਂ ਨਿਰਵਸਤਰ ਕਰ ਕੇ ਪੁੱਠੇ ਟੰਗ ਕੇ ਉਨ੍ਹਾਂ ਉੱਤੇ ਤਸ਼ੱਦਦ ਢਾਹੇ ਗਏ। ਕਈਆਂ ਨੇ ਤਾਂ ਇਸ ਤੋਂ ਵੀ ਬਦਤਰ ਹਾਲਾਤ ਵੇਖੇ ਅਤੇ ਮੂੰਹ ਖੋਲ੍ਹਣ ਦੀ ਹਾਲਤ ਵਿਚ ਹੀ ਨਹੀਂ ਸਨ, ਕਿਉਂਕਿ ਉਨ੍ਹਾਂ ਦਾ ਮਾਨਸਿਕ ਸੰਤੁਲਨ ਵਿਗੜ ਚੁੱਕਿਆ ਸੀ।

16. ਜਿੰਨਾ ਵੱਧ ਤਸ਼ੱਦਦ ਢਾਹ ਕੇ ਔਰਤ ਵੱਢੀ ਜਾਂਦੀ, ਓਨੀ ਭਾਰੀ ਜਿੱਤ ਤੇ ਓਨੀ ਹੀ ਵੱਡੀ ਟਰਾਫ਼ੀ ਮੰਨ ਕੇ ਉਸ ਦੇ ਬਚੇ ਖੁਚੇ ਟੋਟੇ ਸਾਂਭੇ ਜਾਂਦੇ।

ਇਸ ਤੋਂ ਇਲਾਵਾ ਵੀ ਏਨਾ ਕੁੱਝ ਹੈ, ਜਿਸ ਨੂੰ ਪੜ੍ਹ ਸੁਣ ਕੇ ਹੀ ਮੇਰਾ ਦਿਮਾਗ ਸੁੰਨ ਹੋ ਚੁੱਕਿਆ ਹੈ ਤੇ ਮੇਰੀ ਕਲਮ ਵਿਚ ਉਸ ਨੂੰ ਬਿਆਨ ਕਰਨ ਦੀ ਤਾਕਤ ਹੀ ਨਹੀਂ। ਮੇਰਾ ਮਕਸਦ ਸਿਰਫ਼ ਸਭ ਨੂੰ ਇਹ ਯਾਦ ਕਰਵਾਉਣਾ ਹੈ ਕਿ ਆਜ਼ਾਦੀ ਦੀ ਜੰਗ ਵਿਚਲਾ ਇਹ ਹਿੱਸਾ ਅਣਗੌਲਿਆ ਕਿਉਂ ਰੱਖਿਆ ਜਾਂਦਾ ਹੈ? ਕੀ ਔਰਤਾਂ ਵੱਲੋਂ ਹੋਇਆ ਇਹ ਯੋਗਦਾਨ ਕਿਸੇ ਪਾਸਿਓਂ ਘੱਟ ਰਹਿ ਗਿਆ ਹੈ? ਇਸ ਤਸ਼ੱਦਦ ਨੂੰ ਯਾਦ ਕਿਉਂ ਨਹੀਂ ਕੀਤਾ ਜਾਂਦਾ? ਜੇ ਆਜ਼ਾਦੀ ਵੇਲੇ ਸ਼ਹੀਦਾਂ ਨੂੰ ਸਲਾਮੀ ਦਿੱਤੀ ਜਾ ਸਕਦੀ ਹੈ ਤਾਂ ਇਨ੍ਹਾਂ ਬੇਕਸੂਰਾਂ ਦੇ ਡੁੱਲ੍ਹੇ ਲਹੂ ਅਤੇ ਅਤਿ ਦੇ ਸਹੇ ਤਸ਼ੱਦਦ ਨੂੰ ਅੱਖੋਂ ਪਰੋਖੇ ਕਿਉਂ ਕੀਤਾ ਗਿਆ ਹੈ? ਆਪਣੀਆਂ ਕੁਰਬਾਨ ਹੋਈਆਂ ਮਾਵਾਂ ਭੈਣਾਂ ਤੇ ਧੀਆਂ ਦੀ ਯਾਦ ਵਿਚ ਇਕ ਦੀਵਾ ਵੀ ਨਹੀਂ ਬਾਲਿਆ ਜਾਂਦਾ।

ਮੈਂ ਕਿਸੇ ਛਾਤੀ ਉੱਤੇ ਗੋਲੀ ਖਾ ਕੇ ਸ਼ਹੀਦ ਹੋਏ ਵੀਰ ਨੂੰ ਨੀਵਾਂ ਨਹੀਂ ਵਿਖਾ ਰਹੀ। ਮੈਂ ਤਾਂ ਯਾਦ ਕਰਵਾ ਰਹੀ ਹਾਂ ਕਿ ਗੋਲੀ ਤੋਂ ਵੱਧ ਪੀੜ ਸਹਿ ਕੇ ਹਲਾਕ ਹੋਈਆਂ ਬੇਕਸੂਰ ਵੀਰਾਂਗਣਾਂ ਨੂੰ ਯਾਦ ਰੱਖ ਕੇ ਉਨ੍ਹਾਂ ਦੀਆਂ ਰੂਹਾਂ ਨੂੰ ਤਾਂ ਠੰਡਕ ਪਹੁੰਚਾ ਦੇਈਏ। ਜੇ ਏਨੀ ਕੁ ਕੁਰਬਾਨੀ ਹੀ ਯਾਦ ਰੱਖ ਲਈ ਜਾਏ ਤਾਂ ਔਰਤ ਦਾ ਨਿਰਾਦਰ ਸ਼ਾਇਦ ਕੁੱਝ ਘੱਟ ਜਾਏ ਅਤੇ ਉਸ ਨੂੰ ਬਣਦੀ ਇੱਜ਼ਤ ਮਿਲ ਜਾਏ!

ਚੇਤੇ ਰਹੇ ਕਿ ਵੰਡ ਦੀ ਸਭ ਤੋਂ ਵੱਧ ਮਾਰ ਅਤੇ ਸੰਤਾਪ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਔਰਤਾਂ ਨੇ ਹੀ ਝੱਲਿਆ ਹੈ। ਇਨ੍ਹਾਂ ਮਾਵਾਂ ਦੇ ਡੁੱਲ੍ਹੇ ਲਹੂ ਨੂੰ ਅਜਾਈਂ ਨਾ ਗੁਆਓ! ਅੱਗੇ ਤੋਂ ਹਰ ਆਜ਼ਾਦੀ ਦਿਵਸ ਉੱਤੇ ਇਕ ਦੀਵਾ 'ਮਾਂ ਦੇ ਨਾਂ ਦਾ', 'ਭੈਣ ਦੇ ਨਾਂ ਦਾ' ਤੇ 'ਧੀ ਦੇ ਨਾਂ' ਦਾ ਵੀ ਜ਼ਰੂਰ ਬਾਲਿਓ।

---

## ਆਜ਼ਾਦੀ ਦਿਹਾੜੇ 'ਤੇ ਵਿਸ਼ੇਸ਼

## ਡਾ. ਸੁਖਪਾਲ ਸੰਘੇੜਾ ਦੀਆਂ ਲਘੂ ਕਵਿਤਾਵਾਂ

### ਗ਼ੁਲਾਮੀਨਾਮਾ

ਗ਼ੁਲਾਮੀ
ਆਜ਼ਾਦੀ ਕੀ ਲੜਾਈ ਮੇਂ
ਸਭ ਸੇ ਮੁਸ਼ਕਲ ਕਾਮ ਹੈ,
ਗ਼ੁਲਾਮ ਕੋ ਸਮਝਾਨਾ
ਕਿ ਵੋਹ ਗ਼ੁਲਾਮ ਹੈ।

### ਆਜ਼ਾਦੀ-ਏ-ਗ਼ੁਲਾਮੀ

ਝੂਠ ਹੈ ਕਿ ਅੰਗਰੇਜ਼ ਜੇ ਸਾਨੂੰ
ਗ਼ੁਲਾਮ ਬਣਾਇਆਂ,
ਉਹ ਤਾਂ ਝੂਟੇ ਲੈਣ ਸੀ ਆਇਆ,
ਸਾਡੀ ਗ਼ੁਲਾਮੀ ਉੱਪਰ ਚੜ੍ਹ ਕੇ।
ਆਇਆ ਤੇ ਚਲੇ ਗਿਆ,
ਕੰਗ ਸਾਡੀ ਗ਼ੁਲਾਮੀ ਨੂੰ
ਮੁੜ ਆਜ਼ਾਦ ਕਰ ਕੇ।

### ਨਾਮ-ਏ-ਗ਼ੁਲਾਮ

ਅਕਲ ਅਜ਼ਾਦੀ ਦਾ ਯੁੱਗ ਹੈ ਚੜ੍ਹਿਆ
ਮਾਲਕ ਵੀ ਹੋ ਗਏ ਸ਼ੈਤਾਨ ਬੜੇ ਨੇ,
ਡੀਨ ਪ੍ਰੋਫੈਸਰ ਚੇਅਰਮੈਨ ਬਣ ਜਾਓ
ਫਿਰਦੇ ਪ੍ਰਧਾਨ 'ਤੇ ਪ੍ਰਧਾਨ ਚੜ੍ਹੇ ਨੇ।

ਜ਼ਮਾਨਾ 'ਪਾਲ' ਕਿੰਨਾ
ਅੱਗੇ ਵਧ ਆਇਆ,
ਗ਼ੁਲਾਮਾਂ ਦੇ ਦੇਖ
ਕੀ ਕੀ ਨਾਮ ਧਰੇ ਨੇ।

### ਅਮਰ ਗ਼ੁਲਾਮੀ

ਜਿਸਮਾਂ ਨੂੰ ਗ਼ੁਲਾਮੀ ਚੰਬੜੀ
ਫ਼ੌਰਨ ਹੀ ਲੱਥ ਸਕਦੀ,
ਸੋਚ ਸਹੀ ਹਥਿਆਰਾਂ ਸੰਗ ਜੇ
ਵੱਸ ਗ਼ੁਲਾਮਾਂ ਆਵੇ।

ਫਿਰ ਗ਼ੁਲਾਮੀ ਪੀੜ੍ਹੀਓਂ ਪੀੜ੍ਹੀ
ਅਮਰ ਹੋਵਣ ਲੱਗਦੀ,
ਜਦੋਂ ਗ਼ੁਲਾਮੀ ਰੂਹਾਂ ਦੇ ਵਿਚ
ਘੁਲ-ਮਿਲ ਕੇ ਰਚ ਜਾਵੇ।

ਸਦੀਆਂ ਪਿੱਛੋਂ ਪਿੰਜਰਾ ਖੋਲ੍ਹਿਆਂ
ਪੰਛੀ ਉੱਡਦੇ ਨਹੀਓਂ,
ਪੂਰੀ ਨਸਲ ਦੇ ਕੋਲੋਂ ਜੇਕਰ
ਉੱਡਣ ਜਾਚ ਖੁੱਸ ਜਾਵੇ।

### ਆਜ਼ਾਦੀ

ਜੱਗ ਨੂੰ ਜਿੱਤੀ ਬੈਠੇ ਹਾਂ ਜੀ
ਕੋਈ ਨਾ ਰੀਸ ਅਸਾਡੀ।
ਹਰ ਥਾਂ ਸਾਡੇ ਝੰਡੇ ਝੂਲਣ
ਮਾਣ ਹਾਂ ਰਹੇ ਆਜ਼ਾਦੀ।

ਅਸੀਂ ਹਾਂ ਵੱਡੇ ਖੰਭਾਂ ਵਾਲੇ
ਵੱਡੇ ਵੱਡੇ ਪੰਛੀ,
ਇਕ ਪਿੰਜਰੇ ਤੋਂ ਦੂਜੇ ਪਿੰਜਰੇ
ਤੱਕ ਉਡਾਰੀ ਸਾਡੀ।

### ਕੈਦੀ

ਜਿੰਨਾ ਮਰਜ਼ੀ ਦੌੜੇ-ਉੱਡੇ
ਬੰਦਾ ਤਨ ਦਾ ਕੈਦੀ।
ਵੱਡੇ ਵੱਡੇ ਸੁਪਨੇ ਦੇਖੇ
ਫਿਰ ਵੀ ਮਨ ਦਾ ਕੈਦੀ।

ਸਭ ਤੋਂ ਵੱਡੀ ਲਾਹਨਤ ਵਾਲੀ
ਕੈਦ ਉਦੋਂ ਮੈਂ ਤੱਕਾਂ,
ਜਦ ਕੋਈ ਵੱਡਾ ਬੰਦਾ ਦਿਸਦਾ
ਛੋਟੇਪਨ ਦਾ ਕੈਦੀ।

### ਕਮਾਈ-ਏ-ਗੁਲਾਮੀ

ਲੈ ਸੁਪਨੇ ਐਵੇਂ ਪੱਕਿਆਂ ਦੇ
ਇਹਨੇ ਕੱਚਿਆਂ ਤਾਈਂ ਢਾਉਣਾ ਨਹੀਂ।
ਮਿੱਟੀ 'ਚ ਗੱਡੀ ਰਹਿਣਾ ਹੈ
ਇਹਨੇ ਉੱਠ ਅੰਬਰਾਂ ਨੂੰ ਗਾਹੁਣਾ ਨਹੀਂ।

ਜਿਹਨੇ ਕਰ ਮਿਹਨਤ ਸਦੀਆਂ ਤੋਂ
ਗ਼ੁਲਾਮੀ ਖ਼ੂਬ ਕਮਾਈ ਹੈ,
ਉਸ ਕੌਮ ਨੇ, ਲੱਖ ਪਰੋਸ ਦਿਓ
ਆਜ਼ਾਦੀ ਨੂੰ ਅਪਣਾਉਣਾ ਨਹੀਂ।

---

### ਘਰ ਘਰ ਤਿਰੰਗਾ

ਮੁੱਦਿਆਂ ਤੋਂ ਧਿਆਨ ਭਟਕਾਅ ਕੇ,
ਮਹਿੰਗਾਈ ਸੰਗ ਲੋਕ ਝਟਕਾਅ ਕੇ,
ਜੀ.ਐਸ.ਟੀ. ਸਿਰ 'ਤੇ ਲਟਕਾਅ ਕੇ,
ਸੁੱਟ'ਤੀ ਆਰਥਿਕਤਾ ਪਟਕਾਅ ਕੇ।
ਫਿਰ ਵੀ ਦੇਸ਼ ਦੀ ਹੈ ਸ਼ਾਨ ਤਿਰੰਗਾ,
ਘਰ-ਘਰ ਤਿਰੰਗਾ ਹੈ ਮਹਾਨ ਤਿਰੰਗਾ।

ਫਿਰਕਾਪ੍ਰਸਤੀ ਨਫ਼ਰਤ ਨੇ ਵੰਡੀਆਂ,
ਚੁੱਲ੍ਹੇ ਭੱਠੀਆਂ ਨੇ ਹੋਈਆਂ ਠੰਢੀਆਂ,
ਅਰਥਚਾਰੇ ਨਾਲ਼ੇ ਪੁੱਟੀਆਂ ਝੰਡੀਆਂ,
ਕਰ ਕੇ ਵਿਕਾਸ ਦੀਆਂ ਬੰਦ ਡੰਡੀਆਂ,
ਕੱਢੇ ਭਾਰਤੀਆਂ ਦੀ ਜਾਨ ਤਿਰੰਗਾ।
ਘਰ-ਘਰ ਤਿਰੰਗਾ ...।

ਅਜ਼ਾਦੀ ਦਾ ਹੈ ਭਾਵੇਂ ਅੰਮ੍ਰਿਤਕਾਲ,
ਪਰ ਧੰਧੇ ਰੁਜ਼ਗਾਰ ਡਿੱਗੇ ਚੌਫ਼ਾਲ,
ਅੱਸੀ ਕਰੋੜ ਲੋਕੀਂ ਨੇ ਭੁੱਖੇ ਬੇਹਾਲ,
ਸਕੂਲ ਤੇ ਹਸਪਤਾਲ ਪਏ ਨਿਢਾਲ,
ਪਰ ਵਤਨ ਦਾ ਅਭਿਮਾਨ ਤਿਰੰਗਾ,
ਘਰ-ਘਰ ਤਿਰੰਗਾ ...।

ਮਹਿਲਾਂ 'ਚ ਵੱਸਦਾ ਨੇਤਾ ਹੈ ਹੱਸਦਾ,
ਵੋਟ ਵਟੋਰ ਕੇ ਤਦਬੀਰਾਂ ਹੈ ਦੱਸਦਾ,
ਤਨਜ਼ ਲੋਕਤੰਤਰ 'ਤੇ ਵੀ ਹੈ ਕੱਸਦਾ,
ਇਨਸਾਫ਼ ਅੱਜ ਤਲੀਆਂ ਹੈ ਝੱਸਦਾ।
ਆਜ਼ਾਦੀ ਦਾ ਹੈ ਵਰਦਾਨ ਤਿਰੰਗਾ,
ਘਰ-ਘਰ ਤਿਰੰਗਾ ਹੈ ਮਹਾਨ ਤਿਰੰਗਾ।

*-ਸੇਵਾ ਸਿੰਘ ਨੂਰਪੁਰੀ*

---

## ਮਿੰਨੀ ਕਹਾਣੀ
## ਹਰ ਘਰ ਤਿਰੰਗਾ

ਸਰਕਾਰੀ ਐਲਾਨ 'ਹਰ ਘਰ ਤਿਰੰਗਾ' ਮੁਹਿੰਮ ਦੀ ਸ਼ੁਰੂਆਤ ਕਰਨ ਲਈ ਮੰਤਰੀ ਜੀ ਇਕ ਪਿੰਡ ਵਿਚ ਤਿਰੰਗੇ ਵੰਡਣ ਆਏ। ਪਹਿਲਾਂ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਜਾਨਾਂ ਵਾਰਨ ਵਾਲ਼ੇ ਸ਼ਹੀਦਾਂ ਨੂੰ ਕੁਝ ਚਿਰ ਸ਼ਰਧਾਂਜਲੀ ਭੇਟ ਕੀਤੀ ਅਤੇ ਜੁੜੇ ਹੋਏ ਇਕੱਠ ਨੂੰ ਆਜ਼ਾਦੀ ਦਿਵਸ 'ਤੇ ਆਪੋ-ਆਪਣੇ ਘਰਾਂ ਉੱਤੇ ਤਿਰੰਗਾ ਲਹਿਰਾਉਣ ਦੀ ਜ਼ੋਰਦਾਰ ਅਪੀਲ ਕੀਤੀ। ਪਿੱਛੋਂ ਉਨ੍ਹਾਂ ਨੇ ਖ਼ੁਦ ਆਪਣੇ ਹੱਥੀਂ ਹਰ ਵਿਅਕਤੀ ਨੂੰ ਤਿਰੰਗਾ ਦੇਣ ਦੀਆਂ ਫ਼ੋਟੋਆਂ ਖਿਚਵਾਈਆਂ। ਇਹ ਕਾਰਜ ਸੰਪੂਰਨ ਹੋਣ 'ਤੇ ਮੰਤਰੀ ਜੀ ਕਾਰ ਵਿਚ ਬੈਠ ਕੇ ਜਾਣ ਲੱਗੇ ਤਾਂ ਪਾਰਟੀ ਦਾ ਇਕ ਸਥਾਨਕ ਵਰਕਰ ਇਕ ਹੋਰ ਆਦਮੀ ਨੂੰ ਲੈ ਕੇ, ਜੀਹਦੇ ਹੱਥ ਵਿਚ ਤਿਰੰਗਾ ਫੜਿਆ ਹੋਇਆ ਸੀ, ਮੰਤਰੀ ਜੀ ਕੋਲ਼ ਦੌੜਦਾ ਹੋਇਆ ਆਇਆ,

"ਸਰ, ਸਰ, ਇਕ ਮਿੰਟ ..."

"ਹੁਣ ਕੀ ਹੈ ਬਈ, ਇਹਨੂੰ ਤਿਰੰਗਾ ਤਾਂ ਮਿਲ ਗਿਐ...!"

"ਨਹੀਂ ਸਰ, ਤਿਰੰਗਾ ਤਾਂ ਤੁਸੀਂ ਦੇ ਦਿੱਤੈ, ਪਰ ਇਹ ਪੁੱਛਦੈ ਕਿ ਇਹਨੂੰ ਕਿੱਥੇ ਲਾਵੇ..."

"ਆਪਣੇ ਘਰ 'ਤੇ, ਹੋਰ ਕਿੱਥੇ !"

"ਸਰ, ਇਹ ਇਹੋ ਬੇਨਤੀ ਕਰਨ ਆਇਐ ਕਿ ਉਹਨੂੰ ਤਿਰੰਗਾ ਲਾਉਣ ਲਈ ਇਕ ਘਰ ਵੀ ਦਿੱਤਾ ਜਾਏ...।"

*-ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

## ਕਸ਼ਮੀਰ ਵਿਚ ਪੱਤਰਕਾਰੀ 'ਤੇ ਸ਼ਿਕੰਜਾ-3

# ਪੱਤਰਕਾਰਾਂ ਦਾ ਪਿੱਛਾ ਕਰਨ ਦੀ ਕਹਾਣੀ

***ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਇਸ ਦਾ ਕਾਰਨ ਉਸ ਦੀਆਂ 'ਕਾਰਵਾਂ' ਮੈਗਜ਼ੀਨ ਵਾਲੀਆਂ ਰਿਪੋਰਟਾਂ ਹਨ। ਉਸ ਦੀ ਇਕ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਕੀਤੀ ਜਾ ਰਹੀ ਜ਼ਬਾਨਬੰਦੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਪੇਸ਼ ਹੈ ਇਸ ਰਿਪੋਰਟ ਦੀ ਤੀਜੀ ਕਿਸ਼ਤ।***



**ਸ਼ਾਹਿਦ ਤਾਂਤਰੇ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਕਸ਼ਮੀਰ ਘਾਟੀ ਦੇ ਸਿਆਸੀ ਆਗੂਆਂ ਦੀ ਖਾਮੋਸ਼ੀ ਨੇ ਕੁਝ ਵੀ ਵਾਪਰਨ 'ਤੇ ਬਿਆਨ ਜਾਰੀ ਕਰਨ ਜਾਂ ਟਿੱਪਣੀ ਦੇਣ ਦੀ ਉਨ੍ਹਾਂ ਦੀ ਸੰਭਾਵਨਾ ਹੀ ਘਟਾ ਦਿੱਤੀ ਹੈ। 'ਕਸ਼ਮੀਰ ਆਬਜ਼ਰਵਰ' ਦੇ ਮੁੱਖ ਸੰਪਾਦਕ ਸੱਜਾਦ ਹੈਦਰ ਨੇ ਕਸ਼ਮੀਰ ਦੀ ਚੁਣੀ ਹੋਈ ਲੀਡਰਸ਼ਿਪ ਬਾਬਤ ਸ਼ਿਕਾਇਤੀ ਲਹਿਜੇ 'ਚ ਕਿਹਾ, "ਮੁੱਦਿਆਂ ਉੱਪਰ ਬੋਲਣ ਲਈ ਕੋਈ ਵੀ ਸਾਹਮਣੇ ਨਹੀਂ ਆ ਰਿਹਾ, ਇੱਥੋਂ ਤੱਕ ਕਿ ਵੱਡੇ ਸਿਆਸੀ ਆਗੂ ਵੀ ਖਾਮੋਸ਼ ਹਨ। ਜਦੋਂ ਤੁਸੀਂ ਸਾਡਾ ਅਖਬਾਰ ਪੜ੍ਹਦੇ ਹੋ ਤਾਂ ਇਉਂ ਲੱਗਦਾ ਹੈ ਕਿ ਸਿਰਫ ਸਰਕਾਰੀ ਸਰਗਰਮੀਆਂ ਹੋ ਰਹੀਆਂ ਹਨ; ਤੇ ਦੂਜਾ ਪਾਸਾ- ਮੁੱਖ ਧਾਰਾ ਦੀਆਂ ਪਾਰਟੀਆਂ ਤੇ ਵੱਖਵਾਦੀ, ਖਾਮੋਸ਼ ਹਨ। ਅਸੀਂ ਉਨ੍ਹਾਂ ਸਿਆਸੀ ਆਗੂਆਂ ਦਾ ਪੱਖ ਛਾਪਣ ਲਈ ਤਿਆਰ ਹਾਂ ਪਰ ਉਹ ਕੁਝ ਬੋਲਣ ਤਾਂ ਸਹੀ। ਆਖਿਰਕਾਰ ਸਾਡੇ ਕੋਲ ਗਵਰਨਰ, ਪ੍ਰਸ਼ਾਸਨ ਅਤੇ ਰਾਜ ਮਸ਼ੀਨਰੀ ਦੀਆਂ ਕਾਰਵਾਈਆਂ ਨੂੰ ਕਵਰ ਕਰਨਾ ਹੀ ਰਹਿ ਜਾਂਦਾ ਹੈ।"

ਹੈਦਰ ਨੇ ਦੱਸਿਆ ਕਿ ਇਹ ਕਸ਼ਮੀਰ ਦੇ ਨਾਗਰਿਕਾਂ ਦਾ ਬਹੁਤ ਨੁਕਸਾਨ ਕਰ ਰਿਹਾ ਹੈ ਕਿਉਂਕਿ ਕਸ਼ਮੀਰ ਦੇ ਜ਼ਿਆਦਾਤਰ ਸੀਨੀਅਰ ਨੌਕਰਸ਼ਾਹ ਤੇ ਪੁਲਿਸ ਲੀਡਰਸ਼ਿਪ ਬਾਹਰੀ ਹਨ। ਉਹ ਸਥਾਨਕ ਸਰੋਕਾਰਾਂ/ਮਸਲਿਆਂ ਨੂੰ ਸਿਆਸੀ ਪਾਰਟੀਆਂ ਵਾਂਗ ਨਹੀਂ ਸਮਝ ਸਕਦੇ। ਸਥਾਨਕ ਨੌਕਰਸ਼ਾਹ ਜੋ ਸਥਾਨਕ ਸਿਆਸਤ, ਭਾਵਨਾਤਮਕ ਸਮੱਸਿਆਵਾਂ ਅਤੇ ਲੋਕਾਂ ਦੇ ਮੁੱਦਿਆਂ ਨੂੰ ਸਮਝਣ ਲਈ ਲੋੜੀਂਦੇ ਤਜਰਬੇਕਾਰ ਤੇ ਸੀਨੀਅਰ ਸਨ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ। "ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇੱਥੋਂ ਦੇ ਲੋਕ ਭਾਰਤੀ ਝੰਡਾ ਆਪਣੀ ਮਰਜ਼ੀ ਨਾਲ ਚੁੱਕਣ, ਨਾ ਕਿ ਉਨ੍ਹਾਂ ਨੂੰ ਇਸ ਦੇ ਲਈ ਮਜਬੂਰ ਕੀਤਾ ਜਾਵੇ।"

ਹੈਦਰ ਦੀ ਗੱਲ ਸਹੀ ਲੱਗਦੀ ਹੈ। ਮਿਸਾਲ ਵਜੋਂ, ਧਾਰਾ 370 ਖਤਮ ਕਰਨ ਤੋਂ ਬਾਅਦ ਵਿਆਪਕ ਰੱਦੋ-ਬਦਲ ਕੀਤੀ ਗਈ। ਬਦਲਾਓ ਤੋਂ ਬਾਅਦ ਪੁਲਿਸ 'ਚ ਵੱਡੇ ਪੱਧਰ 'ਤੇ ਘਾਟੀ ਤੋਂ ਬਾਹਰਲੇ ਉਨ੍ਹਾਂ ਅਧਿਕਾਰੀਆਂ ਨੂੰ ਲਾ ਦਿੱਤਾ ਗਿਆ ਜੋ ਕਸ਼ਮੀਰ ਦੀਆਂ ਸਿਆਸੀ ਅਤੇ ਸਮਾਜੀ ਬਾਰੀਕੀਆਂ ਨੂੰ ਸਮਝਣਾ ਤਾਂ ਦੂਰ, ਇਸ ਦੀ ਸਥਾਨਕ ਜ਼ਬਾਨ ਵੀ ਮਸਾਂ ਬੋਲਦੇ ਹਨ। ਕਸ਼ਮੀਰੀ ਮੂਲ ਦੇ ਕਈ ਸੀਨੀਅਰ ਅਫਸਰ ਜੋ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਦੀ ਅਗਵਾਈ ਕਰਨ ਲਈ ਜਾਣੇ ਜਾਂਦੇ ਸਨ, ਨੂੰ ਪਾਸੇ ਕਰ ਦਿੱਤਾ ਗਿਆ। ਇਹੀ ਕੁਝ ਮਾਲ ਵਿਭਾਗ ਵਿਚ ਨਜ਼ਰ ਆ ਰਿਹਾ ਹੈ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੇ ਦਫਤਰ ਦੇ ਕਈ ਸੀਨੀਅਰ ਅਧਿਕਾਰੀ ਵੀ ਬਾਹਰਲੇ ਹਨ।

ਇਨ੍ਹਾਂ ਬਦਲੇ ਹੋਏ ਹਾਲਾਤ 'ਚ ਪੱਤਰਕਾਰਾਂ ਉੱਪਰ ਹਮਲਾਵਰ ਕਾਰਵਾਈ ਹੋਰ ਤਿੱਖੀ ਕਰ ਦਿੱਤੀ ਗਈ। ਧਾਰਾ 370 ਖਤਮ ਕਰਨ ਤੋਂ ਬਾਅਦ ਪੁਲਿਸ ਕੇਸ, ਗੈਰ-ਕਾਨੂੰਨੀ ਨਿਗਰਾਨੀ, ਪੱਤਰਕਾਰਾਂ ਦੇ ਘਰਾਂ ਉੱਪਰ ਛਾਪੇ ਅਤੇ ਹਿਰਾਸਤੀ ਹਿੰਸਾ ਵੀ ਆਮ ਹੋ ਗਈ ਹੈ। 8 ਸਤੰਬਰ 2020 ਦੀ ਸਵੇਰ ਨੂੰ ਪੁਲਿਸ ਨੇ ਇੱਕੋ ਸਮੇਂ ਚਾਰ ਪੱਤਰਕਾਰਾਂ ਦੇ ਘਰਾਂ 'ਤੇ ਛਾਪਾ ਮਾਰਿਆ। ਇਨ੍ਹਾਂ 'ਚ ਉਰਦੂ ਰੋਜ਼ਾਨਾ 'ਕਸ਼ਮੀਰ ਉਜਮਾ' ਦੇ ਆਨਲਾਈਨ ਸੰਪਾਦਕ ਸਾਹ ਅੱਬਾਸ ਅਤੇ ਬਤੌਰ ਸੰਪਾਦਕ ਤੇ ਲੇਖਕ ਕਈ ਮੁੱਖ ਅਖਬਾਰਾਂ ਅਤੇ ਰਸਾਲਿਆਂ ਲਈ ਕੰਮ ਕਰ ਚੁੱਕੇ ਸ਼ੌਕਤ ਮੋਟਾ ਸ਼ਾਮਿਲ ਹਨ। 'ਕਸ਼ਮੀਰ ਰੀਡਰ' ਦੇ ਸਾਬਕਾ ਸੰਪਾਦਕ ਹਿਲਾਲ ਮੀਰ ਅਤੇ ਪੀ.ਟੀ.ਆਈ. ਤੇ 'ਦਿ ਟ੍ਰਿਬਿਊਨ' ਨਾਲ ਕੰਮ ਕਰ ਚੁੱਕੇ ਅਜ਼ਹਰ ਕਾਦਰੀ ਨੂੰ ਵੀ ਹਿਰਾਸਤ 'ਚ ਲੈ ਲਿਆ ਗਿਆ। ਇਹ ਦੋਵੇਂ ਹੁਣ ਸੁਤੰਤਰ ਪੱਤਰਕਾਰਾਂ ਵਜੋਂ ਕੰਮ ਕਰਦੇ ਹਨ। ਪੁਲਿਸ ਨੇ ਉਨ੍ਹਾਂ ਦੇ ਫੋਨ ਅਤੇ ਲੈਪਟਾਪ ਜ਼ਬਤ ਕਰ ਲਏ। ਜ਼ਬਤ ਕੀਤੇ ਗਏ ਸਮਾਨ ਵਿਚ ਕਾਦਰੀ ਦਾ ਪੁਰਾਣਾ ਨੌਕਰੀ ਇਕਰਾਰਨਾਮਾ ਅਤੇ 'ਇੰਡੀਅਨ ਐਕਸਪ੍ਰੈੱਸ' ਨਾਲ ਕੰਮ ਕਰਨ ਲਈ ਪ੍ਰਾਪਤ ਕੀਤਾ ਇੰਟਰਨਸ਼ਿੱਪ ਸਰਟੀਫਿਕੇਟ ਵੀ ਸ਼ਾਮਿਲ ਸੀ। ਇਨ੍ਹਾਂ ਪੱਤਰਕਾਰਾਂ ਵਿਚੋਂ ਇਕ ਨੇ ਮੈਨੂੰ ਦੱਸਿਆ ਕਿ ਜ਼ਬਤ ਕੀਤੇ ਫੋਨ ਅਜੇ ਵੀ ਵਾਪਸ ਨਹੀਂ ਕੀਤੇ।

ਤਿੰਨ ਦਿਨ ਬਾਅਦ ਉਨ੍ਹਾਂ ਨੂੰ ਕੋਠੀ ਬਾਗ ਥਾਣੇ ਬੁਲਾਇਆ ਅਤੇ ਦੱਸਿਆ ਗਿਆ ਕਿ ਉਨ੍ਹਾਂ ਦੀ ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ (ਯੂ.ਏ.ਪੀ.ਏ.) ਤਹਿਤ ਦਰਜ ਇਕ ਕੇਸ ਵਿਚ ਜਾਂਚ ਕੀਤੀ ਜਾ ਰਹੀ ਹੈ ਜੋ ਦਹਿਸ਼ਤਵਾਦ ਵਿਰੁੱਧ ਬਣਾਇਆ ਕਾਲਾ ਕਾਨੂੰਨ ਹੈ। ਛਾਪੇ ਤੋਂ ਬਾਅਦ ਪੁਲਿਸ ਦੁਆਰਾ ਪ੍ਰਸਾਰਿਤ ਕੀਤੇ ਪ੍ਰੈੱਸ ਨੋਟ ਵਿਚ ਕਿਹਾ ਗਿਆ, "ਜਾਂਚ ਦੌਰਾਨ ਭਰੋਸੇਯੋਗ ਸਬੂਤ ਮਿਲੇ ਜੋ ਹੇਠ ਲਿਖੇ ਵਿਅਕਤੀਆਂ ਦਾ ਸਬੰਧ ਉਸ ਸਰਗਨੇ ਨਾਲ ਦਰਸਾਉਂਦੇ ਹਨ ਜੋ kashmirfight@wordpress.com ਬਲੌਗ ਚਲਾਉਂਦਾ ਹੈ।" ਇਹ ਆਜ਼ਾਦੀ ਪੱਖੀ ਬਲੌਗ ਸੀ ਜਿਸ ਨੂੰ ਜੰਮੂ ਕਸ਼ਮੀਰ ਪੁਲਿਸ ਵੱਲੋਂ ਵਰਡਪ੍ਰੈੱਸ ਨੂੰ ਲਿਖੀ ਚਿੱਠੀ ਤੋਂ ਬਾਅਦ ਅਕਤੂਬਰ 2021 ਵਿਚ ਬੰਦ ਕਰ ਦਿੱਤਾ ਗਿਆ ਸੀ। ਪ੍ਰੈੱਸ ਨੋਟ ਵਿਚ ਕਿਹਾ ਗਿਆ ਹੈ ਕਿ ਚਾਰ ਪੱਤਰਕਾਰਾਂ ਦੇ ਫੋਨਾਂ ਉੱਪਰ "ਪਾਕਿਸਤਾਨ, ਤੁਰਕੀ, ਸਾਊਦੀ ਦੇ ਵੱਖ-ਵੱਖ ਨੰਬਰ ਮਿਲੇ ਹਨ" ਜੋ ਬਾਕਾਇਦਗੀ ਨਾਲ ਵਿਦੇਸ਼ੀ ਪ੍ਰਕਾਸ਼ਨਾਵਾਂ ਲਈ ਲਿਖਦੇ ਸਨ। ਅੰਤ 'ਚ ਨੋਟ ਕਹਿੰਦਾ ਹੈ ਕਿ ਠੋਸ ਸਬੂਤ ਇਕੱਠੇ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਸ ਕੇਸ 'ਚ ਗ੍ਰਿਫਤਾਰ ਕਰ ਲਿਆ ਜਾਵੇਗਾ। ਅਜੇ ਤੱਕ ਕੋਈ ਸਬੂਤ ਜਨਤਕ ਨਹੀਂ ਕੀਤਾ ਗਿਆ ਹੈ।

ਕਸ਼ਮੀਰ ਵਿਚ ਪੱਤਰਕਾਰਾਂ ਖਿਲਾਫ ਦਹਿਸ਼ਤਵਾਦ ਵਿਰੋਧੀ ਕਾਨੂੰਨ ਦੀ ਵਰਤੋਂ ਖਤਰਨਾਕ ਰੂਪ 'ਚ ਕੀਤੀ ਜਾਂਦੀ ਹੈ। 5 ਸਤੰਬਰ 2017 ਨੂੰ, ਸੁਤੰਤਰ ਫੋਟੋ ਜਰਨਲਿਸਟ ਕਾਮਰਾਨ ਯੂਸਫ ਜੋ 'ਗ੍ਰੇਟਰ ਕਸ਼ਮੀਰ' ਵਿਚ ਬਾਕਾਇਦਗੀ ਨਾਲ ਛਪਦਾ ਹੈ, ਨੂੰ ਭਾਰਤ ਦੀ ਚੋਟੀ ਦੀ ਦਹਿਸ਼ਤਵਾਦ ਰੋਕੂ ਟਾਸਕ ਫੋਰਸ ਕੌਮੀ ਜਾਂਚ ਏਜੰਸੀ ਵੱਲੋਂ ਬਿਨਾ ਕਿਸੇ ਦੋਸ਼ ਦੇ ਹਿਰਾਸਤ ਵਿਚ ਲਿਆ ਗਿਆ ਸੀ। ਯੂਸਫ 'ਤੇ ਰਾਜਧ੍ਰੋਹ, ਅਪਰਾਧਿਕ ਸਾਜ਼ਿਸ਼ ਅਤੇ ਭਾਰਤ ਵਿਰੁੱਧ ਜੰਗ ਛੇੜਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਾਏ ਗਏ ਸਨ। 2018 ਵਿਚ ਯੂ.ਏ.ਪੀ.ਏ. ਤਹਿਤ ਗ੍ਰਿਫਤਾਰ ਕਸ਼ਮੀਰੀ ਪੱਤਰਕਾਰ ਆਸਿਫ ਸੁਲਤਾਨ ਇਕ ਹਜ਼ਾਰ ਤੋਂ ਵਧੇਰੇ ਦਿਨਾਂ ਤੋਂ ਜੇਲ੍ਹ ਵਿਚ ਹੈ। ਇਸ ਸਾਲ 5 ਜਨਵਰੀ ਨੂੰ ਕਸ਼ਮੀਰ ਵਾਲਾ ਦੇ 23 ਸਾਲਾ ਟਰੇਨੀ ਰਿਪੋਰਟਰ ਸੱਜਾਦ ਗੁਲ ਨੂੰ ਪਬਲਿਕ ਸੇਫਟੀ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ। 2016 ਤੋਂ ਲੈ ਕੇ, ਪੁਲਿਸ ਨੇ ਮੀਡੀਆ ਕਰਮੀਆਂ ਦੇ ਖਿਲਾਫ 49 ਕੇਸ ਦਰਜ ਕੀਤੇ ਹਨ ਜਿਨ੍ਹਾਂ ਵਿਚ ਅਪਰਾਧਿਕ ਧਮਕੀਆਂ ਦੇ 17, ਜਬਰੀ ਵਸੂਲੀ ਦੇ 24 ਅਤੇ ਯੂ.ਏ.ਪੀ.ਏ. ਤਹਿਤ ਅੱਠ ਕੇਸ ਸ਼ਾਮਲ ਹਨ।

ਹਾਲਾਂਕਿ ਸੀ.ਆਈ.ਡੀ. ਅਤੇ ਪੁਲਿਸ ਵੱਲੋਂ ਪੁੱਛਗਿੱਛ ਲਈ ਥਾਣਿਆਂ 'ਚ ਬੁਲਾਏ ਗਏ ਪੱਤਰਕਾਰਾਂ ਦੀ ਗਿਣਤੀ ਦੇ ਮੁਕਾਬਲੇ ਗ੍ਰਿਫਤਾਰ ਕੀਤੇ ਗਏ ਪੱਤਰਕਾਰਾਂ ਦੀ ਗਿਣਤੀ ਘੱਟ ਹੈ। ਫਿਰ ਵੀ ਇਕ ਸੁਤੰਤਰ ਪੱਤਰਕਾਰ ਆਕਾਸ਼ ਹਸਨ ਨੇ ਦੱਸਿਆ, "ਪਿਛਲੇ ਇਕ ਸਾਲ ਵਿਚ ਮੈਨੂੰ ਘੱਟੋ-ਘੱਟ ਤਿੰਨ ਵਾਰ ਸੀ.ਆਈ.ਡੀ. ਅਫਸਰਾਂ ਨੇ ਫੋਨ ਕੀਤਾ ਹੈ।" ਹਸਨ ਨੇ ਕਿਹਾ ਕਿ ਉਸ ਤੋਂ ਉਸ ਦੀ ਆਮਦਨੀ ਦੇ ਸਰੋਤ, ਉਸ ਦੇ ਪਰਿਵਾਰ ਅਤੇ ਕੀ ਉਸ ਦੇ ਕਿਸੇ ਅਤਿਵਾਦੀ ਨਾਲ ਸਬੰਧ ਸਨ, ਬਾਰੇ ਪੁੱਛਿਆ ਗਿਆ। ਉਹ ਕਹਿੰਦਾ ਹੈ, "ਉਹ ਤੁਹਾਡੀ ਨਿੱਜੀ ਜ਼ਿੰਦਗੀ ਉੱਪਰ ਹਮਲਾ ਕਰ ਰਹੇ ਹਨ ਅਤੇ ਬਤੌਰ ਪੱਤਰਕਾਰ ਤੁਸੀਂ ਅਸੁਰੱਖਿਅਤ ਮਹਿਸੂਸ ਕਰਦੇ ਹੋ। ਇਹ ਦਮਨ ਹੈ ਅਤੇ ਮੇਰੇ ਅੰਦਰ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ। ਇਹ ਚੀਜ਼ਾਂ ਮੇਰੀ ਮਾਨਸਿਕ ਸਿਹਤ 'ਤੇ ਅਸਰ ਪਾ ਰਹੀਆਂ ਹਨ ਅਤੇ ਮੇਰੇ ਕੰਮ ਵਿਚ ਰੁਕਾਵਟ ਪਾ ਰਹੀਆਂ ਹਨ।"

ਸੁਤੰਤਰ ਪੱਤਰਕਾਰ ਅਦਨਾਨ ਭੱਟ ਦਿੱਲੀ ਵਿਚ ਇਕ ਖਬਰ 'ਤੇ ਕੰਮ ਕਰ ਰਿਹਾ ਸੀ ਜਦੋਂ ਉਸ ਨੂੰ ਕਿਸੇ ਅਣਜਾਣ ਨੰਬਰ ਤੋਂ ਫੋਨ ਆਇਆ। ਇਹ ਅਗਸਤ 2021 ਦੀ ਗੱਲ ਹੈ। ਭੱਟ ਨੇ ਕਿਹਾ, "ਉਸ ਆਦਮੀ ਨੇ ਖੁਦ ਨੂੰ ਕਸ਼ਮੀਰ ਦਾ ਕੋਈ ਸੀ.ਆਈ.ਡੀ. ਅਧਿਕਾਰੀ ਦੱਸਿਆ ਅਤੇ ਮੈਨੂੰ ਦੱਸਿਆ ਕਿ ਉਹ ਕਸ਼ਮੀਰ ਵਿਚ ਕੰਮ ਕਰ ਰਹੇ ਪੱਤਰਕਾਰਾਂ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਹੈ। ਮੈਨੂੰ ਉਸ ਨੇ ਪੁੱਛਿਆ ਕਿ ਮੈਂ ਕਿਨ੍ਹਾਂ ਅਖਬਾਰਾਂ ਨਾਲ ਕੰਮ ਕਰਦਾ ਹਾਂ, ਮੇਰੀ ਆਮਦਨੀ ਕਿੰਨੀ ਹੈ, ਮੈਂ ਕਿੱਥੇ ਰਹਿੰਦਾ ਹਾਂ ਅਤੇ ਕੀ ਮੈਂ ਕਿਸ ਖਾਸ ਵਿਚਾਰਧਾਰਾ ਦਾ ਹਮਾਇਤੀ ਹਾਂ, ਮੇਰੇ ਮਾਤਾ-ਪਿਤਾ ਅਤੇ ਭੈਣ ਦੀ ਨਿੱਜੀ ਜਾਣਕਾਰੀ ਵੀ ਪੁੱਛੀ ਗਈ।" ਭੱਟ ਨੇ ਮੈਨੂੰ ਦੱਸਿਆ ਕਿ ਅਧਿਕਾਰੀ ਦਾ ਵਤੀਰਾ ਨਰਮ ਹੋਣ ਦੇ ਬਾਵਜੂਦ ਇਹ ਅਸਹਿਜ ਕਰਨ ਵਾਲੀ ਗੱਲਬਾਤ ਸੀ।

ਅਗਲੀ ਸਵੇਰ ਉਸ ਨੂੰ ਉਸੇ ਅਫਸਰ ਦਾ ਫੋਨ ਆਇਆ। ਭੱਟ ਨੇ ਕਿਹਾ, "ਇਸ ਵਾਰ ਅਧਿਕਾਰੀ ਨੇ ਮੇਰੇ ਮਾਤਾ-ਪਿਤਾ ਦੇ ਘਰ ਦਾ ਵੇਰਵਾ ਦੇ ਕੇ ਗੱਲ ਸ਼ੁਰੂ ਕੀਤੀ ਅਤੇ ਮੈਨੂੰ ਇਹ ਤਸਦੀਕ ਕਰਨ ਲਈ ਕਿਹਾ ਕਿ ਕੀ ਮੈਂ ਕਸ਼ਮੀਰ ਵਿਚ ਰਹਿੰਦਾ ਹਾਂ।" ਭੱਟ ਨੇ ਕਿਹਾ, "ਉਸ ਨੇ ਮੈਨੂੰ ਕਿਹਾ- 'ਤੁਹਾਡੇ ਘਰ ਦੀ ਛੱਤ ਨੂੰ ਜੰਗਾਲ ਲੱਗਿਆ ਹੋਇਆ ਹੈ ਅਤੇ ਇਸ ਦੇ ਦੋ ਦਰਵਾਜ਼ੇ ਹਨ'।" ਇਸ ਨਾਲ ਮੈਂ ਸੁੰਨ ਹੋ ਗਿਆ ਅਤੇ ਉਸੇ ਦਿਨ ਕਸ਼ਮੀਰ ਲਈ ਫਲਾਈਟ ਬੁੱਕ ਕਰਵਾ ਲਈ। ਕਸ਼ਮੀਰੀ ਪੱਤਰਕਾਰਾਂ ਲਈ ਪੁਲਿਸ ਦੇ ਫੋਨ ਆਉਣਾ ਆਮ ਗੱਲ ਹੈ ਪਰ ਇਹ ਹੁਣ ਸਿਰਫ ਮੇਰੇ ਬਾਰੇ ਨਹੀਂ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰੇ ਬਜ਼ੁਰਗ ਮਾਤਾ-ਪਿਤਾ ਨੂੰ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ, ਇਸ ਲਈ ਮੈਂ ਅਗਲੇ ਹਫਤੇ ਘਰ ਰਿਹਾ, ਇਸ ਉਮੀਦ ਨਾਲ ਕਿ ਜੇਕਰ ਕੋਈ ਸੱਚਮੁੱਚ ਆਉਂਦਾ ਹੈ ਤਾਂ ਮੈਂ ਨਿੱਜੀ ਤੌਰ 'ਤੇ ਇਸ ਨਾਲ ਨਜਿੱਠਣ ਲਈ ਉੱਥੇ ਮੌਜੂਦ ਹੋਵਾਂਗਾ।

ਅਦਨਾਨ ਭੱਟ ਨੇ ਕਿਹਾ, "ਪੱਤਰਕਾਰ ਵਜੋਂ ਅਸੀਂ ਸਿਰਫ ਆਪਣਾ ਕੰਮ ਕਰ ਰਹੇ ਹਾਂ। ਜ਼ਮੀਨ ਉੱਪਰ ਕੁਝ ਗਲਤ ਹੋਣ 'ਤੇ ਅਸੀਂ ਅਧਿਕਾਰੀਆਂ ਨੂੰ ਸੂਚਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਉਨ੍ਹਾਂ ਨੂੰ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਦਬਾਅ ਪਾਉਣ ਦੀਆਂ ਚਾਲਾਂ ਹਨ। ਮੇਰਾ ਸਾਰਾ ਕੰਮ ਇੰਟਰਨੈੱਟ ਉੱਪਰ ਪਿਆ ਹੈ, ਪੁਲਿਸ ਉੱਥੋਂ ਮੇਰੇ ਕੰਮ ਬਾਰੇ ਪਤਾ ਲਗਾ ਸਕਦੀ ਹੈ ਪਰ ਜਦੋਂ ਕਿਸੇ ਪੱਤਰਕਾਰ ਨੂੰ ਸਿੱਧੇ ਤੌਰ 'ਤੇ ਬੁਲਾਇਆ ਜਾਂਦਾ ਹੈ, ਉਹ ਵੀ ਸੀ.ਆਈ.ਡੀ. ਵਲੋਂ, ਤਾਂ ਇਹ ਸਾਨੂੰ ਡਰਾਉਣ ਅਤੇ ਦਬਾਅ ਪਾਉਣ ਲਈ ਕੀਤਾ ਜਾਂਦਾ ਹੈ। ਇਸ ਦਾ ਭਾਵ ਸਾਨੂੰ ਇਹ ਦੱਸਣਾ ਹੈ ਕਿ ਉਹ ਸਾਡੇ ਪਿੱਛੇ ਲੱਗੇ ਹੋਏ ਹਨ ਤੇ ਸਾਡੇ ਉੱਪਰ ਨਜ਼ਰ ਰੱਖਦੇ ਹਨ।"

ਭੱਟ ਨੇ ਕਿਹਾ ਕਿ ਜੇ ਪੁੱਛ-ਪੜਤਾਲ ਦਾ ਮਕਸਦ ਉਸ ਨੂੰ ਡਰਾਉਣਾ ਸੀ ਤਾਂ ਉਹ ਕੁਝ ਹੱਦ ਤੱਕ ਕਾਮਯਾਬ ਵੀ ਹੋਏ। ਉਹ ਦੱਸਦਾ ਹੈ, "ਮੈਂ ਕੁਝ ਰਿਪੋਰਟਾਂ ਉੱਪਰ ਕੰਮ ਕਰ ਰਿਹਾ ਸੀ ਪਰ ਫਾਈਲ ਨਹੀਂ ਕੀਤੀਆਂ ਕਿਉਂਕਿ ਮੈਨੂੰ ਨਹੀਂ ਪਤਾ ਕਿ ਉਹ ਇਸ ਨੂੰ ਕਿਵੇਂ ਲੈਣਗੇ। ਹੁਣ ਗੱਲ ਨਿਰੀ ਸਾਡੀ ਆਪਣੀ ਨਿੱਜੀ ਸੁਰੱਖਿਆ ਦੀ ਨਹੀਂ, ਉਨ੍ਹਾਂ ਨੇ ਸਾਡੇ ਪਰਿਵਾਰਾਂ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਹੈ।"

'ਦਿ ਹਿੰਦੂ' ਨਾਲ ਕੰਮ ਕਰ ਰਹੇ ਸ੍ਰੀਨਗਰ-ਆਧਾਰਿਤ ਪੱਤਰਕਾਰ ਪੀਰਜ਼ਾਦਾ ਆਸ਼ਿਕ ਨੂੰ 19 ਅਪਰੈਲ 2020 ਨੂੰ ਸ੍ਰੀਨਗਰ ਦੇ ਸਾਈਬਰ ਥਾਣੇ ਨੇ ਇਕ ਸਟੋਰੀ ਲਈ ਤਲਬ ਕੀਤਾ। ਇਸ ਰਿਪੋਰਟ 'ਚ ਸ਼ੋਪੀਆਂ 'ਚ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਮਾਰੇ ਇਕ ਦਹਿਸ਼ਤਗਰਦ ਦੇ ਪਰਿਵਾਰ ਨੂੰ ਲਾਸ਼ਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਦਫਨਾਉਣ ਦੀਆਂ ਮੁਸ਼ਕਿਲਾਂ ਬਿਆਨ ਕੀਤੀਆਂ ਸਨ। ਤਿੰਨ ਘੰਟੇ ਦੀ ਪੁੱਛਗਿੱਛ ਤੋਂ ਬਾਅਦ ਉਹਨੂੰ ਛੱਡ ਦਿੱਤਾ। ਉਹਨੇ ਦੱਸਿਆ ਕਿ ਉਸੇ ਸ਼ਾਮ ਉਸ ਨੂੰ ਅਨੰਤਨਾਗ ਥਾਣੇ ਪਹੁੰਚਣ ਲਈ ਕਿਹਾ ਗਿਆ ਜਿੱਥੇ ਉਸ ਦੀ ਸਟੋਰੀ ਖਿਲਾਫ ਅਫਵਾਹ ਫੈਲਾ ਕੇ ਦੁਸ਼ਮਣੀ ਭੜਕਾਉਣ ਸਬੰਧੀ ਭਾਰਤੀ ਦੰਡਾਵਲੀ ਦੀ ਧਾਰਾ 505 ਦੇ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਅਨੰਤਨਾਗ ਥਾਣੇ 'ਚ ਉਸ ਤੋਂ ਦੋ ਘੰਟੇ ਪੁੱਛਗਿੱਛ ਕੀਤੀ ਗਈ।

ਜੰਮੂ ਕਸ਼ਮੀਰ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ ਸਟੋਰੀ ਵਿਚ ਆਸ਼ਿਕ ਦੇ ਦਿੱਤੇ ਵੇਰਵੇ "ਤੱਥਾਂ ਪੱਖੋਂ ਗਲਤ ਸਨ ਅਤੇ ਲੋਕਾਂ ਦੇ ਮਨਾਂ ਵਿਚ ਖੌਫ ਜਾਂ ਡਰ ਪੈਦਾ ਕਰ ਸਕਦੇ ਹਨ।... ਇਹ ਖਬਰ ਜ਼ਿਲ੍ਹਾ ਅਧਿਕਾਰੀਆਂ ਤੋਂ ਪੁਸ਼ਟੀ ਕੀਤੇ ਬਿਨਾ ਪ੍ਰਕਾਸ਼ਿਤ ਕੀਤੀ ਗਈ ਸੀ।" ਪਰ ਆਸ਼ਿਕ ਨੇ ਮੈਨੂੰ ਉਹ ਐੱਸ.ਐੱਮ.ਐੱਸ. ਅਤੇ ਵ੍ਹੱਟਸਐਪ ਮੈਸੇਜ ਦਿਖਾਏ ਜੋ ਉਸ ਨੇ ਡਿਪਟੀ ਕਮਿਸ਼ਨਰ ਨੂੰ ਭੇਜੇ ਸਨ ਜਿਨ੍ਹਾਂ 'ਚੋਂ ਕਿਸੇ ਦਾ ਵੀ ਕੋਈ ਜਵਾਬ ਨਹੀਂ ਮਿਲਿਆ ਸੀ।

ਇਕ ਕੌਮਾਂਤਰੀ ਪ੍ਰਕਾਸ਼ਨ ਨਾਲ ਕੰਮ ਕਰਨ ਵਾਲੇ ਸੀਨੀਅਰ ਪੱਤਰਕਾਰ ਨੇ ਦੱਸਿਆ ਕਿ ਇਹ ਅਜਿਹੀ ਸਮੱਸਿਆ ਹੈ ਜਿਸ ਦਾ ਘਾਟੀ ਵਿਚ ਪੱਤਰਕਾਰਾਂ ਨੂੰ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ ਕਿਹਾ, "ਕਸ਼ਮੀਰ ਦੇ ਅਧਿਕਾਰੀ ਸਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦੇ ਅਤੇ ਕਿਸੇ ਤਰ੍ਹਾਂ ਉਹ ਸਾਡੇ ਕੋਲੋਂ ਉਨ੍ਹਾਂ ਦੇ ਪੱਖ 'ਚ ਭੁਗਤਣ ਦੀ ਉਮੀਦ ਕਰਦੇ ਹਨ। ਪੱਤਰਕਾਰ ਆਪਣਾ ਕੰਮ ਪੂਰੀ ਲਗਨ ਨਾਲ ਕਰਦੇ ਹਨ ਪਰ ਜਦੋਂ ਉਹ ਜਵਾਬ ਨਹੀਂ ਦਿੰਦੇ ਤਾਂ ਸਾਨੂੰ ਪ੍ਰਤੀਕਰਮ ਕਿਵੇਂ ਮਿਲੇਗਾ? ਉਨ੍ਹਾਂ ਦੇ ਗੱਲ ਨਾ ਕਰਨ ਦਾ ਕਾਰਨ ਇਹ ਹੈ ਕਿ ਫਿਰ ਉਨ੍ਹਾਂ ਨੂੰ ਸਾਨੂੰ ਪ੍ਰੇਸ਼ਾਨ ਕਰਨ ਖੁੱਲ੍ਹ ਹੋਵੇਗੀ। ਉਹ ਸਾਨੂੰ ਗੈਰ-ਕਾਨੂੰਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ।"

ਹੋਰ ਪੱਤਰਕਾਰਾਂ ਤੋਂ ਤਾਂ ਹੋਰ ਵੀ ਜ਼ਿਆਦਾ ਖਤਰਨਾਕ ਹਾਲਾਤ 'ਚ ਪੁੱਛਗਿੱਛ ਕੀਤੀ ਗਈ ਹੈ। ਸ੍ਰੀਨਗਰ ਸਥਿਤ ਰਿਪੋਰਟਰ ਆਕਿਬ ਜਾਵੇਦ ਨੂੰ ਵਿਸ਼ੇਸ਼ ਐੱਨ.ਆਈ.ਏ. ਅਦਾਲਤ ਨੇ 17 ਨਵੰਬਰ 2021 ਨੂੰ ਸੰਮਨ ਜਾਰੀ ਕੀਤਾ ਸੀ। ਉਸ ਨੂੰ ਆਲ ਕਸ਼ਮੀਰ ਔਰਤ ਸੰਸਥਾ ਦੁਖਤਾਰਨ-ਏ-ਮਿਲਤ (ਕੌਮ ਦੀਆਂ ਧੀਆਂ) ਦੀ ਬਾਨੀ ਆਸੀਆ ਅੰਦਰਾਬੀ ਵਿਰੁੱਧ ਗਵਾਹੀ ਦੇਣ ਲਈ ਮਜਬੂਰ ਕੀਤਾ ਗਿਆ ਸੀ। ਜਾਵੇਦ ਪਹਿਲਾਂ ਕਸ਼ਮੀਰ ਇੰਕ ਲਈ ਸੰਖੇਪ ਇੰਟਰਵਿਊ ਲੈਣ ਲਈ ਅੰਦਰਾਬੀ ਨੂੰ ਪਹਿਲਾਂ ਇਕ ਵਾਰ ਮਿਲ ਚੁੱਕਾ ਸੀ। ਉਸ ਨੇ ਘਾਟੀ ਦੇ ਹੋਰ ਵੀ ਬਹੁਤ ਸਾਰੇ ਸਿਆਸੀ ਆਗੂਆਂ ਨਾਲ ਇੰਟਰਵਿਊ ਕੀਤੀਆਂ ਸਨ। ਜਾਵੇਦ ਨੇ ਦੱਸਿਆ ਕਿ ਐੱਨ.ਆਈ.ਏ. ਨੇ ਇਹ ਅੰਦਾਜ਼ਾ ਲਾ ਕੇ ਕਿ ਉਹ ਮੁਕੱਦਮੇ ਲਈ ਠੋਸ ਸਬੂਤ ਦੇ ਸਕਦਾ ਹੈ", ਉਸ ਨੂੰ ਬਿਨਾ ਕਿਸੇ ਵਕੀਲ ਦੇ ਦੋ ਵਾਰ ਸੰਮਨ ਭੇਜੇ। ਐੱਨ.ਆਈ.ਏ. ਦੇ ਲੋਕ ਸੰਪਰਕ ਅਧਿਕਾਰੀ ਵਿਜਯੰਤ ਆਰੀਆ ਨੇ ਈਮੇਲ ਕੀਤੇ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

ਜਦੋਂ ਪੁੱਛਗਿੱਛ ਅਤੇ ਧਮਕੀਆਂ ਕਿਸੇ ਪੱਤਰਕਾਰ ਦੀ ਜ਼ੁਬਾਨਬੰਦੀ ਕਰਨ 'ਚ ਕਾਮਯਾਬ ਨਹੀਂ ਹੁੰਦੀਆਂ, ਖਾਸਕਰ ਕਿਸੇ ਵਿਦੇਸ਼ੀ ਪ੍ਰਕਾਸ਼ਨ ਦੇ ਰਿਪੋਰਟਰਾਂ ਦੇ ਮਾਮਲੇ 'ਚ, ਤਾਂ ਸਰਕਾਰ ਰਿਪੋਰਟਾਂ ਕਰਨ ਵਾਲੇ ਪੱਤਰਕਾਰਾਂ ਦਾ ਸਫਰ ਕਰਨਾ ਮੁਸ਼ਕਿਲ ਬਣਾ ਦਿੰਦੀ ਹੈ। ਪਹਿਲੀ ਅਗਸਤ 2019 ਨੂੰ ਜਰਮਨ ਸਮਾਚਾਰ ਸੰਸਥਾ ਡਾਇਚੇ ਵੇਲੇ ਲਈ ਸੁਤੰਤਰ ਪੱਤਰਕਾਰ ਵਜੋਂ ਕੰਮ ਕਰਨ ਵਾਲੇ ਗੌਹਰ ਗਿਲਾਨੀ ਬੋਨ ਵਿਖੇ ਡੀ.ਡਬਲਿਊ ਦੇ ਮੁੱਖ

***(ਬਾਕੀ ਅਗਲੇ ਸਫੇ 'ਤੇ)***






***ਸ੍ਰੀਨਗਰ ਵਿਚ ਕਸ਼ਮੀਰ ਪ੍ਰੈਸ ਕਲੱਬ ਵਿਚ ਤਖਤਾ ਪਲਟ ਬਾਰੇ ਵਿਚਾਰ ਕਰਨ ਲਈ ਪੱਤਰਕਾਰਾਂ ਦੀ ਮੀਟਿੰਗ। ਕਸ਼ਮੀਰ ਵਿਚ ਪੱਤਰਕਾਰਾਂ ਨੂੰ ਸਟੇਟ ਦੀ ਨਿਗਰਾਨੀ, ਪੁਲਿਸ ਜਾਂਚ ਅਤੇ ਗ੍ਰਿਫਤਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਰਾਈਜ਼ਿੰਗ ਕਸ਼ਮੀਰ' ਦੇ ਬਾਨੀ ਸੰਪਾਦਕ ਸ਼ੁਜਾਤ ਬੁਖਾਰੀ ਦੀ ਤਸਵੀਰ ਨਾਲ ਵੱਖ-ਵੱਖ ਅਖਬਾਰਾਂ ਦੀ ਇਸ਼ਤਿਹਾਰਬਾਜ਼ੀ ਕਰਦੀ ਸ੍ਰੀਨਗਰ ਦੀ ਇਕ ਦੀਵਾਰ।***



***ਸ੍ਰੀਨਗਰ ਵਿਚ ਸੀ.ਆਈ.ਡੀ. ਦਾ ਸਦਰ ਮੁਕਾਮ ਜਿਸ ਨੂੰ ਸਥਾਨਕ ਤੌਰ 'ਤੇ ਵ੍ਹਾਈਟ ਹਾਊਸ ਕਿਹਾ ਜਾਂਦਾ ਹੈ। ਹਾਲ ਹੀ ਵਿਚ ਸੀ.ਆਈ.ਡੀ. ਨੂੰ ਨਿਧੜਕ ਕਸ਼ਮੀਰੀ ਪੱਤਰਕਾਰਾਂ ਵਿਰੁੱਧ ਪ੍ਰਸ਼ਾਸਨ ਦਾ ਸਭ ਤੋਂ ਕਾਰਗਰ ਸੰਦ ਬਣਾ ਲਿਆ ਗਿਆ ਹੈ।***

# ਦਿਨੋ ਦਿਨ ਬਦਲਿਆ ਪਿੰਡ

***ਅੱਜਕੱਲ੍ਹ ਅਮਰੀਕਾ ਵੱਸਦੇ ਉਘੇ ਨਾਵਲਕਾਰ ਅਤੇ ਕਹਾਣੀਕਾਰ ਅਵਤਾਰ ਸਿੰਘ ਬਿਲਿੰਗ ਨੇ ਹਾਲ ਹੀ ਵਿਚ ਆਪਣੇ ਪਿੰਡ ਬਾਰੇ ਨਵੀਂ ਕਿਤਾਬ 'ਮੇਰਾ ਪਿੰਡ ਮੇਰੇ ਲੋਕ' ਛਪਵਾਈ ਹੈ। ਇਸ ਕਿਤਾਬ ਵਿਚ ਉਨ੍ਹਾਂ ਆਪਣੇ ਪਿੰਡ ਸੇਹ ਬਾਰੇ ਹਰ ਤਫਸੀਲ ਦਰਜ ਕਰਨ ਦਾ ਯਤਨ ਕੀਤਾ ਹੈ। ਇਸ ਲੇਖ ਵਿਚ ਉਨ੍ਹਾਂ ਬਦਲ ਰਹੇ ਪਿੰਡ ਦਾ ਮੁਹਾਂਦਰਾ ਬਾਖੂਬੀ ਦਰਜ ਕੀਤਾ ਹੈ। ਇਹ ਅਸਲ ਵਿਚ ਹਰ ਪਿੰਡ ਦੀ ਕਹਾਣੀ ਹੈ। ਇਸੇ ਕਰਕੇ ਇਹ ਕਿਤਾਬ ਸਿਰਫ ਸੇਹ ਪਿੰਡ ਬਾਰੇ ਨਾ ਹੋ ਕੇ ਪੂਰੇ ਪੰਜਾਬ ਦੀ ਬਾਤ ਹੋ ਨਿੱਬੜੀ ਹੈ।***

ਵੀਹਵੀਂ ਸਦੀ ਦੇ ਆਰੰਭ ਤੱਕ ਸਾਡੇ ਪਿੰਡ ਸੇਹ ਦਾ ਸਰੂਪ ਸਦਾ ਉਹੀ ਰਿਹਾ। ਬਜ਼ੁਰਗਾਂ ਦੇ ਦੱਸਣ ਅਨੁਸਾਰ ਪਿੰਡ ਦੇ ਉੱਤਰ ਅਤੇ ਦੱਖਣ ਵਿਚ ਰੇਤੇ ਦੇ ਟਿੱਬੇ ਸਨ। ਬਾਰੀਕ ਰੇਤ ਦੀ ਤਿੰਨ ਕੁ ਇੰਚ ਤਹਿ ਤੋਂ ਥੱਲੇ ਕਮਜ਼ੋਰ ਪੀਲਕ ਜਾਂ ਨਾਮਾਤਰ ਉਪਜਾਊ ਪੀਲੀ ਮਿੱਟੀ। ਇਸ ਦੇ ਮੁਕਾਬਲੇ ਸਮਰਾਲਾ ਇਲਾਕੇ ਵਿਚ ਮੋਟੀ ਸੰਘਣੀ ਰੇਤ ਥੱਲੇ ਕਾਲੀ ਉਪਜਾਊ ਮਿੱਟੀ ਦੀ ਤਹਿ ਸੀ ਜਿਥੇ ਪੰਜਾਹਵਿਆਂ ਤੋਂ ਸੱਤਰਵਿਆਂ ਤੱਕ ਬੇਸ਼ੁਮਾਰ ਮੂੰਗਫਲੀ ਦੀ ਫਸਲ ਹੋਈ ਪਰ ਮੇਰੇ ਪਿੰਡ ਦੇ ਟਿੱਬੇ ਨਾ ਮੂੰਗਫਲੀ ਲਈ ਉਨ੍ਹਾਂ ਟਿੱਬਿਆਂ ਜਿੰਨੇ ਉਪਜਾਊ ਸਨ, ਨਾ ਹੀ ਕਿਸੇ ਹੋਰ ਫਸਲ ਵਾਸਤੇ। ਪਿੰਡ ਦੇ ਨੇੜੇ ਚਾਰੇ ਤਰਫ ਭਾਰੀ ਉਪਜਾਊ ਜ਼ਮੀਨ ਸੀ ਜਿਸ ਨੂੰ ਨਿਆਈਂ ਆਖਦੇ। ਪਿੰਡ ਦੇ ਉੱਤਰ ਪੱਛਮ ਤੇ ਪੂਰਬ ਦੱਖਣ ਵਾਲੀ ਗੁੱਠ ਦੀ ਜ਼ਮੀਨ ਵੀ ਬੜੀ ਨਿੱਗਰ ਅਤੇ ਕਾਲੀ ਮਿੱਟੀ ਵਾਲੀ ਬੇਹੱਦ ਉਪਜਾਊ ਸੀ। ਮੁਰੱਬੇਬੰਦੀ ਨੇ ਬਨਸਪਤੀ ਦਾ ਵਢਾਂਗਾ ਸ਼ੁਰੂ ਕਰਵਾਇਆ, ਨਹਿਰੀ ਸੂਏ ਦੇ



ਆਉਣ ਨਾਲ ਟਿੱਬੇ ਖਤਮ ਹੋ ਗਏ। ਕਰਾਹਾਂ ਨਾਲ ਪੱਧਰ ਕੀਤੇ ਗਏ ਤੇ ਹੇਠੋਂ ਨਿਕਲੀ ਪੀਲੀ ਬੋਦੀ ਮਿੱਟੀ ਬਾਅਦ ਵਿਚ ਮੈਰਾ ਵਿਚ ਬਦਲ ਗਈ ਜੋ ਜੀਰੀ ਦੀ ਫਸਲ ਲਈ ਚੰਗੀ ਰਹੀ।


**ਅਵਤਾਰ ਸਿੰਘ ਬਿਲਿੰਗ**
**ਵ੍ਹੱਟਸਐਪ: +91-82849-09596**

ਮੁਰੱਬੇਬੰਦੀ ਤੋਂ ਪਹਿਲਾਂ ਵਾਲੇ ਵਿੰਗ ਤੜਿੰਗੇ ਦੋ ਪਾਸੀਂ ਉੱਚੀਆਂ ਖੁੰਦਕਾਂ ਉੱਤੇ ਉੱਗੇ ਝਾੜਾਂ-ਝੁੰਡਾਂ ਵਾਲੇ ਡੂੰਘੇ ਰਸਤੇ ਜ਼ਮੀਨ ਦੇ ਬਰਾਬਰ ਆ ਗਏ ਜਿਨ੍ਹਾਂ ਨੂੰ ਲਾਲਚੀ ਲੋਕਾਂ ਲਈ ਵਾਹੁਣਾ ਵੱਢਣਾ ਆਸਾਨ ਹੋ ਗਿਆ।

ਟਿੱਬਿਆਂ ਵਿਚੋਂ ਤੁਰਿਆ ਆਉਂਦਾ ਰਾਹੀਂ ਪਿੰਡ ਵਿਚ ਪਹੁੰਚਦਾ ਜਿਥੇ ਕੱਚੇ ਕੋਠੇ ਹੁੰਦੇ। ਇਨ੍ਹਾਂ ਨੂੰ ਟੋਭੇ ਵਿਚੋਂ ਕੱਢੇ ਡਲਿਆਂ, ਢੀਮਾਂ ਜਾਂ ਉਸ ਮਿੱਟੀ ਤੋਂ ਬਣਾਏ ਚੀਰੂਆਂ (ਕੱਚੀਆਂ ਇੱਟਾਂ) ਨਾਲ ਪਿੰਡ ਦੇ ਮਿਸਤਰੀ ਵਲੋਂ ਉਸਾਰਿਆ ਜਾਂਦਾ। ਛੱਤ ਦੀ ਥਾਂ ਕਿੱਕਰਾਂ ਦੀਆਂ ਲਟੈਣਾਂ, ਸ਼ਤੀਰੀਆਂ ਕੜੀਆਂ ਬੀੜ ਕੇ ਉਪਰ ਸਰਕੜਾ ਫੂਸ, ਸੱਕ ਤੇ ਮਿੱਟੀ ਗਾਰਾ ਪਾ ਕੇ ਢਕ ਦਿੰਦੇ। ਢਾਲੂ ਬਨੇਰੇ ਤੇ ਕੰਧਾਂ ਹਰ ਸਾਲ ਹਾੜ੍ਹ ਦੇ ਮਹੀਨੇ ਲਿੱਪਣੀਆਂ ਜ਼ਰੂਰੀ ਹੁੰਦੀਆਂ ਜੋ ਹਰ ਸਾਲ ਲੱਗਦੀ ਗਾਰੇ ਜਾਂ ਤੂੜੀ ਰਲਾ ਕੇ ਚੰਗੀ ਤਰ੍ਹਾਂ ਮਿੱਧੀ ਸੁਆਰੀ ਗਿੱਲੀ ਮਿੱਟੀ ਦੀ ਨਵੀਂ ਚੜ੍ਹਦੀ ਤਹਿ ਨਾਲ ਮੋਟੀਆਂ ਹੋਈ ਜਾਂਦੀਆਂ। ਉਸ ਸੁੱਕੀ ਤਹਿ ਨੂੰ ਲਿਓੜ ਆਖਦੇ।

ਅੰਦਰਲਾ ਕੱਚਾ ਫਰਸ਼ ਘਰ ਦੀਆਂ ਸੁਆਣੀਆਂ ਹਰ ਮਹੀਨੇ ਜਾਂ ਕਿਸੇ ਸ਼ੁਭ ਦਿਨ ਤਿਹਾਰ ਨੂੰ ਮਟਿਆਨਿਆਂ ਵਿਚੋਂ ਲਿਆਂਦੀ ਵਿਸ਼ੇਸ਼ ਮਿੱਟੀ ਵਿਚ ਤਾਜ਼ਾ ਗੋਹਾ ਮਿਲਾ ਕੇ ਲਿਪਦੀਆਂ। ਇਸ ਨੂੰ 'ਤਲੀ ਦੇਣਾ' ਆਖਦੇ। ਕੰਧਾਂ ਉਪਰ ਪਹਾੜਾਂ ਤੋਂ ਪਿੰਡ ਦੇ ਘੁਮਾਰਾਂ ਦੁਆਰਾ ਲਿਆਂਦਾ ਪਾਂਡੂ ਫੇਰਿਆ ਜਾਂਦਾ। ਦੀਵਾਰ ਦੇ ਹੇਠ ਹਿਰਮਚੀ ਮਿੱਟੀ ਦਾ ਬਾਰਡਰ ਬਣਾਇਆ ਜਾਂਦਾ ਜਿਸ ਨੂੰ 'ਤੋਈ ਦੇਣਾ' ਆਖਦੇ। ਇਸ ਨਾਲ ਚੁੱਲ੍ਹੇ ਚੌਂਕੇ, ਓਟੀਏ ਉੱਤੇ ਵੇਲ ਬੂਟੀਆਂ ਪਾਈਆਂ ਜਾਂਦੀਆਂ। ਪਿੰਡ ਦੀਆਂ ਸੁਆਣੀਆਂ ਨੂੰ ਕਈ ਪ੍ਰਕਾਰ ਦੀ ਮਿੱਟੀ ਦੀ ਪਰਖ ਹੁੰਦੀ ਜਿਸ ਲਈ ਪਿੰਡ ਵਿਚ ਵੱਖ-ਵੱਖ ਥਾਵਾਂ ਸੁਰੱਖਿਅਤ ਛੱਡੀਆਂ ਹੁੰਦੀਆਂ। ਪਿੰਡ ਦੇ ਪੂਰਬ ਦੱਖਣ ਵੱਲ ਘੁਮਾਰਾਂ ਦੇ ਭਾਂਡੇ ਘੜਨ ਲਈ ਬੜੀ ਚਿੱਕਨੀ ਤੇ ਲੋਹੇ ਵਰਗੀ ਮਜ਼ਬੂਤ ਮਿੱਟੀ ਵਾਲਾ ਅੱਧੇ ਏਕੜ ਦਾ 'ਜੰਡਿਆਲਾ ਟੋਭਾ' ਇਸ ਬਰਾਦਰੀ ਵਾਸਤੇ ਹੀ ਛੱਡਿਆ ਹੋਇਆ ਸੀ। ਇਥੋਂ ਹੀ ਹੋਰ ਲੋਕ ਮਕਾਨਾਂ ਅੰਦਰ ਭੜੋਲੇ, ਮਿੱਟੀ ਦੇ ਪੀਪੇ, ਕੋਠੀਆਂ ਬਣਵਾਉਣ ਲਈ, ਡੰਗਰਾਂ ਦੀਆਂ ਖੁਰਲੀਆਂ ਲਿੱਪਣ ਲਈ ਸਖਤ ਮਿੱਟੀ ਪੁੱਟ ਲਿਆਉਂਦੇ। ਉੱਤਰ ਵੱਲ ਛੋਟੀ ਮਾਤਾ ਦੇ ਸਥਾਨ ਨੇੜੇ ਤਲੀ ਦੇਣ ਵਾਲੀ ਮਿੱਟੀ ਦੇ ਮਟਿਆਨੇ ਸਨ ਜਿਥੋਂ ਔਰਤਾਂ ਖੁਰਪਿਆਂ ਨਾਲ ਪੋਲੀ ਮਿੱਟੀ ਪੁੱਟ ਲਿਆਉਂਦੀਆਂ। ਪੋਲੀ ਮਿੱਟੀ ਦੇ ਲਾਲਚਵਸ ਉਹ ਡੂੰਘੇ ਟੋਏ ਦੀ ਵੱਖੀ ਵਿਚੋਂ ਗਿੱਲੀ ਪੋਲੀ ਮਿੱਟੀ ਪੁਟਦੀਆਂ ਡੂੰਘੀ ਘਚੋਰ ਬਣਾ ਦਿੰਦੀਆਂ ਜਿਥੇ ਮੀਂਹ ਕਣੀ ਤੋਂ ਲੋਕ ਬਚਣ ਲਈ ਬੈਠ ਜਾਂਦੇ। ਕਈ ਵਾਰ ਉਸ ਭਾਰੀ ਢਿੰਗ ਦੇ ਹੇਠਾਂ ਡਿਗਣ ਦਾ ਖਤਰਾ ਸਦਾ ਬਣਿਆ ਰਹਿੰਦਾ। ਲਗਭਗ ਸਾਰਾ ਪਿੰਡ ਕੱਚਾ ਹੁੰਦਾ। ਦਰਵਾਜ਼ੇ ਖਿੜਕੀਆਂ ਸਭ ਲੱਕੜ ਦੇ ਲਗਾਏ ਜਾਂਦੇ। ਪਿੰਡ ਦੇ ਕਾਰੀਗਰ ਇਨ੍ਹਾਂ ਵਿਚ ਖਾਸ ਮਜ਼ਬੂਤੀ ਤੇ ਸਜਾਵਟ ਦਰਸਾਉਂਦੇ। ਕਈ ਦਰਵਾਜ਼ਿਆਂ ਨੂੰ ਅੰਦਰੋਂ ਹੋਰ ਮਜ਼ਬੂਤ ਬਣਾਉਣ ਲਈ ਮੋਟੇ ਲੋਹੇ ਦਾ ਸਰੀਆ ਲੰਮੇ ਰੁਖ ਸਪੋਰਟ ਵਜੋਂ ਫਿੱਟ ਕੀਤਾ ਜਾਂਦਾ। ਇਹ ਮਕਾਨ ਸਰਦੀਆਂ ਵਿਚ ਨਿੱਘੇ, ਗਰਮੀਆਂ ਵਿਚ ਠੰਢੇ ਰਹਿੰਦੇ। ਮਕਾਨ ਅੰਦਰ ਖੁੱਲ੍ਹੇ ਏਰੀਏ ਨੂੰ ਸੁਬਾਤ ਕਹਿੰਦੇ ਜਿਸ ਵਿਚ ਪਾਸਿਆਂ ਤੋਂ ਕਈ ਹੋਰ ਕੋਠੜੀਆਂ ਖੁੱਲ੍ਹਦੀਆਂ। ਮਕਾਨ ਵਿਚ ਕੱਪੜੇ ਟੰਗਣ ਲਈ ਲੰਮਾ ਡੰਡਾ ਛੱਤ ਨਾਲ ਦੋ ਪਾਸਿਆਂ ਤੋਂ ਬੰਨ੍ਹ ਕੇ ਲਟਕਦਾ ਹੁੰਦਾ। ਇਸ ਨੂੰ ਟੰਗਣਾ ਆਖਦੇ। ਇੰਜ ਹੀ ਵਾਧੂ ਸਮਾਨ ਰੱਖਣ ਲਈ ਉੱਚੀ ਛੱਤ ਹੇਠ, ਮਕਾਨ ਅੰਦਰ ਕੰਧ ਨਾਲ ਲੱਗਦੀ ਪੜਛੱਤੀ ਬਣਾਈ ਜਾਂਦੀ। ਘੜੇ ਰੱਖਣ ਲਈ ਇਕ ਨੁੱਕਰ ਵਿਚ ਉੱਚਾ ਚਬੂਤਰਾ ਹੁੰਦਾ ਜਿਸ ਨੂੰ ਘੜੌਂਜ ਆਖਦੇ। ਕੰਧ ਵਿਚ ਛੋਟਾ ਜਿਹਾ ਗੋਲ ਟੋਇਆ ਹੁੰਦਾ ਜੋ ਦਾਲ ਸਬਜ਼ੀ ਰਿੰਨ੍ਹਣ ਅਤੇ ਕਾੜ੍ਹਨੀ ਵਿਚ ਦੁੱਧ ਕਾੜ੍ਹਨ ਵਾਸਤੇ ਕੰਮ ਆਉਂਦਾ। ਇਹ ਸੀ 'ਹਾਰਾ'। ਉਪਰ ਦੀਵਾਰ ਵਿਚ ਗੋਲ ਜਾਂ ਚੌਰਸ ਰੱਖਣੇ ਜਾਂ ਆਲੇ ਬਣੇ ਹੁੰਦੇ।

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਇਕ ਦੋ ਮਕਾਨ ਹੀ ਪੱਕੇ ਬਣੇ ਸਨ। ਉਨ੍ਹਾਂ ਦੀ ਵੀ ਗਲੀ ਵੱਲ ਦੀ ਬਾਹਰਲੀ ਦੀਵਾਰ ਹੀ ਚੂਨੇ ਇੱਟਾਂ ਨਾਲ ਬਣੀ ਲਿੱਪੀ, ਪੱਕੇ ਰੰਗਾਂ ਨਾਲ ਵੇਲ ਬੂਟੀਆਂ, ਕਿੱਕਰ ਸਿੰਘ, ਕੁੱਲੂ ਪਹਿਲਵਾਨ ਜਾਂ ਹਨੂਮਾਨ, ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ ਦੇ ਰੰਗ ਚਿੱਤਰਾਂ ਨਾਲ ਸ਼ਿੰਗਾਰੀ ਹੁੰਦੀ। ਸੱਠਵਿਆਂ ਵਿਚ ਹਰਾ ਇਨਕਲਾਬ ਆਉਣ ਨਾਲ ਮਕਾਨ ਦੇ ਮੁੱਢ ਵਿਚ ਰਸਤੇ ਉੱਤੇ ਬੈਠਕ ਅਤੇ ਡਿਉਢੀ ਪਾਉਣ ਦਾ ਰਿਵਾਜ ਆਇਆ। ਪੱਕੀਆਂ ਡਬਲ ਇੱਟਾਂ ਸੀਮਿੰਟ ਅਤੇ ਛੱਤ ਲਈ ਲੋਹੇ ਦੇ ਗਾਰਡਰ ਤੇ ਟੀ-ਆਇਰਨ ਪੱਤੀਆਂ ਉਪਰ ਹਿਰਮਚੀ, ਨੀਲ ਤੇ ਚਿੱਟੀ ਕਲੀ ਨਾਲ ਰੰਗੀਆਂ ਟਾਈਲਾਂ ਬੀੜ ਦਿੰਦੇ। ਰਸੋਈ ਤੋਂ ਦੂਰ ਵਿਹੜੇ ਦੀ ਇਕ ਨੁੱਕਰ ਵਿਚ ਕੱਚੀ ਲੈਟਰੀਨ ਕਿਸੇ ਵਿਰਲੇ ਦੇ ਮਕਾਨ ਵਿਚ ਬਣਾਈ ਜਾਂਦੀ ਜਿਸ ਦਾ ਗੁਆਂਢੀ ਮਨੋ-ਮਨੀ ਬੁਰਾ ਮਨਾਉਂਦੇ। ਅੱਸੀਵਿਆਂ ਤੋਂ ਬਾਅਦ ਵਿਦੇਸ਼ ਦੀ ਹਵਾ ਲੱਗਣ ਅਤੇ ਬਾਹਰਲੀ ਕਮਾਈ ਆਉਣ ਨਾਲ ਕੋਠੀਆਂ ਬਣਨ ਲੱਗੀਆਂ




*ਅਵਤਾਰ ਸਿੰਘ ਬਿਲਿੰਗ ਦੀ ਕਿਤਾਬ 'ਮੇਰਾ ਪਿੰਡ ਮੇਰੇ ਲੋਕ' ਦਾ ਮੁਖੜਾ।*

ਜਿਨ੍ਹਾਂ ਦੇ ਹਰ ਕਮਰੇ ਵਿਚ ਬਾਥ ਰੂਮ ਬਾਥ ਟੱਬ ਵੀ ਬਣਾਉਂਦੇ। ਅੱਜ ਪਿੰਡ ਵਿਚ ਕੋਈ ਵੀ ਕੱਚਾ ਕੋਠੜਾ ਨਹੀਂ ਲੱਭਦਾ। ਸਾਰੇ ਮਕਾਨ ਪੱਕੇ ਹਨ। ਉਨ੍ਹਾਂ ਨੂੰ ਢਾਹ ਕੇ ਸਮਰੱਥ ਲੋਕਾਂ ਵਲੋਂ ਦੋ ਤਿੰਨ ਮੰਜ਼ਲੀਆਂ ਕੋਠੀਆਂ ਛੱਤਣ ਦਾ ਰੁਝਾਨ ਵਧ ਰਿਹਾ ਹੈ ਜੋ ਮਾਲਕਾਂ ਦੇ ਧੜਾਧੜ ਵਿਦੇਸ਼ ਜਾਣ ਕਰ ਕੇ ਖਾਲੀ ਖੜ੍ਹੀਆਂ ਦਿਸਦੀਆਂ ਪਿੱਛੇ ਰਹਿ ਜਾਂਦੀਆਂ। ਕਿਸੇ ਕਿਸੇ ਵਿਚ ਪਿੰਡ ਦਾ ਕੋਈ ਬਜ਼ੁਰਗ ਜਾਂ ਭਈਏ ਦਾ ਟੱਬਰ ਸੇਵਾ ਸੰਭਾਲ ਲਈ ਛੱਡਿਆ ਜਾਂਦਾ। ਪਿੰਡ ਉਜੜ ਵੀ ਰਿਹਾ ਹੈ ਅਤੇ ਵੱਸ ਵੀ ਰਿਹਾ ਹੈ। ਪਿੰਡ ਵਿਚ ਜੇ ਵੱਧ ਨਹੀਂ ਤਾਂ ਪੰਜ ਫੀਸਦ ਪੂਰਬੀਏ ਵੱਸਦੇ, ਪੰਜਾਬੀ ਪਹਿਰਾਵਾ ਰਹੁ ਰੀਤਾਂ ਅਪਣਾਉਂਦੇ, ਪੰਜਾਬੀ ਬੋਲੀ ਸਿੱਖ ਗਏ ਹਨ; ਜਿਵੇਂ ਵਿਦੇਸ਼ ਗਏ ਪੰਜਾਬੀਆਂ ਖਾਸ ਕਰ ਕੇ ਉਥੇ ਜਨਮੇ ਬੱਚਿਆਂ ਨੇ ਮੁਕਾਮੀ ਜਵਾਕਾਂ ਨਾਲ ਇਕਮਿਕ ਹੋ ਕੇ ਉਥੋਂ ਦੇ ਤਿਉਹਾਰ ਤੇ ਰਿਵਾਜ-ਬਰਥ ਡੇ ਮਨਾਉਣਾ, ਕੇਕ ਕੱਟਣਾ, ਹੈਲੋਵੀਨ, ਕ੍ਰਿਸਮਸ ਮਨਾਉਣਾ- ਸ਼ੁਰੂ ਕਰ ਦਿੱਤਾ ਹੈ। ਇਹ ਹੈ ਤਬਦੀਲੀ।

ਉਸ ਪੁਰਾਣੇ ਪਿੰਡ ਦੇ ਬਾਹਰ ਵਿਹਲੀ ਪਈ ਸ਼ਾਮਲਾਤ ਵਿਚ ਔਰਤਾਂ ਗੋਹਾ ਪੱਥਦੀਆਂ। ਥਾਂ-ਥਾਂ ਪਾਥੀਆਂ ਦੇ ਪਥਵਾੜੇ ਦਿਸਦੇ। ਬਰਸਾਤ ਤੋਂ ਪਹਿਲਾਂ ਸੁੱਕੀਆਂ ਪਾਥੀਆਂ ਦੀ ਸਲੀਕੇਦਾਰ ਚਿਣਾਈ ਕਰਦੇ, ਗੋਲ ਗੁਹਾਰਾ ਚਿਣ ਕੇ ਗੋਹੇ ਨਾਲ ਹੀ ਲਿੱਪ ਦਿੰਦੀਆਂ। ਪਿੰਡ ਦੇ ਬਾਹਰ ਸਰਕੜੇ/ਪਰਾਲੀ/ਕਣਕ ਦੀ ਸੁੱਕੀ ਨਾਲੀ ਨਾਲ ਢਕੇ ਗੁਹਾਰੇ ਨਜ਼ਰ ਪੈਂਦੇ। ਉਦੋਂ ਕਹਾਵਤ ਬਣੀ ਸੀ: ਪਿੰਡ ਤਾਂ ਗੁਹਾਰਿਆਂ ਤੋਂ ਪਛਾਣਿਆ ਜਾਂਦਾ; ਜਾਂ ਧਾਨਾਂ ਵਾਲਾ ਪਿੰਡ ਪਰਾਲੀ ਤੋਂ ਦਿਸ ਜਾਂਦਾ।

ਖੇਤੀ ਮੁੱਖ ਕਿੱਤਾ ਸੀ, ਬਾਕੀ ਸਾਰੇ ਕਿੱਤੇ ਇਸ ਦੇ ਸਹਿਯੋਗੀ ਸਨ। ਖੇਤੀ ਕਰਨ ਲਈ ਪੁਰਾਣੇ ਪਿੰਡ ਵਿਚ ਲੱਕੜ ਦੇ ਚਊ ਵਾਲੇ ਹਲ ਪੰਜਾਲੀ, ਗੱਡੇ ਤੇ ਬਲਦ ਊਠ ਵਰਤੇ ਜਾਂਦੇ। ਖੂਹ ਨਾਲ ਫਸਲਾਂ ਸਿੰਜਣ ਲਈ ਮੇਰੇ ਦਾਦੇ ਪੜਦਾਦੇ ਚੜਸ ਵਾਹੁੰਦੇ। ਚਮੜੇ ਦਾ ਭਾਰੀ ਬੋਕਾ ਖੂਹ ਵਿਚੋਂ ਭਰ ਕੇ ਬਲਦਾਂ ਦੀ ਮਦਦ ਅਤੇ ਕਿਸਾਨਾਂ ਦੇ ਜ਼ਬਰਦਸਤ ਬਾਹੂਬਲ ਸਦਕਾ ਧੂਹ ਬਾਹਰ ਚੂਨੇਗੱਚ ਚੁਬੱਚੇ ਵਿਚ ਢੇਰੀ ਕੀਤਾ ਜਾਂਦਾ। ਲਗਾਤਾਰ ਚਲਦੇ ਇਸ ਸਿਲਸਿਲੇ ਨਾਲ ਛੋਟੇ ਕਿਆਰਿਆਂ ਵਾਲੇ ਖੇਤ ਸਿੰਜੇ ਜਾਂਦੇ। ਪੰਜਾਹਵਿਆਂ ਵਿਚ ਮੁਰੱਬੇਬੰਦੀ ਹੋਣ ਨਾਲ ਜ਼ਮੀਨਾਂ ਇਕੱਠੀਆਂ ਹੋ ਗਈਆਂ ਤਾਂ ਨਵੇਂ ਖੂਹਾਂ ਦਾ ਫੈਸ਼ਨ ਸ਼ੁਰੂ ਹੋਇਆ। ਲੋਹੇ ਦੇ ਹਰਟ ਤੇ ਟਿੰਡਾਂ ਵਾਲੇ ਖੂਹ। ਇਕ ਵਿੱਢਾ, ਦੋ ਵਿੱਢਾ ਤੇ ਚੁਵਿੱਢਾ। ਆਮ ਖੂਹ ਇਕ ਹਰਟ ਵਾਲੇ ਹੁੰਦੇ। ਗੋਲ ਪੈੜ ਵਿਚ ਦੋ ਬਲਦਾਂ ਦੀ ਜੋੜੀ ਘੜੀ ਦੀਆਂ ਸੂਈਆਂ ਤੋਂ ਉਲਟ ਘੁੰਮਦੀ, ਖੂਹ ਵਿਚ ਲਟਕਦੀ ਘੜੀ ਰੁਖ ਘੁੰਮਦੀ ਟਿੰਡਾਂ ਵਾਲੀ ਮਾਹਲ ਦੁਆਰਾ ਪਾਣੀ ਪਾੜਛੇ ਵਿਚ ਤੇ ਅੱਗੇ ਚੁਬੱਚੇ ਵਿਚ ਡਿਗਦਾ। ਖੂਹ ਦੇ ਦੋਵੇਂ ਤਰਫ ਦੋ ਪੈੜਾਂ ਅਰਥਾਤ ਦੋ ਮਾਹਲਾਂ ਵਾਲਾ ਖੂਹ ਦੋਵਿੱਢਾ ਅਤੇ ਚਾਰੇ ਪਾਸੇ ਚਾਰ ਹਰਟਾਂ ਵਾਲਾ ਚੁਵਿੱਢਾ ਅਖਵਾਉਂਦਾ। ਦੋ ਬਲਦਾਂ ਦੇ ਪਿੱਛੇ ਤੁਰਦਾ ਕਿਸਾਨ ਸੋਟੀ ਨਾਲ ਹੱਕਦਾ। ਉਸ ਪਰੈਣੀ ਵਿਚ ਤਿੱਖੀ ਮੇਖ ਜੁੜੀ ਹੁੰਦੀ ਜਾਂ ਸਿਰੇ ਉੱਤੇ ਚਮੜੇ ਦਾ ਛਾਂਟਾ ਬੰਨ੍ਹਿਆਂ ਹੁੰਦਾ ਜਿਸ ਤੋਂ ਡਰਦੇ ਬੈਲ ਤੁਰਦੇ ਰਹਿੰਦੇ। ਊਠ ਨੂੰ ਹੱਕਣ ਦੀ ਲੋੜ ਨਹੀਂ ਸੀ ਪੈਂਦੀ। ਅੱਖਾਂ ਉੱਤੇ ਖੋਪੇ ਲਾ ਕੇ ਤੋਰ ਦਿੰਦੇ, ਉਹ ਆਪੇ ਚਲਦਾ ਰਹਿੰਦਾ ਪਰ ਊਠ ਰੱਖਣਾ ਮਹਿੰਗਾ ਪੈਂਦਾ। ਕਈ ਵਾਰੀ ਸਿਆਲ ਵਿਚ ਉਹ ਮਸਤ ਜਾਂਦਾ ਅਤੇ ਮਾਲਕ ਨੂੰ ਵੱਢਣ ਖਾਣ ਨੂੰ ਪੈ ਜਾਂਦਾ। ਕੁੱਟੇ ਤੋਂ ਜ਼ਿੱਦ ਰੱਖਦਾ। ਭੁਲੇਖੇ ਨਾਲ ਥੱਲੇ ਲੈ ਕੇ ਪੇਟ ਹੇਠਲੀ ਪਾਥੀ ਨਾਲ ਮਸਲ ਦਿੰਦਾ। ਮੁਰੱਬੇਬੰਦੀ ਮਗਰੋਂ ਜ਼ਮੀਨ ਇਕ ਥਾਂ ਇਕੱਠੀ ਹੋਈ। ਖੂਹ ਲੱਗਣ ਲੱਗੇ। ਸਾਡੇ ਦਾਦੇ ਨੇ ਆਪਣੀ 10 ਏਕੜ ਖਿੰਡੀ ਪੁੰਡੀ ਜ਼ਮੀਨ ਵਧ ਕੇ 20 ਏਕੜ ਦਾ ਇਕ ਟੱਕ ਬਣਨ ਉੱਤੇ ਟਿੱਬੀ ਦੇ ਸਿਖਰ 1955 ਵਿਚ ਆਪਣਾ ਖੂਹ ਲਵਾਇਆ ਸੀ ਜਿਸ ਦੀ ਮੌਣ ਉਪਰ ਉਸ ਦਾ ਨਾਮ ਸਾਈਂ ਦਿੱਤਾ ਦੀ ਥਾਂ ਬਾਪੂ ਹੋਰਾਂ ਸੰਤਾ ਸਿੰਘ ਲਿਖਵਾਇਆ ਸੀ। ਨਾਲ ਹੀ ਖਾਨਾ ਮਾਰ ਕੇ ੧ੴ ਸਤਿਨਾਮ ਵਾਲਾ ਮੂਲ ਮੰਤਰ ਲਿਖ ਕੇ ਹੇਠਾਂ 'ਬਲਦੇਵ ਸਿੰਘ ਰਾਜ' ਲਿਖਿਆ ਸੀ। ਇਸ ਤਰ੍ਹਾਂ ਹੀ ਪੁਰਾਣੇ ਖੂਹਾਂ ਉੱਤੇ ਉਰਦੂ ਵਿਚ ਕੁਝ ਨਾਮ ਜਾਂ ਸੰਮਤ ਲਿਖਿਆ ਮਿਲਦਾ।

ਪੁਰਾਣੇ ਪਿੰਡ ਵਿਚ ਸੱਠਵਿਆਂ ਤੋਂ ਪਹਿਲਾਂ ਸੁੱਕੀ ਕਣਕ ਜਾਂ ਹਾੜ੍ਹੀ ਦੀਆਂ ਹੋਰ ਫਸਲਾਂ ਦੀ ਗਹਾਈ ਬਲਦਾਂ ਨਾਲ ਕੀਤੀ ਜਾਂਦੀ। ਸੁੱਕੀ ਕਣਕ ਦੀ ਇਕ ਸੌ ਭਰੀ ਸੁੱਕੀ ਪੱਕੀ ਜ਼ਮੀਨ ਉੱਤੇ ਗੋਲਾਈ ਵਿਚ ਵਿਛਾ ਦਿੰਦੇ। ਲੋਹੇ ਦੀਆਂ ਖੁਰੀਆਂ ਲੱਗੇ ਦੋ ਜਾਂ ਚਾਰ ਬਲਦ ਉਥੇ ਗੋਲ ਚੱਕਰ (ਪੈੜੀ) ਵਿਚ ਘੁੰਮਦੇ। ਉਨ੍ਹਾਂ ਦੇ ਪਿੱਛੇ ਭਾਰੀ ਹਰੀਆਂ ਝਿੰਗਾਂ ਨਾ ਟੁੱਟਣਯੋਗ ਸੂਲਾਂ ਵਾਲੀਆਂ ਦਾ ਫਲ੍ਹਾ ਬਣਾ ਕੇ ਫੇਰਦੇ ਜਿਸ ਨਾਲ ਉਹ ਨਾਲੀ ਜਲਦੀ ਦਰੜੀ ਜਾਂਦੀ। ਤੀਜੇ ਦਿਨ ਤੂੜੀ ਬਣੀ ਉਸ ਕਣਕ ਨੂੰ ਉੱਤਰ ਦੱਖਣ ਤਰਫ ਧੜ ਲਾਉਂਦੇ। ਪੁਰੇ ਜਾਂ ਪੱਛੋਂ ਦੀ ਹਵਾ ਆਉਣ ਉੱਤੇ ਤੰਗਲੀਆਂ ਨਾਲ ਉਡਾਉਂਦੇ। ਇੰਜ ਤੂੜੀ ਦਾਣੇ ਅਲੱਗ ਕਰਨ ਦਾ ਲੰਮਾ ਸਿਲਸਿਲਾ ਚਲਦਾ ਰਹਿੰਦਾ। ਸੱਤਰਵਿਆਂ ਤੋਂ ਮਗਰੋਂ ਪਹਿਲਾਂ ਟੋਕਾ ਮਸ਼ੀਨਾਂ, ਫੇਰ ਡਰੰਮੀਆਂ ਥਰੈਸ਼ਰ ਅਤੇ ਕੰਬਾਈਨਾਂ ਆਈਆਂ ਹਨ। ਕਮਾਦ ਨੂੰ ਘੁਲਾੜੀ ਨਾਲ ਪੀੜ ਕੇ ਸ਼ੁੱਧ ਗੁੜ, ਸੱਕਰ ਜਾਂ ਖੰਡ ਬਣਾਉਂਦੇ। ਉਬਲਦੇ ਰਸ ਉੱਤੇ ਆਈ ਮੈਲ ਲਾਹੁਣ ਲਈ ਸਿਰਫ ਮਿੱਠਾ ਸੋਢਾ ਘੱਟ ਮਾਤਰਾ ਵਿਚ ਵਰਤਿਆ ਜਾਂਦਾ। ਮੱਕੀ ਦੀਆਂ ਛੱਲੀਆਂ ਜਿਨ੍ਹਾਂ ਨੂੰ ਕੁੱਕੜੀਆਂ ਆਖਦੇ, ਡੰਡੇ ਸੋਟਿਆਂ ਨਾਲ ਕੁੱਟੀਆਂ ਜਾਂਦੀਆਂ। ਮੂੰਗਫਲੀ ਤੇ ਦਾਲਾਂ ਸਲੰਘਾਂ ਤੰਗਲੀਆਂ ਨਾਲ ਝਾੜੀਆਂ ਜਾਂਦੀਆਂ।

ਫਸਲਾਂ ਨੂੰ ਰੂੜੀ ਦੀ ਖਾਦ ਨਾਲ ਹੀ ਪਾਲਦੇ। ਕਦੇ-ਕਦੇ ਹਰੀ ਖਾਦ ਵਜੋਂ ਪੱਤੇਦਾਰ ਰੈਸਣ ਨੂੰ ਖੇਤ ਵਿਚ ਕੱਚਾ ਵਾਹ ਦਿੰਦੇ। ਫਸਲਾਂ ਦਾ ਹੇਰ ਫੇਰ ਹੀ ਜ਼ਮੀਨ ਨੂੰ ਕਮਜ਼ੋਰ ਹੋਣ ਤੋਂ ਸਦਾ ਬਚਾਈ ਰੱਖਦਾ। ਫਲੀਦਾਰ ਫਸਲਾਂ ਮੂੰਗਫਲੀ, ਨਰਮਾ, ਕਪਾਹ, ਸਬਜ਼ੀਆਂ, ਮੱਕੀ, ਛੋਲੇ, ਦਾਲਾਂ ਬੀਜਣ ਨਾਲ ਖੇਤ ਵੱਧ ਉਪਜਾਊ ਹੋ ਜਾਂਦੇ ਜਦ ਕਿ ਕਣਕ, ਜੌਂ, ਜਵਾਰ, ਬਾਜਰਾ ਦੀ ਬਿਜਾਈ ਨਾਲ ਖੇਤ ਬੋਦੇ ਤੇ ਕਮਜ਼ੋਰ ਹੋਏ ਮੰਨੇ ਜਾਂਦੇ। ਫਾਰਮ ਰੇਅ ਸਪਰੇਅ, ਹਾਈਬ੍ਰਿਡ ਬੀਜ- ਸਭ ਹਰੀ ਕ੍ਰਾਂਤੀ ਦਾ ਸਰਾਪ ਹਨ।

ਪਿੰਡ ਵਿਚ ਸੱਠਵਿਆਂ ਤੋਂ ਇਕ ਦੋ ਸਾਲ ਪਹਿਲਾਂ ਆਈ ਬਿਜਲੀ ਨਾਲ ਜਿਥੇ ਘਰਾਂ ਵਿਚ ਬਲਬ ਲੱਗਣ ਲੱਗੇ, ਉਥੇ ਖੇਤਾਂ ਵਿਚ ਬਿਜਲੀ ਦੀਆਂ ਮੋਟਰਾਂ ਲੱਗੀਆਂ। ਅਗਲੇ ਵੀਹ ਸਾਲਾਂ ਵਿਚ ਖੂਹ ਉਜੜ ਗਏ ਅਤੇ ਹਰੇ ਇਨਕਲਾਬ ਨਾਲ ਜ਼ਿਆਦਾ ਲਾਲਚੀ ਹੋਏ ਲੋਕ ਉਨ੍ਹਾਂ ਨੂੰ ਢਾਹ ਕੇ ਉਥੇ ਲੱਗੀਆਂ ਹਜ਼ਾਰਾਂ ਇੱਟਾਂ ਮਕਾਨਾਂ ਵਿਚ ਲਗਾਉਣ ਲੱਗੇ। ਵੱਟਾਂ ਵੱਢਣ ਅਤੇ ਰਸਤੇ ਵਾਹੁਣ ਵਾਲਾ ਰੁਝਾਨ ਵੀ ਹਰੀ ਕ੍ਰਾਂਤੀ ਨਾਲ ਪੈਦਾ ਹੋਈ ਨਵੀਂ ਭੜਕੀ ਜ਼ਮੀਨੀ ਭੁੱਖ ਦਾ ਸਿੱਟਾ ਹੈ। ਅੱਸੀਵਿਆਂ ਵਿਚ ਆਈ ਜੀਰੀ ਜਾਂ ਝੋਨੇ ਨਾਲ ਰਵਾਇਤੀ ਫਸਲਾਂ ਜੋ ਘੱਟ ਪਾਣੀ ਮੰਗਦੀਆਂ- ਨਰਮਾ/ਕਪਾਹ, ਮੂੰਗਫਲੀ, ਮੱਕੀ, ਇੱਖ, ਦਾਲਾਂ, ਤੇਲ ਬੀਜਾਂ ਦਾ ਲਗਭਗ ਭੋਗ ਪੈ ਗਿਆ ਅਤੇ ਜੀਰੀ ਨੇ ਧਰਤੀ ਹੇਠਲਾ ਪਾਣੀ ਵੀ ਮੁੱਕਣ ਕੰਢੇ ਪਹੁੰਚਾ ਦਿੱਤਾ। ਰੇਆਂ ਸਪਰੇਆਂ ਨੇ ਜ਼ਮੀਨ ਜ਼ਹਿਰੀਲੀ ਕਰ ਦਿੱਤੀ; ਸਿੱਟੇ ਵਜੋਂ ਉਹੀ ਜ਼ਹਿਰ ਫਸਲਾਂ ਰਾਹੀਂ ਸਾਡੇ ਅੰਦਰ ਵੜ ਕੇ ਨਵੀਆਂ ਖਤਰਨਾਕ ਬਿਮਾਰੀਆਂ ਦਾ ਕਾਰਨ ਬਣੇ। ਪਿੰਡ ਦਾ ਪੁਰਾਣਾ ਮੁਹਾਂਦਰਾ ਤੇ ਢਾਂਚਾ ਖਤਮ ਹੋ ਗਿਆ। ਇਸ ਨੂੰ ਵਿਕਾਸ ਆਖੀਏ ਜਾਂ ਵਿਨਾਸ਼, ਇਹ ਗੱਲ ਸਮਝ ਨਹੀਂ ਆ ਰਹੀ।

# ਪੱਤਰਕਾਰਾਂ ਦਾ ਪਿੱਛਾ ਕਰਨ ਦੀ ਕਹਾਣੀ

***(ਪਿਛਲੇ ਸਫੇ ਦਾ ਬਾਕੀ)***

ਦਫਤਰ ਜਾਣ ਵਾਸਤੇ ਫਲਾਈਟ ਫੜਨ ਲਈ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚੇ ਸਨ। ਜਹਾਜ਼ ਉੱਡਣ ਤੋਂ ਕੁਝ ਸਮਾਂ ਪਹਿਲਾਂ ਹੀ ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਫਲਾਈਟ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਏਅਰਪੋਰਟ ਉੱਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਕੋਈ ਖਾਸ ਕਾਰਨ ਨਹੀਂ ਦੱਸਿਆ। 'ਦਿ ਵਾਇਰ' ਨੇ ਬਾਅਦ ਵਿਚ ਰਿਪੋਰਟ ਦਿੱਤੀ ਕਿ ਉਸ ਨੂੰ ਇੰਟੈਲੀਜੈਂਸ ਬਿਊਰੋ ਦੇ ਆਦੇਸ਼ਾਂ ਦੇ ਆਧਾਰ 'ਤੇ ਰੋਕਿਆ ਗਿਆ ਸੀ।

ਇਸ ਤੋਂ ਬਾਅਦ ਗੌਹਰ ਗਿਲਾਨੀ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਸਾਹਮਣਾ ਕਰਨਾ ਪਿਆ। 21 ਅਪਰੈਲ 2021 ਨੂੰ ਸਾਈਬਰ ਥਾਣੇ ਨੇ ਗੌਹਰ ਉੱਪਰ ਸੋਸ਼ਲ ਮੀਡੀਆ 'ਤੇ ਕਥਿਤ ਤੌਰ 'ਤੇ 'ਗੈਰ-ਕਾਨੂੰਨੀ ਕਾਰਵਾਈਆਂ' ਵਿਚ ਸ਼ਾਮਿਲ ਹੋਣ ਲਈ ਕੇਸ ਦਰਜ ਕੀਤਾ ਕਿ ਇਹ ਅਜਿਹੀਆਂ ਕਾਰਵਾਈਆਂ ਹਨ ਜੋ "ਭਾਰਤ ਦੀ ਰਾਸ਼ਟਰੀ ਅਖੰਡਤਾ, ਪ੍ਰਭੂਸੱਤਾ ਅਤੇ ਸੁਰੱਖਿਆ ਲਈ ਨੁਕਸਾਨਦੇਹ ਹਨ"। ਪੁਲਿਸ ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਗੌਹਰ "ਕਸ਼ਮੀਰ ਘਾਟੀ ਵਿਚ ਦਹਿਸ਼ਤਵਾਦ ਦੀ ਮਹਿਮਾ ਗਾ" ਰਿਹਾ ਸੀ। ਜਿਵੇਂ ਆਮ ਗੱਲ ਹੋ ਗਈ ਹੈ, ਇਸ ਦੋਸ਼ ਦੀ ਹਮਾਇਤ 'ਚ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ। ਗੌਹਰ ਉੱਪਰ ਯੂ.ਏ.ਪੀ.ਏ. ਦੇ ਤਹਿਤ ਦੋਸ਼ ਲਗਾਇਆ ਗਿਆ ਜਿਸ ਵਿਚ ਪਿੱਛੇ ਜਿਹੇ ਹੀ ਸੋਧ ਕੀਤੀ ਗਈ ਸੀ ਤਾਂ ਜੁ ਇਸ ਦੀ ਵਰਤੋਂ ਨਾ ਸਿਰਫ ਉਨ੍ਹਾਂ ਸੰਸਥਾਵਾਂ ਉੱਪਰ ਸਗੋਂ ਵਿਅਕਤੀਆਂ ਉੱਪਰ ਵੀ ਮੁਕੱਦਮਾ ਚਲਾਉਣ ਲਈ ਕੀਤੀ ਜਾ ਸਕੇ ਜਿਨ੍ਹਾਂ ਨੂੰ ਸਰਕਾਰ ਗੈਰ-ਕਾਨੂੰਨੀ ਮੰਨਦੀ ਹੈ। ਜੰਮੂ ਕਸ਼ਮੀਰ ਪੁਲਿਸ ਨੇ 24 ਘੰਟਿਆਂ ਦੇ ਅੰਦਰ ਗੌਹਰ ਸਮੇਤ ਤਿੰਨ ਪੱਤਰਕਾਰਾਂ ਉੱਪਰ ਕੇਸ ਦਰਜ ਕੀਤਾ ਸੀ।

ਇਕ ਸਾਲ ਬਾਅਦ ਜ਼ਾਹਿਦ ਰਫੀਕ ਨੂੰ ਵੀ ਐਸੀ ਹੀ ਸਥਿਤੀ ਦਾ ਸਾਹਮਣਾ ਕਰਨਾ ਪਿਆ। ਰਫੀਕ ਨੇ 2018 ਵਿਚ ਆਪਣਾ ਪੱਤਰਕਾਰੀ ਕਰੀਅਰ ਛੱਡ ਦਿੱਤਾ ਸੀ ਅਤੇ ਉਹ ਅਮਰੀਕਾ ਵਿਚ ਕਾਰਨੇਲ ਯੂਨੀਵਰਸਿਟੀ ਵਿਚ ਫੈਲੋਸ਼ਿਪ ਲਈ ਜਾ ਰਿਹਾ ਸੀ। 19 ਅਗਸਤ 2021 ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਨੂੰ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਹਿਰਾਸਤ ਵਿਚ ਲੈ ਲਿਆ ਅਤੇ ਜੰਮੂ ਕਸ਼ਮੀਰ ਪੁਲਿਸ ਦੇ ਹਵਾਲੇ ਕਰ ਦਿੱਤਾ। ਉਸ ਨੂੰ ਅਗਲੇ ਦਿਨ ਕਸ਼ਮੀਰ ਲਿਜਾਇਆ ਗਿਆ ਅਤੇ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਕਸ਼ਮੀਰ ਵਿੰਗ ਸ੍ਰੀਨਗਰ ਦੇ ਹੁਮਹਾਮਾ ਦੇ ਨੇੜੇ ਕੈਂਪ ਵਿਚ ਉਸ ਤੋਂ ਪੁੱਛਗਿੱਛ ਕੀਤੀ।

ਇਕ ਨਰਮ ਦਿਲ ਪੁਲਿਸ ਅਫਸਰ ਜਿਸ ਨੇ ਆਪਣਾ ਨਾਮ ਗੁਪਤ ਰੱਖਣਾ ਚਾਹਿਆ, ਨੇ ਮੈਨੂੰ ਦੱਸਿਆ ਕਿ ਰਫੀਕ ਨੂੰ ਬਾਂਡ ਉੱਪਰ ਦਸਤਖਤ ਕਰਨ ਲਈ ਕਿਹਾ ਗਿਆ ਸੀ ਜਿਸ ਵਿਚ ਇਹ ਹਲਫ ਲੈਣਾ ਸੀ ਕਿ ਉਹ ਸਟੇਟ ਦੀ ਆਲੋਚਨਾ ਕਰਦਿਆਂ ਕੁਝ ਵੀ ਨਹੀਂ ਲਿਖੇਗਾ। ਅਫਸਰ ਅਨੁਸਾਰ, ਰਫੀਕ ਨੇ ਇਸ ਤੋਂ ਇਨਕਾਰ ਕਰ ਦਿੱਤਾ। ਫੌਜ ਦੇ ਅਧਿਕਾਰੀ ਵੀ ਸਵਾਲ ਕਰਨ ਵਾਲੇ ਪੱਤਰਕਾਰਾਂ ਤੋਂ ਪੁੱਛਗਿੱਛ ਕਰਨ ਲਈ ਜਾਣੇ ਜਾਂਦੇ ਹਨ। ਨਵੰਬਰ 2021 'ਚ ਸ੍ਰੀਨਗਰ ਦੇ ਪੱਤਰਕਾਰ ਕੁਰਤੁਲ-ਐਨ ਰਹਿਬਰ ਨੇ ਪੁਲਵਾਮਾ 'ਚ ਨਵਾਂ ਕੈਂਪ ਬਣਾਉਣ ਲਈ ਕਿਸਾਨਾਂ ਦੀ ਜ਼ਮੀਨ ਦਾ ਤਬਾਦਲਾ ਸੀ.ਆਰ.ਪੀ.ਐੱਫ. ਨੂੰ ਕਰਨ ਦੀ ਰਿਪੋਰਟ ਕੀਤੀ। ਛੇਤੀ ਹੀ ਫੌਜ ਨੇ ਰਹਿਬਰ ਅਤੇ ਉਸ ਦੇ ਪਰਿਵਾਰ ਨੂੰ ਫੋਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਪੁਲਵਾਮਾ ਦੇ ਫੌਜੀ ਕੈਂਪ ਵਿਚ ਆਉਣ ਲਈ ਕਿਹਾ। ਰਹਿਬਰ ਨੇ ਜਾਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਫੌਜ ਨੂੰ ਕਿਸੇ ਨੂੰ ਪੁੱਛਗਿੱਛ ਲਈ ਬੁਲਾਉਣ ਦਾ ਸੰਵਿਧਾਨਕ ਅਧਿਕਾਰ ਨਹੀਂ ਹੈ। ਬਾਅਦ ਦੇ ਇਕ ਲੇਖ ਵਿਚ ਉਸ ਨੇ ਇਸ ਘਟਨਾ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਹੋਈ ਪ੍ਰੇਸ਼ਾਨੀ ਅਤੇ ਆਪਣੀ ਮਾਨਸਿਕ ਸਿਹਤ ਦੇ ਵਿਗੜਨ ਦਾ ਜ਼ਿਕਰ ਕੀਤਾ।

ਕਸ਼ਮੀਰ ਅਤੇ ਲੱਦਾਖ ਲਈ ਫੌਜ ਦੇ ਲੋਕ ਸੰਪਰਕ ਅਫਸਰ ਇਮਰਾਨ ਮੁਸਾਵੀ ਨੇ ਇਨ੍ਹਾਂ ਮਾਮਲਿਆਂ 'ਚ ਮੇਰੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ਪੁਲਿਸ ਦੇ ਖੁਫੀਆ ਵਿਭਾਗ ਦੇ ਵਿਸ਼ੇਸ਼ ਡਾਇਰੈਕਟਰ ਜਨਰਲ ਅਤੇ ਕਸ਼ਮੀਰ ਵਿਚ ਸੀ.ਆਈ.ਡੀ. ਦੇ ਮੁਖੀ ਆਰ.ਆਰ. ਸਵੈਨ ਨੇ ਕਿਹਾ ਕਿ ਉਸ ਕੋਲ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਦੀ ਇਜਾਜ਼ਤ ਨਹੀਂ ਹੈ ਅਤੇ ਜੰਮੂ ਕਸ਼ਮੀਰ ਦੇ ਪੁਲਿਸ ਡਾਇਰੈਕਟਰ ਜਨਰਲ ਦਿਲਬਾਗ ਸਿੰਘ ਨਾਲ ਸੰਪਰਕ ਕਰਨ ਲਈ ਕਿਹਾ। ਮੇਰੇ ਸਵਾਲਾਂ ਦੇ ਜਵਾਬ ਨਾ ਤਾਂ ਦਿਲਬਾਗ ਸਿੰਘ ਨੇ ਦਿੱਤੇ ਅਤੇ ਨਾ ਹੀ ਪੁਲਿਸ ਦੇ ਕਸ਼ਮੀਰ ਖੇਤਰ ਦੇ ਇੰਸਪੈਕਟਰ ਜਨਰਲ ਵਿਜੇ ਕੁਮਾਰ ਨੇ ਦਿੱਤੇ। ***(ਚੱਲਦਾ)***

# ਮੇਰਾ ਵਿਆਹ

*ਲਿਖਾਰੀਆਂ ਦੀਆਂ ਜਥੇਬੰਦਕ ਸਰਗਰਮੀਆਂ ਵਿਚ ਆਪਣਾ ਸੀਰ ਪਾਉਣ ਵਾਲੇ ਲਿਖਾਰੀ ਤੇਲੂ ਰਾਮ ਕੁਹਾੜਾ ਨੇ ਕਵਿਤਾਵਾਂ ਵੀ ਲਿਖੀਆਂ ਅਤੇ ਨਾਵਲ ਵੀ। ਪਿਛਲੇ ਸਾਲ ਉਨ੍ਹਾਂ ਦੀ ਸਵੈ-ਜੀਵਨੀ 'ਜ਼ਿੰਦਗੀ ਦਾ ਮੇਲਾ' ਪ੍ਰਕਾਸ਼ਤ ਹੋਈ ਹੈ ਜਿਸ ਵਿਚ ਉਨ੍ਹਾਂ ਆਪਣੇ ਜੀਵਨ ਦੇ ਕੁਝ ਅਹਿਮ ਪੱਖਾਂ ਦਾ ਜ਼ਿਕਰ ਕੀਤਾ ਹੈ। ਇਸ ਲੇਖ ਵਿਚ ਉਨ੍ਹਾਂ ਆਪਣੇ ਵਿਆਹ ਦਾ ਵਰਣਨ ਕੀਤਾ ਹੈ ਅਤੇ ਨਾਲ ਦੀ ਨਾਲ ਉਨ੍ਹਾਂ ਵੇਲਿਆਂ ਦਾ ਵਰਨਣ ਵੀ ਸਹਿਜ-ਸੁਭਾਅ ਹੀ ਹੋ ਗਿਆ ਹੈ।*



**ਤੇਲੂ ਰਾਮ ਕੁਹਾੜਾ**
**ਫੋਨ: +91-94633-53760**

ਉੱਪਲਾਂ ਮੇਰੇ ਪਿੰਡ ਤੋਂ ਅੱਠ ਕਿਲੋਮੀਟਰ ਸੀ। ਸਕੂਲ ਵਿਚ ਪਹਿਲਾਂ ਦੋ ਅਧਿਆਪਕ ਸਨ। ਉਜਾਗਰ ਸਿੰਘ ਲੋਈ ਲਾਟੋਂ ਦਾਨਾ ਤੋਂ ਆਉਂਦੇ ਸਨ। ਗੁਰਦਿਆਲ ਸਿੰਘ ਦਾ ਪਿੰਡ ਗੁਰੂਸਰ ਸੁਧਾਰ ਨੇੜੇ ਹਾਂਸ ਸੀ। ਸਕੂਲ ਦੇ ਦੋ ਕਮਰੇ ਸਨ। ਇੱਕ ਕਮਰੇ ਵਿਚ ਗੁਰਦਿਆਲ ਸਿੰਘ ਰਹਿੰਦਾ ਸੀ। ਸਕੂਲ ਨੇੜੇ ਬਹੁਤ ਭਾਰੀ ਪਿੱਪਲ ਦੁਆਲੇ ਕਾਫੀ ਵੱਡਾ ਚੌਂਤਰਾ ਸੀ। ਇਸ ਉੱਤੇ ਹੀ ਅਸੀਂ ਜਮਾਤਾਂ ਲਾਉਂਦੇ।

ਉੱਪਲ ਸਕੂਲ ਵਿਚ ਮੈਨੂੰ ਸਾਹਿਤਕ ਮਾਹੌਲ ਮਿਲ ਗਿਆ। ਉਜਾਗਰ ਸਿੰਘ ਲੋਈ ਗੀਤ ਲਿਖਦੇ ਸਨ। ਮਾਛੀਵਾੜਾ ਜਾਣ ਵਾਲੀ ਸੜਕ ਵੀ ਬਣ ਗਈ ਸੀ। ਮੇਰੇ ਪਿੰਡ ਦਾ ਅਧਿਆਪਕ ਅਵਤਾਰ ਸਿੰਘ ਭਮਾਂ ਸਕੂਲ ਵਿਚ ਅਤੇ ਹਾੜੀਆਂ ਸਕੂਲ ਵਿਚ ਨੰਦਪੁਰ (ਸਾਹਨੇਵਾਲ) ਤੋਂ ਦਰਸ਼ਨ ਲਾਲ ਭਾਟੀਆ ਪੜ੍ਹਾਉਣ ਆ ਲੱਗੇ। ਅਸੀਂ ਸਵੇਰ ਨੂੰ ਕੁਹਾੜਾ ਅੱਡੇ ਵਿਚੋਂ ਇਕੱਠੇ ਹੀ ਚੱਲਦੇ।

ਮਾਨ ਸਿੰਘ (ਛੋਟਾ ਭਰਾ) ਦੀ ਮੌਤ ਹੋਈ ਨੂੰ ਚਾਰ ਪੰਜ ਮਹੀਨੇ ਲੰਘ ਗਏ। ਇੱਕ ਦਿਨ ਵਿਚੋਲਾ ਬਾਬਾ ਸਰਵਣ ਸਿੰਘ ਘਰ ਆ ਗਿਆ। ਉਸ ਦਾ ਹੌਸਲਾ ਨਹੀਂ ਸੀ ਪੈਂਦਾ ਵਿਆਹ ਦੀ ਗੱਲ ਦੀ ਤੋਰਨ ਲਈ। ਬਾਬਾ ਸਰਵਣ ਸਿੰਘ ਕਹਿੰਦਾ, "ਮੈਂ ਇੱਕ ਦਿਨ ਗਿਆ ਸੀ ਮਾਛੀਵਾੜੇ, ਵਿਚਾਰਿਆਂ ਨੇ ਵਿਆਹ ਦੀ ਕੋਈ ਗੱਲ ਹੀ ਨਾ ਤੋਰੀ।" ਬਾਈ ਜੀ ਕਹਿਣ ਲੱਗੇ, "ਥੋੜ੍ਹਾ ਹੋਰ ਸਮਾਂ ਪੈ ਲੈਣ ਦਿਓ। ਅਜੇ ਤਾਂ ਮਨ ਪੂਰੀ ਤਰ੍ਹਾਂ ਬੁਝਿਆ ਪਿਆ ਹੈ।"

ਆਖਰ ਵਿਆਹ ਦਾ ਦਿਨ ਪੱਕਾ ਹੋ ਗਿਆ। ਬਾਰਾਤ 3 ਅਪਰੈਲ 1965 ਦੀ ਸੀ ਅਤੇ ਅਨੰਦ ਕਾਰਜ 4 ਅਪਰੈਲ ਦੇ। ਉਹਨਾਂ ਸਮਿਆਂ ਵਿਚ ਬਰਾਤਾਂ ਇੱਕ ਰਾਤ ਰਹਿੰਦੀਆਂ ਸਨ। ਬੀਬੀ ਵਿਚਾਰੀ ਬੁਸ-ਬੁਸ ਕਰਨ ਲੱਗੀ ਤਾਂ ਔਰਤਾਂ ਨੇ ਕਿਹਾ ਕਿ ਅੱਜ ਤੋਂ ਅੱਖ ਨਹੀਂ ਭਰਨੀ, ਸਾਰਾ ਕਾਰਜ ਸ਼ਗਨਾਂ ਨਾਲ ਸਿਰੇ ਚਾੜ੍ਹਨਾ ਹੈ। ਬੀਬੀ ਅਤੇ ਬਾਈ ਜੀ ਮੇਰੇ ਨਾਨਕਿਆਂ ਨੂੰ ਵਿਆਹ ਦੀ ਭੇਲੀ ਦੇ ਆਏ। ਔਰਤਾਂ ਨੇ ਸਾਡੇ ਘਰ ਆ ਕੇ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਹਲਵਾਈ ਵੀ ਆ ਲੱਗੇ। ਲੱਡੂ ਪਕਾਏ ਗਏ ਤਾਂ ਸ਼ਰੀਕੇ ਵਿਚ ਲੱਡੂ ਵੱਟਣ ਦਾ ਸੁਨੇਹਾ ਦਿੱਤਾ ਗਿਆ। ਸਾਰੇ ਜਣੇ ਬੂੰਦੀ ਨਾਲ ਭਰੇ ਕੜਾਹੇ ਦੁਆਲੇ ਪੀੜ੍ਹੀਆਂ ਲੈ ਕੇ ਲੱਡੂ ਵੱਟਣ ਬੈਠ ਗਏ। ਜਦੋਂ ਕੜਾਹਾ ਮੁੱਕਣ 'ਤੇ ਆਇਆ ਤਾਂ ਹਲਵਾਈ ਕਹਿੰਦਾ, "ਇਹ ਲਾਗੀ ਲਈ ਛੱਡ ਦਿਓ।"

ਆਥਣੇ ਤਿੰਨ ਵਜੇ ਬਾਰਾਤ ਤੋਂ ਪਹਿਲਾਂ ਭੈਣਾਂ ਨੇ ਸਿਹਰਾਬੰਦੀ ਕੀਤੀ। ਬੀਬੀ ਨੇ ਸਾਰਿਆਂ ਨੂੰ ਸ਼ਗਨ ਦਿੱਤਾ। ਜਦੋਂ ਵਾਜੇ ਵਾਲਿਆਂ ਨੇ ਘਰ ਅੱਗੇ ਵਾਜੇ ਦੀ ਧੁਨ ਕੱਢੀ ਤਾਂ ਮਾਨ ਸਿੰਘ ਜਿਵੇਂ ਸਾਰੇ ਪਰਿਵਾਰ ਦੀਆਂ ਅੱਖਾਂ ਅੱਗੇ ਘੁੰਮਣ ਲੱਗਿਆ। ਅੱਖਾਂ ਹੰਝੂਆਂ ਨਾਲ ਭਰ ਗਈਆਂ। ਵਾਜੇ ਵਾਲੇ ਅੱਗੇ-ਅੱਗੇ ਸਨ, ਮੈਂ ਅਤੇ ਸਰਬਾਲਾ ਉਹਨਾਂ ਦੇ ਪਿੱਛੇ। ਭੈਣਾਂ ਵਾਲ ਝੱਲ ਰਹੀਆਂ ਸਨ। ਸ਼ਹੀਦਾਂ ਤੇ ਮੱਥਾ ਟੇਕਣ ਪਿੱਛੋਂ ਗੁਰਦੁਆਰੇ ਮੱਥਾ ਟੇਕਿਆ। ਭਾਬੀਆਂ ਨੇ ਮੇਰੇ ਸੁਰਮਾ ਪਾਇਆ। ਬਾਰਾਤ ਮਾਛੀਵਾੜਾ ਲਈ ਰਾਵਾਨਾ ਹੋ ਗਈ। ਧਰਮਸ਼ਾਲਾ ਵਿਚ ਬਰਾਤ ਦਾ ਉਤਾਰਾ ਸੀ। ਬਾਰਾਤੀਆਂ ਲਈ ਮੰਜੇ ਡਹੇ ਪਏ ਸਨ। ਬਾਰਾਤੀ ਆਪੋ-ਆਪਣੇ ਬਿਸਤਰੇ ਲੈ ਕੇ ਗਏ ਸਨ। ਮਾਛੀਵਾੜੇ ਘਰੋਂ ਮੈਨੂੰ ਅਨਲੱਗ ਬਿਸਤਰਾ ਭੇਜਿਆ ਗਿਆ ਸੀ। ਧਰਮਸ਼ਾਲਾ ਵਿਚ ਪਾਣੀ ਦਾ ਘੜਾ, ਜੱਗ ਅਤੇ ਗਲਾਸ ਰੱਖੇ ਹੋਏ ਸਨ। ਕੁਝ ਚਿਰ ਪਿੱਛੋਂ ਸਾਰਿਆਂ ਨੂੰ ਚਾਹ ਪਿਲਾਈ ਗਈ। ਮੇਰੇ ਨਾਲ ਰਾਣਵਾਂ ਪੜ੍ਹਾਉਂਦੇ ਰਹੇ ਅਧਿਆਪਕ ਬ੍ਰਿਜ ਮੋਹਨ ਅਤੇ ਜਗਜੀਤ ਸਿੰਘ ਬਿਜਲੀ ਮੇਰੇ ਕੋਲ ਆ ਕੇ ਪੁੱਛਣ ਲੱਗੇ, "ਦੱਸੋ ਕਿਸ ਚੀਜ਼ ਦੀ ਲੋੜ ਹੈ?" ਮੈਂ ਉਹਨਾਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਬਾਈ ਜੀ ਕੋਲ ਲਿਜਾ ਕੇ ਦੱਸਿਆ, "ਮੈਂ ਇਹਨਾਂ ਨਾਲ ਰਾਣਵਾਂ ਪੜ੍ਹਾਉਂਦਾ ਰਿਹਾ ਹਾਂ।" ਬਾਈ ਜੀ ਨੇ ਉਹਨਾਂ ਨੂੰ ਬੁੱਕਲ ਵਿਚ ਲੈ ਕੇ ਪਿਆਰ ਦਿੱਤਾ।

ਰੋਟੀ ਦਾ ਸੱਦਾ ਆਇਆ ਤਾਂ ਬਾਈ ਜੀ ਕਹਿਣ ਲੱਗੇ, "ਉੱਥੇ ਜਾ ਕੇ ਕੋਈ ਮਾੜੀ ਹਰਕਤ ਨਹੀਂ ਕਰਨੀ।" ਰੋਟੀ ਲਈ ਤੁਰਨ ਲੱਗੇ ਤਾਂ ਰਸਤੇ ਵਿਚ ਚਾਨਣ ਕਰਨ ਲਈ ਘਰੋਂ ਦੋ ਬੰਦੇ, ਮਿੱਟੀ ਦੇ ਤੇਲ ਨਾਲ ਬਲਣ ਵਾਲੇ ਗੈਸ ਲੈ ਕੇ ਆ ਗਏ। ਵਿਆਹ ਵਾਲੇ ਦਰਾਂ ਅੱਗੇ ਵਾਜੇ ਦੀਆਂ ਧੁਨਾਂ 'ਤੇ ਬਾਰਾਤੀਆਂ ਨੇ ਖੂਬ ਭੰਗੜਾ ਪਾਇਆ।

ਰੋਟੀ ਪਿੱਛੋਂ ਬਾਰਾਤ ਨੂੰ ਗੈਸਾਂ ਦੀ ਰੌਸ਼ਨੀ ਵਿਚ ਹੀ ਧਰਮਸ਼ਾਲਾ ਤੱਕ ਛੱਡਿਆ ਗਿਆ। ਬੰਤ ਮਾਮਾ, ਸਰੂਪ ਸਿੰਘ ਵੀਰ ਅਤੇ ਰਾਮ ਆਸਰਾ ਮਾਸੜ ਦੀ ਤਿੱਕੜੀ ਹਾਸਾ-ਮਖੌਲ ਕਰਨ ਲਈ ਸਾਡੀਆਂ ਸਾਰੀਆਂ ਰਿਸ਼ਤੇਦਾਰੀਆਂ ਵਿਚ ਮਸ਼ਹੂਰ ਸੀ। ਉਹਨਾਂ ਦੀਆਂ ਗੱਲਾਂ ਸੁਣ ਕੇ ਸਾਰੇ ਬਾਰਾਤੀ ਉਹਨਾਂ ਦੇ ਮੰਜਿਆਂ ਦੁਆਲੇ ਇਕੱਠੇ ਹੋ ਗਏ। ਬਾਈ ਜੀ ਕਹਿਣ ਲੱਗੇ, "ਲਓ ਇਥੇ ਜਿਵੇਂ ਮਰਜ਼ੀ ਹਾਸਾ-ਮਖੌਲ ਕਰੋ।" "ਰੋਟੀ ਵੇਲੇ ਆਹ ਕਾਲੇ ਅੰਗਰੇਜ਼ ਨੇ ਬੜੀ ਅੰਗਰੇਜ਼ੀ ਵੱਢੀ ਆ।" ਬਾਈ ਜੀ ਬੰਤ ਮਾਮੇ ਵੱਲ ਇਸ਼ਾਰਾ ਕਰਕੇ ਬੋਲੇ ਤਾਂ ਮਾਮੇ ਨੇ ਜਦੇ ਜਵਾਬ ਦਿੱਤਾ ਕਿ ਘੁਆੜੇ (ਕੁਹਾੜੇ) ਵਿਚ ਚਾਰ ਜੀਜੇ ਨੇ ਪਰ ਇਹ ਜੀਜਾ ਮੇਰਾ ਪਿਓ ਵੀ ਹੈ ਅਤੇ ਉਸਤਾਦ ਵੀ। ਮਾਮੇ ਦੀ ਗੱਲ ਰੌਲੇ ਵਿਚ ਹੀ ਗੁਆਚ ਗਈ।

ਅਗਲੇ ਦਿਨ ਨਹਾ ਕੇ ਬਾਰਾਤੀਆਂ ਨੇ ਆਪਣੇ ਟਰੰਕਾਂ ਵਿਚੋਂ ਕੱਪੜੇ ਕੱਢ ਕੇ ਪਾ ਲਏ। ਫਿਰ ਚਾਹ ਆ ਗਈ ਅਤੇ ਨਾਲ ਅਨੰਦਾਂ ਦਾ ਸੱਦਾ ਵੀ। ਉਹਨਾਂ ਸਮਿਆਂ ਵਿਚ ਸਾਰੀ ਬਾਰਾਤ ਹੀ ਅਨੰਦਾਂ 'ਤੇ ਜਾਂਦੀ ਸੀ। ਬਾਰਾਤ ਦੇ ਪੁੱਜਣ ਤੋਂ ਪਹਿਲਾਂ ਅਨੰਦਮਈ ਬਾਣੀ ਦਾ ਕੀਰਤਨ ਹੋ ਰਿਹਾ ਸੀ। ਸਿਹਰਾ ਵਧਾਇਆ ਗਿਆ। ਲੜ ਫੜਾਉਣ ਦੀ ਰਸਮ ਪਿੱਛੋਂ ਚਾਰੇ ਲਾਵਾਂ ਦਾ ਪਾਠ ਸ਼ੁਰੂ ਹੋ ਗਿਆ। ਹਰ ਲਾਵ ਉੱਤੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ। ਸਾਰਾ ਵਿਹੜਾ ਹੀ ਜਿਵੇਂ ਮਹਿਕ ਉਠਿਆ ਹੋਵੇ। ਅਰਦਾਸ ਤੋਂ ਪਿੱਛੋਂ 'ਸੋਨ ਸਵੇਰਾ' ਮੈਗਜ਼ੀਨ (ਲੁਧਿਆਣਾ ਦੇ ਸੰਪਾਦਕ) ਸਵਰਨ ਸਿੰਘ ਪਰਵਾਨਾ ਨੇ ਸਿਹਰਾ ਪੜ੍ਹਿਆ। ਫਿਰ ਪ੍ਰਸਿੱਧ ਕਵੀ ਸਾਧੂ ਸਿੰਘ ਦਰਦ ਨੇ ਸਿੱਖਿਆ ਪੜ੍ਹੀ। ਨਾਲ ਹੀ ਦਰਦ ਸਾਹਿਬ ਨੇ ਸਿਹਰਾ ਵੀ ਸ਼ੁਰੂ ਕਰ ਦਿੱਤਾ। ਸਾਰਿਆਂ ਨੇ ਬਹੁਤ ਪਸੰਦ ਕੀਤਾ। ਸਮਾਪਤੀ ਪਿੱਛੋਂ ਮੇਰੇ ਫੁੱਫੜ ਜੀ ਨੇ ਤਾਂ ਦਰਦ ਸਾਹਿਬ ਨੂੰ ਆਪਣੇ ਬੇਟੇ ਸੁਖਮਿੰਦਰ ਸਿੰਘ ਦੇ ਵਿਆਹ 'ਤੇ ਸਿਹਰਾ ਪੜ੍ਹਨ ਲਈ ਸਾਈ ਦੇ ਦਿਤੀ।

ਅਨੰਦ ਕਾਰਜ ਤੋਂ ਉੱਠਦਿਆਂ ਹੀ ਕੁੜੀਆਂ ਮੇਰੇ ਕੋਲ ਆ ਗਈਆਂ। ਮੇਰੇ ਹਾਣੀ ਪਰਗਟ ਨੇ ਪਹਿਲਾਂ ਹੀ ਲੁਕੋ ਕੇ ਰੱਖੀ ਮੇਰੀ ਜੁੱਤੀ ਮੇਰੇ ਮੂਹਰੇ ਲਿਆ ਕੇ ਰੱਖ ਦਿੱਤੀ। ਕੁੜੀਆਂ ਹੱਕੀਆਂ-ਬੱਕੀਆਂ ਹੋ ਕੇ ਕਹਿਣ ਲਗੀਆਂ, "ਬੜੇ ਚਾਲਾਕ ਨੇ ਘੁਆੜੇ ਆਲੇ। ਚਲੋ ਕੋਈ ਤਾਂ ਫਸੂਗਾ ਹੀ ਜਾਲ ਵਿਚ।" ...ਤੇ ਫਸ ਗਿਆ ਮੇਰੇ ਚਾਚੇ ਦਾ ਮੁੰਡਾ। ਸ਼ਗਨ ਦੇ ਕੇ ਉਸ ਦੀ ਜੁੱਤੀ ਲੈ ਲਈ। ਉਹ ਛੰਦ ਸੁਣਨ ਲਈ ਮੇਰੇ ਮਗਰ ਪੈ ਗਈਆਂ। ਜਦ ਮੈਂ ਕਿਹਾ, "ਮੈਨੂੰ ਤਾਂ ਛੰਦ ਆਉਂਦੇ ਨਹੀਂ" ਤਾਂ ਇੱਕ ਬੋਲੀ, "ਨਿਆਣੇ ਹੀ ਕੁੱਟਣੇ ਆਉਂਦੇ ਨੇ"। ਮੈਂ ਕਿਹਾ, "ਦੱਸੋ ਫਿਰ ਕਿਹੋ ਜਿਹੇ ਛੰਦ ਸੁਣਨੇ ਨੇ?" ਉਹ ਬੋਲੀ ਸਭ ਕੁਝ ਮਨਜ਼ੂਰ ਹੈ।

ਮੈਂ ਚਾਰ ਕੁ ਛੰਦ ਸੁਣਾਏ ਤਾਂ ਮੈਨੂੰ ਅੰਦਰ ਕਮਰੇ ਵਿਚ ਦੁੱਧ ਪਿਲਾਉਣ ਲੈ ਲਈ ਗਏ। ਮੈਨੂੰ ਇੱਕ ਰੁਪਿਆ ਦੇ ਕੇ ਗੁਰੂ ਘਰ ਵਿਚ ਮੱਥਾ ਟੇਕ ਕੇ ਆਉਣ ਲਈ ਕਿਹਾ ਗਿਆ। ਖੱਟ ਉੱਤੇ ਵਡਿਆਈਆਂ ਕੀਤੀਆਂ ਗਈਆਂ। ਖੱਟ ਤੋਂ ਪਿੱਛੋਂ ਧਰਮਸ਼ਾਲਾ ਪਹੁੰਚੇ ਤਾਂ ਦੁਪਹਿਰ ਦੀ ਰੋਟੀ ਦਾ ਸੱਦਾ ਆ ਗਿਆ। ਰੋਟੀ ਖਾ ਕੇ ਜਦੋਂ ਧਰਮਸ਼ਾਲਾ ਆਏ ਤਾਂ ਸਾਡਾ ਵਿਚੋਲਾ ਬਾਈ ਜੀ ਨੂੰ ਆ ਕੇ ਪੁੱਛਣ ਲੱਗਿਆ, "ਸੇਵਾ ਦੀ ਕੋਈ ਕਮੀ ਰਹਿ ਗਈ ਤਾਂ ਦੱਸ ਦੇ।" ਬਾਈ ਜੀ ਕਹਿੰਦੇ, "ਜਿਹਨਾਂ ਨੇ ਪੜ੍ਹੀ-ਲਿਖੀ ਲੜਕੀ ਦੇ ਦਿੱਤੀ, ਬਾਕੀ ਕੀ ਰਹਿ ਗਿਆ।" ਵਿਦਾਇਗੀ ਦਾ ਸੱਦਾ ਆਇਆ ਤਾਂ ਸਾਰਿਆਂ ਨੇ ਬੱਸ ਉੱਤੇ ਆਪੋ-ਆਪਣੇ ਟਰੰਕ ਬਿਸਤਰੇ ਲੱਦ ਕੇ ਰੱਸੇ ਨਾਲ ਬੰਨ੍ਹ ਦਿੱਤੇ। ਵਿਆਹ ਵਾਲੇ ਘਰ ਨੂੰ ਜਾਂਦੀ ਬੀਹੀ ਅੱਗੇ ਬੱਸ ਰੁਕੀ ਹੋਈ ਸੀ। ਵਾਜੇ ਵਾਲੇ ਵੀ ਘਰ ਅੱਗੇ ਜਾ ਰਹੇ। ਬੱਸ ਉੱਤੇ ਲੱਕੜ ਦੀ ਪੇਟੀ ਅਤੇ ਮੇਜ਼ ਕੁਰਸੀਆਂ ਲੱਦ ਦਿੱਤੀਆਂ ਗਈਆਂ। ਡਰਾਈਵਰ ਸੀਟ ਦੇ ਪਿੱਛੇ ਵਾਲੀ ਸੀਟ ਨੂੰ ਬਾਕੀ ਸੀਟਾਂ ਨਾਲੋਂ ਵੱਖ ਕਰਨ ਲਈ ਉਸ ਦੇ ਪਿੱਛੇ ਚਾਦਰ ਬੰਨ੍ਹ ਦਿਤੀ ਗਈ। ਵਾਜਾ ਵੱਜਦਾ ਜਦ ਬੱਸ ਕੋਲ ਪੁੱਜ ਗਿਆ ਤਾਂ ਸਾਡੇ ਦੋਹਾਂ ਉੱਤੋਂ ਵਾਰਨੇ ਕੀਤੇ ਜਾਣ ਲੱਗੇ। ਬੱਸ ਦੇ ਉੱਤੋਂ ਪੈਸੇ ਸੁੱਟਣ ਲਈ ਬਾਈ ਜੀ ਲਾਲ ਥੈਲੀ ਵਿਚ ਪੈਸੇ ਚੁੱਕੀਂ ਖੜ੍ਹੇ ਸਨ।



*ਲਿਖਾਰੀ ਤੇਲੂ ਰਾਮ ਕੁਹਾੜਾ ਆਪਣੀ ਪਤਨੀ ਮਨਜੀਤ ਕੌਰ ਨਾਲ।*

ਵਾਰਨਿਆਂ ਪਿੱਛੋਂ ਸਾਨੂੰ ਅਗਲੀ ਬਾਰੀ ਰਾਹੀਂ ਬੱਸ ਵਿਚ ਡਰਾਈਵਰ ਸੀਟ ਦੇ ਪਿੱਛੇ ਵਾਲੀ ਸੀਟ 'ਤੇ ਬਿਠਾ ਦਿੱਤਾ। ਉਸ ਨੇ ਲੰਮਾ ਘੁੰਡ ਕੱਢਿਆ ਹੋਇਆ ਸੀ। ਲਾਗਣ ਨੇ ਉਸ ਨੂੰ ਸ਼ੀਸ਼ੇ ਵਾਲੇ ਪਾਸੇ ਬੈਠਾ ਦਿੱਤਾ। ਉਸ ਦੇ ਨਾਲ ਆਪ ਬੈਠ ਗਈ। ਫਿਰ ਉਸ ਦੇ ਮਾਮੇ ਦਾ ਮੁੰਡਾ, ਉਸ ਦੇ ਕੋਲ ਮੈਂ ਅਤੇ ਮੇਰੇ ਸਰਬਾਲੇ ਛੋਟੇ ਭਾਈ ਅੰਮ੍ਰਿਤ ਸਿੰਘ ਨੂੰ ਨਾਲ ਬਿਠਾਇਆ ਗਿਆ। ਸਿਕਿਉਰਿਟੀ ਪੂਰੀ ਟਾਈਟ ਕਰ ਦਿੱਤੀ ਗਈ। ਇਸ ਤਰ੍ਹਾਂ ਦਾ ਸੀ ਆਪਣੀ ਹਮਸਫਰ ਨਾਲ ਸ਼ੁਰੂ ਹੋਣ ਵਾਲਾ ਪਹਿਲਾ ਸਫਰ। ਬਾਈ ਜੀ, ਮੇਰੇ ਮਾਮੇ, ਚਾਚੇ, ਤਾਏ ਬੱਸ ਉੱਤੋਂ ਪੈਸੇ ਸੁੱਟ ਰਹੇ ਸਨ।

ਬਾਰਾਤ ਵਾਲੀ ਬੱਸ ਜਿਉਂ ਹੀ ਸਾਡੇ ਪਿੰਡ ਦੇ ਦਰਵਾਜ਼ੇ ਅੱਗੇ ਰੁਕੀ, ਵਾਜੇ ਵਾਲਿਆਂ ਨੇ ਢੋਲ ਉੱਤੇ ਡੱਗਾ ਮਾਰਿਆ ਤਾਂ ਸਾਨੂੰ ਉਤਾਰਨ ਲਈ ਘਰੋਂ ਪੂਰਾ ਹੀ ਮੇਲ ਆ ਗਿਆ। ਡਰਾਈਵਰ ਨੇ ਆਪਣਾ ਸ਼ਗਨ ਲੈ ਕੇ ਹੀ ਬੱਸ ਦੀ ਟਾਕੀ ਖੋਲ੍ਹੀ। ਮੈਂ ਉੱਤਰਨ ਲੱਗਿਆ ਤਾਂ ਮੇਰੀ ਭਾਬੀ ਨੇ ਠਾਹ ਦੇ ਕੇ ਟਾਕੀ ਲਾ ਕੇ ਕਿਹਾ, "ਐਂ ਕਿਵੇਂ ਉੱਤਰ ਜਾਏਂਗਾ, ਸ਼ਗਨ ਕੱਢ ਕੁੜੀਆਂ ਦਾ।" ਮੈਂ ਸ਼ਗਨ ਦੇ ਕੇ ਹੇਠਾਂ ਉੱਤਰ ਗਿਆ। ਮੇਰੇ ਹੱਥ ਫੜੀ ਗੁਲਾਬੀ ਚੁੰਨੀ ਉਸ ਦੇ ਹੱਥ ਵਿਚ ਫੜਾ ਦਿੱਤੀ ਗਈ। ਪਿੰਡ ਦੇ ਦਰਵਾਜ਼ੇ ਦੇ ਕੌਲਿਆਂ ਨਾਲ ਸਾਡੀ ਲਾਗਣ ਨੇ ਤੇਲ 'ਚੋਂ ਕੇ ਖੇੜੇ ਦੀ ਖੈਰ ਮੰਗੀ। ਅਸੀਂ ਘਰ ਦੇ ਦਰਵਾਜ਼ੇ ਅੱਗੇ ਪੁੱਜੇ ਤਾਂ ਭੈਣਾਂ ਨੇ ਫਿਰ ਰਾਹ ਰੋਕ ਲਿਆ। ਉਨ੍ਹਾਂ ਨੂੰ ਅਤੇ ਸਾਡੇ ਦਰਾਂ ਦੇ ਕੌਲਿਆਂ 'ਤੇ ਤੇਲ ਚੋਣ ਵਾਲੀ ਨੂੰ ਮੈਂ ਫਿਰ ਸ਼ਗਨ ਦਿੱਤਾ। ਮੈਂ ਅਤੇ ਮੇਰੀ ਹਮਸਫਰ ਨੇ ਸਾਹਮਣੇ ਖੜ੍ਹੀ ਬੀਬੀ ਦੇ ਚਰਨ ਛੂਹੇ ਤਾਂ ਬੀਬੀ ਨੇ ਅਸੀਸ ਦਿੱਤੀ, "ਭਾਈ ਜੀਵੇ ਸਾਈਂ ਜੀਵੇ।" ਬੀਬੀ ਨੇ ਸਾਡੇ ਉੱਤੋਂ ਪਾਣੀ ਵਾਰ ਕੇ ਪੀਤਾ ਤਾਂ ਹੀ ਅਸੀਂ ਅੰਦਰ ਵੜੇ। ਸਾਰੇ ਵਿਆਹ ਵਿਚ ਛੋਟਾ ਵੀਰ ਮਾਨ ਸਿੰਘ ਅੱਖਾਂ ਸਾਹਮਣੇ ਘੁੰਮਦਾ ਰਿਹਾ। ਕਈ ਵਾਰ ਭੁੱਬਾਂ 'ਤੇ ਕਾਬੂ ਪਾਇਆ। ਘਰ ਚਾਹ ਪੀ ਕੇ ਜਦੋਂ ਉਧਰ ਚਾਚੇ ਦੇ ਘਰ ਗਿਆ ਤਾਂ ਚਾਚੇ ਦਾ ਮੁੰਡਾ ਗਿਆਨ ਪੌੜੀਆਂ ਵਿਚ ਬੈਠਾ ਰੋ ਰਿਹਾ ਸੀ। ਗਿਆਨ ਅਤੇ ਮਾਨ ਪਹਿਲੀ ਤੋਂ ਲੈ ਕੇ ਇੱਕਠੇ ਹੀ ਪੜ੍ਹੇ ਸਨ। ਉਸ ਨੂੰ ਚੁੱਪ ਕਰਾਉਣ ਲੱਗਿਆ ਤਾਂ ਮੇਰਾ ਵੀ ਰੋਣ ਨਿਕਲ ਆਇਆ।

ਅਗਲੇ ਦਿਨ ਸਵੇਰੇ ਕੰਗਣਾ ਖੇਲ੍ਹਿਆ ਗਿਆ। ਪਿੰਡ ਦੇ ਗੁਰਦੁਆਰੇ ਅਤੇ ਸ਼ਹੀਦਾਂ ਉੱਤੇ ਮੱਥਾ ਟੇਕਣ ਗਏ। ਸਾਡੇ ਮਗਰ-ਮਗਰ ਸਾਰਾ ਮੇਲ ਗੀਤ ਗਾ ਰਿਹਾ ਸੀ। ਸ਼ਹੀਦਾਂ ਉੱਤੇ ਮੱਥਾ ਟੇਕਣ ਪਿੱਛੋਂ ਛਟੀਆਂ ਖੇਲ੍ਹਣ ਦੀ ਰਸਮ ਵੀ ਹੋਈ। ਘਰ ਆਏ ਤਾਂ ਵਿਹੜੇ ਵਿਚ ਮੰਜੇ ਡਾਹ ਕੇ ਵਿਆਹ ਵਿਚ ਆਇਆ ਸਾਰਾ ਦਾਜ ਸਜਾਇਆ ਗਿਆ। ਵਿਚਾਲੇ ਦਾਜ ਵਿਚ ਆਇਆ ਸਾਈਕਲ ਵੀ ਖੜ੍ਹਾ ਸੀ। ਉਸ ਦੇ ਹੈਂਡਲ ਨਾਲ ਖੰਭਣੀ ਲਪੇਟੀ ਗਈ ਸੀ। ਹੈਂਡਲ ਨਾਲ ਮੋਰਾਂ ਅਤੇ ਕਬੂਤਰਾਂ ਦੀ ਕਢਾਈ ਵਾਲਾ ਝੋਲਾ ਲਟਕਦਾ ਸੀ। ਕਿਸੇ ਟਾਵੇਂ-ਟਾਵੇਂ ਵਿਆਹ ਵਿਚ ਹੀ ਸਾਈਕਲ ਆਉਂਦਾ ਸੀ। ਦਿਖਾਵਾ ਦੇਖਣ ਵਾਲੀਆਂ ਪਿੰਡ ਦੀਆਂ ਔਰਤਾਂ ਆਉਣੀਆਂ ਸ਼ੁਰੂ ਹੋ ਗਈਆਂ। ਉਹ ਸਭ ਤੋਂ ਪਹਿਲਾਂ ਨਵੀਂ ਵਿਆਹੀ ਦਾ ਘੁੰਡ ਚੁੱਕਦੀਆਂ। ਉਸ ਨੂੰ ਅਸੀਸਾਂ ਦੇ ਨਾਲ ਸ਼ਗਨ ਦਿੰਦੀਆਂ। ਫਿਰ ਇਕੱਲੇ-ਇਕੱਲੇ ਮੰਜੇ ਕੋਲ ਜਾ ਕੇ ਤਿਓਰ ਦੇਖਦੀਆਂ। ਚਾਦਰਾਂ ਅਤੇ ਸਿਰਹਾਣਿਆਂ 'ਤੇ ਕੀਤੀ ਕਢਾਈ ਨੂੰ ਬਹੁਤ ਹੀ ਗਹੁ ਨਾਲ ਦੇਖਦੀਆਂ ਗੱਲਾਂ ਕਰ ਰਹੀਆਂ ਸਨ, "ਸੁਣਿਆ ਬਹੂ ਨੇ ਸਲਾਈ ਕਢਾਈ ਦਾ ਦੋ ਸਾਲ ਕੋਰਸ ਕੀਤਾ ਹੋਇਆ।" ਦੂਜੀ ਕਹਿ ਰਹੀ ਸੀ, "ਮੈਂ ਤਾਂ ਸੁਣਿਆ ਇਹ ਮਾਛੀਵਾੜੇ ਪੜ੍ਹਾਉਂਦੀ ਵੀ ਹੈ।"

ਉਸ ਦੇ ਭਾਈ ਉਸ ਨੂੰ ਲੈਣ ਆ ਗਏ। ਚਾਚੇ ਦੇ ਘਰ ਰੋਟੀ ਖਾ ਕੇ ਆਉਣ ਪਿੱਛੋਂ ਉਸ ਨੂੰ ਵਿਦਾ ਕਰਨ ਦੀ ਤਿਆਰੀ ਹੋਣ ਲੱਗੀ। ਦੁਪਹਿਰ ਤੋਂ ਪਿੱਛੋਂ ਜਦੋਂ ਉਹ ਚਲੇ ਗਏ ਤਾਂ ਭੈਣ ਅਤੇ ਜੀਜਾ ਜੀ ਹੀ ਰਹਿ ਗਏ ਸਨ। ਬਾਈ ਜੀ ਅਤੇ ਬੀਬੀ, ਮਾਨ ਸਿੰਘ ਨੂੰ ਯਾਦ ਕਰਕੇ ਇੱਕਦਮ ਉਦਾਸ ਹੋ ਗਏ। ਉਹ ਬੇਵਸੀ ਵਿਚ ਆਪਣੇ ਹੰਝੂ ਵਿਚੇ ਹੀ ਪੀ ਗਏ। ਦੋ ਕੁ ਦਿਨ ਪਿੱਛੋਂ ਉਸ ਨੂੰ ਫਿਰ ਛੱਡ ਗਏ ਤਾਂ ਰਾਤ ਨੂੰ ਪਹਿਲੀ ਮੁਲਾਕਾਤ ਹੋਈ। ਉਸ ਨੇ ਘੁੰਡ ਕੱਢਿਆ ਹੋਇਆ ਸੀ। ਹੱਥ ਵਿਚ ਦੁੱਧ ਦਾ ਭਰਿਆ ਹੋਇਆ ਗਲਾਸ ਸੀ। ਮੈਨੂੰ ਯਾਦ ਨਹੀਂ, ਉਸ ਨੂੰ ਮੇਰੇ ਕਮਰੇ ਵਿਚ ਕੌਣ ਛੱਡ ਕੇ ਗਿਆ ਸੀ ਪਰ ਉਸ ਦੇ ਬੋਲ ਅਜੇ ਵੀ ਯਾਦ ਨੇ, "ਤੇਲੂ ਘੁੰਡ ਚੁੱਕਣ ਵੇਲੇ ਮੂੰਹ ਦਿਖਾਈ ਦਾ ਸ਼ਗਨ ਦੇ ਦਈਂ।" ਮੈਂ ਉਸ ਨੂੰ ਮੋਢਿਆਂ ਤੋਂ ਫੜ ਕੇ ਪਲੰਘ ਉੱਤੇ ਬਿਠਾਇਆ। ਘੁੰਡ ਚੁੱਕ ਕੇ ਉਸ ਨੂੰ ਸ਼ਗਨ ਫੜਾਉਂਦਿਆਂ ਕਿਹਾ, "ਦੂਰੋਂ ਮੈਂ ਤੈਨੂੰ ਮਾਛੀਵਾੜੇ ਦੇ ਡਾਕਖਾਨੇ ਕੋਲ ਬਹੁਤ ਵਾਰ ਦੇਖਿਆ।"

"ਸਾਨੂੰ ਪਤਾ ਲੱਗ ਜਾਂਦਾ ਸੀ।" ਉਸ ਨੇ ਮੁਸਕਰਾ ਕੇ ਕਿਹਾ।

"ਫਿਰ ਤੁਸੀਂ ਘਰ ਆ ਜਾਇਆ ਕਰਦੇ।"

"ਟੱਬੇ ਖਾਣੇ ਸੀ?"

ਉਹਨਾਂ ਸਮਿਆਂ ਵਿਚ ਮੰਗੇਤਰ ਦੇ ਪਿੰਡ ਵਿਚੋਂ ਲੰਘਣ ਨੂੰ ਵੀ ਬਹੁਤ ਬੁਰਾ ਮਨਾਇਆ ਜਾਂਦਾ ਸੀ। "ਮੈਂ ਵੀ ਥੋਨੂੰ ਮਾਛੀਵਾੜੇ ਕਵੀ ਦਰਬਾਰ ਵਿਚ ਦੂਰੋਂ ਹੀ ਦੇਖਿਆ ਸੀ।" ਮੈਂ ਵਾਰ-ਵਾਰ ਉਸ ਨੂੰ ਇਹੀ ਕਹਿੰਦਾ, "ਮੇਰੇ ਮਾਂ-ਪਿਓ ਦੀ ਪੂਰੀ ਇੱਜ਼ਤ ਅਤੇ ਸੇਵਾ ਕਰਨੀ ਹੈ।" ਉਹ ਵਾਰ-ਵਾਰ ਕਹਿੰਦੀ, "ਇਹ ਨਾ ਤੁਸੀਂ ਫਿਕਰ ਕਰੋ।" ਅੱਧੀ ਰਾਤ ਤੱਕ ਗੱਲਾਂ ਹੁੰਦੀਆਂ ਰਹੀਆਂ। ਦੂਜੀ ਰਾਤ ਉਸ ਨੇ ਉਹ ਗੱਲਾਂ ਦੱਸੀਆਂ ਜਿਸ ਨਾਲ ਮਨ ਉਦਾਸ ਹੋ ਗਿਆ।

ਮੈਂ ਪੁੱਛਿਆ, "ਇਹ ਗੱਲਾਂ ਤੂੰ ਕੱਲ੍ਹ ਕਿਉਂ ਨਾ ਸੁਣਾਈਆਂ?"

"ਸ਼ਗਨਾਂ ਦੀ ਰਾਤ ਮੈਂ ਦੁੱਖ ਭਰੀਆਂ ਗੱਲਾਂ ਨਹੀਂ ਸੀ ਕਰਨਾ ਚਾਹੁੰਦੀ।"

ਉਸ ਦੀ ਗੱਲ ਵਿਚੋਂ ਮੈਨੂੰ ਉਸ ਦੀ ਸਿਆਣਪ ਝਲਕਦੀ ਨਜ਼ਰ ਆਈ। ਉਸ ਨੇ ਦੱਸਿਆ, "ਮੇਰਾ ਜਨਮ 1941 ਵਿਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਵਿਚ ਗਿੱਲਾਂ ਦੇ ਚੱਕ ਨੰਬਰ 91 ਵਿਚ ਹੋਇਆ ਪਰ ਸਾਡਾ ਪੁਰਾਣਾ ਪਿੰਡ ਮਲੌਦ ਕੋਲ ਲਸਾੜਾ ਹੈ। ਮੇਰੇ ਬਾਪੂ ਜੀ ਸ. ਮਿੱਤ ਸਿੰਘ 1947 ਤੋਂ ਪਹਿਲਾਂ ਹੀ ਖੰਡ ਮਿੱਲ ਫਗਵਾੜਾ ਵਿਚ ਕੰਮ ਕਰਦੇ ਸਨ। ਉਹ ਛੁੱਟੀ ਕੱਟਣ ਰੇਲ 'ਤੇ ਚੜ੍ਹ ਕੇ ਪੱਕਾ ਅੰਨਾ ਰੇਲਵੇ ਸਟੇਸ਼ਨ 'ਤੇ ਉੱਤਰ ਕੇ ਤੁਰ ਕੇ ਪਿੰਡ ਪਹੁੰਚਦੇ ਸਨ। ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਹਨਾਂ ਨੂੰ ਮਜਬੂਰਨ ਆਪਣਾ ਪਿੰਡ ਚੱਕ 91 ਛੱਡਣਾ ਪਿਆ। ਇਹ ਫੈਸਲਾ ਹੋਇਆ ਕਿ ਸਾਰੇ ਆਂਢੀ-ਗੁਆਂਢੀ ਲਾਭ ਸਿੰਘ ਗਿੱਲ ਦੇ ਟਰੱਕ ਵਿਚ ਪਿੰਡੋਂ ਜਾਣਗੇ। ਕੁਝ ਬੰਦੇ ਗੱਡਿਆਂ ਵਿਚ ਸਮਾਨ ਲੱਦ ਕੇ ਬਾਰਡਰ ਪਾਰ ਕਰਨਗੇ। ਜਿਉਂ ਹੀ ਟਰੱਕ ਸਾਂਝੀ ਥਾਂ 'ਤੇ ਲਾਇਆ ਗਿਆ ਤਾਂ ਟਰੱਕ ਵਿਚ ਸਾਰੇ ਭੁੱਬਾਂ ਮਾਰਦੇ-ਮਾਰਦੇ ਚੜ੍ਹ ਰਹੇ ਸਨ। ਮੇਰੀ ਦਾਦੀ ਹਰਨਾਮ ਕੌਰ ਅੜ ਗਈ ਕਿ ਉਹ ਅਪਣਾ ਪਿੰਡ ਛੱਡ ਕੇ ਨਹੀਂ ਜਾਣਾ ਚਾਹੁੰਦੀ। ਉਸ ਨੂੰ ਲੋਕ ਬਥੇਰਾ ਸਮਝਾਉਣ ਕਿ ਕੋਈ ਪਤਾ ਨਹੀਂ ਕਦੋਂ ਹਤਿਆਰੇ ਆ ਕੇ ਸਾਰਿਆਂ ਨੂੰ ਮੌਤ ਦੇ ਘਾਟ ਉਤਾਰ ਦੇਣ ਪਰ ਉਹ ਮੰਨਣ ਵਿਚ ਨਾ ਆਵੇ। ਕਹੀ ਜਾਵੇ- 'ਮੈਨੂੰ ਜੇ ਕੋਈ ਮਾਰਦਾ ਤਾਂ ਮਾਰ ਦੇਵੇ, ਆਪਣੇ ਪਿੰਡ ਵਿਚ ਤਾਂ ਮਰੂੰਗੀ।' ਮਾਧੋ ਚਾਚੇ ਨੇ ਵੀ ਕਿਹਾ, 'ਮਾਂ ਤੂੰ ਸਾਰਿਆਂ ਨੂੰ ਮਰਵਾਏਂਗੀ।' 'ਤੁਸੀਂ ਜਾਓ, ਮੈਨੂੰ ਇੱਥੇ ਹੀ ਮਰ ਜਾਣ ਦਿਓ।' ਸਾਰਿਆਂ ਨੇ ਫੈਸਲਾ ਕੀਤਾ ਕਿ ਟਰੱਕ ਨੂੰ ਇਥੋਂ ਛੇਤੀ-ਛੇਤੀ ਕੱਢਿਆ ਜਾਵੇ।...

... ਮੇਰੀ ਬੀਬੀ ਕਰਤਾਰ ਕੌਰ 1947 ਤੋਂ ਪਹਿਲਾਂ ਹੀ ਮੈਨੂੰ ਛੋਟੀ ਜਿਹੀ ਨੂੰ ਸਦਾ ਲਈ ਛੱਡ ਗਈ ਸੀ। ਮੇਰੇ ਨਾਲੋਂ ਵਡਾ ਮੇਰਾ ਇੱਕ ਭਾਈ ਪੂਰਨ ਸਿੰਘ ਹੁੰਦਾ ਸੀ। ਉਸ ਦੀ ਵੀ ਮੌਤ ਹੋ ਗਈ ਸੀ। ਜਦੋਂ ਮੇਰਾ ਜਨਮ ਹੋਇਆ ਤਾਂ ਬਾਪੂ ਜੀ ਅਤੇ ਬੀਬੀ ਮੇਰੀ ਲੰਮੀ ਉਮਰ ਦੀ ਕਾਮਨਾ ਨੂੰ ਲੈ ਕੇ ਜ਼ਿਲ੍ਹਾ ਸਿਆਲਕੋਟ ਵਿਚ ਭਗਤ ਪੂਰਨ ਦੇ ਖੂਹ 'ਤੇ ਨਹਾ ਕੇ ਲਿਆਏ ਸਨ। ਮੈਂ ਤਾਂ ਬਚ ਗਈ ਪਰ ਮੇਰੀ ਬੀਬੀ ਥੋੜ੍ਹਾ ਚਿਰ ਪਿੱਛੋਂ ਮਰ ਗਈ ਸੀ। ਜਦੋਂ ਸਾਡੇ ਪਿੰਡੋਂ ਟਰੱਕ ਚੱਲਣ ਲੱਗਿਆ ਤਾਂ ਚਾਚੀ ਮੈਨੂੰ ਤਾਂ ਟਰੱਕ ਵਿਚ ਲੈ ਕੇ ਬੈਠ ਗਈ ਪਰ ਚਾਚੀ ਆਪਣੀ ਕੁੜੀ ਦੇਬੋ ਨੂੰ ਚੜ੍ਹਾਉਣਾ ਹੀ ਭੁੱਲ ਗਈ। ਟਰੱਕ ਚੱਲ ਪਿਆ ਤਾਂ ਰੌਲਾ ਪੈ ਗਿਆ ਕਿ ਦੇਬੋ ਕਿੱਥੇ ਹੈ, ਦੇਬੋ ਕਿੱਥੇ ਹੈ? ਟਰੱਕ ਬੰਦ ਕਰਕੇ ਪਿੰਡ ਦੇ ਲੋਕਾਂ ਦੀ ਇੱਕ ਹੋਰ ਭੀੜ ਵਿਚੋਂ ਉਸ ਨੂੰ ਲੱਭ ਕੇ ਲਿਆਂਦਾ ਤਾਂ ਟਰੱਕ ਚੱਲਿਆ। ਮਾਧੋ ਚਾਚੇ ਅਤੇ ਹੋਰ ਕਈ ਬੰਦਿਆਂ ਨੂੰ ਸਮਾਨ ਵਾਲੇ ਗੱਡਿਆਂ ਨਾਲ ਆਉਣ ਵਾਸਤੇ ਉੱਥੇ ਹੀ ਛੱਡ ਦਿੱਤਾ ਗਿਆ।"

ਸੰਪੂਰਨ ਕੌਰ ਪੂਰੋ ਨੇ ਦੱਸਿਆ, "ਮੇਰੀ ਨਾਨੀ ਵੱਖਰੇ ਕਾਫਲੇ ਵਿਚ ਸੀ ਅਤੇ ਬਿਮਾਰ ਹੋ ਕੇ ਮਰ ਗਈ ਸੀ। ਉਸ ਨੂੰ ਉੱਥੇ ਹੀ ਲਾਹ ਕੇ ਧਰਤੀ ਵਿਚ ਦੱਬ ਕੇ ਕਾਫਲਾ ਅੱਗੇ ਚੱਲ ਪਿਆ ਸੀ। ਸਾਨੂੰ ਟਰੱਕ ਵਿਚੋਂ ਫਗਵਾੜੇ ਆ ਕੇ ਲਾਹ ਦਿੱਤਾ। ਉੱਥੇ ਅਸੀਂ ਕਿਰਾਏ 'ਤੇ ਲਏ ਬਾਪੂ ਜੀ ਵਾਲੇ ਘਰ ਚਲੇ ਗਏ। ਕੁਝ ਚਿਰ ਪਿੱਛੋਂ ਸਾਨੂੰ ਮਲੌਦ ਵਿਚ ਘਰ ਅਲਾਟ ਹੋ ਗਿਆ। ਉੱਥੇ ਮੈਂ ਪਹਿਲੀ ਜਮਾਤ ਵਿਚ ਦਾਖਲ ਹੋ ਗਈ। ਚੱਕ 91 ਤੋਂ ਆਏ ਗਿੱਲਾਂ ਵਾਲੇ ਜ਼ਿਮੀਦਾਰਾਂ ਦੇ ਕੁਝ ਪਰਿਵਾਰਾਂ ਨੂੰ ਮਾਛੀਵਾੜੇ, ਕੁਝ ਨੂੰ ਧਨਾਨਸੂ ਅਤੇ ਕੁਝ ਨੂੰ ਕੂੰਮ ਕਲਾਂ ਜ਼ਮੀਨ ਅਲਾਟ ਹੋ ਗਈ। ਥੋੜ੍ਹਾ ਚਿਰ ਪਿੱਛੋਂ ਮਾਛੀਵਾੜੇ ਵਾਲੇ ਪਰਿਵਾਰ ਸਾਨੂੰ ਮਲੌਦ ਤੋਂ ਮਾਛੀਵਾੜੇ ਲੈ ਆਏ। ਅਸੀਂ ਵੀ ਉਹਨਾਂ ਦੇ ਨਾਲ ਹੀ ਮਾਛੀਵਾੜੇ ਪੱਕੇ ਤੌਰ 'ਤੇ ਰਹਿਣ ਲੱਗੇ। ਰਿਸ਼ਤੇਦਾਰਾਂ ਦੇ ਕਹਿਣ 'ਤੇ ਬਾਪੂ ਜੀ ਨੇ ਰਿਸ਼ਤੇਦਾਰੀ ਵਿਚ ਹੀ ਦੂਜਾ ਵਿਆਹ ਕਰਵਾ ਲਿਆ। ਮੈਂ ਦੂਜੀ ਮਾਂ ਨੂੰ ਮਾਸੀ ਕਹਿੰਦੀ ਹੁੰਦੀ ਸੀ। ਉਹ ਵਿਚਾਰੀ ਵੀ ਤਿੰਨ ਕੁ ਸਾਲ ਪਹਿਲਾਂ ਮਰ ਗਈ ਸੀ। ਬਾਪੂ ਜੀ ਦੀ ਜ਼ਿੰਦਗੀ ਫਿਰ ਦੁੱਖਾਂ ਵਿਚ ਪੈ ਗਈ। ਮੈਨੂੰ ਮਾਛੀਵਾੜੇ ਵਾਲੀ ਚਾਚੀ ਗੁਲਾਬ ਕੁਰ ਆਪਣੇ ਕੋਲ ਲੈ ਆਈ ਜਿੱਥੋਂ ਦਸਵੀਂ ਪਾਸ ਕਰਕੇ ਮੈਂ ਫਿਰ ਫਗਵਾੜੇ ਸਿਲਾਈ ਕਢਾਈ ਦਾ ਡਿਪਲੋਮਾ ਕਰਨ ਚਲੀ ਗਈ। ਐਕਣ ਮੈਂ ਬਾਪੂ ਜੀ ਕੋਲ ਦੋ ਸਾਲ ਹੋਰ ਰਹੀ। ਫਿਰ ਮੈਂ ਮਾਛੀਵਾੜਾ ਵਿਖੇ ਪੰਚਾਇਤੀ ਸਕੂਲ ਵਿਚ ਪੜ੍ਹਾਉਣ ਲੱਗੀ। ਹੁਣ ਮੈਂ ਤੁਹਾਡੇ ਕੋਲ ਆ ਗਈ ਹਾਂ। ਰਾਏਕੋਟ ਵਾਲੀ ਮਾਸੀ ਚਰਨੋ ਵੀ ਥੋੜ੍ਹਾ ਚਿਰ ਫਗਵਾੜੇ ਰਹਿ ਕੇ ਆਪਣੇ ਘਰ ਚਲੀ ਜਾਊਗੀ। ਪਿੱਛੇ ਬੱਚੇ ਛੋਟੇ-ਛੋਟੇ ਹਨ। ਕਈ ਵਾਰ ਮਿੱਲ ਵਿਚ ਬਾਪੂ ਜੀ ਦੀ ਡਿਊਟੀ ਰਾਤ ਦੀ ਹੁੰਦੀ ਹੈ। ਬਾਪੂ ਜੀ ਨੂੰ ਹੁਣ ਬਹੁਤ ਔਖਾ ਜਾਣੈ।... ਤੂੰ ਫਿਕਰ ਨਾ ਕਰ, ਉਹ ਹੁਣ ਮੇਰੇ ਵੀ ਤਾਂ ਬਾਪੂ ਜੀ ਹਨ।"

ਦੋ ਕੁ ਦਿਨ ਪਿੱਛੋਂ ਅਸੀਂ ਬਾਪੂ ਜੀ ਨੂੰ ਮਿਲਣ ਗਏ। ਫਗਵਾੜੇ ਬੱਸ ਅੱਡੇ ਵਿਚੋਂ ਅਸੀਂ ਰਿਕਸ਼ਾ ਲੈ ਲਿਆ। ਸਤਿਨਾਮਪੁਰਾ ਇਲਾਕੇ ਵਿਚ ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਦੇ ਸਾਹਮਣਿਓਂ ਖੰਡ ਮਿੱਲ ਦੀ ਕਲੋਨੀ ਨੂੰ ਜਾਂਦੇ ਕੱਚੇ ਰਾਹ ਤੋਂ ਅਸੀਂ ਕਲੋਨੀ ਵੱਲ ਮੁੜ ਪਏ। ਸਾਡੇ ਖੱਬੇ ਪਾਸੇ ਬੇਰੀਆਂ ਦਾ ਬਹੁਤ ਵੱਡਾ ਬਾਗ ਸੀ। ਪੂਰੋ ਨੇ ਕਿਹਾ, "ਇਹ ਕਾਲੇ ਕੰਡੇ ਦੀਆਂ ਬੇਰੀਆਂ ਦਾ ਬਾਗ ਹੈ। ਇਹਨਾਂ ਦੇ ਬੇਰ ਬਹੁਤ ਸੁਆਦ ਹੁੰਦੇ ਹਨ।" ਮੈਂ ਕਿਹਾ, "ਪਿੰਡ ਨੂੰ ਵੀ ਲੈ ਚੱਲਾਂਗੇ।"

*(ਬਾਕੀ ਅਗਲੇ ਸਫੇ 'ਤੇ)*

# ਰਾਸ਼ਟਰਮੰਡਲ ਖੇਡਾਂ ਵਿਚ ਤਗਮਾ ਜੇਤੂ ਹਰਜਿੰਦਰ ਕੌਰ, ਕੋਚ ਪਰਮਜੀਤ ਸ਼ਰਮਾ ਅਤੇ ਪੰਜਾਬੀ ਯੂਨੀਵਰਸਿਟੀ

ਬਲਵਿੰਦਰ ਸਿੰਘ

ਬਰਮਿੰਘਮ ਵਿਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥੀ ਖਿਡਾਰੀ ਹਰਜਿੰਦਰ ਕੌਰ ਨੇ ਕਾਂਸੀ ਦਾ ਤਗਮਾ ਜਿੱਤਿਆ ਗਿਆ ਹੈ। ਹਰਜਿੰਦਰ ਕੌਰ ਨੇ ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਭਾਗ ਨਾਲ ਸਬੰਧਿਤ ਕੋਚ ਪਰਮਜੀਤ ਸ਼ਰਮਾ ਤੋਂ ਸਿਖਲਾਈ ਪ੍ਰਾਪਤ ਕੀਤੀ ਹੈ।

ਅਰਜਨ ਐਵਾਰਡੀ ਕੋਚ ਪਰਮਜੀਤ ਸ਼ਰਮਾ ਖੁਦ ਚੋਟੀ ਦੇ ਖਿਡਾਰੀ ਰਹੇ ਹਨ। ਉਨ੍ਹਾਂ 1990 ਦੀਆਂ ਰਾਸ਼ਟਰਮੰਡਲ ਖੇਡਾਂ ਜੋ ਔਕਲੈਂਡ (ਨਿਊਜ਼ੀਲੈਂਡ) ਵਿਚ ਹੋਈਆਂ ਸਨ, ਵਿਚ ਸੋਨ ਤਗਮੇ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕੀਤਾ ਸੀ। ਪਰਮਜੀਤ ਸ਼ਰਮਾ ਆਮ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦਾ ਜਨਮ 1957 ਵਿਚ ਪੰਜਾਬ ਦੇ ਪਠਾਨਕੋਟ ਜ਼ਿਲ੍ਹੇ ਦੇ ਇੱਕ ਪਿੰਡ ਵਿਚ ਹੋਇਆ। ਉਹ 20 ਕੁ ਸਾਲ ਦੀ ਉਮਰ ਵਿਚ ਭਾਰਤੀ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਫੌਜ ਵੱਲੋਂ ਵੀ ਬਹੁਤ ਸਾਰੇ ਖੇਡ ਮੁਕਾਬਲਿਆਂ ਵਿਚ ਮੁਲਕ ਦੀ ਨੁਮਾਇੰਦਗੀ ਕੀਤੀ ਹੈ।

ਖੇਡਣ ਦੇ ਸ਼ੌਕ ਦੀ ਸ਼ੁਰੂਆਤ ਬਾਰੇ ਪਰਮਜੀਤ ਸ਼ਰਮਾ ਦੱਸਦੇ ਹਨ ਕਿ ਫੌਜ ਵਿਚ ਪੰਜ ਸੱਤ ਸਾਲ ਰਹਿਣ ਤੋਂ ਬਾਅਦ ਜਦੋਂ ਸਿਪਾਹੀ ਖਿਡਾਰੀਆਂ ਦੇ ਖੇਡ ਮੁਕਾਬਲੇ ਕਰਵਾਏ ਜਾ ਰਹੇ ਸਨ ਤਾਂ ਉਨ੍ਹਾਂ ਅੰਦਰ ਵੀ ਹੋਰਨਾਂ ਨੂੰ ਦੇਖ ਕੇ ਖੇਡ ਰੁਚੀ ਪੈਦਾ ਹੋਈ। ਉਨ੍ਹਾਂ ਨੇ ਭਾਰ ਚੁੱਕਣ ਦੀ ਖੇਡ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਖੇਤਰ ਵਿਚ ਸਖਤ ਮਿਹਨਤ ਕਰਨ ਸਦਕਾ ਪਰਮਜੀਤ ਸ਼ਰਮਾ ਨੇ ਭਾਰਤੀ ਫੌਜ ਵਿਚ ਰਹਿੰਦਿਆਂ ਬਹੁਤ ਸਾਰੇ ਤਗਮੇ ਪ੍ਰਾਪਤ ਕੀਤੇ। ਫੌਜ ਵਿਚ ਰਹਿੰਦਿਆਂ ਹੀ ਪਰਮਜੀਤ ਸ਼ਰਮਾ ਨੇ ਮਹਾਰਾਜਾ ਰਣਜੀਤ ਸਿੰਘ ਖੇਡ ਤਗਮਾ ਜਿੱਤਿਆ। ਇਸ ਤੋਂ ਬਾਅਦ 1990 ਵਿਚ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਵਿਚ ਪਰਮਜੀਤ ਸ਼ਰਮਾ ਨੂੰ ਭਾਰ ਚੁੱਕਣ ਦੇ ਮੁਕਾਬਲੇ ਵਿਚ ਭਾਰਤ ਵੱਲੋਂ ਨਿਊਜ਼ੀਲੈਂਡ ਵਿਚ ਭੇਜਿਆ ਗਿਆ। ਉੱਥੇ ਪਰਮਜੀਤ ਸ਼ਰਮਾ ਨੇ ਆਪਣਾ ਹੁਨਰ ਦਿਖਾਉਂਦਿਆਂ ਸੋਨ ਤਗਮੇ ਹਾਸਿਲ ਕੀਤੇ। ਇਸੇ ਤਰ੍ਹਾਂ ਹੋਰ ਕਈ ਦੇਸ਼ਾਂ ਜਿਵੇਂ ਪਾਕਿਸਤਾਨ, ਨੇਪਾਲ ਵਿਚ ਜਾ ਕੇ ਵੀ ਭਾਰਤ ਦਾ ਨਾਮ ਚਮਕਾਇਆ।





ਕੋਚ ਪਰਮਜੀਤ ਸ਼ਰਮਾ ਅਤੇ (ਸੱਜੇ) ਆਪਣੇ ਤਗਮੇ ਨਾਲ ਹਰਜਿੰਦਰ ਕੌਰ।

ਤਾਜ਼ਾ ਰਾਸ਼ਟਰਮੰਡਲ ਕਾਂਸੀ ਤਗਮਾ ਜੇਤੂ ਖਿਡਾਰਨ ਹਰਜਿੰਦਰ ਕੌਰ ਨਾਲ ਸੰਪਰਕ ਵਿਚ ਆਉਣ ਬਾਰੇ ਪਰਮਜੀਤ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਮੁਲਾਕਾਤ ਪਹਿਲੀ ਵਾਰ 2016 ਵਿਚ ਉਸ ਸਮੇਂ ਹੋਈ ਜਦੋਂ ਉਹ ਭਾਰ ਚੁੱਕਣ ਦੇ ਮੁਕਾਬਲੇ ਵਿਚ ਹਿੱਸਾ ਲੈ ਰਹੀ ਸੀ। ਉਸ ਦੇ ਖੇਡ ਵਿਚ ਦਿਖਾਏ ਜੋਸ਼ ਅਤੇ ਪ੍ਰਤਿਭਾ ਨੂੰ ਦੇਖਦਿਆਂ ਪਰਮਜੀਤ ਸ਼ਰਮਾ ਨੇ ਉਸ ਨੂੰ ਆਪਣੀ ਅਗਵਾਈ ਹੇਠ ਸਿਖਲਾਈ ਦੇਣ ਦੀ ਪੇਸ਼ਕਸ਼ ਕੀਤੀ। ਉਹ ਦੱਸਦੇ ਹਨ ਕਿ ਹਰਜਿੰਦਰ ਕੌਰ ਪਹਿਲਾਂ ਤੋਂ ਹੀ ਵਧੀਆ ਖਿਡਾਰਨ ਸੀ। ਉਹ ਨਾਭਾ ਜ਼ਿਲ੍ਹੇ ਦੇ ਪਿੰਡ ਮਹਿਸ ਦੀ ਰਹਿਣ ਵਾਲੀ ਹੈ। ਆਰਥਿਕ ਪੱਖੋਂ ਹਰਜਿੰਦਰ ਕੌਰ ਦੀ ਹਾਲਤ ਬਹੁਤ ਚੰਗੀ ਨਹੀਂ ਸੀ ਜਿਸ ਕਰਕੇ ਉਸ ਨੂੰ ਆਪਣੀ ਖੇਡ ਜਾਰੀ ਰੱਖਣ ਵਿਚ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਾਲਜ ਵਿਚ ਪੜ੍ਹਨ ਸਮੇਂ ਦੌਰਾਨ ਹਰਜਿੰਦਰ ਕੌਰ ਨੇ ਯੂਨੀਵਰਸਿਟੀ, ਅੰਤਰ-ਯੂਨੀਵਰਸਿਟੀ, ਰਾਜ ਤੇ ਰਾਸ਼ਟਰੀ ਪੱਧਰ ਉੱਤੇ ਸੋਨ ਤਗਮੇ ਹਾਸਿਲ ਕੀਤੇ।

ਕੋਚ ਪਰਮਜੀਤ ਸ਼ਰਮਾ ਦੀ ਅਗਵਾਈ ਹੇਠ ਖੇਡਣ ਨਾਲ ਹਰਜਿੰਦਰ ਕੌਰ ਦੀ ਖੇਡ ਵਿਚ ਨਿਖਾਰ ਆਇਆ ਅਤੇ ਉਸ ਨੇ ਹੋਰ ਬਹੁਤ ਸਾਰੇ ਮੁਕਾਬਲਿਆਂ ਵਿਚ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ। ਮੌਜੂਦਾ ਸਮੇਂ ਹਰਜਿੰਦਰ ਕੌਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਸਬੰਧਿਤ ਸ. ਰਜਿੰਦਰ ਸਿੰਘ ਕਾਲਜ ਕਲਿਆਣ ਵਿਚ ਆਪਣੀ ਐੱਮ.ਪੀ.ਐੱਡ. ਦੀ ਪੜ੍ਹਾਈ ਕਰ ਰਹੀ ਹੈ।

ਹਰਜਿੰਦਰ ਕੌਰ ਦੀ ਤਾਜ਼ਾ ਪ੍ਰਾਪਤੀ ਦੇ ਹਵਾਲੇ ਨਾਲ ਪਰਮਜੀਤ ਸ਼ਰਮਾ ਦਾ ਕਹਿਣਾ ਹੈ ਕਿ ਖੇਡ ਅਜਿਹੀ ਗਤੀਵਿਧੀ ਹੈ ਜੋ ਮਨੁੱਖ ਦੇ ਵਾਧੇ ਅਤੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਜਿੱਥੇ ਦੁਨੀਆਂ ਦੇ ਹੋਰ ਵੱਖ ਵੱਖ ਦੇਸ਼ ਖੇਡਾਂ ਰਾਹੀਂ ਆਪਣੇ ਦੇਸ਼ ਦੇ ਲੋਕਾਂ ਦੀ ਯੋਗਤਾ ਸਾਬਿਤ ਕਰਦੇ ਹਨ, ਉੱਥੇ ਭਾਰਤ ਵੀ ਉਨ੍ਹਾਂ ਦੇਸ਼ਾਂ ਵਿਚੋਂ ਇੱਕ ਹੈ ਜੋ ਲਗਭਗ ਹਰ ਗਤੀਵਿਧੀ ਵਿਚ ਆਪਣਾ ਯੋਗਦਾਨ ਦਿੰਦਾ ਹੈ। ਇਹ ਖੇਡਾਂ ਹੋਣ ਜਾਂ ਫਿਰ ਸਭਿਆਚਾਰਿਕ ਗਤੀਵਿਧੀਆਂ, ਓਲੰਪਿਕ ਹੋਵੇ ਜਾਂ ਫਿਰ ਰਾਸ਼ਟਰਮੰਡਲ ਖੇਡਾਂ, ਕਿਤੇ ਨਾ ਕਿਤੇ ਭਾਰਤ ਦਾ ਨਾਮ ਆਉਂਦਾ ਹੀ ਆਉਂਦਾ ਹੈ। ***(ਲੇਖਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਲੋਕ ਸੰਪਰਕ ਵਿਭਾਗ ਵਿਚ ਪੱਤਰਕਾਰੀ ਦੀ ਸਿਖਲਾਈ ਹਾਸਿਲ ਕਰ ਰਿਹਾ ਹੈ।)***

# ਫਿਰ ਇਉਂ ਮਿਲਿਆ ਇਨਸਾਫ...

ਸੁੱਚਾ ਸਿੰਘ ਖੱਟੜਾ

ਪਿੰਡ ਵਿਚ ਹਾਲਾਤ ਕੁਝ ਇਸ ਤਰ੍ਹਾਂ ਦੇ ਬਣ ਗਏ ਕਿ ਲੋਕਾਂ ਨੇ ਮੈਨੂੰ ਪਿੰਡ ਦਾ ਸਰਪੰਚ ਬਣਾ ਦਿੱਤਾ। ਨਵਾਂ ਵਿਭਾਗ ਨਵੇਂ ਸੰਪਰਕ ਪਰ ਬੀ.ਡੀ.ਪੀ.ਓ. ਦਫਤਰ ਗਿਆ ਤਾਂ ਪਤਾ ਲੱਗਾ ਕਿ ਬੀ.ਡੀ.ਪੀ.ਓ. ਸਮੇਤ ਸਾਰੇ ਮੁਲਾਜ਼ਮ ਮੈਨੂੰ ਪਹਿਲਾਂ ਹੀ ਜਾਣਦੇ ਸਨ। ਹਰ ਤਰ੍ਹਾਂ ਦੇ ਸਹਿਯੋਗ ਦੇ ਭਾਵੇਂ ਭਰੋਸੇ ਮਿਲ ਰਹੇ ਸਨ, ਫਿਰ ਵੀ ਪੰਚਾਇਤੀ ਰਾਜ ਐਕਟ ਜਾਣਨ ਲਈ ਦੋ ਅਲੱਗ-ਅਲੱਗ ਲੇਖਕਾਂ ਦੀਆਂ ਕਿਤਾਬਾਂ ਚੰਡੀਗੜ੍ਹ ਦੇ 17 ਸੈਕਟਰ ਤੋਂ ਖਰੀਦੀਆਂ। ਰਾਜੀਵ ਗਾਂਧੀ ਵੱਲੋਂ ਪੰਚਾਇਤੀ ਐਕਟ ਵਿਚ ਕੀਤੀਆਂ ਸੋਧਾਂ ਅਤੇ ਸੁਧਾਰਾਂ ਨੂੰ ਜਾਣਨ ਦੀ ਜਗਿਆਸਾ ਵਧੇਰੇ ਸੀ। ਉਂਝ ਵੀ ਅਫਸਰਾਂ ਨਾਲ ਗੱਲ ਕਰਦਿਆਂ ਆਤਮ-ਵਿਸ਼ਵਾਸ ਪਹਿਲੀ ਲੋੜ ਹੈ ਜੋ ਗਿਆਨ ਬਿਨਾ ਸੰਭਵ ਨਹੀਂ। ਅਧਿਆਪਕ ਭਾਈਚਾਰਾ ਮੈਨੂੰ ਨਵੀਂ ਭੂਮਿਕਾ ਵਿਚ ਦੇਖਣ ਲਈ ਕਾਹਲਾ ਸੀ।

ਬਲਾਕ ਦੇ ਹੀ ਇਕ ਹੋਰ ਪਿੰਡ ਵਿਚ ਇਕ ਅਧਿਆਪਕ ਦੋਸਤ ਆਪਣੀ ਪਸੰਦ ਦਾ ਸਰਪੰਚ ਅਤੇ ਪੰਚ ਬਣਵਾਉਣ ਵਿਚ ਸਫ਼ਲ ਹੋ ਗਿਆ। 15 ਕੁ ਦਿਨ ਬਾਅਦ ਇਸੇ ਦੋਸਤ ਦਾ ਫੋਨ ਆਇਆ ਕਿ ਪੰਚਾਇਤਾਂ ਦੀ ਜਥੇਬੰਦੀ ਦੀ ਸੂਬੇ ਦੀ ਲੀਡਰਸ਼ਿਪ ਬਲਾਕ ਦੇ ਪੰਚਾਂ ਸਰਪੰਚਾਂ ਦੀ ਮੀਟਿੰਗ ਕਰ ਰਹੀ ਹੈ। ਦੋਸਤ ਨੇ ਦੱਸਿਆ ਕਿ ਉਨ੍ਹਾਂ ਦੇ ਸਰਪੰਚ ਅਤੇ ਹੋਰ ਸਰਪੰਚਾਂ ਨੂੰ ਪੰਚਾਇਤ ਸਕੱਤਰਾਂ ਨੇ ਫੋਨ ਉੱਤੇ ਸੁਨੇਹੇ ਦਿੱਤੇ ਹਨ ਪਰ ਮੈਨੂੰ ਕਿਸੇ ਨੇ ਸੁਨੇਹਾ ਨਹੀਂ ਸੀ ਦਿੱਤਾ। ਮੈਨੂੰ ਸੁਨੇਹਾ ਕਿਉਂ ਨਹੀਂ? ਧੁੰਦਲਾ ਜਿਹਾ ਅੰਦਾਜ਼ਾ ਹੋਇਆ ਕਿ ਮੇਰਾ ਪਿਛੋਕੜ ਹੀ ਮੈਨੂੰ ਸੁਨੇਹੇ ਤੋਂ ਵਾਂਝਾ ਰੱਖਣ ਦਾ ਕਾਰਨ ਹੋਵੇਗਾ। ਦੋਸਤ ਕਹਿਣ ਲੱਗਾ ਕਿ ਮੈਂ ਹਰ ਹਾਲਤ ਵਿਚ ਮੀਟਿੰਗ ਵਿਚ ਜਾਵਾਂ।

ਮੀਟਿੰਗ ਸ਼ੁਰੂ ਹੋਈ, ਸੂਬੇ ਦੀ ਲੀਡਰਸ਼ਿਪ ਸਟੇਜ ਉੱਤੇ ਬੈਠੀ ਸੀ। ਇਕ ਪੰਚਾਇਤ ਸਕੱਤਰ ਨੇ ਸਟੇਜ ਸੰਭਾਲੀ। ਮਹਿਮਾਨਾਂ ਨੂੰ ਜੀ ਆਇਆਂ ਕਹਿਣ ਤੋਂ ਬਾਅਦ ਨਵੇਂ ਸਰਪੰਚਾਂ ਨੂੰ ਬੋਲਣ ਲਈ ਬੁਲਾਇਆ ਜਾਣ ਲੱਗਾ। ਦੋ ਕੁ ਬੁਲਾਰਿਆਂ ਬਾਅਦ ਪੰਡਾਲ ਵਿਚੋਂ ਮੈਨੂੰ ਬੁਲਾਉਣ ਲਈ ਕਿਹਾ ਜਾਣ ਲੱਗਾ। ਨਵੇਂ ਨਵੇਂ ਪੜ੍ਹੇ ਐਕਟ ਅਤੇ ਜ਼ਮੀਨੀ ਹਕੀਕਤ ਦਾ ਫਾਸਲਾ ਮੇਰਾ ਬੋਲਣ ਦਾ ਵਿਸ਼ਾ ਸੀ। ਜਥੇਬੰਦੀ ਨੂੰ ਇਹ ਫਾਸਲਾ ਨੇੜੇ ਕਰਨ ਦੀ ਅਪੀਲ ਕਰਕੇ ਮੈਂ ਪੰਡਾਲ ਵਿਚ ਜਾ ਬੈਠਾ। ਜਦੋਂ ਚੋਣ ਦੀ ਗੱਲ ਆਈ ਤਾਂ ਪ੍ਰਧਾਨਗੀ ਲਈ ਸਰਪੰਚਾਂ ਨੇ ਮੇਰਾ ਨਾਂ ਲੈਣਾ ਸ਼ੁਰੂ ਕਰ ਦਿੱਤਾ। ਜਦੋਂ ਲੋਕਾਂ ਨੇ ਘੇਰ ਹੀ ਲਿਆ ਤਾਂ ਮੈਂ ਸ਼ਰਤ ਰੱਖ ਦਿੱਤੀ ਕਿ ਮੈਂ ਪ੍ਰਧਾਨ ਤਾਂ ਹੀ ਬਣਾਂਗਾ, ਜੇ ਜਨਰਲ ਸਕੱਤਰ ਮੇਰੀ ਮਰਜ਼ੀ ਦਾ ਹੋਵੇਗਾ। ਮੇਰੀ ਗੱਲ ਮੰਨ ਲਈ ਗਈ। ਮੈਂ ਇਲਾਕੇ ਦੇ ਵੱਡੇ ਪਿੰਡ ਦੇ ਸਰਪੰਚ ਨੂੰ ਆਪਣੇ ਨਾਲ ਜਨਰਲ ਸਕੱਤਰ ਬਣਵਾ ਲਿਆ। ਇਹ ਨੌਜਵਾਨ ਸਰਪੰਚ ਇਲਾਕੇ ਦੇ ਹਰ ਸੰਘਰਸ਼ ਦਾ ਮੋਹਰੀ ਅਤੇ ਮੇਰਾ ਵਿਦਿਆਰਥੀ ਵੀ ਸੀ।

ਅਗਲੇ ਹਫਤੇ ਜ਼ਿਲ੍ਹੇ ਦੇ ਸਰਪੰਚਾਂ ਦਾ ਇਕੱਠ ਹੋਇਆ। ਇੱਥੇ ਵੀ ਉਹੀ ਕੁਝ ਵਾਪਰਿਆ। ਫਰਕ ਇਹ ਕਿ ਜਨਰਲ ਸਕੱਤਰ ਇੱਧਰ ਦੇ ਪਿੰਡਾਂ ਦਾ ਸੀ। ਪਿੰਡ ਦੇ ਵਿਕਾਸ ਕਾਰਜਾਂ ਦੇ ਨਾਲ ਨਾਲ ਗਾਹੇ-ਬਗਾਹੇ ਜ਼ਿਲ੍ਹੇ ਵਿਚ ਡੀ.ਸੀ., ਐੱਸ.ਐੱਸ.ਪੀ. ਅਤੇ ਡੀ.ਡੀ.ਪੀ.ਓ. ਨੂੰ ਵੀ ਮਿਲਣਾ ਪੈਂਦਾ। ਇਕ ਦਿਨ ਆਪਣੇ ਹੀ ਬਲਾਕ ਸਕੱਤਰ ਦਾ ਫੋਨ ਆਇਆ ਕਿ ਮੇਘਪੁਰ ਪਿੰਡ ਦੇ ਸਰਪੰਚ ਨੂੰ ਕੁਝ ਔਰਤਾਂ ਨੇ ਬੇਇੱਜ਼ਤ ਵੀ ਕੀਤਾ ਅਤੇ ਉਸ ਦੀ ਕਮੀਜ਼ ਪਾੜ ਦਿੱਤੀ ਤੇ ਆਪਣੇ ਕੱਪੜੇ ਪਾੜ ਕੇ ਹਸਪਤਾਲ ਵੀ ਦਾਖਲ ਹੋ ਗਈਆਂ। ਸਬੰਧਿਤ ਥਾਣੇ ਦੀ ਪੁਲਿਸ ਸਰਪੰਚ ਦੀ ਗੱਲ ਸੁਣਨੀ ਤਾਂ ਦੂਰ, ਉਲਟਾ ਤੰਗ ਕਰ ਰਹੀ ਹੈ। ਉਸ ਨੇ ਇਹ ਵੀ ਦੱਸਿਆ ਕਿ ਪੁਲਿਸ ਵਾਲੇ ਸਰਪੰਚ ਨੂੰ ਗੰਭੀਰ ਕੇਸ ਵਿਚ ਉਲਝਾਉਣ ਦੀ ਧਮਕੀ ਦੇ ਰਹੇ ਹਨ।

ਜਨਰਲ ਸਕੱਤਰ ਦੋ ਦਿਨ ਤੋਂ ਮਸਲਾ ਸੁਲਝਾ ਰਿਹਾ ਸੀ। ਅਖੀਰ ਮੈਨੂੰ ਦਖਲ ਦੇਣ ਲਈ ਕਿਹਾ। ਮੈਂ ਸਰਪੰਚ ਦਾ ਫੋਨ ਨੰਬਰ ਲਿਆ ਅਤੇ ਘਟਨਾ ਵਿਸਥਾਰ ਤੇ ਬਰੀਕੀ ਨਾਲ ਸੁਣੀ। ਘਟਨਾ ਸੀ ਕਿ ਪਹਿਲੀ ਪੰਚਾਇਤ ਨੇ ਪੰਚਾਇਤੀ ਥਾਂ ਉੱਤੇ ਪਿੱਪਲ ਦੁਆਲੇ ਗਰਾਂਟ ਨਾਲ ਵੱਡਾ ਥੜ੍ਹਾ ਬਣਾਇਆ ਸੀ। ਕਿਸੇ ਨੇ ਧੱਕੇ ਨਾਲ ਖੋਖਾ ਰੱਖ ਕੇ ਹੱਟੀ ਖੋਲ੍ਹ ਲਈ। ਪਹਿਲੀ ਪੰਚਾਇਤ ਖੋਖਾ ਨਾ ਚੁਕਵਾ ਸਕੀ। ਪੰਚਾਇਤ ਦੀ ਅਗਲੀ ਚੋਣ ਵਿਚ ਲੋਕਾਂ ਨੇ ਮੌਜੂਦਾ ਸਰਪੰਚ ਇਸ ਸ਼ਰਤ ਉੱਤੇ ਚੁਣਿਆ ਕਿ ਉਹ ਸਭ ਤੋਂ ਪਹਿਲਾਂ ਖੋਖਾ ਚੁਕਵਾਏਗਾ। ਨਵੀਂ ਪੰਚਾਇਤ ਨੇ ਖੋਖਾ ਚੁਕਵਾਉਣ ਲਈ ਖੋਖਾ ਮਾਲਕ ਤੋਂ ਲਿਖ ਕੇ ਵੀ ਮਿਤੀਬੱਧ ਕੀਤਾ ਪਰ ਉਹ ਤਾਰੀਖ ਅੱਗੇ ਪਾ ਦਿਆ ਕਰੇ। ਇਕ ਮਿਥੀ ਤਾਰੀਖ ਨੂੰ ਜਦੋਂ ਪੰਚਾਇਤ ਗਈ ਤਾਂ ਸਰਪੰਚ ਨਾਲ ਇਹ ਵਾਪਰ ਗਿਆ।

ਅਸੀਂ 10 ਸਰਪੰਚਾਂ ਨੂੰ ਨਾਲ ਲੈ ਕੇ ਥਾਣੇ ਚਲੇ ਗਏ। ਥਾਣੇਦਾਰ ਨੇ ਇਹ ਵੀ ਨਾ ਪੁੱਛਿਆ ਕਿ ਅਸੀਂ ਕੌਣ ਹਾਂ, ਅੰਦਰ ਵੜਦਿਆਂ ਕੁਰਸੀ ਸੰਭਾਲੀ ਅਤੇ ਸਾਨੂੰ ਆਉਣ ਦਾ ਕਾਰਨ ਪੁੱਛਿਆ। ਮੇਰੇ ਮੂੰਹੋਂ ਮੇਘਪੁਰ ਪਿੰਡ ਦਾ ਨਾਂ ਵੀ ਪੂਰਾ ਨਹੀਂ ਸੀ ਨਿਕਲਿਆ ਕਿ ਥਾਣੇਦਾਰ ਬੋਲ ਉੱਠਿਆ, "ਹਾਂ ਹਾਂ, ਮੈਂ ਸਭ ਕੁਝ ਜਾਣਦਾਂ, ਦੋਨੋਂ ਧਿਰਾਂ ਅੰਦਰ ਕਰਾਂਗਾ।" ਮੈਂ ਸ਼ਾਂਤ ਜਿਹੇ ਲਹਿਜੇ ਵਿਚ ਕਿਹਾ, "ਥਾਣੇਦਾਰ ਸਾਹਿਬ, ਤੁਸੀਂ ਫੈਸਲੇ ਲਈ ਕਾਹਲੀ ਕਰ ਰਹੇ ਹੋ।" ਥਾਣੇਦਾਰ ਦੇ ਚਿਹਰੇ ਉੱਤੇ ਉਹਦੇ ਫੈਸਲੇ ਨੂੰ ਮੇਰੇ ਸ਼ਬਦਾਂ ਦੁਆਰਾ ਚੁਣੌਤੀ ਦਾ ਅਸਰ ਸੀ। ਮੈਨੂੰ ਗੁੱਸੇ ਵਿਚ ਕਹਿਣ ਲੱਗਾ, "ਤੇਰੇ ਕਹਿਣ ਦਾ ਮਤਲਬ।" ਹੁਣ ਮੇਰੀ ਭਾਸ਼ਾ ਬਦਲ ਚੁੱਕੀ ਸੀ, "ਥਾਣੇਦਾਰ ਸਾਹਿਬ, ਪਿੰਡ ਵਾਲਿਆਂ ਨੇ ਜਿਸ ਵੋਟਰ ਸੂਚੀ ਤੋਂ ਮੁਲਕ ਦਾ ਪ੍ਰਧਾਨ ਮੰਤਰੀ ਚੁਣਿਆ, ਉਸੇ ਵੋਟਰ ਸੂਚੀ ਤੋਂ ਪਿੰਡ ਵਾਲਿਆਂ ਇਸ ਸਰਪੰਚ ਨੂੰ ਚੁਣਿਆ ਹੈ। ਇਹ ਲੋਕ ਸੇਵਕ (ਪਬਲਿਕ ਸਰਵੈਂਟ) ਹੈ। ਐਕਟ ਪੜ੍ਹ ਕੇ ਫੈਸਲਾ ਕਰਨਾ ਚਾਹੀਦਾ ਸੀ। ਸਰਪੰਚ ਪਬਲਿਕ ਸਰਵੈਂਟ ਹੁੰਦਾ ਹੈ। ਸਰਪੰਚ ਨੂੰ ਪਬਲਿਕ ਦਾ ਕੰਮ ਕਰਦਿਆਂ ਇਨ੍ਹਾਂ ਔਰਤਾਂ ਨੇ ਰੁਕਾਵਟ ਵੀ ਪਾਈ ਅਤੇ ਬੇਇੱਜ਼ਤ ਵੀ ਕੀਤਾ। ਝੂਠਿਆਂ ਔਰਤਾਂ ਦੇ ਕਹਿਣ 'ਤੇ ਸਰਪੰਚ ਨੂੰ ਅੰਦਰ ਕਰੋ, ਫਿਰ ਦੇਖਾਂਗੇ।" ਇਹ ਕਹਿ ਕੇ ਮੈਂ ਉੱਠ ਖੜ੍ਹਾ ਹੋਇਆ।

ਥਾਣੇਦਾਰ ਦੇ ਤੇਵਰ ਢਿੱਲੇ ਹੋ ਚੁੱਕੇ ਸਨ। ਮੈਨੂੰ ਬੈਠਣ ਲਈ ਕਹਿੰਦਾ ਬੋਲਿਆ, "ਤੁਸੀਂ ਮੈਨੂੰ ਆਪਣੀ ਪਛਾਣ ਨਹੀਂ ਦੱਸੀ।" ਸਾਡੇ ਬਾਰੇ ਪਤਾ ਲੱਗਣ 'ਤੇ ਥਾਣੇਦਾਰ ਨੇ ਦੋ ਦਿਨ ਦਾ ਸਮਾਂ ਲਿਆ ਅਤੇ ਖੁਦ ਪੜਤਾਲ ਕਰਨ ਦਾ ਵਾਅਦਾ ਕੀਤਾ। ਚੌਥੇ ਦਿਨ ਦੋਹਾਂ ਧਿਰਾਂ ਨੂੰ ਥਾਣੇ ਬੁਲਾ ਲਿਆ। ਸਾਡੇ ਕਹਿਣ 'ਤੇ ਸਰਪੰਚ ਡੇਢ ਦੋ ਸੌ ਬੰਦਾ ਨਾਲ ਲਿਆਇਆ। ਦੂਜੇ ਪਾਸੇ ਤੋਂ ਵੱਡੀ ਗਿਣਤੀ ਬਿਜਲੀ ਮੁਲਾਜ਼ਮ ਆਉਣੇ ਸ਼ੁਰੂ ਹੋ ਗਏ। ਖੋਖੇ ਵਾਲਾ ਬਿਜਲੀ ਮੁਲਾਜ਼ਮ ਸੀ ਪਰ ਉਹਦਾ ਚਿਹਰਾ ਦੱਸਦਾ ਸੀ ਕਿ ਉਸ ਨੂੰ ਥਾਣੇਦਾਰ ਨੇ ਪਹਿਲਾਂ ਹੀ ਕੁਝ ਕਹਿ ਦਿੱਤਾ ਹੋਇਆ ਸੀ। ਬਿਜਲੀ ਮੁਲਾਜ਼ਮਾਂ ਦਾ ਸਰਕਲ ਪ੍ਰਧਾਨ ਸੂਝਵਾਨ ਸੀ। ਅਸੀਂ ਇਕ ਦੂਜੇ ਦੇ ਵਾਕ ਹੀ ਨਹੀਂ, ਵਿਚਾਰਾਂ ਦੀ ਵੀ ਸਾਂਝ ਸੀ। ਮੈਨੂੰ ਦੇਖ ਕੇ ਦੂਰੋਂ ਹੀ ਕਹਿਣ ਲੱਗਾ ਕਿ ਜਿੱਥੇ ਖੱਟੜਾ ਜੀ ਹਨ, ਉੱਥੇ ਝਗੜਾ ਕਾਹਦਾ। ਪ੍ਰਧਾਨ ਨੇ ਮੈਥੋਂ ਸਾਰੀ ਗੱਲ ਸੁਣੀ, ਖੋਖੇ ਵਾਲੇ ਨੂੰ ਪਰੇ ਲਿਜਾ ਕੇ ਕੀ ਕਿਹਾ, ਕੋਈ ਪਤਾ ਨਹੀਂ। ਥਾਣੇਦਾਰ ਕੋਲ ਗਿਆ। ਅੰਦਰੋਂ ਕੇਸ ਦੇ ਪੜਤਾਲੀਆ ਅਫ਼ਸਰ ਨੂੰ ਨਾਲ ਲਿਆਇਆ। ਸਮਝੌਤਾ ਲਿਖਣਾ ਸ਼ੁਰੂ ਹੋ ਗਿਆ। ਸਮਝੌਤੇ ਵਿਚ ਮੁਆਫੀਨਾਮੇ ਤੋਂ ਪਹਿਲਾਂ ਉਸੇ ਸ਼ਾਮ ਤੱਕ ਖੋਖਾ ਚੁੱਕਣਾ ਸੀ। ਬਤੌਰ ਸਰਪੰਚ ਜ਼ਿੰਮੇਵਾਰੀ ਨਿਭਾਉਂਦਿਆਂ ਸਰਪੰਚ ਲੋਕ ਸੇਵਕ ਹੁੰਦਾ ਹੈ, ਫੌਜਦਾਰੀ ਕਾਨੂੰਨਾਂ ਵਿਚ ਉਸ ਨੂੰ ਆਮ ਨਾਗਰਿਕ ਤੋਂ ਵੱਖਰੀ ਸੁਰੱਖਿਆ ਹੈ। ਔਰਤਾਂ ਦੀ ਖੜ੍ਹੀ ਕੀਤੀ ਗੰਭੀਰ ਸਮੱਸਿਆ ਖ਼ਿਲਾਫ਼ ਸਰਪੰਚ ਨੂੰ ਇਨਸਾਫ ਮਿਲ ਗਿਆ।

# ਮੇਰਾ ਵਿਆਹ

***(ਪਿਛਲੇ ਸਫੇ ਦੀ ਬਾਕੀ)***

ਬਾਗ ਤੋਂ ਅੱਗੇ ਖੰਡ ਮਿੱਲ ਕਲੋਨੀ ਦੇ ਕੁਆਰਟਰ ਸਨ। ਕੁਅਰਾਟਰਾਂ ਦੇ ਬਾਹਰ ਖੇਡਦੇ ਕਾਲਾ, ਪ੍ਰੀਤਮ ਅਤੇ ਗੁਆਂਢੀਆਂ ਦੇ ਨਿਆਣੇ ਸਾਨੂੰ ਦੇਖ ਕੇ ਕਲੋਨੀ ਨੂੰ ਭੱਜ ਗਏ।

"ਘਰ ਜਾ ਕੇ ਆਪਣੇ ਆਉਣ ਬਾਰੇ ਦੱਸਣਗੇ।"

ਜਦੋਂ ਸਾਡਾ ਰਿਕਸ਼ਾ ਕਲੋਨੀ ਵੱਲ ਵੜਿਆ ਤਾਂ ਸਾਰੇ ਜਾਣੇ ਸਾਡੇ ਵੱਲ ਹੀ ਆ ਰਹੇ ਸਨ। ਉਹਨਾਂ ਨੂੰ ਦੇਖ ਕੇ ਮੈਂ ਰਿਕਸ਼ੇ ਵਾਲੇ ਨੂੰ ਕਿਹਾ, "ਰੋਕ ਲੈ।" ਸਾਨੂੰ ਲਾਹ ਕੇ ਉਹ ਮੁੜ ਗਿਆ। ਨਿਆਣੇ ਸਾਡੀਆਂ ਲੱਤਾਂ ਨੂੰ ਚਿੰਬੜ ਗਏ। ਆਪਣੀ ਧੀ ਨੂੰ ਪਿਆਰ ਦੇਣ ਵੇਲੇ ਮੈਨੂੰ ਬਾਪੂ ਜੀ ਦੀਆਂ ਅੱਖਾਂ ਵਿਚੋਂ ਇਉਂ ਲੱਗਿਆ, ਜਿਵੇਂ ਉਹ ਸਾਨੂੰ ਵਰ੍ਹਿਆਂ ਤੋਂ ਉਡੀਕ ਰਹੇ ਹੋਣ। ਮੈਨੂੰ ਪਿਆਰ ਦੇਣ ਵੇਲੇ ਵੀ ਲੱਗਿਆ ਜਿਵੇਂ ਬਾਪੂ ਜੀ ਭਾਵੁਕ ਹੋ ਗਏ ਹੋਣ। ਚਾਚੀ ਨੇ ਮੈਨੂੰ ਪਿਆਰ ਦੇਣ ਵੇਲੇ ਕਿਹਾ, "ਅਸੀਂ ਤਾਂ ਧੀ ਦੇ ਕੇ ਪੁੱਤ ਲਿਆ ਹੈ।"

ਕੁਝ ਸਮਾਂ ਮੈਨੂੰ ਕੁਆਰਟਰ ਓਪਰਾ-ਓਪਰਾ ਲੱਗਿਆ। ਨਾਲ ਹੀ ਪਤਿਓਰਾ ਸਾਹਿਬ ਸ. ਸਰਵਣ ਸਿੰਘ ਦਾ ਘਰ ਸੀ। ਚਾਚੀ ਗੁਰਦੀਪ ਕੌਰ, ਚਾਚਾ ਜੀ ਸ. ਸਰਵਣ ਸਿੰਘ ਵੀ ਸਾਰੇ ਮੇਰੇ ਆਲੇ-ਦੁਆਲੇ ਹੋ ਗਏ। ਬਾਪੂ ਜੀ ਨੀਝ ਨਾਲ ਮੇਰੇ ਵੱਲ ਦੇਖੀ ਜਾ ਰਹੇ ਸਨ। ਮੈਨੂੰ ਲੱਗਿਆ ਜਿਵੇਂ ਮੇਰੇ ਵਿਚੋਂ ਉਹ ਆਪਣਾ ਗਵਾਚਿਆ ਪੁੱਤ ਭਾਲ ਰਹੇ ਹੋਣ।

"ਰਸਤੇ ਵਿਚ ਠੀਕ ਰਹੇ।" ਕਾਫੀ ਚਿਰ ਪਿੱਛੋਂ ਉਹਨਾਂ ਚੁੱਪ ਤੋੜੀ।

ਮੈਂ ਕਿਹਾ, "ਹਾਂ ਜੀ।"

ਫਿਰ ਅਸੀਂ ਰਾਏਕੋਟ ਵਾਲੀ ਚਰਨੋ ਮਾਸੀ ਦੀ ਲਿਆਂਦੀ ਚਾਹ ਪੀਤੀ। ਉਸ ਦੇ ਛੋਟੇ-ਛੋਟੇ ਭਾਈ ਮੇਰੇ ਕੋਲ ਆ ਕੇ ਬੈਠ ਗਏ। ਉਹ ਵਾਰ-ਵਾਰ ਮੈਨੂੰ ਜੀਜਾ ਜੀ, ਜੀਜਾ ਜੀ ਕਹਿ ਕੇ ਬੁਲਾਉਂਦੇ ਪਰ ਅੱਗੇ ਉਹਨਾਂ ਨੂੰ ਕੁਝ ਨਾ ਸੁਝੇ।

ਅਸੀਂ ਫਗਵਾੜੇ ਦੋ ਰਾਤਾਂ ਰਹਿਣਾ ਸੀ। ਇੱਕ ਰਾਤ ਅਸੀਂ ਘਰ ਰੋਟੀ ਖਾਧੀ, ਦੂਜੇ ਦਿਨ ਦੁਪਹਿਰ ਦੀ ਰੋਟੀ ਚਾਚਾ ਜੀ ਦੇ ਘਰ ਖਾਧੀ। ਗੱਲਾਂ ਵਿਚ ਇਹ ਗੱਲ ਵੀ ਹੋਈ ਕਿ ਪੂਰੋ (ਸੰਪੂਰਨ ਕੌਰ ਤੋਂ ਪੇਕਿਆਂ ਵਿਚ ਉਸ ਦਾ ਨਾਉਂ ਪੂਰੋ ਹੀ ਪੱਕ ਗਿਆ ਸੀ; ਜਿਵੇਂ ਵਿਆਹ ਤੋਂ ਮਗਰੋਂ ਉਹਨਾਂ ਨੇ ਮੇਰਾ ਨਾਉਂ ਬਦਲ ਕੇ ਤ੍ਰਿਲੋਕ ਸਿੰਘ ਰੱਖ ਲਿਆ ਸੀ, ਇਵੇਂ ਅਸੀਂ ਵੀ ਉਸ ਦਾ ਨਾਉਂ ਮਨਜੀਤ ਕੌਰ ਰੱਖ ਲਿਆ ਸੀ) ਅਜੇ ਮਾਛੀਵਾੜੇ ਹੀ ਕਿੰਨਾ ਚਿਰ ਹੋਰ ਪੜ੍ਹਾਊਗੀ?

ਮੈਂ ਕਿਹਾ, "ਗਰਮੀਆਂ ਦੀਆਂ ਛੁੱਟੀਆਂ ਤੋਂ ਪਿੱਛੋਂ ਦੇਖਾਂਗੇ।" ਦੁਪਹਿਰ ਦੀ ਰੋਟੀ ਤੋਂ ਬਾਅਦ ਅਸੀਂ ਪ੍ਰੀਤਮ ਨੂੰ ਨਾਲ ਲੈ ਕੇ ਫ਼ਿਲਮ 'ਏਕ ਸਪੇਰਾ ਏਕ ਲੁਟੇਰਾ' ਦੇਖ ਕੇ ਆਏ। ਰਾਤ ਦੀ ਰੋਟੀ ਸਾਹਮਣੇ ਕੁਆਰਟਰ ਵਾਲਿਆਂ ਦੇ ਘਰ ਸੀ। ਉਸ ਘਰ ਵਿਚ ਤਿੰਨ ਬੱਚੇ ਸਨ-ਆਦਰਸ਼ਪਾਲ ਸਿੰਘ (ਅਰਸ਼ੀ), ਕਮਲਜੀਤ ਸਿੰਘ (ਚੋਜੀ), ਪ੍ਰਿਤਪਾਲ ਸਿੰਘ (ਪਾਲੀ) ਅਤੇ ਉਹਨਾਂ ਦੇ ਮਾਤਾ ਜੀ ਜਮਨਾ। ਉਹਨਾਂ ਨੂੰ ਸਾਰੇ ਜਮਨਾ ਮਾਸੀ ਹੀ ਕਹਿੰਦੇ ਸਨ। ਉਹਨਾਂ ਦੇ ਪਾਪਾ ਜੀ ਸ. ਮਿਹਰ ਸਿੰਘ ਰਿਐਤ ਬਾਪੂ ਜੀ ਦੇ ਨਾਲ ਖੰਡ ਮਿੱਲ ਵਿਚ ਹੀ ਕੰਮ ਕਰਦੇ ਸਨ। ਉਸ ਘਰ ਵਿਚ ਜਾ ਕੇ ਮੈਨੂੰ ਉਹ ਆਦਰਸ਼ ਜਿਹਾ ਘਰ ਲੱਗਿਆ। ਘਰ ਗਿਆਂ ਨੂੰ ਜਮਨਾ ਮਾਸੀ ਅਤੇ ਮਾਸੜ ਜੀ ਨੇ ਜੋ ਪਿਆਰ ਦਿੱਤਾ, ਉਹ ਹਮੇਸ਼ਾ ਹੀ ਯਾਦ ਰਹਿੰਦਾ ਹੈ। ਰੋਟੀ ਖਾਣ ਪਿੱਛੋਂ ਉਹਨਾਂ ਦੇ ਬੱਚਿਆਂ ਨੇ ਸਾਨੂੰ ਕੁਝ ਸ਼ਬਦ ਅਤੇ ਹਿੰਦੀ ਫਿਲਮਾਂ ਦੇ ਕੁਝ ਗੀਤ ਹਰਮੋਨੀਅਮ ਨਾਲ ਸੁਣਾਏ।

"ਪੂਰੋ ਤੁਸੀਂ ਹੁਣ ਕੁਝ ਦਿਨ ਰਹੋਗੇ?" ਜਮਨਾ ਮਾਸੀ ਨੇ ਪੁੱਛਿਆ ਤਾਂ ਪੂਰੋ ਕਹਿਣ ਲੱਗੀ, "ਛੇਤੀ ਹੀ ਫਿਰ ਆਵਾਂਗੇ।"

ਅਗਲੇ ਦਿਨ ਸਵੇਰੇ ਜਦੋਂ ਅਸੀਂ ਪਿੰਡ ਨੂੰ ਮੁੜਨ ਲੱਗੇ ਤਾਂ ਸਾਰੇ ਸਾਨੂੰ ਰਿਕਸ਼ਾ ਤੱਕ ਛੱਡਣ ਆਏ। ਉਸ ਸਮੇਂ ਮੈਂ ਬਾਪੂ ਜੀ ਦੀਆਂ ਅੱਖਾਂ ਵਿਚ ਹੰਝੂ ਤਰਦੇ ਦੇਖੇ।

# ਭੈਣ ਜਿਹਾ ਸਾਕ ਨਾ ਕੋਈ

ਰਿਸ਼ਤੇ ਦੋ ਕਿਸਮ ਦੇ ਹੋ ਸਕਦੇ ਹਨ: ਖੂਨ ਦੇ ਰਿਸ਼ਤੇ ਅਤੇ ਗੈਰ-ਖੂਨੀ ਰਿਸ਼ਤੇ। ਭੈਣ-ਭਰਾ ਦਾ ਰਿਸ਼ਤਾ ਖੂਨ ਦਾ ਰਿਸ਼ਤਾ ਹੈ। ਆਪਣੇ ਮਾਂ-ਪਿਉ ਦਾ ਜਾਇਆ ਭਰਾ ਅਖਵਾਉਂਦਾ ਹੈ ਅਤੇ ਮਾਂ-ਪਿਉ ਜਾਈ ਭੈਣ। ਇਸ ਦੁਨੀਆਂ ਵਿਚ ਇਸ ਤੋਂ ਨੇੜਲਾ ਰਿਸ਼ਤਾ ਹੋਰ ਕੋਈ ਨਹੀਂ। ਕਈ ਵਾਰ ਭੈਣ-ਭਰਾ ਦੇ ਰਿਸ਼ਤੇ ਨੂੰ ਇਕੋ ਕੁੱਖੋਂ ਜਾਏ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਭੈਣ-ਭਰਾ ਦਾ ਰਿਸ਼ਤਾ ਬੜਾ ਪਾਕ-ਪਵਿੱਤਰ ਸਮਝਿਆ ਜਾਂਦਾ ਹੈ। ਭਰਾ ਲਈ ਵੀਰ ਸ਼ਬਦ ਹੋਰ ਵੀ ਪਿਆਰਾ ਹੈ। ਅਜੋਕੇ ਯੁੱਗ ਵਿਚ ਭੈਣ ਲਈ "ਦੀਦੀ" ਸ਼ਬਦ ਵੀ ਆਮ ਪ੍ਰਚੱਲਿਤ ਹੋਈ ਜਾ ਰਿਹਾ ਹੈ। ਪੰਜਾਬੀ ਸਭਿਆਚਾਰ ਮਰਦ-ਔਰਤ ਸੰਬੰਧਾਂ ਪੱਖੋਂ ਕਾਫੀ ਹੱਦ ਤੱਕ ਬੰਦਸ਼ਾਂ ਅਤੇ ਬੰਧੇਜਾਂ ਵਾਲਾ ਸਮਾਜ ਹੈ। ਵੈਸੇ ਤਾਂ ਹਰ ਸਮਾਜ

**ਡਾ. ਆਸਾ ਸਿੰਘ ਘੁੰਮਣ**
**ਫੋਨ: 97798-53245**

ਹੀ ਕੁਝ ਨਾ ਕੁਝ ਬੰਦਸ਼ਾਂ ਜਾਂ ਬੰਦਸ਼ਨੁਮਾ ਰਵਾਇਤਾਂ ਲੈ ਕੇ ਚੱਲਦਾ ਹੈ। ਅਸਲੀਅਤ ਤਾਂ ਇਹ ਹੈ ਕਿ ਸਮਾਜ ਬਣਦਾ ਹੀ ਉਦੋਂ ਹੈ ਜਦੋਂ ਇੱਕ ਵਿਸ਼ੇਸ਼ ਜਨ-ਸਮੂਹ ਕੁਝ ਨਿਯਮਾਂ ਨੂੰ ਸਰਵ-ਪ੍ਰਵਾਨਿਤ ਕਰ ਕੇ ਚੱਲਦਾ ਹੈ। ਪੰਜਾਬੀ ਸਮਾਜ ਵਿਚ ਔਰਤ ਨੂੰ ਇੱਜ਼ਤ ਦਾ ਪ੍ਰਤੀਕ ਸਮਝਿਆ ਜਾਂਦਾ ਰਿਹਾ ਹੈ। ਇਸ ਮਾਨਸਿਕਤਾ ਪਿੱਛੇ ਕਈ ਭੂਗੋਲਿਕ-ਸਮਾਜਿਕ ਕਾਰਨ ਹੁੰਦੇ ਹਨ। ਪੰਜਾਬ ਇਕ ਅਜਿਹਾ ਖਿੱਤਾ ਹੈ, ਜਿਸ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਵਾਲੇ ਹਰ ਹਮਲਾਵਰ ਨੇ ਲੁੱਟਿਆ-ਪੁੱਟਿਆ ਅਤੇ ਲਤਾੜਿਆ। ਅਜਿਹੀਆਂ ਸਥਿਤੀਆਂ ਵਿਚ ਬੱਚੇ ਅਤੇ ਔਰਤਾਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਉਨ੍ਹਾਂ ਦਾ ਬਚਾਅ ਕਰਨਾ ਮਰਦਾਂ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਔਰਤ ਇੱਜ਼ਤ ਦੀ ਪ੍ਰਤੀਕ ਸਮਝੀ ਜਾਣ ਲੱਗਦੀ ਹੈ। ਸਭ ਤੋਂ ਦਿਲ-ਚੀਰਵੀਂ ਅਤੇ ਨਾ-ਬਰਦਾਸ਼ਤ ਯੋਗ ਗਾਲ੍ਹ ਭੈਣ ਦੀ ਗਾਲ੍ਹ ਸਮਝੀ ਜਾਂਦੀ ਹੈ। ਜੁਆਨ ਭਰਾ ਅਤੇ ਪਿਤਾ ਜੁਆਨ ਧੀ-ਭੈਣ ਨੂੰ ਵਾਰ ਵਾਰ ਤਾਕੀਦ ਕਰਦੇ ਹਨ 'ਵੇਖੀਂ ਸਾਡੀ ਪੱਗ ਨੂੰ ਦਾਗ ਨਾ ਲਾਈਂ ਕਿਤੇ'!

ਭੈਣਾਂ-ਭੈਣਾਂ ਜਾਂ ਭੈਣ-ਭਰਾਵਾਂ ਦਾ ਪਿਆਰ ਉਨ੍ਹਾਂ ਪਰਿਵਾਰਾਂ ਵਿਚ ਕੁਦਰਤੀ ਜ਼ਿਆਦਾ ਹੁੰਦਾ ਹੈ ਜਿੱਥੇ ਬਚਪਨ ਦੀ ਸਾਂਝ ਪੀਡੀ-ਪੱਕੀ ਹੁੰਦੀ ਹੈ, ਜਿੱਥੇ ਭੈਣ-ਭਰਾ ਇਕੱਠੇ ਰਹਿੰਦੇ ਹਨ, ਇਕੱਠੇ ਖੇਡਦੇ ਹਨ, ਇਕੱਠੇ ਉਠਦੇ ਬੈਠਦੇ ਹਨ, ਇਕੱਠੇ ਰੋਟੀ ਖਾਂਦੇ ਹਨ। ਇਕ ਦੂਸਰੇ ਨਾਲ ਲੜਦੇ-ਝਗੜਦੇ ਵੀ ਹਨ ਅਤੇ ਮਿੱਤਰਤਾ ਵੀ ਨਿਭਾਉਂਦੇ ਹਨ।

ਭੈਣ ਦਾ ਪੱਛਮੀ ਸੰਸਾਰ ਵਿਚ ਉਹ ਸਥਾਨ ਨਹੀਂ ਜੋ ਸਾਡੇ ਸਮਾਜ ਵਿਚ ਰਿਹਾ ਹੈ ਜਾਂ ਅੱਜ ਵੀ ਕਿਸੇ ਹੱਦ ਤੱਕ ਕਾਇਮ ਹੈ। ਭੈਣ ਜਿੱਥੇ ਘਰ ਦਾ ਸੁਹਜ ਹੁੰਦੀ ਹੈ ਉੱਥੇ ਭਰਾ ਲਈ ਭਾਵਨਾਵਾਂ ਦੇ ਅਥਰੇਪਣ ਨੂੰ ਸਹਿਜ ਦਾ ਸੁਨੇਹਾ ਦੇਂਦੀ ਹੈ। ਜਦ ਕਦੀ ਵੀ ਕੋਈ ਨੌਜੁਆਨ ਕਿਸੇ ਲੜਕੀ ਨਾਲ ਬਦਤਮੀਜ਼ੀ ਕਰਦਾ ਹੈ ਤਾਂ ਉਸਨੂੰ ਯਾਦ ਕਰਾਇਆ ਜਾਂਦਾ ਹੈ, "ਤੇਰੇ ਘਰ ਖੁਦ ਤੇਰੀਆਂ ਜੁਆਨ ਭੈਣਾਂ ਹਨ, ਤੈਨੂੰ ਸ਼ਰਮ ਨਹੀਂ ਆਉਂਦੀ"। ਜੁਆਨ ਭੈਣ-ਭਰਾ ਕਈ ਦੁੱਖ-ਸੁੱਖ ਆਪਸ ਵਿਚ ਸਾਂਝੇ ਕਰ ਲੈਂਦੇ ਹਨ। ਭੈਣ ਛੋਟੀ ਹੋਵੇ ਜਾਂ ਵੱਡੀ, ਭਰਾ ਦੀ ਉਸ ਪ੍ਰਤੀ ਜ਼ਿੰਮੇਵਾਰੀ ਪਿਉ ਵਰਗੀ ਹੋ ਜਾਂਦੀ ਹੈ। ਉਂਝ ਕਿਤੇ ਕਿਤੇ ਵੱਡੀ ਭੈਣ ਮਾਵਾਂ ਵਾਲਾ ਰੋਲ ਅਦਾ ਕਰ ਜਾਂਦੀ ਹੈ। ਜੇ ਕਿਸੇ ਕੁੜੀ ਦਾ ਭਰਾ ਨਾ ਹੋਵੇ ਤਾਂ ਉਹ ਸੌ ਸੁੱਖਣਾਂ ਸੁੱਖਦੀ ਹੈ:

ਇੱਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਹੀ ਚਿੱਤ ਕਰਦਾ

ਭੈਣ ਆਪਣੇ ਭਰਾਵਾਂ ਉੱਤੇ ਵੱਡਾ ਮਾਣ ਕਰਦੀ ਹੈ। ਇਹ ਮਾਣ ਅਤੇ ਮੰਗਲਮਈ ਭਾਵਨਾਵਾਂ ਬਚਪਨ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੋਣ ਲੱਗਦੀਆਂ ਹਨ। ਥਾਲ ਖੇਡਦੀ ਵੀ ਉਹ ਆਪਣੇ ਪਰਿਵਾਰ ਅਤੇ ਖਾਸ ਤੌਰ 'ਤੇ ਵੀਰਾਂ ਦੀ ਸੁੱਖ ਮੰਗਦੀ ਹੈ:

ਥਾਲ, ਥਾਲ, ਥਾਲ,
ਮਾਂ ਮੇਰੀ ਦੇ ਲੰਮੇ ਵਾਲ
ਪਿਉ ਮੇਰਾ ਸ਼ਾਹੂਕਾਰ
ਭਾਬੀ ਮੇਰੀ ਜ਼ੁਲਫਾਂ ਵਾਲੀ
ਵੀਰ ਮੇਰਾ ਸਰਦਾਰ
..............
ਮੇਰੇ ਵੀਰ ਦੀ ਅਟਾਰੀ
ਜਿਹੜੀ ਮੋਤੀਆਂ ਸਵਾਰੀ
ਸਾਡੇ ਪੈਲੀਆਂ ਦੇ ਬੰਨੇ
ਸਾਡੇ ਖੂਹਾਂ ਦੇ ਉਹ ਚੰਨੇ
ਛੋਟੇ ਵੀਰ ਦੀ ਦੁਕਾਨ
ਜਿੱਥੋਂ ਖਾਵਾਂ ਮੈਂ ਬਦਾਮ
ਮੇਰੇ ਬਾਬਲੇ ਦੀ ਹੱਟੀ
ਜਿੱਥੋਂ ਆਵੇ ਸਾਨੂੰ ਖੱਟੀ
ਉਹ ਵੱਸਦੀ ਰਹੇ
ਭਾਬੋ ਹੱਸਦੀ ਰਹੇ।

ਜੇ ਆਪਣੇ ਹਾਣ ਦੀਆਂ ਕੁੜੀਆਂ ਨਾਲ ਕਿੱਕਲੀ ਪਾਉਂਦੀ ਹੈ ਤਾਂ ਵੀ ਉਸਦਾ ਧਿਆਨ ਆਪਣੇ ਪਰਿਵਾਰ ਦੇ ਜੀਆਂ 'ਤੇ ਹੀ ਕੇਂਦਰਿਤ ਰਹਿੰਦਾ ਹੈ:

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿੱਟੇ ਮੂੰਹ ਜੁਆਈ ਦਾ
....................
ਕਿੱਕਲੀ ਕਲਾਈ ਦੀ
ਸੁੱਖ ਮੰਗਾਂ ਭਾਈ ਦੀ
ਤਾਏ ਅਤੇ ਤਾਈ ਦੀ
ਭਾਪੇ ਅਤੇ ਭਾਈ ਦੀ
ਘਰ ਪਰਿਵਾਰ ਦੀ
ਸਾਰੇ ਸੰਸਾਰ ਦੀ

ਜਿਨ੍ਹਾਂ ਘਰਾਂ ਵਿਚ ਧੀਆਂ-ਭੈਣਾਂ ਹੁੰਦੀਆਂ ਉਥੇ ਖੂਬ ਰੌਣਕ-ਮੇਲੇ ਲੱਗੇ ਰਹਿੰਦੇ ਹਨ। ਪਹਿਲੇ ਵੇਲਿਆਂ ਵਿਚ ਉਹ ਇਕੱਠੀਆਂ ਕਦੀ ਰਲ ਕੇ ਚਰਖੇ ਕੱਤਣ ਬਹਿ ਜਾਂਦੀਆਂ ਸਨ ਅਤੇ ਕਦੀ ਬੁਣਨ-ਉਣਨ ਲੱਗ ਪੈਂਦੀਆਂ ਸਨ। ਜੇ ਘਰ ਵਿਚ ਕੋਈ ਕਾਰਜ ਹੋਵੇ ਤਾਂ ਸਭ ਤੋਂ ਵੱਧ ਚਾਅ ਭੈਣ ਨੂੰ ਹੁੰਦਾ ਹੈ। ਭੈਣ ਆਪਣੇ ਵੀਰੇ ਦੀ ਸ਼ਾਦੀ ਮੌਕੇ ਸਭ ਤੋਂ ਵੱਧ ਸ਼ਗਨ ਮਨਾਉਂਦੀ ਹੈ। ਖਾਸ ਤੌਰ 'ਤੇ ਛੋਟੀ ਭੈਣ ਵਿਆਹ ਦੇ ਪ੍ਰਬੰਧਾਂ ਵਿਚ ਵਧ ਚੜ੍ਹ ਕੇ ਆਪਣਾ ਰੋਲ ਅਦਾ ਕਰਦੀ ਹੈ। ਉਹਦਾ ਚਾਅ ਨਹੀਂ ਮਿਉਂਦਾ। ਆਉਣ ਵਾਲੀ ਭਰਜਾਈ ਦੇ ਸ਼ਗਨ ਮਨਾਉਂਦੀ, ਗੀਤ ਬਠਾਉਂਦੀ ਅਤੇ ਆਪਣੀ ਮਾਂ ਨਾਲ ਰਲ ਕੇ ਸ਼ਰੀਕੇ ਨੂੰ ਭਾਜੀਆਂ ਵੰਡਦੀ ਫਿਰਦੀ ਹੈ। ਆਪਣੀਆਂ ਖਾਸ ਸਹੇਲੀਆਂ ਨੂੰ ਨਾਲ ਲੈ ਪ੍ਰਬੰਧਾਂ ਵਿਚ ਹੱਥ ਵਟਾਉਂਦੀ ਹੈ ਅਤੇ ਬਾਬਲ ਦੇ



ਵਿਹੜੇ ਬੈਠ ਵੀਰ ਦੀਆਂ ਘੋੜੀਆਂ ਗਾਉਂਦੀ ਹੈ:

ਆਓ ਸਈਓ ਨੀ ਰਲ ਮਿਲ ਆਓ ਸਈਓ
ਵੀਰੇ ਦੇ ਸ਼ਗਨ ਮਨਾ ਲਈਏ
ਭਾਈਆਂ ਦੇ ਵਿਚ ਵੀਰਾ ਐਂ ਸਜੇ
ਜਿਵੇਂ ਚੰਦ ਸਜੇ ਵਿਚ ਤਾਰਿਆਂ ਦੇ
ਕੱਪੜੇ ਵੀਰ ਦੇ ਕੇਸਰ ਰੰਗੇ
ਜੁੱਤੀ ਜੜੀ ਐ ਨਾਲ ਸਤਾਰਿਆਂ ਦੇ
.......................
ਚੱਪੇ ਚੱਪੇ ਵੀਰਾ ਖੂਹ ਵੇ ਲਵਾਉਨੀਆਂ
ਘੋੜੀ ਤੇਰੀ ਨੂੰ ਵੀ ਜਲ ਵੇ ਛਕਾਉਨੀਆਂ
ਘੋੜੀ ਟੱਪੇ, ਟੱਪੇ ਮਹਿਲੀਂ ਧਮਕ ਪਵੇ
ਚੱਪੇ ਚੱਪੇ ਵੀਰਾ ਚੱਕੀ ਵੇ ਲਵਾਉਨੀਆਂ
ਘੋੜੀ ਤੇਰੀ ਨੂੰ ਵੀ ਦਾਣੇ ਵੇ ਦਲਾਉਨੀਆਂ
ਘੋੜੀ ਟੱਪੇ, ਟੱਪੇ ਮਹਿਲੀਂ ਧਮਕ ਪਵੇ

ਜਦੋਂ ਪ੍ਰਮਾਤਮਾ ਵੀਰੇ ਨੂੰ ਪੁੱਤਰ ਦੀ ਦਾਤ ਬਖਸ਼ ਦਿੰਦਾ ਹੈ ਤਾਂ "ਭਾਬੋ ਕੁੱਛੜ ਗੀਗਾ" ਦੇ ਸਭ ਤੋਂ ਵੱਧ ਗੀਤ ਭੈਣ ਹੀ ਗਾਉਂਦੀ ਹੈ ਅਤੇ ਅੱਗੇ ਹੋ ਹੋ ਕੇ ਲੋਹੜੀ ਵੰਡਦੀ ਹੈ:

ਸੋਟੀ ਸੋਟੀ ਨੀ, ਭੈਣੋ ਸੋਟੀ ਨੀ,
ਰੱਬ ਦੇਵੇ ਵੀਰ ਨੂੰ ਵਹੁਟੀ ਨੀ
ਇਸ ਵਹੁਟੀ ਵੇਲ ਵਧਾਈ ਨੀ
ਘਰ ਵਿਹੜੇ ਮਹਿਕ ਲਗਾਈ ਨੀ
ਇਸ ਵਹੁਟੀ ਦੇ ਲੰਮੇ ਵਾਲ
ਸੀਸ ਗੁੰਦਾਈਏ ਚੰਬੇ ਨਾਲ
......................
ਭਾਬੋ ਕੁੱਛੜ ਗੀਗਾ ਗੀਗਾ
ਉਹ ਮੇਰਾ ਭਤੀਜਾ ਭਤੀਜਾ
ਗੀਗੇ ਪੈਰੀਂ ਕੜੀਆਂ ਕੜੀਆਂ
ਕਿਸ ਸੁਨਿਆਰੇ ਘੜੀਆਂ ਘੜੀਆਂ
ਕੜੀਆਂ ਘੜਣ ਵਾਲਾ ਜੀਵੇ
ਕੜੀਆਂ ਪਾਉਣ ਵਾਲਾ ਜੀਵੇ

ਵਿਆਹੀ ਭੈਣ ਕਈ ਵਾਰੀ ਭਰਜਾਈ ਨੂੰ ਸਹਿਯੋਗ ਦੇਣ ਲਈ ਪੇਕੇ ਆ ਪਹੁੰਚਦੀ ਹੈ। ਭੂਆ ਦਾ ਰੋਲ ਬਾ ਖੂਬੀ ਨਿਭਾਉਣ ਲਈ ਆਪਣੇ ਭਤੀਜਿਆਂ ਦੇ ਦੁੱਖ-ਸੁੱਖ ਵਿਚ ਸ਼ਾਮਲ ਹੋਣਾ ਆਪਣਾ ਵੱਡਾ ਫਰਜ਼ ਸਮਝਦੀ ਹੈ। ਅਖੀਰਲੀ ਉਮਰੇ ਜੇ ਭਰਾ ਬਿਸਤਰੇ 'ਤੇ ਪੈ ਜਾਏ ਤਾਂ ਵੀ ਸਭ ਤੋਂ ਵੱਧ ਦੁੱਖ ਭੈਣ ਹੀ ਮਨਾਉਂਦੀ ਹੈ। ਪੇਕੇ ਘਰ ਮਾਣੀ ਬਹੁਮੁੱਲੀ ਖੁੱਲ੍ਹ-ਡੁੱਲ੍ਹ ਅਤੇ ਮਿਲਿਆ ਪਿਆਰ ਜ਼ਿੰਦਗੀ ਦੇ ਅਖੀਰਲੇ ਪਲਾਂ ਤੱਕ ਨਾਲ ਨਿਭਦਾ ਹੈ। ਭਾਵੇਂ ਮਾਂ-ਪਿਓ ਅਤੇ ਭਰਾਵਾਂ ਵੱਲੋਂ ਭੈਣ ਨੂੰ ਸੰਭਾਵੀ ਸਹੁਰੇ ਘਰ ਦੀ ਅਕਸਰ ਯਾਦ ਦੁਆਈ ਜਾਂਦੀ ਹੈ ਪ੍ਰੰਤੂ ਪੇਕੇ ਘਰ ਵਿਚ ਬਿਤਾਏ ਸਾਲ ਚੇਤਨਾ ਵਿਚ ਹਮੇਸ਼ਾ ਲਈ ਉਕਰੇ ਜਾਂਦੇ ਹਨ। ਪੇਕੇ ਪਿੰਡ ਵਿਚ ਬਿਨਾਂ ਘੁੰਡ ਕੱਢਣ ਤੋਂ ਸਹੇਲੀਆਂ ਨਾਲ ਰਲ ਕੇ ਹੁੱਬ ਕੇ ਪਾਏ ਗਿੱਧੇ ਅਤੇ ਕਿਕਲੀਆਂ ਅਚੇਤ ਮਨ ਵਿਚ ਬਾਰ ਬਾਰ ਉਠਦੀਆਂ ਹਨ।

ਵਿਆਹ ਤੋਂ ਬਾਅਦ ਪਹਿਲੇ ਸਾਉਣ ਮਹੀਨੇ ਭਰਾ ਉਚੇਚੇ ਤੌਰ 'ਤੇ ਭੈਣ ਨੂੰ ਸਹੁਰੇ-ਘਰੋਂ ਲੈਣ ਜਾਂਦਾ ਹੈ। ਭੈਣ ਦਾ ਚਾਅ ਵਿਚ ਕਿਤੇ ਪੈਰ ਭੁੰਜੇ ਨਹੀਂ ਲੱਗਦਾ। ਵਿਸ਼ੇਸ਼ ਭੋਜਨ ਪਰੋਸਿਆ ਜਾਂਦਾ ਹੈ, ਆਪਣੇ ਹੱਥੀਂ ਵੱਟੀਆਂ ਸੇਵੀਆਂ ਰਿੰਨੀਆਂ ਜਾਂਦੀਆਂ ਹਨ ਅਤੇ ਬੂਰੀ ਮਹਿੰ ਦਾ ਦੁੱਧ ਛੰਨਾ ਭਰ ਵੀਰ ਨੂੰ ਪੇਸ਼ ਕੀਤਾ ਜਾਂਦਾ ਹੈ। ਪੇਕੇ ਪਿੰਡ ਦੀਆਂ ਤੀਆਂ ਵਿਚ ਸ਼ਾਮਲ ਹੋਣ ਲਈ ਵੱਖ ਵੱਖ ਪਿੰਡਾਂ ਵਿਚ ਜਾ ਵੱਸੀਆਂ ਧੀਆਂ-ਭੈਣਾਂ ਇਕੱਠੀਆਂ ਹੋ ਕੇ ਖੂਬ ਰੰਗ ਬੰਨ੍ਹਦੀਆਂ ਹਨ ਅਤੇ ਬਾਬਲ/ਵੀਰ ਦੇ ਪਿੰਡ ਦੀ ਸੁੱਖ ਮੰਗਦੀਆਂ ਹਨ। ਤੀਆਂ ਤੋਂ ਬਾਅਦ ਭੈਣ-ਭਰਾ ਦੇ ਪਿਆਰ ਨੂੰ ਦਰਸਾਉਂਦਾ ਤਿਉਹਾਰ ਰੱਖੜੀ ਆ ਜਾਂਦਾ ਹੈ। ਰੱਖੜੀ ਬੰਨ੍ਹ ਭੈਣਾਂ ਆਪਣੇ ਸਹੁਰੇ-ਘਰ ਨੂੰ ਵਿਦਾ ਹੋ ਜਾਂਦੀਆਂ ਹਨ:

ਸਾਉਣ ਭੈਣਾਂ ਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ
...
ਮੁੜ ਪਿੰਡ ਆਵਾਂਗੇ,
ਵਰੇ ਦਿਨਾਂ ਨੂੰ ਫੇਰ

ਆਧੁਨਿਕਤਾ ਦੇ ਪ੍ਰਭਾਵ ਅਧੀਨ ਪੰਜਾਬੀ ਸਭਿਆਚਾਰ ਬਹੁਤ ਜ਼ਿਆਦਾ ਬਦਲ ਗਿਆ ਹੈ। ਹਰ ਬੱਚੇ ਨੂੰ ਆਤਮ-ਨਿਰਭਰ ਬਣਾਉਣ ਦੇ ਚੱਕਰ ਵਿਚ ਆਪਸੀ ਸਾਂਝ ਨੂੰ ਵੱਡਾ ਖੋਰਾ ਲੱਗਾ ਹੈ। ਸਾਧਨਾਂ ਦੀ ਬਹੁਲਤਾ ਕਾਰਨ ਹੁਣ ਹਰ ਬੱਚੇ ਨੂੰ ਵੱਖਰਾ ਕਮਰਾ ਦੇ ਦੇਣ ਦੇ ਰੁਝਾਨ ਨੇ ਆਪਸੀ ਮਿਲਵਰਤਨ ਅਤੇ ਸਾਂਝ ਨੂੰ ਕਾਫੀ ਹੱਦ ਤੱਕ ਘਟਾ ਦਿੱਤਾ ਹੈ। ਬੜੀ ਛੋਟੀ ਉਮਰੇ ਹੀ ਹੱਥਾਂ ਵਿਚ ਮੋਬਾਈਲ ਫੜਾ ਦੇਣ ਨੇ ਮਾਨਸਿਕਤਾ ਨੂੰ ਅੰਤਰ-ਮੁਖੀ ਅਤੇ ਸਵੈ-ਕੇਂਦਰਿਤ ਬਣਾ ਦਿੱਤਾ ਹੈ। ਹੁਣ ਹਰ ਬੱਚੇ ਕੋਲ ਹਰ ਵਸਤੂ ਆਪਣੀ-ਆਪਣੀ ਹੁੰਦੀ ਹੈ। ਇਹ ਸੁਭਾਅ ਵੱਡੀ ਉਮਰ ਵਿਚ ਵੀ ਕਾਇਮ ਰਹਿੰਦਾ ਹੈ। ਪਦਾਰਥਵਾਦੀ ਸੋਚ ਨੇ ਵੀ ਰਿਸ਼ਤਿਆਂ ਵਿਚ ਵੱਡੀ ਦਰਾੜ ਲੈ ਆਂਦੀ ਹੈ। ਹੁਣ ਅਸੀਂ ਜਜ਼ਬਾਤਾਂ ਅਤੇ ਭਾਵਨਾਵਾਂ ਦੇ ਕਦਰਦਾਨ ਨਹੀਂ ਰਹੇ। ਕੁਰਬਾਨੀ ਦੀ ਭਾਵਨਾ ਘਟ ਗਈ ਹੈ। ਧੀਆਂ-ਭੈਣਾਂ ਨੂੰ ਪਿਤਾ-ਪੁਰਖੀ ਜਾਇਦਾਦ ਵਿਚੋਂ ਬਰਾਬਰ ਦੇ ਅਧਿਕਾਰ ਨੇ ਵੀ ਕਈ ਬਿਖੇੜੇ ਖੜੇ ਕਰ ਦਿੱਤੇ ਹਨ। ਪੇਂਡੂ ਖੇਤੀ-ਪ੍ਰਧਾਨ ਸਮਾਜ ਵਿਚ ਇਸ ਨੇ ਮਸਲੇ ਨੂੰ ਸੁਲਝਾਇਆ ਘੱਟ ਅਤੇ ਉਲਝਾਇਆ ਵੱਧ ਹੈ। ਅਜੇ ਬਹੁਤ ਦੇਰ ਨਹੀਂ ਹੋਈ ਕਿ ਪਿੰਡ ਪੰਜਾਬੀ ਸਭਿਆਚਾਰ ਦੀ ਕਮਾਲ ਦੀ ਇਕਾਈ ਸੀ। ਉਹ ਸਮਾਜ ਵੀ ਭਾਵੇਂ ਆਦਰਸ਼ ਸਮਾਜ ਨਹੀਂ ਸੀ, ਉਸ ਵਿਚ ਵੀ ਕੁਝ ਇੱਕ ਊਣਤਾਈਆਂ ਸਨ ਪਰ ਆਪਸੀ ਰਿਸ਼ਤਿਆਂ ਪੱਖੋਂ, ਉਹ ਸਮਾਜ ਅੱਜ ਦੇ ਸਮਾਜ ਦੇ ਮੁਕਾਬਲੇ ਕਿਤੇ ਬੇਹਤਰ ਸੀ। ਬੜੀ ਜਜ਼ਬਾਤੀ ਪਰਿਵਾਰਕ ਸਾਂਝ ਸੀ ਜੋ ਸਾਰੀ ਉਮਰ ਨਾਲ ਨਿਭਦੀ ਸੀ। ਪਦਾਰਥਵਾਦੀ ਸੋਚ ਨੇ ਸਾਨੂੰ ਕਠੋਰ ਕਰ ਦਿੱਤਾ ਹੈ। ਅਸੀ ਨਾਜ਼ਕ ਅਤੇ ਕੋਮਲ ਭਾਵਨਾਵਾਂ ਦੇ ਕਦਰਦਾਨ ਨਹੀਂ ਰਹੇ। ਅਜੋਕੇ ਯੁੱਗ ਵਿਚ ਸਾਉਣ ਮਹੀਨੇ ਇਹ ਬੋਲੀ ਬੜੀ ਸਾਰਥਿਕ ਲੱਗਦੀ ਹੈ:

ਵੇਖੀਂ ਵੀਰਾ ਭੁੱਲ ਨਾ ਬਈਂ,
ਭੈਣ ਜਿਹਾ ਸਾਕ ਨਾਂ ਕੋਈ।

## ਰੱਖੜੀ 'ਤੇ ਵਿਸ਼ੇਸ਼

### ਰੱਖੜੀ

ਚਿੱਟੇ ਦੀ ਸਰਿੰਜ ਪਕੜੀ
ਅੱਜ ਭੈਣ ਵੀਰ ਨੂੰ ਉਡੀਕੇ
ਹੱਥਾਂ ਵਿਚ ਫੜ ਰੱਖੜੀ
ਵੀਰ ਬੈਠਾ ਸਿਵਿਆਂ 'ਚੋਂ
'ਚਿੱਟੇ ਦੀ ਸਰਿੰਜ ਪਕੜੀ
ਅੱਜ ਭੈਣ ਵੀਰ ਨੂੰ ਉਡੀਕੇ ...।

ਰੱਬ ਜਾਣੇ ਕਦੋਂ ਨਸ਼ਾ ਉਤਰੇ
ਤੇ ਕਦੋਂ ਘਰ ਆਵੇਗਾ
ਪਤਾ ਨਹੀਂ ਉਹ ਰੱਖੜੀ 'ਤੇ
ਨਵਾਂ ਚੰਨ ਕੀ ਚੜ੍ਹਾਵੇਗਾ।
ਨਸ਼ੇ ਦੇ ਵਪਾਰੀਆਂ ਦੀ
ਕਿਉਂ ਨਾ ਕਿਸੇ ਧੌਣ ਪਕੜੀ
ਅੱਜ ਭੈਣ ਵੀਰ ਨੂੰ ਉਡੀਕੇ ...।

ਬੁੱਢੇ ਮਾਪਿਆਂ ਦਾ ਨਸ਼ਿਆਂ ਨੇ
ਬੁਢਾਪਾ ਰੋਲ'ਤਾ
ਬਹੁਤਿਆਂ ਭਰਾਵਾਂ ਨੇ
ਭੈਣਾਂ ਨਾਲੋਂ ਨਾਤਾ ਤੋੜਤਾ
ਭੈਣ ਭੁੱਬਾਂ ਮਾਰ ਰੋਵੇ
ਬਾਪੂ ਬੇਬੇ ਨੂੰ ਪਾ ਕੇ ਗਲਵੱਕੜੀ।
ਅੱਜ ਭੈਣ ਵੀਰ ਨੂੰ ਉਡੀਕੇ...।
ਕਦੋਂ ਵੇਲਾ ਆਵੇਗਾ
ਜਦੋਂ ਪਵੇਗੀ ਗੰਦੇ ਨਸ਼ਿਆਂ ਨੂੰ ਠੱਲ੍ਹ
ਵੀਰਾ ਟੱਬਰ ਵਿਚ ਬਹਿ ਕੇ
ਕਰੇਗਾ ਪਿਆਰ ਵਾਲੀ ਗੱਲ
ਫਿਰ ਕਦੋਂ ਤੇਰਾ ਤੇਰਾ ਤੋਲੂ
ਬਾਬੇ ਨਾਨਕ ਦੀ ਤੱਕੜੀ
ਅੱਜ ਭੈਣ ਵੀਰ ਨੂੰ ਉਡੀਕੇ ...।

ਸਾਲ ਬਾਅਦ ਆਉਂਦਾ ਏ
ਰੱਖੜੀ ਦਾ ਤਿਉਹਾਰ ਵੀਰਨਾ
ਜੱਗ ਨੂੰ ਵਿਖਾਉਂਦਾ
ਭੈਣਾਂ ਤੇ ਭਰਾਵਾਂ ਦਾ ਪਿਆਰ ਵੀਰਨਾ।
ਗਲੋਂ ਲਾਹ ਦੇ ਨਸ਼ੇ ਜਸਵਿੰਦਰਾ
ਜਿਹੜੇ ਤੈਨੂੰ ਬੈਠੇ ਜਕੜੀ
ਅੱਜ ਭੈਣ ਵੀਰ ਨੂੰ ਉਡੀਕੇ
ਹੱਥਾਂ ਵਿਚ ਫੜ ਰੱਖੜੀ।
ਵੀਰ ਬੈਠਾ ਸਿਵਿਆਂ 'ਚੋਂ
ਚਿੱਟੇ ਦੀ ਸਰਿੰਜ ਪਕੜੀ।

**-ਸੂਬੇਦਾਰ ਜਸਵਿੰਦਰ ਸਿੰਘ**
**ਫੋਨ: 75891-55501**

---

### ਮੇਰਾ ਵੀਰ

ਦਿਨ ਚੜ੍ਹਿਆ ਰੱਖੜੀ ਵਾਲਾ
ਵੀਰੇ ਨਾਲ ਗਲਵੱਕੜੀ ਵਾਲਾ
ਗੁੱਟ 'ਤੇ ਰੱਖੜੀ ਸਜਾਉਣੀ ਆਂ
ਹਰ ਰੀਝ ਦਿਲ ਦੀ ਪੁਗਾਉਣੀ ਏ।
ਪੰਜ ਸੌ ਲੈ ਕੇ ਮੈਂ ਨਹੀਂ ਮੰਨਣਾ
ਨਵੇਂ ਫੋਨ ਦੀ ਫਰਮਾਇਸ਼ ਪਾਉਣੀ ਏ

ਪਰ ਸਾਡੇ ਲਈ ਤਾਂ ਆਭਾਗਾ ਦਿਨ ਹੈ
ਬੇਬੇ ਬਾਪੂ ਨੇ ਤਾਂ ਰੋ ਵੀ ਲਿਆ ਏ
ਮੈਨੂੰ ਤਾਂ ਯਾਦ ਹੀ ਨਹੀਂ ਰਿਹਾ ਸੀ
ਮੇਰਾ ਵੀਰ ਤਾਂ ਰੱਬ ਨੇ ਦੇ ਕੇ
ਸਾਡੇ ਤੋਂ ਖੋਹ ਵੀ ਲਿਆ ਏ।

ਮੇਰੀ ਚੰਗੀ ਕਿਸਮਤ ਨਹੀਂ
ਮੈਂ ਭੈਣ ਹਾਂ ਟੁੱਟੀ ਤਕਦੀਰ ਵਾਲੀ
ਰਿਸ਼ਤੇ ਤਾਂ ਇੱਥੇ ਹੋਰ ਬੜੇ ਨੇ
ਪਰ ਗੱਲ ਬਣਦੀ ਨੀ ਮੇਰੇ ਵੀਰ ਵਾਲੀ
ਮੇਰੇ ਨਾਲ ਹੁਣ ਲੜੇਗਾ ਕੌਣ
ਬਣ ਪਰਬਤ ਮੇਰੇ ਪਿੱਛੇ ਖੜ੍ਹੇਗਾ ਕੌਣ
ਜਦ ਵੀ ਮੈਂ ਹੁਣ ਪੋਚਾ ਲਾਉਣਾ
ਚੱਪਲਾਂ ਲੈ ਕੇ ਅੰਦਰ ਵੜੇਗਾ ਕੌਣ
ਜਦ ਬੂਹੇ ਅੱਗਿਓਂ ਮੇਰੀ ਡੋਲੀ ਤੁਰਨੀ
ਖੜ੍ਹ ਕਾਰ ਕੋਲ ਅੱਖਾਂ ਭਰੇਗਾ ਕੌਣ?

ਮਨ ਭਰੇ ਭਰੇ ਨਾਲ ਰੱਬ ਦੇ ਭਾਣੇ
ਮੰਨ ਰਹੀ ਆਂ
ਤੂੰ ਜਿੱਥੇ ਵੀ ਏਂ ਵੀਰੇ ਖੁਸ਼ ਰਹੀਂ
ਤੇਰੇ ਹਿੱਸੇ ਦਾ ਧਾਗਾ
ਤੇਰੇ ਮੋਟਰ ਸਾਈਕੀਲ ਦੇ ਹੈਂਡਲ ਨੂੰ
ਬੰਨ੍ਹ ਰਹੀ ਆਂ।

**-ਮਨਦੀਪ ਖਾਨਪੁਰੀ**
**ਫੋਨ: 97791-79060**

---

### ਭੈਣ ਲਈ ਤਰਸਦੇ ਵੀਰ ਵਲੋਂ:

ਰੱਬਾ ਤੇਰੇ ਨਾਲ ਕਰਾਂ,
ਦਿਲ ਦੀ ਮੈਂ ਗੱਲ ਵੇ।
ਮੇਰੇ ਲਈ ਵੀ ਦਿੰਦਾ ਭੈਣ ਇਕ ਘੱਲ ਵੇ।

ਖੇਡਦੀ ਖਿਡਾਉਂਦੀ ਅਤੇ
ਰੁੱਸਦੀ ਮਨਾਉਂਦੀ ਉਹ,
ਖੈਰ ਸੁੱਖ ਮੰਗਦੀ ਤੇ
ਲਾਡ ਵੀ ਲਡਾਉਂਦੀ ਉਹ।
ਵੱਢ ਵੱਢ ਖਾਵੇ ਮੈਨੂੰ ਘਰ 'ਚ ਇਕੱਲ ਵੇ
ਮੇਰੇ ...

ਕਰਦੀ ਪਿਆਰ ਅਤੇ ਰੱਖੜੀ ਲਿਆਉਂਦੀ ਉਹ,
ਚਾਅ ਤੇ ਮਲ੍ਹਾਰ ਨਾਲ ਗੁੱਟ ਨੂੰ ਸਜਾਉਂਦੀ ਉਹ।
ਦੁੱਖ ਸੁੱਖ ਵਿਚ ਭੱਜੀ ਆਉਂਦੀ ਕੋਲ ਚੱਲ ਵੇ
ਮੇਰੇ...

ਘੋੜੀਆਂ ਸਿੱਠਣੀਆਂ ਤੇ
ਗੀਤ ਮਿੱਠੇ ਗਾਉਂਦੀ ਉਹ,
ਕਲਗੀ ਸਜਾ ਕੇ ਮੈਨੂੰ
ਘੋੜੀ 'ਤੇ ਚੜ੍ਹਾਉਂਦੀ ਉਹ।
ਭਾਬੋ ਦੀਆਂ ਰੀਝਾਂ ਨਾਲ ਰੀਝ ਜਾਂਦੀ ਰਲ ਵੇ
ਮੇਰੇ ...

ਚਾਵਾਂ ਨਾਲ ਉਸ ਦਾ
ਵਿਆਹ ਵੀ ਰਚਾਉਂਦਾ ਮੈਂ,
ਭਰੇ ਹੋਏ ਮਨ ਨਾਲ ਡੋਲੀ 'ਚ ਬਿਠਾਉਂਦਾ ਮੈਂ।
ਮਿਲਣੇ ਨੂੰ ਕਦੇ ਜਾਂਦਾ ਉਸ ਦੇ ਮਹੱਲ ਵੇ
ਮੇਰੇ...

ਭੈਣਾਂ ਜਿਹਾ ਜੱਗ ਉੱਤੇ 'ਦੀਸ਼' ਕੋਈ ਸਾਕ ਨਹੀਂ,
ਹੋਰ ਕਿਸੇ ਰਿਸ਼ਤੇ 'ਚ ਇੰਨਾ ਇਤਫਾਕ ਨਹੀਂ।
ਵੰਡਦੀਆਂ ਮਹਿਕਾਂ ਇਹ ਤਾਂ
ਦੋਹਾਂ ਘਰਾਂ ਵੱਲ ਵੇ
ਮੇਰੇ...

**-ਗੁਰਦੀਸ਼ ਕੌਰ ਗਰੇਵਾਲ**
**ਫੋਨ: +91 98728 60488**

# ਰਾਸ਼ਟਰਮੰਡਲ ਖੇਡਾਂ: ਕਾਸ਼! ਵਿਸ਼ਵ ਪੰਜਾਬੀ ਖੇਡਾਂ ਦਾ ਸੁਫਨਾ ਸੱਚ ਹੋਵੇ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪੰਜਾਬੀਆਂ ਲਈ ਬੜੀ ਅਹਿਮ ਖ਼ਬਰ ਹੈ ਕਿ ਚਾਰ ਮੁਲਕਾਂ ਦੇ ਚਾਰ ਪੰਜਾਬੀ ਪਹਿਲਵਾਨ 'ਕੱਠੇ ਰਾਸ਼ਟਰਮੰਡਲ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਚੜ੍ਹੇ ਹਨ। 125 ਕਿੱਲੋ ਵਜ਼ਨ ਵਰਗ ਦਾ ਗੋਲਡ ਮੈਡਲ ਕੈਨੇਡਾ ਦੇ ਅਮਰਬੀਰ ਸਿੰਘ ਢੇਸੀ ਨੇ ਜਿੱਤਿਆ ਹੈ, ਸਿਲਵਰ ਮੈਡਲ ਪਾਕਿਸਤਾਨ ਦੇ ਜ਼ਮਾਨ ਅਨਵਰ ਨੇ ਅਤੇ ਬਰਾਂਜ਼ ਮੈਡਲ ਭਾਰਤ ਦੇ ਮੋਹਿਤ ਗਰੇਵਾਲ ਤੇ ਇੰਗਲੈਂਡ ਦੇ ਮਨਧੀਰ ਸਿੰਘ ਕੂਨਰ ਨੇ ਜਿੱਤੇ ਹਨ। ਹੁਣ ਜਦੋਂ ਕੁਸ਼ਤੀ 'ਚ ਸਿਖਰਲੇ ਵੇਟ ਦੇ ਚਾਰੇ ਮੈਡਲ ਪੰਜਾਬੀ ਪਹਿਲਵਾਨਾਂ ਦੇ ਗਲੀਂ ਪਏ ਹਨ ਤਾਂ ਮੈਨੂੰ ਮੁੜ 'ਪੰਜਾਬੀ ਓਲੰਪਿਕਸ' ਦਾ ਚੇਤਾ ਆ ਗਿਆ ਹੈ। 2001 ਵਿਚ ਲਾਹੌਰ ਦੀ ਆਲਮੀ ਪੰਜਾਬੀ ਕਾਨਫਰੰਸ ਸਮੇਂ ਪੰਜਾਬੀਆਂ ਦੀਆਂ ਖੇਡਾਂ ਬਾਰੇ ਪਰਚਾ ਪੜ੍ਹਦਿਆਂ ਮੈਂ 'ਪੰਜਾਬੀ ਓਲੰਪਿਕਸ' ਦਾ ਵਿਚਾਰ ਪੇਸ਼ ਕੀਤਾ ਸੀ ਜਿਸ ਦਾ ਪਾਕਿਸਤਾਨ ਦੇ ਮੀਡੀਆ ਨੇ ਵਿਸ਼ੇਸ਼ ਨੋਟਿਸ ਲਿਆ ਸੀ। ਉਸ ਤੋਂ ਚਾਰ ਸਾਲ ਬਾਅਦ ਪਟਿਆਲਾ ਵਿਚ ਇੰਡੋ-ਪਾਕਿ ਪੰਜਾਬ ਖੇਡਾਂ-2004 ਸ਼ੁਰੂ ਹੋ ਗਈਆਂ ਸਨ। ਇੰਡੋ-ਪਾਕਿ ਪੰਜਾਬ ਖੇਡਾਂ-2005 ਲਾਹੌਰ ਵਿਚ ਹੋਣੀਆਂ ਸਨ ਪਰ ਕਸ਼ਮੀਰ ਵਿਚ ਆਏ ਭੁਚਾਲ ਕਾਰਨ ਮੁਲਤਵੀ ਹੋ ਗਈਆਂ ਸਨ ਜੋ ਹੁਣ ਤਕ ਨਹੀਂ ਹੋ ਸਕੀਆਂ। 2010 ਵਿਚ ਪੰਜਾਬ ਸਰਕਾਰ ਵੱਲੋਂ ਨੌਂ ਮੁਲਕਾਂ ਦੀਆਂ ਕਬੱਡੀ ਟੀਮਾਂ ਦਾ ਕਬੱਡੀ ਵਰਲਡ ਕੱਪ ਪੰਜਾਬ ਦੇ ਅੱਠ ਸ਼ਹਿਰਾਂ ਵਿਚ ਕਰਵਾਇਆ ਗਿਆ ਸੀ। ਉਸ ਦੀ ਪੰਜਾਬੀ ਕੁਮੈਂਟਰੀ ਨੇ ਕੁਲ ਦੁਨੀਆ ਵਿਚ ਵਸਦੇ ਪੰਜਾਬੀਆਂ ਦੇ ਰੋਮ-ਰੋਮ ਵਿਚ ਝਰਨ੍ਹਾਟਾਂ ਛੇੜ ਦਿੱਤੀਆਂ ਸਨ। ਦਸ ਦਿਨ ਕੁਲ ਆਲਮ ਦੇ ਪੰਜਾਬੀ ਕਬੱਡੀਓ-ਕਬੱਡੀ ਹੋਏ ਰਹੇ ਸਨ ਜਿਸ ਨਾਲ ਪੰਜਾਬੀਅਤ ਦੀ ਅਜਬ ਧੜਕਣ ਮਹਿਸੂਸ ਕੀਤੀ ਸੀ।

ਪੰਜਾਬੀ ਲੋਕ ਹੁਣ ਪੰਜ ਦਰਿਆਵਾਂ ਦੀ ਧਰਤੀ ਤਕ ਹੀ ਸੀਮਤ ਨਹੀਂ ਰਹੇ। ਇਹ ਕੁਲ ਦੁਨੀਆ ਵਿਚ ਪਸਰ ਗਏ ਹਨ। ਐਸੇ ਸੌ ਤੋਂ ਵੱਧ ਮੁਲਕ ਹਨ ਜਿਨ੍ਹਾਂ ਵਿਚ ਥੋੜ੍ਹੇ ਬਹੁਤੇ ਪੰਜਾਬੀ ਵੀ ਵਸਦੇ ਹਨ। ਪਿਛਲੇ ਸੌ ਸਾਲਾਂ ਤੋਂ ਪੰਜਾਬੀਆਂ ਦਾ ਵਧਦਾ ਪਰਵਾਸ ਹੁਣ ਗਲੋਬਲ ਵਾਸਾ ਹੋ ਗਿਆ ਹੈ ਤੇ ਪੰਜਾਬੀ ਗਲੋਬਲ ਭਾਸ਼ਾ ਬਣ ਗਈ ਹੈ। ਪੰਜਾਬੀ ਹੁਣ ਪੰਜ ਦਰਿਆਵਾਂ ਦੀ ਭਾਸ਼ਾ ਨਹੀਂ ਰਹੀ ਬਲਕਿ ਸੱਤ ਸਮੁੰਦਰਾਂ ਦੀ ਜ਼ੁਬਾਨ ਜਾਣੀ ਜਾਣ ਲੱਗੀ ਹੈ। ਜਿਨ੍ਹਾਂ ਮੁਲਕਾਂ 'ਚ ਪੰਜਾਬੀ ਲੋਕ ਅਜੇ ਤਕ ਨਹੀਂ ਜਾ ਸਕੇ ਹੋਰ ਕੁਝ ਸਾਲਾਂ ਤਕ ਉਥੇ ਵੀ ਚਲੇ ਜਾਣਗੇ ਕਿਉਂਕਿ ਪੰਜਾਬੀਆਂ ਵਿਚ ਪਰਦੇਸੀਂ ਜਾਣ ਦੀ ਪਰਬਲ ਲੋਚਾ ਹੈ। ਉਹ ਤਾਂ ਜਹਾਜ਼ ਦੇ ਪਹੀਆਂ 'ਤੇ ਬੈਠ ਕੇ ਜਾਣ ਲਈ ਵੀ ਤਿਆਰ ਹਨ! ਜਦੋਂ ਕਦੇ ਚੰਦ ਜਾਂ ਕਿਸੇ ਹੋਰ ਗ੍ਰਹਿ 'ਤੇ ਜਾਣ ਦਾ ਗੇੜ ਬਣਿਆ ਤਾਂ ਪੰਜਾਬੀ ਦੂਲੇ ਕਿਸੇ ਤੋਂ ਪਿੱਛੇ ਨਹੀਂ ਰਹਿਣੇ। ਸੰਭਵ ਹੈ ਕਿਸੇ ਦਿਨ ਚੰਦ ਉਤੇ ਵੀ ਪੰਜਾਬੀਆਂ ਦੀ ਮਹਿਬੂਬ ਖੇਡ ਕਬੱਡੀ ਦੇ ਮੈਚ ਹੋਣ ਲੱਗ ਪੈਣ!




ਪੰਜਾਬੀ ਜਿੱਥੇ ਗਏ ਹਨ ਉਥੇ ਆਪਣਾ ਸਭਿਆਚਾਰ ਵੀ ਲੈ ਗਏ ਹਨ ਜਿਸ ਵਿਚ ਉਨ੍ਹਾਂ ਦੀਆਂ ਖੇਡਾਂ ਵੀ ਸ਼ਾਮਲ ਹਨ। ਐਸੇ ਅਨੇਕਾਂ ਮੁਲਕ ਹਨ ਜਿਨ੍ਹਾਂ ਵਿਚ ਪੰਜਾਬੀ ਖੇਡ ਮੇਲੇ ਲੱਗਣ ਲੱਗ ਪਏ ਹਨ। ਪੰਜਾਬ ਦੀ ਧਰਤੀ ਤੋਂ ਦੂਜੇ ਪਾਸੇ ਅਮਰੀਕਾ ਦੀ ਧਰਤੀ ਉਤੇ ਦਰਜਨਾਂ ਪੰਜਾਬੀ ਖੇਡ ਮੇਲੇ ਲੱਗਦੇ ਹਨ ਜਿਨ੍ਹਾਂ ਵਿਚੋਂ ਨਿਊਯਾਰਕ, ਸ਼ਿਕਾਗੋ, ਸਿਆਟਲ, ਸਿਨਸਿਨਾਟੀ, ਡੇਟਨ, ਡਿਟਰਾਇਟ, ਸੈਲਮਾ, ਫਰਿਜ਼ਨੋ, ਸੈਕਰਾਮੈਂਟੋ, ਸੈਨਹੋਜ਼ੇ ਤੇ ਹੇਵਰਡ ਦੇ ਖੇਡ ਮੇਲੇ ਮੈਂ ਆਪਣੀ ਅੱਖੀਂ ਵੇਖੇ ਹਨ। ਕੈਨੇਡਾ, ਇੰਗਲੈਂਡ, ਇਟਲੀ, ਆਸਟ੍ਰੇਲੀਆ, ਨਿਊਜ਼ੀਲੈਂਡ, ਨਾਰਵੇਅ, ਸਪੇਨ, ਜਰਮਨੀ, ਬੈਲਜੀਅਮ, ਹਾਲੈਂਡ, ਆਸਟਰੀਆ, ਮਲਾਇਆ, ਸਿੰਗਾਪੁਰ, ਹਾਂਗਕਾਂਗ, ਅਰਬ ਤੇ ਅਫਰੀਕੀ ਦੇਸ਼ਾਂ ਦੇ ਪੰਜਾਬੀ ਖੇਡ ਮੇਲਿਆਂ ਦੀਆਂ ਰਿਪੋਰਟਾਂ ਅਕਸਰ ਪੜ੍ਹਨ ਨੂੰ ਮਿਲਦੀਆਂ ਹਨ। ਭਾਰਤ ਤੇ ਪਾਕਿਸਤਾਨ ਤੋਂ ਬਾਹਰ ਸੌ ਕੁ ਪੰਜਾਬੀ ਖੇਡ ਮੇਲੇ ਲੱਗਦੇ ਹਨ ਜਿਨ੍ਹਾਂ ਦਾ ਜ਼ਿਕਰ ਮੈਂ ਪੁਸਤਕ 'ਮੇਲੇ ਕਬੱਡੀ ਦੇ' ਵਿਚ ਵੀ ਕੀਤਾ ਹੈ।

ਇੰਡੋ-ਪਾਕਿ ਪੰਜਾਬ ਖੇਡਾਂ ਕਰਾਉਣ ਵਿਚ ਅਕਸਰ ਸਿਆਸੀ ਕਾਰਨ ਅੜਿੱਕਾ ਬਣਦੇ ਰਹੇ ਹਨ ਜਿਵੇਂ ਭਾਰਤ-ਪਾਕਿ ਕ੍ਰਿਕਟ ਤੇ ਹਾਕੀ ਦੀਆਂ ਖੇਡਾਂ ਲਈ ਕਈ ਸਾਲ ਮੁੰਬਈ ਦਾ ਦਹਿਸ਼ਤੀ ਕਾਂਡ ਅੜਿੱਕਾ ਬਣਿਆ ਰਿਹਾ। ਇੱਕੀਵੀਂ ਸਦੀ ਮੰਗ ਕਰਦੀ ਹੈ ਕਿ ਓਲੰਪਿਕ ਖੇਡਾਂ ਦੀ ਤਰਜ਼ 'ਤੇ ਹਰ ਚਾਰ ਸਾਲ ਬਾਅਦ 'ਵਿਸ਼ਵ ਪੰਜਾਬੀ ਖੇਡਾਂ' ਕਰਾਉਣ ਦੇ ਵਿਚਾਰ ਉਤੇ ਗੌਰ ਕੀਤਾ ਜਾਵੇ। ਇਨ੍ਹਾਂ ਖੇਡਾਂ 'ਚ ਕੁਲ ਦੁਨੀਆ ਵਿਚ ਵਸਦੇ ਪੰਜਾਬੀ ਮੂਲ ਦੇ ਖਿਡਾਰੀ ਭਾਗ ਲੈਣ। ਜਾਤ-ਪਾਤ, ਧਰਮ, ਮੁਲਕ ਤੇ ਉਚ-ਨੀਚ ਦਾ ਕੋਈ ਵਿਤਕਰਾ ਨਾ ਹੋਵੇ। 'ਵਿਸ਼ਵ ਪੰਜਾਬੀ ਖੇਡਾਂ' ਦੇ ਸੰਚਾਰ ਦੀ ਭਾਸ਼ਾ ਪੰਜਾਬੀ ਤੇ ਅੰਗਰੇਜ਼ੀ ਹੋਵੇ ਜਿਵੇਂ ਕਬੱਡੀ ਦੇ ਵਰਲਡ ਕੱਪ ਦੀ ਸੀ। ਉਹ ਖੇਡਾਂ ਪੰਜਾਬੀ ਸਭਿਆਚਾਰ ਨਾਲ ਓਤ-ਪੋਤ ਹੋਣ ਤੇ ਉਨ੍ਹਾਂ ਵਿਚ ਪੰਜਾਬ ਦੀਆਂ ਦੇਸੀ ਖੇਡਾਂ ਵੀ ਸ਼ਾਮਲ ਕੀਤੀਆਂ ਜਾਣ ਜਿਵੇਂ ਕਬੱਡੀ, ਕੁਸ਼ਤੀ, ਰੱਸਾਕਸ਼ੀ, ਗਤਕਾ ਤੇ ਨੇਜ਼ਾਬਾਜ਼ੀ ਆਦਿ। ਓਲੰਪਿਕ ਖੇਡਾਂ ਵਾਲੀਆਂ ਆਧੁਨਿਕ ਖੇਡਾਂ ਵੀ ਸ਼ਾਮਲ ਹੋਣ। ਵੱਖ-ਵੱਖ ਮੁਲਕਾਂ ਵਿਚ ਵੱਸਦੇ ਪੰਜਾਬੀ ਆਪੋ ਆਪਣੇ ਮੁਲਕਾਂ ਵੱਲੋਂ ਜਾਂ ਆਜ਼ਾਦ ਤੌਰ 'ਤੇ ਖੇਡਾਂ ਵਿਚ ਭਾਗ ਲੈ ਸਕਣ। ਇਹਦੇ ਨਾਲ ਪੰਜਾਬੀਅਤ ਦੀ ਸਾਂਝ ਹੋਰ ਮਜ਼ਬੂਤ ਹੋਵੇਗੀ ਤੇ ਪੰਜਾਬੀ ਕੌਮ ਵਿਸ਼ਵ ਪੱਧਰ 'ਤੇ ਆਪਣੀ ਹੋਂਦ ਜਤਲਾ ਸਕੇਗੀ। ਪੰਜਾਬੀਅਤ ਦਾ ਜਜ਼ਬਾ ਪ੍ਰਫੁੱਲਿਤ ਹੋਣ ਨਾਲ ਸੌੜੀਆਂ ਫਿਰਕੂ ਸੋਚਾਂ ਨੂੰ ਢਾਹ ਲੱਗੇਗੀ।

ਇਨ੍ਹਾਂ ਖੇਡਾਂ ਲਈ ਪਹਿਲਾ ਸਥਾਨ ਲਾਹੌਰ, ਲੁਧਿਆਣਾ, ਲੰਡਨ, ਮੈਲਬੌਰਨ, ਅਮਰੀਕਾ ਜਾਂ ਕੈਨੇਡਾ ਦਾ ਕੋਈ ਵੀ ਸ਼ਹਿਰ ਹੋ ਸਕਦੈ। ਚਾਰ ਸਾਲਾਂ ਬਾਅਦ ਇਹ ਖੇਡਾਂ ਬਦਲਵੇਂ ਦੇਸ਼ ਵਿਚ ਹੋਣ ਜਿਵੇਂ ਓਲੰਪਿਕ, ਏਸ਼ੀਅਨ ਤੇ ਕਾਮਨਵੈਲਥ ਖੇਡਾਂ ਹੁੰਦੀਆਂ ਹਨ। ਪਹਿਲਾਂ ਇਹ ਸੀਮਤ ਪੱਧਰ 'ਤੇ ਸ਼ੁਰੂ ਕਰ ਕੇ ਸਮੇਂ ਨਾਲ ਵਧਾਈਆਂ ਜਾ ਸਕਦੀਆਂ ਹਨ। ਏਥਨਜ਼ ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਕੇਵਲ 14 ਮੁਲਕਾਂ ਦੇ ਸਿਰਫ਼ 200 ਖਿਡਾਰੀ ਹੀ ਸ਼ਾਮਲ ਹੋਏ ਸਨ ਤੇ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵਿਚ ਵੀ 11 ਦੇਸ਼ਾਂ ਦੇ 489 ਖਿਡਾਰੀਆਂ ਨੇ ਹੀ ਭਾਗ ਲਿਆ ਸੀ। ਅੱਜ ਉਨ੍ਹਾਂ ਖੇਡਾਂ ਵਿਚ ਸੈਂਕੜੇ ਮੁਲਕ ਤੇ ਹਜ਼ਾਰਾਂ ਖਿਡਾਰੀ ਭਾਗ ਲੈ ਰਹੇ ਹਨ। 'ਵਿਸ਼ਵ ਪੰਜਾਬੀ ਖੇਡਾਂ' ਦਾ ਵਿਚਾਰ ਬੇਸ਼ਕ ਹਾਲ ਦੀ ਘੜੀ ਸੁਫਨਾ ਲੱਗਦਾ ਹੈ ਪਰ ਸੁਫ਼ਨੇ ਹੀ ਸਮੇਂ ਨਾਲ ਸਾਕਾਰ ਹੁੰਦੇ ਹਨ। ਕਦੇ ਕਬੱਡੀ ਦੇ ਵਰਲਡ ਕੱਪ ਦਾ ਸੁਫ਼ਨਾ ਹੀ ਲਿਆ ਸੀ ਜੋ 2010 ਵਿਚ ਸਾਕਾਰ ਹੋ ਗਿਆ ਸੀ। ਉਮੀਦ ਹੈ ਖੇਡਾਂ ਨਾਲ ਜੁੜੇ ਪੰਜਾਬੀ ਖੇਡ ਪ੍ਰੇਮੀ, ਖਿਡਾਰੀ, ਖੇਡ ਪ੍ਰਮੋਟਰ ਤੇ ਖੇਡ ਅਧਿਕਾਰੀ 'ਵਿਸ਼ਵ ਪੰਜਾਬੀ ਖੇਡਾਂ' ਦੇ ਵਿਚਾਰ ਉਤੇ ਗੌਰ ਕਰਨਗੇ।

# ਪਾਕਿਸਤਾਨ ਵਿਚ ਝੰਗ ਯੂਨੀਵਰਸਿਟੀ ਦੀ ਮਹਿਲਾ ਵਾਈਸ ਚਾਂਸਲਰ ਨਬੀਲਾ ਰਹਿਮਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਾਕਿਸਤਾਨੀ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪੰਜਾਬੀ ਯੂਨੀਵਰਸਿਟੀ ਲਾਹੌਰ ਦੇ ਪੰਜਾਬੀ ਵਿਭਾਗ ਦੀ ਮੁਖੀ ਤੇ ਡੀਨ ਭਾਸ਼ਾਵਾਂ ਡਾ. ਨਬੀਲਾ ਰਹਿਮਾਨ ਨੂੰ ਝੰਗ ਯੂਨੀਵਰਸਟੀ ਦਾ ਵਾਧੂ ਚਾਰਜ ਸੌਂਪ ਕੇ ਪਾਕਿਸਤਾਨ ਵਿਚ ਮਹਿਲਾਵਾਂ ਦੀ ਮਰਦਾਂ ਨਾਲ ਬਰਾਬਰੀ ਦਾ ਸਬੂਤ ਦਿੱਤਾ ਹੈ। ਮੈਂ ਪਿਛਲੇ ਮਹੀਨੇ ਤੋਂ ਮੀਆਂ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਨੂੰ ਦੋਵਾਂ ਪੰਜਾਬਾਂ ਵਲੋਂ ਰਲ ਕੇ ਮਨਾਉਣ ਦੀ ਭਾਵਨਾ ਨਾਲ ਡਾਕਟਰ ਰਹਿਮਾਨ ਨਾਲ ਸੰਪਰਕ ਵਿਚ ਹਾਂ। ਝੰਗ ਉਥੋਂ ਦੀ ਮੁਲਤਾਨ ਕਮਿਸ਼ਨਰੀ ਦਾ ਇਕ ਜ਼ਿਲ੍ਹਾ ਹੈ ਤੇ ਝੰਗ ਮਘਿਆਣਾ ਇਸ ਦਾ ਪ੍ਰਸਿੱਧ ਸ਼ਹਿਰ। ਨਿਸ਼ਚੇ ਹੀ ਡਾਕਟਰ ਨਬੀਲਾ ਰਹਿਮਾਨ ਦੀ ਨਵੀਂ ਤਾਇਨਾਤੀ ਭਾਰਤ ਵਿਚ ਵਾਰਿਸ ਸ਼ਾਹ ਦੇ ਅੰਤਰਰਾਸ਼ਟਰੀ ਪੱਧਰ ਉਤੇ ਵਿਉਂਤੇ ਜਾ ਰਹੇ ਪ੍ਰੋਗ੍ਰਾਮ ਵਿਚ ਵੱਡੀ ਸਹਾਇਕ ਹੋ ਸਕਦੀ ਹੈ। ਸੀਮਾ ਦੇ ਏਧਰਲੇ ਪਾਸੇ ਰਚਾਏ ਜਾਣ ਵਾਲੇ ਸਮਾਗਮਾਂ ਵਿਚ ਪੰਜਾਬ ਆਰਟਸ ਕਾਊਂਸਲ, ਚੰਡੀਗੜ੍ਹ, ਪੰਜਾਬੀ ਯੂਨੀਵਰਸਟੀ ਪਟਿਆਲਾ ਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਇਕ ਦੂਜੇ ਨਾਲ ਤਾਲ ਮੇਲ ਵਿਚ ਹਨ।

ਜੁਲਾਈ ਮਹੀਨੇ ਗੁਰਮਤ ਕਾਲਜ ਪਟਿਆਲਾ ਦੀ ਪ੍ਰਿੰਸੀਪਲ ਡਾ. ਜਸਬੀਰ ਕੌਰ ਤੇ ਮੇਰੀ ਜੀਵਨ ਸਾਥਣ ਸੁਰਜੀਤ ਕੌਰ, ਨਬੀਲਾ ਰਹਿਮਾਨ ਤੇ ਦਿਆਲ ਸਿੰਘ ਰਿਸਰਚ ਐਂਡ ਕਲਚਰਲ ਫੋਰਮ ਲਾਹੌਰ ਦੇ ਡਾਇਰੈਕਟਰ ਡਾ. ਰਜਤ ਸ਼ਾਹਿਦ ਨੂੰ ਮਿਲ ਕੇ ਆਈਆਂ ਹਨ। ਉਨ੍ਹਾਂ ਵਲੋਂ ਦਿਖਾਏ ਉਤਸ਼ਾਹ ਤੋਂ ਜਾਪਦਾ ਹੈ ਕਿ ਜੇ ਕੋਈ ਖਾਸ ਅੜਿੱਕਾ ਨਾ ਪਿਆ ਤਾਂ ਕਿੱਸਾ ਹੀਰ ਰਾਂਝਾ ਦੇ ਕਰਤਾ ਵਾਰਿਸ ਸ਼ਾਹ ਨਾਲ ਸਬੰਧਤ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਨਗੇ। ਆਮੀਨ!


ਸੁਰਜੀਤ, ਜਸਬੀਰ ਤੇ ਨਬੀਲਾ ਰਹਿਮਾਨ

### ਰਾਮ ਸਰੂਪ ਅਣਖੀ ਦਾ 'ਕਹਾਣੀ ਪੰਜਾਬ'

'ਕਹਾਣੀ ਪੰਜਾਬ' ਦੇ 102ਵੇਂ ਅੰਕ ਨੇ ਮੈਨੂੰ ਆਪਣੇ ਸਮਕਾਲੀ ਤੇ ਪਿਆਰੇ ਮਿੱਤਰ ਰਾਮ ਸਰੂਪ ਅਣਖੀ ਦੀ ਯਾਦ ਦਿਵਾ ਦਿੱਤੀ ਹੈ। ਉਸਨੇ ਇਹ ਰਸਾਲਾ 1993 ਵਿਚ ਜਾਰੀ ਕੀਤਾ ਸੀ ਤੇ ਖੁਦ 2010 ਵਿਚ ਚਲਾਣਾ ਕਰ ਗਿਆ। ਚੰਗੀ ਗੱਲ ਇਹ ਕਿ ਉਸਦਾ ਬੇਟਾ ਡਾ. ਕਰਾਂਤੀਪਾਲ ਅਲੀਗੜ੍ਹ ਮੁਸਲਿਮ ਯੂਨੀਵਰਸਟੀ ਵਿਚ ਤਾਇਨਾਤ ਹੁੰਦਿਆਂ ਇਸਨੂੰ ਜਾਰੀ ਰੱਖ ਰਿਹਾ ਹੈ ਜਿਸ ਵਿਚ ਉਸਦੀ ਜੀਵਨ ਸਾਥਣ ਜਸਵਿੰਦਰ ਕੌਰ ਵੀਨੂ ਉਸ ਦਾ ਸਾਥ ਦੇ ਰਹੀ ਹੈ। ਹਥਲੇ ਅੰਕ ਵਿਚ ਬਲਰਾਜ ਸਾਹਨੀ ਦੇ ਛੋਟੇ ਭਰਾ ਭੀਸ਼ਮ ਸਾਹਨੀ ਦੀਆਂ ਬਚਪਨ ਦੀਆਂ ਯਾਦਾਂ ਤੇ ਬੂਟਾ ਸਿੰਘ ਚੌਹਾਨ ਦੇ ਨਾਵਲ 'ਉਜੜੇ ਖੂਹਾਂ ਦਾ ਪਾਣੀ' ਸਮੇਤ ਇਕ ਦਰਜਨ ਨਵੇਂ ਰੰਗ ਦੀਆਂ ਕਹਾਣੀਆਂ ਤੇ ਪਿੱਤਰ ਸੱਤਾ ਦੇ ਨਵੇਂ ਰੂਪਾਂ ਉੱਤੇ ਦਿਲਚਸਪ ਸੰਵਾਦ ਸ਼ਾਮਲ ਹੈ। 400 ਰੁਪਏ ਵਿਚ 400 ਪੰਨੇ ਦੀ ਇਹ ਸਮੱਗਰੀ ਪੜ੍ਹਨਯੋਗ ਹੈ ਤੇ ਸਾਂਭਣਯੋਗ ਵੀ।

### ਦੂਰ ਦ੍ਰਿਸ਼ਟੀ ਦੇ ਹਸਤਾਖ਼ਰ ਦਾ ਲੇਖਾ-ਜੋਖਾ

ਅਗਸਤ ਮਹੀਨੇ ਭਾਰਤ ਤੇ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਤੋਂ ਬਿਨਾ ਅਜੀਤ ਸਮਾਚਾਰ ਸਮੂਹ ਦੇ ਮਾਲਕ ਸੰਪਾਦਕ ਬਰਜਿੰਦਰ ਸਿੰਘ ਦਾ ਜਨਮ ਦਿਨ ਵੀ ਪੈਂਦਾ ਹੈ। ਸ਼ਾਇਦ ਇਸੇ ਲਈ ਪ੍ਰੋ. ਬ੍ਰਹਮਜਗਦੀਸ਼ ਸਿੰਘ ਨੇ 'ਵਿਵੇਕਸ਼ੀਲ ਦ੍ਰਿਸ਼ਟੀ ਦਾ ਹਸਤਾਖਰ: ਡਾ. ਬਰਜਿੰਦਰ ਸਿੰਘ ਹਮਦਰਦ' (ਨਾਨਕ ਸਿੰਘ ਪੁਸਤਕ ਮਾਲਾ, ਪੰਨੇ 175, ਮੁਲ 350 ਰੁ.) ਛਪਵਾ ਕੇ ਆਪਣੇ ਮਿੱਤਰ ਨੂੰ ਜਨਮ ਦਿਨ ਦੀ ਵਧਾਈ ਦਿੱਤੀ ਹੈ। ਇਸ ਰਚਨਾ ਵਿਚ ਇਕ ਦਰਜਨ ਤੋਂ ਵੱਧ ਮਿੱਤਰ ਪਿਆਰਿਆਂ ਤੇ ਮਹਾਰਥੀਆਂ ਦੇ ਲੇਖ ਹਨ ਜਿਨ੍ਹਾਂ ਵਿਚੋਂ ਦੋ ਟੂਕਾਂ ਪੇਸ਼ ਹਨ।

ਪੱਤਰਕਾਰੀ (ਕੋਈ) ਫੁੱਲਾਂ ਦੀ ਸੇਜ ਨਹੀਂ ਹੈ। ਇਕ ਜ਼ਿੰਮੇਵਾਰ ਅਖ਼ਬਾਰ ਦੇ ਸੰਪਾਦਕ ਦੀ ਕੁਰਸੀ ਵਿਚ ਕਈ ਤਰ੍ਹਾਂ ਦੀਆਂ ਅਦ੍ਰਿਸ਼ ਸੂਲਾਂ ਵਿਦਮਾਨ ਹੁੰਦੀਆਂ ਹਨ। ਇਕ ਸੰਪਾਦਕ ਦੇ ਜੀਵਨ ਵਿਚ ਕਈ ਵਾਰ ਬੇਹੱਦ ਮੁਸ਼ਕਲ, ਦੁਚਿੱਤੀ ਵਾਲੇ ਸਮੇਂ ਆ ਜਾਂਦੇ ਹਨ। ਇਕ ਪਾਸੇ ਉਸ ਦੀ ਨਿੱਜੀ ਪਸੰਦ ਹੁੰਦੀ ਹੈ ਅਤੇ ਦੂਜੇ ਪਾਸੇ ਉਸ ਦੇ ਗੌਰਵਮਈ ਕਿੱਤੇ ਦੀ ਜ਼ਿੰਮੇਵਾਰੀ। ਪਰ ਅਜਿਹਾ ਸਮਾਂ ਉਸ ਲਈ ਬੁਜ਼ਦਿਲੀ ਦਿਖਾਉਣ ਦਾ ਨਹੀਂ, ਸਾਹਸ ਦਿਖਾਉਣ ਦਾ ਹੁੰਦਾ ਹੈ। ਇਸ ਮਿਆਰ ਉੱਤੇ ਬਰਜਿੰਦਰ ਸਿੰਘ ਸਦਾ ਖਰਾ ਉਤਰਦਾ ਰਿਹਾ ਹੈ।

**ਆਈ ਕੇ ਗੁਜਰਾਲ, ਸਾਬਕਾ ਪ੍ਰਧਾਨ ਮੰਤਰੀ**

ਪੰਜਾਬ ਜਦੋਂ ਬਲਿਊ ਸਟਾਰ ਆਪਰੇਸ਼ਨ ਵਿਚੋਂ ਨਿਕਲ ਰਿਹਾ ਸੀ ਤਾਂ ਲੋਕਾਂ ਦੀਆਂ ਨਿਗਾਹਾਂ 'ਅਜੀਤ' ਉਪਰ ਟਿਕੀਆਂ ਹੋਈਆਂ ਸਨ... ਬਰਜਿੰਦਰ ਨੇ ਇਕ ਕੌਮ ਨੂੰ, ਜਿਹੜੀ ਲਹੂ-ਲੁਹਾਣ ਹੋਈ ਪਈ ਸੀ ਅਤੇ ਨਾਲੇ ਹਿੰਦੁਸਤਾਨ ਦੇ ਬਹੁਤ ਘੱਟ ਲੋਕ ਇਸਦੇ ਦਰਦ ਨੂੰ ਮਹਿਸੂਸ ਕਰਦੇ ਸਨ, ਉਸ ਕੌਮ ਨੂੰ ਇਸ ਨਵੇਂ ਮੋੜ 'ਤੇ ਲੈ ਜਾਣਾ ਤੇ ਇਕ ਨਵੀਂ ਸੋਚ ਦੇਣੀ ਸੀ। ਉਸ ਲਈ ਇਹ ਬੜਾ ਹੀ ਔਖਾ ਕੰਮ ਸੀ। ਪਰ ਪੰਜਾਬ ਬਲਕਿ ਸਾਰਾ ਹਿੰਦੁਸਤਾਨ, ਉਹਦੀ ਸਲਾਹਣਾ ਕੀਤਿਆਂ ਬਗੈਰ ਨਹੀਂ ਰਹਿ ਸਕਦਾ, ਜਿਸਨੇ ਤੂਫਾਨਾਂ ਵਿਚ ਘਿਰੀ ਬੇੜੀ ਨੂੰ ਨਾ ਸਿਰਫ ਬਚਾਇਆ ਸਗੋਂ ਕੰਢੇ ਤਕ ਲੈ ਗਿਆ।




**ਕੁਲਦੀਪ ਨਈਅਰ, ਵਰਿਸ਼ਟ ਪੱਤਰਕਾਰ**

ਇਹ ਵੀ ਦੱਸਦਿਆਂ ਕਿ ਮੈਨੂੰ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਦੀ ਪੇਸ਼ਕਸ਼ ਕਰਨ ਵਾਲਾ ਇਸ ਅਦਾਰੇ ਦਾ ਧੜੱਲੇਦਾਰ ਟਰੱਸਟੀ ਐਮ ਐਸ ਰੰਧਾਵਾ ਸੀ ਤੇ ਪ੍ਰਵਾਨਗੀ ਲਈ ਪ੍ਰੇਰਨ ਵਾਲਾ ਇਸ ਪਰਚੇ ਦਾ ਕਾਇਮ ਦਾਇਮ ਸੰਪਾਦਕ ਬਰਜਿੰਦਰ ਸਿੰਘ।

### ਕੈਨੇਡਾ ਵਿਚ ਪੰਜਾਬੀ ਸ਼ਾਦੀ ਦੇ ਤੌਰ ਤਰੀਕੇ

ਇਨ੍ਹਾਂ ਦਿਨਾਂ ਵਿਚ ਹੀ ਕੈਨੇਡਾ ਦੇ ਵੈਨਕੂਵਰ ਵਿਚ ਰਹਿ ਰਹੀ ਮੇਰੀ ਭੈਣ ਦੇ ਪੋਤਰੇ ਹਸਨਪ੍ਰੀਤ ਢਿੱਲੋਂ ਨੇ ਆਪਣੀ ਪਸੰਦ ਦੀ ਲੜਕੀ ਰਾਜਬੀਰ ਕੌਰ ਸਪੁੱਤਰੀ ਭੁਪਿੰਦਰ ਸਿੰਘ ਘੁੰਮਣ ਨਾਲ ਵਿਆਹ ਕੀਤਾ ਹੈ। ਉਨ੍ਹਾਂ ਦੀ ਬਹੁਤ ਇੱਛਾ ਸੀ ਕਿ ਅਸੀਂ ਵੀ ਸ਼ਿਰਕਤ ਕਰੀਏ ਪਰ ਸਫਰ ਤੇ ਉਮਰਾਂ ਦੀ ਦੂਰੀ ਨੇ ਸਾਥ ਨਹੀਂ ਦਿੱਤਾ। ਉਧਰੋਂ ਮਿਲੇ ਵੀਡੀਓ ਤੇ ਤਸਵੀਰਾਂ ਦਸਦੀਆਂ ਹਨ ਕਿ ਉਥੋਂ ਦੇ ਵਸਨੀਕ ਹੋਏ ਪੰਜਾਬੀ ਹਾਲੇ ਵੀ ਪੁਰਾਣੇ ਪੰਜਾਬ ਦੀਆਂ ਰਹੁ ਰੀਤਾਂ ਉਤੇ ਪਹਿਰਾ ਦੇ ਰਹੇ ਹਨ।

ਇਸ ਵਿਆਹ ਦੇ ਅਨੰਦ ਕਾਰਜ ਦੀ ਰਸਮ ਦਸਮੇਸ਼ ਦਰਬਾਰ ਗੁਰਦੁਆਰਾ ਟੋਰਾਂਟੋ ਵਿਚ ਹੋਈ ਤੇ ਕੋਈ ਵੀ ਪੰਜਾਬੀ, ਆਮ ਤੌਰ 'ਤੇ ਪਗੜੀ ਬੰਨ੍ਹਦਾ ਹੋਵੇ ਜਾਂ ਨਾ ਇਸ ਮੌਕੇ ਪਗੜੀ ਸਜਾ ਕੇ ਆਇਆ।

ਲਾੜਾ ਅਚਕਨ ਪਹਿਨ ਕੇ ਤੇ ਕਲਗੀ ਬੰਨ੍ਹ ਕੇ ਅਤੇ ਬਣਨ ਵਾਲੀ ਬੀਵੀ ਝੂਮਰ ਟਿੱਕਾ ਲਾ ਕੇ ਤੇ ਗਹਿਣੇ ਪਹਿਨ ਕੇ। ਹਸਨ ਦੀ ਮਾਂ ਬਲਜੀਤ ਕੌਰ ਤੇ ਪਿਤਾ ਲਾਲੀ ਢਿੱਲੋਂ ਨੇ ਆਪਣੇ ਅਰਮਾਨ ਬੜੇ ਸ਼ੌਕ ਨਾਲ ਪੂਰੇ ਕੀਤੇ। ਲਾਲੀ ਨੇ ਪਗੜੀ ਸਜਾ ਕੇ।

### ਅੰਤਿਕਾ


ਸਾਧੂ ਸਿੰਘ ਹਮਦਰਦ
ਹਰ ਪਾਸੇ ਖੁਸ਼ਬੋਈ ਹੀ ਖੁਸ਼ਬੋਈ ਹੈ
ਕਿਸ ਨੇ ਜ਼ੁਲਫ ਸੰਵਾਰੀ
ਮੇਰੇ ਕਮਰੇ ਵਿਚ

ਕਹਾਣੀ

# ਕੋਈ ਹੋਰ ਠਿਕਾਣਾ

'ਅਬ ਤੁਮ ਘਰ ਜਾ ਕਰ ਅਰਾਮ ਕਰ ਲੇ ਬੇਟਾ... ਸੁਭਹਾ ਜਲਦੀ ਆ ਜਾਣਾ।' ਸਾਧਵੀ ਰੀਤੂ ਮਾਂ ਨੇ ਮੇਰਾ ਸਿਰ ਪਲੋਸ ਕੇ ਅਸ਼ੀਰਵਾਦ ਦੇਂਦਿਆਂ ਕਿਹਾ ਹੈ। ਆਸ਼ਰਮ ਵਿਚ ਆਰਤੀ ਦਾ ਸਾਮਾਨ ਤਿਆਰ ਕਰ ਕੇ ਪਹਿਲਾਂ ਮੈਂ ਅਕਸਰ ਛੇ ਵਜੇ ਹੀ ਘਰ ਚਲੀ ਜਾਂਦੀ ਸਾਂ ਪਰ ਗੁਰੂ ਪੂਜਨ ਦਾ ਤਿਉਹਾਰ ਨੇੜੇ ਹੋਣ ਕਰਕੇ ਆਸ਼ਰਮ ਦੀ ਸਜਾਵਟ ਦਾ ਕੰਮ ਚੱਲ ਰਿਹਾ ਹੈ, ਇਸ ਲਈ ਸੱਤ ਵੱਜ ਜਾਣ 'ਤੇ ਵੀ ਮੈਂ ਆਪਣੇ ਕੰਮ ਵਿਚ ਮਗਨ ਹਾਂ। ਪੰਜਾਹ ਦੇ ਕਰੀਬ ਦੇਸ਼ ਦੇ ਵੱਖ ਵੱਖ ਭਾਗਾਂ ਤੋਂ ਆਉਣ ਵਾਲੀਆਂ ਸਾਧਵੀਆਂ ਤੇ ਸੰਤ ਮਹਾਤਮਾ ਦੇ ਠਹਿਰਨ ਦਾ ਪ੍ਰਬਧ ਕਰਨਾ ਹੈ ਤੇ ਸਾਧਵੀ ਰੀਤੂ ਮਾਂ ਦੀ ਵਿਸ਼ਵਾਸ-ਪਾਤਰ ਹੋਣ ਕਾਰਨ ਇਸ ਪ੍ਰਬੰਧ ਦੀਆਂ ਵਧੇਰੇ ਜ਼ਿੰਮੇਵਾਰੀਆਂ ਮੇਰੇ ਤੇ ਮੇਰੀ ਸਹੇਲੀ ਪ੍ਰੇਮ ਲਤਾ ਕੋਲ ਹੀ ਹਨ।

'ਮਾਂ, ਸਤਸੰਗ ਹਾਲ ਵਿਚ ਵਿਛਾਈ ਦਾ ਕੰਮ ਅਜੇ ਥੋੜ੍ਹਾ ਜਿਹਾ ਰਹਿੰਦਾ ਹੈ... ਅੱਜ ਇੱਥੇ ਹੀ ਕਿਸੇ ਕਮਰੇ ਵਿਚ ਠਹਿਰ ਜਾਂਦੀ ਹਾਂ।" ਮੈਂ ਆਪਣਾ



**ਨਿਰੰਜਣ ਬੋਹਾ**
**ਫੋਨ: 89682-82700**

ਕੰਮ ਨਿਬੇੜਨ ਦੇ ਮੰਤਵ ਨਾਲ ਉਨ੍ਹਾਂ ਨੂੰ ਬੇਨਤੀ ਕੀਤੀ ਹੈ।

'ਨਹੀਂ ਬੇਟਾ ਆਸ਼ਰਮ ਮੇਂ ਸੇਵਾ ਕਰਨੀ ਔਰ ਬਾਤ ਹੈ ...ਪਰ ਯਹਾਂ ਰਾਤ ਕੋ ਠਹਿਰਨਾ ਤੁਮਹਾਰੇ ਲੀਏ ਉਚਿਤ ਨਹੀਂ ਹੈ। ਯਹਾਂ ਠਹਿਰ ਕੇਵਲ ਹਮਾਰੇ ਜੈਸੀ ਸਾਧਵੀਓਂ ਕੇ ਲੀਏ ਹੈ, ਜਿਨ੍ਹੋਂ ਨੇ ਘਰ ਬਾਰ ਤਿਆਗ ਕਰ ਸੰਨਿਆਸ ਲੇ ਲੀਆ ਹੋ। ਤੁਮ ਘਰ ਜਾਓ ਬੇਟਾ, ਤੁਮਾਰੇ ਮੰਮੀ ਪਾਪਾ ਫਿਕਰ ਕਰ ਰਹੇ ਹੋਂਗੇ।"

'ਠੀਕ ਹੈ ਮਾਂ ਚਲੀ ਜਾਤੀ ਹੂੰ।' ਕਹਿ ਕੇ ਮੈ ਤੁਰ ਤਾਂ ਪਈ ਹਾਂ ਪਰ ਸਾਧਵੀ ਮਾਂ ਵਲੋਂ ਕਹੀ ਆਸ਼ਰਮ ਵਿਚ ਠਹਿਰ ਲਈ ਘਰ ਬਾਰ ਤਿਆਗਣ ਦੀ ਗੱਲ ਨੇ ਮੇਰੇ ਮਨ ਵਿਚ ਕੁਹਰਾਮ ਜਿਹਾ ਮਚਾ ਦਿੱਤਾ ਹੈ। ਸੋਚ ਰਹੀ ਹਾਂ ਕਿ ਬੇਚਾਰੀ ਸਾਧਵੀ ਮਾਂ ਨੂੰ ਕੀ ਪਤਾ ਕਿ ਘਰ ਬਾਰ ਤਾਂ ਮੈਂ ਉਸ ਦਿਨ ਹੀ ਤਿਆਗ ਦਿੱਤਾ ਸੀ ਜਿਸ ਦਿਨ ਇਸ ਆਸ਼ਰਮ ਵਿਚ ਦੁਰਗਾ ਭਵਾਨੀ ਦੇ ਚਰਨ ਸਪਰਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਠੀਕ ਹੈ ਕਿ ਮੈਂ ਆਸ਼ਰਮ ਦੇ ਨਿਯਮਾਂ ਅਨੁਸਾਰ ਰਾਤ ਨੂੰ ਸੌਣ ਲਈ ਘਰ ਚਲੀ ਜਾਂਦੀ ਹਾਂ ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਘਰ ਨਾਲ ਜਾਂ ਘਰ ਦੇ ਮੈਂਬਰਾਂ ਨਾਲ ਹੁਣ ਮੇਰਾ ਕੋਈ ਰਿਸ਼ਤਾ ਰਹਿ ਗਿਆ ਹੈ। ਹੁਣ ਮੇਰੇ ਲਈ ਰਾਤਰੀ ਵਿਸ਼ਰਾਮ ਲਈ ਬਣੀ ਧਰਮਸ਼ਾਲਾ ਤੇ ਘਰ ਵਿਚ ਕੋਈ ਫਰਕ ਨਹੀਂ ਹੈ। ਹੁਣ ਮੇਰੀ ਮਾਂ ਤਾਂ ਸਾਧਵੀ ਰੀਤੂ ਮਾਂ ਹੀ ਹੈ। ਦਿਨ-ਰਾਤ ਦੀ ਰੋਟੀ ਵੀ ਤਾਂ ਮੈਂ ਹੁਣ ਆਸ਼ਰਮ ਦੇ ਲੰਗਰ ਵਿਚੋਂ ਹੀ ਖਾਣੀ ਹਾਂ। ਆਪਣੀ ਜਨਮ ਦੇਣ ਵਾਲੀ ਮਾਂ ਨਾਲ ਤਾਂ ਮੈਂ ਉਸ ਦਿਨ ਹੀ ਨਾਤਾ ਤੋੜ ਲਿਆ ਸੀ ਜਿਸ ਦਿਨ ਇਸ ਆਸ਼ਰਮ ਵਿਚ ਮੈਨੂੰ ਆਪਣੀ ਧੀ ਸਮਝਣ ਵਾਲੀ ਰੀਤੂ ਮਾਂ ਮਿਲ ਗਈ ਸੀ। ਮਤਰੇਅ ਬਾਪ ਹਰਨਾਮ ਦਾਸ ਨੂੰ ਤਾਂ ਮੈਂ ਪਹਿਲੇ ਦਿਨ ਤੋਂ ਹੀ ਆਪਣਾ ਬਾਪ ਨਹੀਂ ਸੀ ਸਮਝਿਆ। ਮੈਂ ਉਸਨੂੰ ਆਪਣਾ ਬਾਪ ਤਾਂ ਹੀ ਸਮਝਦੀ ਜੇ ਉਹ ਮੈਨੂੰ ਆਪਣੀ ਧੀ ਸਮਝਦਾ। ਮੈਨੂੰ ਧੀ ਸਮਝਣ ਵਾਲਾ ਮੇਰਾ ਪਾਪਾ ਤਾਂ ਰੱਬ ਨੇ ਆਪਣੇ ਕੋਲ ਬੁਲਾ ਲਿਆ ਸੀ ਤੇ ਹੁਣ ਮੇਰਾ ਬਾਪ ਕਹਾਉਂਦੇ ਹਰਨਾਮ ਦਾਸ ਨੂੰ ਤਾਂ ਮੈਂ ਬਚਪਨ ਵਿਚ ਦਾਦੀ ਤੋਂ ਸੁਣੀਆਂ ਕਹਾਣੀਆਂ ਵਿਚਲੇ ਰਾਖਸ਼ਾਂ ਤੋਂ ਵੀ ਵੱਧ ਨਫ਼ਰਤ ਕਰਦੀ ਸਾਂ। ਜਿਸ ਬਾਪ ਅੰਦਰਲੀ ਹਵਸ ਧੀ ਵਿਚੋਂ ਵੀ ਮਸ਼ੂਕਾਂ ਦੇ ਅਕਸ਼ ਤਲਾਸ਼ਦੀ ਹੋਵੇ ਉਸਨੂੰ ਬਾਪ ਕਹਿਣਾ ਵੀ ਮੈਨੂੰ ਇਸ ਪਵਿੱਤਰ ਸ਼ਬਦ ਦੀ ਤੌਹੀਨ ਲੱਗਦਾ ਹੈ। ਨਫ਼ਰਤ ਤਾਂ ਮੈਂ ਜਨਮ ਦੇਣ ਵਾਲੀ ਆਪਣੀ ਮਾਂ ਨੂੰ ਵੀ ਹਰਨਾਮ ਜਿੰਨੀ ਹੀ ਕਰਦੀ ਹਾਂ, ਫਿਰ ਵੀ ਇਸ ਘਰ ਵਿਚ ਰਾਤ ਕੱਟਣਾ ਮੇਰੀ ਮਜਬੂਰੀ ਹੈ।

ਆਸ਼ਰਮ ਤੋਂ ਘਰ ਆ ਗਈ ਹਾਂ। ਮੰਮੀ ਤੇ ਉਸ ਵਲੋਂ ਸਹੇੜਿਆ ਉਸਦਾ ਨਵਾਂ ਪਤੀ ਮੇਰੇ ਆਉਣ ਤੋਂ ਪਹਿਲਾਂ ਹੀ ਆਪਣੇ ਕਮਰੇ ਵਿਚ ਬੰਦ ਹੋ ਗਏ ਹਨ। ਜੇ ਇਹ ਘਰ ਮੇਰੇ ਅਸਲ ਪਾਪਾ ਵਲੋਂ ਨਾ ਖਰੀਦਿਆ ਹੁੰਦਾ ਤਾਂ ਇਨ੍ਹਾਂ ਦੋਹਾਂ ਮੈਨੂੰ ਇਸ ਘਰ ਵਿਚ ਕਿੱਥੇ ਠਹਿਰਣ ਦੇਣਾ ਸੀ। ਘਰ ਦੇ ਦੋ ਕਮਰਿਆ 'ਤੇ ਮਾਂ ਤੇ ਹਰਨਾਮੇ ਦਾ ਕਬਜ਼ਾ ਸੀ ਪਰ ਆਪਣੇ ਪਾਪਾ ਵਾਲੇ ਕਮਰੇ ਤੋਂ ਮੈਂ ਆਪਣਾ ਕਬਜ਼ਾ ਨਹੀਂ ਸੀ ਛੱਡਿਆ। ਆਸ਼ਰਮ ਜਾਣ ਤੋਂ ਪਹਿਲਾਂ ਘਰ ਵਿਚ ਪਈ ਮੇਰੀ ਦਾਦੀ ਦੀ ਪੁਰਾਣੀ ਮਸ਼ੀਨ ਨਾਲ ਗੁਆਂਢੀ ਦਰਜੀ ਵਲੋਂ ਕੱਟ ਕੇ ਦਿੱਤੇ ਕੱਪੜੇ ਸਿਉਣ ਤੋਂ ਬਾਅਦ ਉਸਦੇ ਘਰ ਦੇ ਆਉਂਦੀ ਹਾਂ ਤੇ ਇਸ ਨਾਲ ਨਾਲ ਮੇਰੇ ਉਤਲੇ ਖਰਚੇ ਚੱਲੀ ਜਾਂਦੇ ਸਨ। ਭਾਵੇਂ ਇਸ ਉਮਰੇ ਮਾਂ ਵਲੋਂ ਨਵਾਂ ਖਸਮ ਕਰਨ ਦੀ ਗੱਲ ਮੇਰੇ ਦਾਦਕਿਆਂ ਦੇ ਨਾਲ ਮੈਨੂੰ ਵੀ ਚੰਗੀ ਨਹੀਂ ਸੀ ਲੱਗੀ ਪਰ ਮੰਮੀ ਨੇ ਆਪਣੀ ਸ਼ਰਮ ਹਯਾ ਤਾਂ ਪਾਪਾ ਦੇ ਮਰਨ ਤੋਂ ਪਹਿਲਾਂ ਹੀ ਲਾਹ ਦਿੱਤੀ ਸੀ। ਜਦੋਂ ਪਾਪਾ ਕੈਂਸਰ ਦੀ ਬਿਮਾਰੀ ਨਾਲ ਜੂਝਦੇ ਹੋਏ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਸਨ ਤਾਂ ਉਸ ਵੇਲੇ ਹੀ ਹਰਨਾਮੇ ਦੇ ਗੇੜੇ ਸਾਡੇ ਘਰ ਵੱਜਣ ਲੱਗ ਪਏ ਸਨ। ਹਰਨਾਮ ਛੜੇ ਵਜੋਂ ਜਾਣਿਆ ਜਾਂਦਾ ਇਹ ਰਾਖਸ਼ ਪਾਪਾ ਦੀ ਫੈਕਟਰੀ ਵਿਚ ਹੀ ਕੰਮ ਕਰਦਾ ਸੀ। ਪਾਪਾ ਦੀ ਤਬੀਅਤ ਦਾ ਪਤਾ ਲੈਣ ਦਾ ਤਾਂ ਐਵੇਂ ਬਹਾਨਾ ਸੀ ਅਸਲ ਵਿਚ ਤਾਂ ਉਹ ਮੰਮੀ ਕਾਰਨ ਹੀ ਸਾਡੇ ਘਰ ਆਉਂਦਾ ਸੀ। ਮੈਂ ਉਸ ਵੇਲੇ ਪੰਦਰਾਂ ਸਾਲ ਦੀ ਹੋ ਗਈ ਸਾਂ ਤੇ ਉਨ੍ਹਾਂ ਦੋਹਾਂ ਦੀ ਵਿਗੜੀ ਨੀਤ ਨੂੰ ਚੰਗੀ ਤਰ੍ਹਾਂ ਸਮਝਦੀ ਸਾਂ, ਪਰ ਉਨ੍ਹਾਂ ਨੂੰ ਪਾਪਾ ਦੇ ਜਿਉਂਦੇ ਜੀਅ ਗੁਲਛਰੇ ਉਡਾਉਣ ਤੋਂ ਰੋਕਣਾ ਮੇਰੇ ਹੱਥ ਵੱਸ ਨਹੀਂ ਸੀ। ਦਾਦਾ-ਦਾਦੀ, ਚਾਚੇ ਨਾਲ ਨਹਿਰੋਂ ਪਾਰ ਵਾਲੀ ਬਸਤੀ ਵਿਚ ਰਹਿੰਦੇ ਸਨ। ਮੈਂ ਮੰਮੀ ਦੀ ਕਰਤੂਤ ਉਨ੍ਹਾਂ ਨੂੰ ਦੱਸੀ ਤਾਂ ਉਹ ਸਾਡੇ ਘਰ ਮੰਮੀ ਨੂੰ ਸਮਝਾਉਣ ਵੀ ਆਏ ਪਰ ਮੰਮੀ ਤਾਂ ਉਨ੍ਹਾਂ ਨੂੰ ਵੀ ਸੂਈ ਕੁੱਤੀ ਦੀ ਤਰ੍ਹਾਂ ਪੈ ਨਿਕਲੀ ਸੀ।

'ਥੋਨੂੰ ਕੀ, ਪਤੈ ਮੈਂ ਕਿਹੜੇ ਹਾਲੀਂ ਘਰ ਚਲਾ ਰਹੀ ਹਾਂ। ਸਾਲ ਭਰ ਤੋਂ ਥੋਡਾ ਪੁੱਤ ਮੰਜੇ 'ਤੇ ਪਿਆ ਹੈ...ਹਰ ਮਹੀਨੇ ਦੋ ਹਜ਼ਾਰ ਇਕੱਲੇ ਉਸਦੀ ਦਵਾਈ 'ਤੇ ਹੀ ਖਰਚ ਹੋ ਜਾਂਦੇ ਨੇ। ਜੇ ਆਹ ਹਰਨਾਮ ਨਾ ਹੁੰਦਾ ਤਾਂ ਇਸਦਾ ਕਦੋਂ ਦਾ ਭੋਗ ਪੈ ਜਾਣਾ ਸੀ ਤੇ ਅਸੀਂ ਦੋਹੇਂ ਮਾਂ-ਧੀ ਸੜਕ 'ਤੇ ਭੀਖ ਮੰਗਣ ਜੋਗੀਆਂ ਰਹਿ ਜਾਂਦੀਆਂ...ਮੇਰੀ ਨਿੱਜੀ ਜ਼ਿੰਦਗੀ ਵਿਚ ਦਖ਼ਲ ਦੇਣ ਦੀ ਕੋਈ ਲੋੜ ਨਹੀਂ। ਜੇ ਆਪਣੇ ਪੁੱਤ ਤੇ ਆਪਣੀ ਇੱਜ਼ਤ ਦਾ ਬਹੁਤਾ ਦਰੇਗ ਐ ਤਾਂ ਚੁੱਕ ਕੇ ਲੈ ਜਾਓ ਇਸ ਨੂੰ ਵੀ ਆਪਣੇ ਘਰ।" ਮੰਮੀ ਗਰਜੀ ਸੀ ਤਾਂ ਬੁੱਢੇ ਦਾਦਾ-ਦਾਦੀ ਦੀ ਕੀ ਬਿਸਾਤ ਸੀ ਕਿ ਉਹ ਅੱਗਿਉਂ ਚੂੰ ਵੀ ਕਰ ਜਾਂਦੇ।

ਜੇ ਦਾਦੇ ਤੇ ਚਾਚੇ ਕੋਲ ਪਾਪਾ ਦੇ ਇਲਾਜ ਕਰਾਉਣ ਦੀ ਸਮਰੱਥਾ ਹੁੰਦੀ ਤਾਂ ਉਹ ਏਨੀ ਗੱਲ ਸੁਣ ਕੇ ਕਿਹੜਾ ਉਸਨੂੰ ਇਸ ਡੈਣ ਕੋਲ ਛੱਡ ਕੇ ਜਾਂਦਾ ਸੀ ਪਰ ਬੁੱਢੇ ਹੋ ਚੁੱਕੇ ਦਾਦਾ-ਦਾਦੀ ਤੇ ਤਿੰਨ ਧੀਆਂ ਦਾ ਬਾਪ ਚਾਚਾ ਤਾਂ ਆਪ ਮਸਾਂ ਗੁਜ਼ਾਰਾ ਕਰਦੇ ਸਨ। ਪਾਪਾ ਦੀ ਮੌਤ ਹੋਈ ਤਾਂ ਮੈਨੂੰ ਲੱਗਿਆ ਸੀ ਕਿ ਮੈਂ ਪੂਰੀ ਤਰ੍ਹਾਂ ਅਨਾਥ ਹੋ ਗਈ ਹਾਂ, ਮੰਮੀ ਤਾਂ ਉਸ ਦਿਨ ਤੋਂ ਹੀ ਮੇਰੇ ਨਾਲ ਖਾਰ ਖਾਣ ਲੱਗ ਪਈ ਸੀ ਜਿਸ ਦਿਨ ਮੈਂ ਉਸ ਤੇ ਹਰਨਾਮ ਛੜੇ ਦੀਆਂ ਕਰਤੂਤਾਂ ਦਾਦੇ ਦਾਦੀ ਨੂੰ ਦੱਸੀਆਂ ਸਨ। ਪਾਪਾ ਦੇ ਭੋਗ ਤੋਂ ਬਾਅਦ ਚਾਚੇ ਨੇ ਰਸਮੀ ਤੌਰ 'ਤੇ ਮੈਨੂੰ ਆਪਣੇ ਨਾਲ ਉਨ੍ਹਾਂ ਦੇ ਘਰ ਚੱਲਣ ਲਈ ਕਿਹਾ ਜ਼ਰੂਰ ਸੀ ਪਰ ਮੈਂ ਉਸਦੀ ਮਜਬੂਰੀ ਸਮਝਦੀ ਸਾਂ। ਇਸ ਲਈ ਮੈਂ ਉਸ ਨਾਲ ਜਾਣਾ ਚਾਹੁੰਦੀ ਹੋਈ ਵੀ ਉਸ ਦੀਆਂ ਧੀਆਂ ਦੀ ਕਬੀਲਦਾਰੀ ਵਲ ਵੇਖਦਿਆਂ ਹਾਂ ਨਹੀ ਸਾਂ ਭਰ ਸਕੀ।

"ਪਾਪਾ ਦੀ ਮੌਤ ਤੋਂ ਬਾਅਦ ਤਾਂ ਮੰਮੀ ਨੂੰ ਬਿਲਕੁਲ ਖੁੱਲ੍ਹ ਹੀ ਮਿਲ ਗਈ ਸੀ। ਪਾਪਾ ਦੇ ਭੋਗ ਨੂੰ ਅਜੇ ਦੋ ਮਹੀਨੇ ਵੀ ਨਹੀਂ ਸੀ ਪਏ ਹਰਨਾਮ ਛੜੇ ਨੇ ਆਪਣਾ ਬਿਸਤਰਾ ਸਾਡੇ ਘਰ ਚੁੱਕ ਲਿਆਂਦਾ ਸੀ। ਮੈਂ ਬਥੇਰਾ ਕਲਪੀ ਸਾਂ ਉਸ ਵੇਲੇ ਤੇ ਮਾਂ ਨਾਲ ਬਥੇਰਾ ਕਲੇਸ਼ ਕੀਤਾ ਸੀ ਪਰ ਮੇਰੀ ਕੋਈ ਵਾਹ ਨਹੀਂ ਸੀ ਚੱਲੀ। ਮੇਰਾ ਕੋਈ ਮਾਮਾ ਵੀ ਤਾਂ ਨਹੀਂ ਸੀ ਜੋ ਮੰਮੀ ਨੂੰ ਜਵਾਨ ਧੀ ਦੇ ਹੁੰਦਿਆਂ ਨਵਾਂ ਖਸਮ ਕਰਨ ਤੋਂ ਰੋਕਦਾ। ਮੰਮੀ ਹੋਰੀ ਭੈਣਾਂ ਹੀ ਭੈਣਾਂ ਸਨ ਤੇ ਨਾਨਾ ਨਾਨੀ ਕਦੋਂ ਦੇ ਸਵਰਗ ਸਿਧਾਰ ਚੁੱਕੇ ਸਨ। ਪਾਪਾ ਦੀ ਮੌਤ ਤੋਂ ਮਹੀਨਾ ਕੁ ਬਾਅਦ ਦਾਦਾ ਵੀ ਚੱਲ ਵਸਿਆ ਤੇ ਚਾਚੀ-ਚਾਚੀ ਮੰਮੀ ਦੇ ਬਘਿਆੜ ਸੁਭਾਅ ਕਾਰਨ ਉਸਦੇ ਮੂੰਹ ਨਹੀਂ ਸਨ ਲੱਗਦੇ। ਕੇਵਲ ਮੈਂ ਹੀ ਸਾਂ ਆਪਣੀ ਮੰਮੀ ਨੂੰ ਗਲਤ ਪਾਸੇ ਜਾਣ ਤੋਂ ਰੋਕਣ ਵਾਲੀ। ਮਾਵਾਂ ਤਾਂ ਧੀਆਂ ਨੂੰ ਕਿਸੇ ਮਾੜੇ ਪਾਸੇ ਜਾਣ ਤੋਂ ਰੋਕਣ ਲਈ ਸਮਝਾਉਂਦੀਆਂ ਹੀ ਆਈਆਂ ਨੇ ਪਰ ਮੇਰੇ ਵਰਗੀ ਅਭਾਗਣ ਕੌਣ ਹੋਵੇਗੀ ਜਿਸ ਨੂੰ ਆਪਣੀ ਮਾਂ ਨੂੰ ਹੀ ਇਸ ਗਲੋਂ ਸਮਝਾਉਣਾ ਪੈ ਰਿਹਾ ਸੀ। ਉਸਨੂੰ ਰਸੇ ਚੱਬਣ ਦੀ ਆਦਤ ਪੈ ਗਈ ਤਾਂ ਮੇਰੇ ਸਮਝਾਇਆਂ ਉਹ ਕਿੱਥੇ ਸਮਝਦੀ ਸੀ। ਉਲਟਾ ਉਹ ਤਾਂ ਮੇਰੀ ਹੀ ਜਾਨ ਦੀ ਦੁਸ਼ਮਣ ਬਣ ਬੈਠੀ। ਜਦੋਂ ਉਹ ਹੀ ਮੇਰਾ ਬੁਰਾ ਤਕਾਉਣ ਲੱਗੀ ਤਾਂ ਫਿਰ ਹਰਨਾਮ ਮੇਰਾ ਕੀ ਲੱਗਦਾ ਸੀ। ਹਰਨਾਮ ਦੇ ਸਾਡੇ ਘਰ ਡੇਰਾ ਲਾ ਲੈਣ 'ਤੇ ਦੋ ਦਿਨ ਤਾਂ ਮੈਂ ਰੋਟੀ ਵੀ ਛੱਡੀ ਰੱਖੀ ਸੀ। ਆਪਣੇ ਗੁਆਂਢ ਵਿਚ ਰਹਿੰਦੀ ਆਪਣੀ ਸਹੇਲੀ ਸ਼ੀਲਾ ਦੇ ਸਮਝਾਉਣ 'ਤੇ ਮੈਂ ਆਪਣੇ ਆਪ ਨੂੰ ਕੁਝ ਸਹਿਜ ਤਾਂ ਕਰ ਲਿਆ ਸੀ ਫਿਰ ਵੀ ਮਾਂ ਨਾਲ ਗੱਲ ਕਰਦਿਆਂ ਮੇਰੇ ਮੂੰਹੋਂ ਕੋਈ ਚੋਭਵੀਂ ਗੱਲ ਨਿਕਲ ਹੀ ਜਾਂਦੀ ਤੇ ਘਰ ਵਿਚ ਮਹਾਂਭਾਰਤ ਛਿੜ ਪੈਂਦੀ। ਹਰਨਾਮ ਕੁਝ ਦਿਨ ਤਾਂ ਸਾਡੀ ਮਾਂ ਧੀ ਦੀ ਲੜਾਈ ਤੋਂ ਨਿਰਲੇਪ ਹੀ ਰਿਹਾ ਪਰ ਘਰ ਦੇ ਸਾਰੇ ਮਾਲਕੀ ਅਧਿਕਾਰ ਹਾਸਲ ਹੋ ਜਾਣ 'ਤੇ ਉਹ ਮੰਮੀ ਦੀ ਧਿਰ ਬਣ ਖਲੋਤਾ ਤੇ ਮੈਨੂੰ ਧਮਕੀਆਂ ਦੇਣ ਲੱਗਾ, "ਤੇਰੀ ਜ਼ੁਬਾਨ ਵਧੇਰੇ ਚੱਲਣ ਲੱਗ ਪਈ ਹੈ, ਲੱਗਦੈ ਤੇਰਾ ਵੀ ਕੋਈ ਇਲਾਜ ਕਰਨਾ ਹੀ ਪਊ।"



ਹਰਨਾਮ ਦੀ ਧਮਕੀ ਨਾਲ ਮੈਂ ਡਰ ਤਾਂ ਗਈ ਸਾਂ ਪਰ "ਐਵੇਂ ਭੌਂਕਦਾ ਹੈ ਕੁੱਤਾ...ਕੀ ਕਰ ਲਵੇਗਾ ਮੇਰਾ।" ਸੋਚ ਕੇ ਆਪਣੇ ਆਪ ਨੂੰ ਦਿਲਾਸਾ ਦੇਣ ਤੋਂ ਇਲਾਵਾ ਮੇਰੇ ਕੋਲ ਚਾਰਾ ਵੀ ਤਾਂ ਨਹੀਂ ਸੀ। ਪਰ ਉਹ ਕੇਵਲ ਭੌਂਕਣ ਵਾਲਾ ਨਹੀਂ ਸਗੋ ਕੱਟਣ ਵਾਲਾ ਕੁੱਤਾ ਵੀ ਸੀ। ਇਸ ਗੱਲ ਦਾ ਤਾਂ ਮੈਂ ਕਿਆਸ ਵੀ ਨਹੀਂ ਸੀ ਕੀਤਾ ਕਿ ਉਹ ਇਕ ਦਿਨ ਮੇਰਾ ਸੁੱਤੀ ਪਈ ਦਾ ਹੀ ਮੂੰਹ ਦੱਬ ਲਵੇਗਾ ਤੇ ਮੇਰੀ ਸਕੀ ਮਾਂ ਉਸਨੂੰ ਮੇਰੇ ਨਾਲ ਕੁਕਰਮ ਕਰਦਿਆਂ ਵੇਖ ਕੇ ਵੀ ਮੂਕ ਦਰਸ਼ਕ ਬਣੀ ਰਹੇਗੀ। ਸ਼ਾਇਦ ਉਹ ਮੈਨੂੰ ਕਾਣੀ ਕਰਨਾ ਚਾਹੁੰਦੇ ਸਨ ਕਿ ਮੈਂ ਗਲੀ ਮੁਹੱਲੇ ਵਿਚ ਉਨ੍ਹਾਂ ਦੀ ਡੌਂਡੀ ਨਾ ਪਿੱਟਾਂ। ਮੈਂ ਬਹੁਤ ਹੱਥ ਪੈਰ ਮਾਰੇ ਸਨ, ਬਹੁਤ ਦੁਹਾਈ ਪਾਈ ਸੀ ਪਰ ਦੈਂਤਾਂ ਵਰਗੇ ਹਰਨਾਮ ਦਾ ਮੁਕਾਬਲਾ ਕਿੰਨਾ ਚਿਰ ਕਰ ਸਕਦੀ ਸਾਂ ਤੇ ਆਖਿਰ ਮੈਂ ਮੰਮੀ ਦੀ ਹਾਜ਼ਰੀ ਵਿਚ ਹੀ ਆਪਣਾ ਉਹ ਸਭ ਕੁਝ ਲੁਟਾ ਬੈਠੀ ਸਾਂ ਜਿਸ ਨੂੰ ਕਿਸੇ ਕੁਆਰੀ ਕੁੜੀ ਦੀ ਇੱਜ਼ਤ ਆਬਰੂ ਕਿਹਾ ਜਾਂਦਾ ਹੈ।

ਅਣਹੋਣੀ ਵਾਪਰਨ 'ਤੇ ਮੈਨੂੰ ਸਾਰੀ ਰਾਤ ਨੀਂਦ ਕਿੱਥੇ ਆਉਣੀ ਸੀ। ਨੀਂਦ ਤਾਂ ਮੇਰੀ ਜਿਵੇਂ ਹਮੇਸ਼ਾਂ ਲਈ ਹੀ ਉੱਡ ਗਈ ਸੀ। ਘੜੀ ਦੋ ਘੜੀ ਅੱਖ ਲੱਗਦੀ ਤੇ ਫਿਰ ਹਰਨਾਮ ਰਾਖਸ਼ ਦਾ ਚਿਹਰਾ ਅੱਖਾਂ ਅੱਗੇ ਆ ਜਾਣ 'ਤੇ ਜਾਗ ਖੁੱਲ੍ਹ ਜਾਂਦੀ। ਕਈ ਵਾਰ ਤਾਂ ਦਿਨੇ ਵੀ ਬੈਠੀ ਬੈਠੀ ਦਾ ਹੀ ਮੇਰਾ ਰੋਣ ਨਿਕਲ ਜਾਂਦਾ ਪਰ ਇਕ ਤਰ੍ਹਾਂ ਨਾਲ ਮੇਰੀ ਸੌਂਕਣ ਬਣ ਚੁੱਕੀ ਮੰਮੀ ਨੇ ਮੈਨੂੰ ਚੁੱਪ ਤਾਂ ਕੀ ਕਰਾਉਣਾ ਸੀ ਉਲਟਾ ਮੱਥੇ 'ਤੇ ਵੱਟ ਜਿਹੇ ਪਾ ਕੇ ਆਖਦੀ, 'ਬਹੁਤੇ ਖੇਖਣ ਨਾ ਕਰ...ਹੁਣ ਤਾਂ ਇਸ ਗੱਲ ਦਾ ਮੈਨੂੰ ਤੇ ਹਰਨਾਮ ਨੂੰ ਹੀ ਪਤਾ ਹੈ ਜੇ ਗੱਲ ਫੈਲ ਗਈ ਤਾਂ ਸਾਰੀ ਉਮਰ ਰੋਣ ਜੋਗੀ ਹੀ ਰਹਿ ਜਾਵੇਂਗੀ।' ਉਸ ਰਾਤ ਤਾਂ ਮੈਂ ਸਵੇਰੇ ਉਠ ਕੇ ਰੇਲ ਗੱਡੀ ਹੇਠ ਸਿਰ ਦੇਣ ਦਾ ਮਨ ਵੀ ਬਣਾ ਲਿਆ ਸੀ ਪਰ ਗੱਡੀ ਆਉਣ 'ਤੇ ਟਾਈਮ 'ਤੇ ਉੱਠਣ ਦੀ ਹਿੰਮਤ ਨਾ ਪਈ। ਮਰਨ ਬਾਰੇ ਸੋਚਣਾ ਸੌਖਾ ਹੈ...ਪਰ ਮਰਨਾ ਬੜਾ ਔਖਾ ਹੈ। ਆਪਣੇ ਨਾਲ ਹੋਈ ਬੀਤੀ ਕਿਸੇ ਨੂੰ ਦੱਸ ਵੀ ਤਾਂ ਨਹੀ ਸਾਂ ਸਕਦੀ। ਇੱਥੋ ਤਕ ਕਿ ਆਪਣੀ ਪੱਕੀ ਸਹੇਲੀ ਸ਼ੀਲਾ ਤੋਂ ਵੀ ਲੁਕੋ ਰੱਖਣ ਲਈ ਮਜਬੂਰ ਸਾਂ। ਭਾਵੇਂ ਮੈਨੂੰ ਕਈ ਦਿਨਾਂ ਤੋਂ ਡੋਰ ਭੋਰ ਜਿਹੀ ਹੋਈ ਵੇਖ ਕੇ ਉਸ ਨੇ ਤਰ੍ਹਾਂ ਤਰ੍ਹਾਂ ਦੇ ਅਨੁਮਾਨ ਲਾਏ ਤੇ ਮੈਥੋਂ ਵਾਰ ਵਾਰ ਪੁੱਛਿਆ ਵੀ ਸੀ ਪਰ 'ਕੁਝ ਨਹੀਂ ਮਨ ਐਵੇਂ ਉਦਾਸ ਹੈ' ਕਹਿ ਕਿ ਮੈਂ ਉਸਨੂੰ ਟਾਲ ਦਿੱਤਾ ਸੀ।

ਮੇਰਾ ਉਖੜਿਆ ਮਨ ਵੇਖ ਕੇ ਹੀ ਸ਼ੀਲਾ ਨੇ ਮੈਨੂੰ ਸ਼ਹਿਰ ਵਿਚਲੇ ਸਾਧਵੀ ਮਾਂ ਰੀਤੂ ਦੇ ਆਸ਼ਰਮ ਜਾਣ ਦੀ ਸਲਾਹ ਦਿੱਤੀ ਸੀ। ਉਹ ਆਪ ਵੀ ਆਪਣੀ ਮਾਤਾ ਨਾਲ ਹਰ ਰੋਜ਼ ਇਸ ਆਸ਼ਰਮ ਵਿਚ ਸੇਵਾ ਕਰਨ ਜਾਂਦੀ ਸੀ। ਬਸ ਮੈਂ ਇਕ ਵਾਰ ਉਸਦੇ ਨਾਲ ਇਸ ਆਸ਼ਰਮ ਵਿਚ ਕੀ ਆਈ ਕਿ ਆਸ਼ਰਮ ਦੀ ਹੀ ਬਣ ਕੇ ਰਹਿ ਗਈ। ਮੈਂ ਅੱਖਾਂ ਮੀਚ ਕੇ ਮਾਂ ਸਾਧਵੀ ਕੋਲ ਇਹੀ ਅਰਦਾਸ ਕਰਦੀ ਕਿ ਹੇ ਸਾਧਵੀ ਮਾਂ ਮੈਨੂੰ ਐਨੀ ਸ਼ਕਤੀ ਦੇ ਕਿ ਮੈਂ ਹਰਨਾਮ ਨਾਂ ਦੇ ਰਾਖਸ਼ ਦਾ ਸੰਘਾਰ ਕਰ ਸਕਾਂ। ਇਸ ਆਸ਼ਰਮ ਨਾਲ ਕੁਝ ਮਰਦ ਸੰਤ ਵੀ ਜੁੜੇ ਹੋਏ ਸਨ, ਜਿਨ੍ਹਾਂ ਨੂੰ ਆਸ਼ਰਮ ਦੀ ਸੰਗਤ 'ਮੁਨੀ ਜੀ' ਕਹਿ ਕੇ ਸਤਿਕਾਰ ਦੇਂਦੀ ਸੀ। ਦਿਨ ਵੇਲੇ ਇਹ ਮੁਨੀ ਆਸ਼ਰਮ ਦਾ ਸਾਰਾ ਕੰਮ ਕਾਜ ਵੇਖਦੇ ਤੇ ਰਾਤ ਸਮੇਂ ਇਨ੍ਹਾਂ ਨੂੰ ਆਸ਼ਰਮ ਵਿਚ ਰਹਿਣ ਦੀ ਆਗਿਆ ਨਹੀਂ ਸੀ। ਉਹ ਆਸ਼ਰਮ ਤੋਂ ਬਾਹਰ ਬਣਾਏ ਕੁਆਰਟਰਾਂ ਵਿਚ ਰਹਿੰਦੇ ਸਨ ਪਰ ਮੰਦਰ ਦੀ ਮਾਲਕੀ ਵਰਗੀ ਮੁੱਖ ਸਰਪ੍ਰਸਤੀ ਪੀੜ੍ਹੀ ਦਰ ਪੀੜ੍ਹੀ ਸਾਧਵੀਆਂ ਕੋਲ ਹੀ ਚਲੀ ਆ ਰਹੀ ਸੀ। ਦੋ ਸਾਲ ਪਹਿਲਾਂ ਸਾਧਵੀ ਊਸ਼ਾ ਦੇ ਅਕਾਲ ਚਲਾਣੇ ਤੋਂ ਬਾਅਦ ਉਸਦੀ ਥਾਂ ਲੈਣ ਵਾਲੀ ਸਾਧਵੀ ਰੀਤੂ ਮਾਂ ਦੀ ਜ਼ੁਬਾਨ ਵਿਚ ਏਨਾ ਰਸ ਸੀ ਕਿ ਉਸ ਵਲੋਂ ਹਰ ਮੰਗਲਵਾਰ ਸਤਿਸੰਗ ਕਰਨ ਵਾਲੇ ਦਿਨ ਸ਼ਰਧਾਲੂ ਸੈਂਕੜਿਆਂ ਦੀ ਗਿਣਤੀ ਵਿਚ ਪਹੁੰਚਣ ਲੱਗ ਪਏ ਸਨ। ਮੈਂ ਸਾਧਵੀ ਰੀਤੂ ਮਾਂ ਦੇ ਮੂੰਹੋਂ ਦੁਰਗਾ ਭਵਾਨੀ ਵਲੋਂ ਰਾਖਸ਼ਾਂ ਦਾ ਸੰਘਾਰ ਕਰਨ ਦੀ ਵਾਰਤਾ ਸੁਣਦੀ ਤਾਂ ਮੈਨੂੰ ਬਹੁਤ ਸਕੂਨ ਜਿਹਾ ਮਿਲਦਾ। ਮੈਨੂੰ ਲੱਗਦਾ ਮਾਂ ਦੁਰਗਾ ਭਵਾਨੀ ਵਲੋਂ ਮਾਰੇ ਰਾਖਸ਼ ਜਿਵੇਂ ਹਰਨਾਮ ਦੇ ਹੀ ਭਾਈ ਬੰਦੂ ਹੋਣ। ਕਥਾ ਵਾਰਤਾ ਤਾਂ ਸੁਰੇਸ਼ ਮੁਨੀ ਜੀ ਵੀ ਚੰਗੀ ਕਰ ਲੈਂਦੇ ਸਨ ਪਰ ਉਨ੍ਹਾਂ ਦੀ ਵਾਣੀ ਵਿਚ ਉਹ ਰਸ ਨਹੀਂ ਹੈ ਜੋ ਰੀਤੂ ਮਾਂ ਦੇ ਪ੍ਰਵਚਨਾਂ ਵਿਚ ਹੈ। ਆਸ਼ਰਮ ਦੇ ਲੰਗਰ ਤੇ ਹੋਰ ਕੰਮਾਂ ਵਿਚ ਦਿਲਚਸਪੀ ਪੈਦਾ ਹੋਣ 'ਤੇ ਮੇਰਾ ਵਧੇਰੇ ਸਮਾਂ ਆਸ਼ਰਮ ਵਿਚ ਹੀ ਬੀਤਣ ਲੱਗਾ ਸੀ ਤੇ ਰੀਤੂ ਮਾਂ ਨਾਲ ਵੀ ਮੇਰੇ ਤਾਰ ਚੰਗੀ ਤਰ੍ਹਾਂ ਜੁੜ ਗਏ ਸਨ।

ਉਸ ਦਿਨ ਤੋਂ ਬਜ਼ਾਰ ਵਿਚੋ ਉਚੇਚਾ ਖਰੀਦਿਆ ਤਿੱਖਾ ਚਾਕੂ ਵੀ ਆਪਣੇ ਸਿਰਹਾਣੇ ਹੇਠ ਰੱਖਣ ਲੱਗ ਪਈ ਹਾਂ। ਹਫਤੇ ਕੁ ਬਾਅਦ ਫਿਰ ਹਰਨਾਮ ਅੰਦਰਲਾ ਪਸ਼ੂ ਜਾਗ ਪਿਆ ਸੀ ਪਰ ਇਸ ਵਾਰ ਮੈਂ ਪੂਰੀ ਤਰ੍ਹਾਂ ਸੁਚੇਤ ਸਾਂ। ਉਹ ਅਜੇ ਮੇਰੇ ਮੰਜੇ ਦੇ ਨੇੜੇ ਹੀ ਪੰਹੁਚਿਆ ਸੀ ਕਿ ਮੈਂ ਫੁਰਤੀ ਨਾਲ ਚਾਕੂ ਸਿਰਹਾਣੇ ਥੱਲਿਉਂ ਕੱਢ ਲਿਆ ਸੀ ਉਸ 'ਤੇ ਵਾਰ ਕਰਨ ਲਈ ਉਲਰੀ ਸਾਂ ਕਿ ਪਤਾ ਨਹੀਂ ਕਿਵੇਂ ਉਹ ਮੈਨੂੰ ਝਕਾਨੀ ਦੇ ਕੇ ਮੇਰੇ ਕਮਰੇ ਵਿਚੋ ਬਾਹਰ ਭੱਜ ਗਿਆ ਸੀ। ਪਰ ਪੰਜ ਸਾਲ ਬੀਤ ਗਏ ਨੇ ਮੁੜ ਅਜਿਹੀ ਨੌਬਤ ਫਿਰ ਨਹੀਂ ਸੀ ਆਈ। ਸ਼ਾਇਦ ਉਸ ਨੂੰ ਮੇਰੇ ਅੰਦਰ ਘੁਲ ਰਹੇ ਜ਼ਹਿਰ ਦਾ ਅਹਿਸਾਸ ਹੋ ਗਿਆ ਸੀ। ਭਾਵੇਂ ਆਸ਼ਰਮ ਦੇ ਕੰਮਾਂ ਵਿਚ ਰੁੱਝਿਆਂ ਦਿਨ ਦਾ ਤਾਂ ਪਤਾ ਨਹੀਂ ਚੱਲਦਾ ਕਿ ਕਦੋਂ ਬੀਤ ਗਿਆ ਪਰ ਘਰ ਦੇ ਘੁਟਵੇਂ ਜਿਹੇ ਮਾਹੌਲ ਵਿਚ ਰਾਤ ਕੱਟਣੀ ਅਜੇ ਵੀ ਮੇਰੇ ਲਈ ਬਹੁਤ ਮੁਸ਼ਕਲ ਹੈ। ਰਾਤ ਪੈਣ 'ਤੇ ਪਾਪਾ ਅਕਸਰ ਮੇਰੇ ਸੁਪਨਿਆਂ ਵਿਚ ਉੱਤਰ ਆਉਂਦਾ ਹੈ। ਕਿੰਨਾ ਪਿਆਰ ਕਰਦਾ ਸੀ ਮੇਰਾ ਪਾਪਾ ਮੈਨੂੰ। ਕੇ ਉਹ ਅੱਜ ਜਿਉਂਦਾ ਹੁੰਦਾ ਤਾਂ ਉਸ ਨੂੰ ਮੇਰਾ ਘਰ ਵਸਾਉਣ ਦੀ ਕਿੰਨੀ ਚਿੰਤਾ ਹੋਣੀ ਸੀ। ਵੀਹਾਂ ਸਾਲਾਂ ਦੀ ਹੋ ਗਈ ਹਾਂ ਪਰ ਹੁਣ ਇਹ ਚਿੰਤਾ ਕੌਣ ਕਰੇ। ਹੁਣ ਤਾਂ ਸੋਚ ਲਿਆ ਹੈ ਕਿ ਸਾਰੀ ਉਮਰ ਮਾਂ ਰੀਤੂ ਸਾਧਵੀ ਦੇ ਚਰਨਾਂ ਵਿਚ ਹੀ ਬਿਤਾਵਾਂਗੀ। ਬੇਚਾਰੇ ਚਾਚੇ ਨੇ ਮੇਰੇ ਲਈ ਇਕ ਮੁੰਡਾ ਜ਼ਰੂਰ ਵੇਖਿਆ ਸੀ ਪਰ ਉਸਦੇ ਸਿਰੇ ਦਾ ਨਸ਼ੇੜੀ ਹੋਣ ਦਾ ਪਤਾ ਲੱਗਣ 'ਤੇ ਉਹ ਵੀ ਚੁੱਪ ਕਰ ਰਿਹਾ ਸੀ।

ਇਸ ਵੇਲੇ ਜੇ ਮੇਰੀ ਕੋਈ ਸਭ ਤੋਂ ਵੱਧ ਚਿੰਤਾ ਕਰਦਾ ਹੈ ਤਾਂ ਉਹ ਮੇਰੀ ਸਹੇਲੀ ਸ਼ੀਲਾ ਹੀ ਹੈ। ਪਿਆਰ ਤਾਂ ਮੈਨੂੰ ਮਾਂ ਰੀਤੂ ਵੀ ਬਥੇਰਾ ਦੇਂਦੀ ਹੈ ਪਰ ਉਹ ਸ਼ੀਲਾ ਵਾਂਗ ਮੇਰੀਆਂ ਮਜਬੂਰੀਆਂ ਬਾਰੇ ਨਹੀਂ ਜਾਣਦੀ। ਭਾਵੇਂ ਸ਼ੀਲਾ ਦਾ ਵਿਆਹ ਸਾਲ ਪਹਿਲੋਂ ਨੇੜਲੇ ਪਿੰਡ ਭੱਠਲੀਂ ਹੋ ਗਿਆ ਸੀ ਪਰ ਜਦੋਂ ਵੀ ਉਹ ਪੇਕੇ ਘਰ ਆਉਂਦੀ ਹੈ ਤਾਂ ਮੇਰਾ ਪਤਾ ਸਾਰ ਜ਼ਰੂਰ ਲੈਂਦੀ। ਉਹ ਵੀ ਬੇਚਾਰੀ ਕਈ ਸਾਲ ਸੋਮਵਾਰ ਦੇ ਵਰਤ ਰੱਖ ਕੇ ਆਪਣੀ ਹਰ ਰੀਝ ਪੂਰੀ ਕਰਨ ਵਾਲੇ ਪਤੀ ਦੀ ਕਾਮਨਾ ਕਰਦੀ ਰਹੀ, ਪਰ ਮਾਪਿਆਂ ਦੀ ਗਰੀਬੀ ਕਾਰਨ ਉਸਨੂੰ ਸਕੂਲ ਅੱਗੇ ਚਾਹ ਦਾ ਖੋਖਾ ਰੱਖ ਕੇ ਔਖਾ ਸੌਖਾ ਗੁਜ਼ਾਰਾ ਕਰਨ ਵਾਲਾ ਪਤੀ ਹੀ ਨਸੀਬ ਹੋਇਆ ਸੀ। ਉਸ ਮੇਰੇ ਨਾਲ ਗੱਲ ਕਰਨ ਤੋਂ ਵੀ ਪਹਿਲਾਂ ਮੇਰੀ ਮੰਮੀ ਕੋਲ ਕਿਸੇ ਪ੍ਰਾਈਵੇਟ ਸਕੂਲ ਵਿਚ ਚਪੜਾਸੀ ਲੱਗੇ ਆਪਣੇ ਦਿਓਰ ਦੀ ਦੱਸ ਮੇਰੇ ਲਈ ਪਾਈ... ਪਰ ਮੰਮੀ ਨੇ ਚੱਜ ਦਾ ਹੁੰਗਾਰਾ ਨਾ ਭਰਿਆ। ਮੇਰੀ ਸਹੇਲੀ ਹੋਣ ਕਾਰਨ ਮੰਮੀ ਉਸ ਨੂੰ ਕਿਹੜਾ ਪਸੰਦ ਕਰਦੀ ਸੀ। ਸ਼ਾਮ ਨੂੰ ਅਸੀਂ ਆਸ਼ਰਮ ਗਈਆਂ ਤਾਂ ਉਸ ਮਾਂ ਰੀਤੂ ਦੀ ਹਾਜ਼ਰੀ ਵਿਚ ਹੀ ਮੇਰੇ ਰਿਸ਼ਤੇ ਦੀ ਗੱਲ ਛੇੜ ਲਈ।

"ਮਾਂ, ਮੈਂ ਤਾਂ ਹੁਣ ਤੁਹਾਡੇ ਚਰਨਾਂ ਵਿਚ ਹੀ ਰਹਿਣਾ ਹੈ ਸਾਰੀ ਉਮਰ ...ਮੇਰਾ ਦਿਲ ਨਹੀਂ ਕਰਦਾ ਹੁਣ ਵਿਆਹ-ਵਿਊਹ ਕਰਾਉਣ ਨੂੰ...।" ਉਸ ਵੇਲੇ ਮੈਨੂੰ ਕੇਵਲ ਇਹੀ ਜਵਾਬ ਸੁਝਿਆ ਸੀ।

ਭਾਵੇਂ ਸ਼ੀਲਾ ਤੇ ਰੀਤੂ ਮਾਂ ਨੇ ਮੇਰੀ ਗੱਲ ਇਹ ਕਹਿ ਕੇ ਹਾਸੇ ਵਿਚ ਪਾ ਲਈ ਸੀ ਕਿ ਪਹਿਲਾਂ ਸਾਰੀਆਂ ਹੀ ਕੁੜੀਆਂ ਇਸ ਤਰ੍ਹਾਂ ਹੀ ਕਿਹਾ ਕਰਦੀਆਂ ਨੇ, ਪਰ ਮੈਂ ਆਪਣੇ ਵਲੋਂ ਸੱਚ ਹੀ ਬੋਲ ਰਹੀ ਸਾਂ। ਹਰਨਾਮ ਰਾਖਸ਼ ਵਲੋਂ ਕੀਤੇ ਕੁਕਰਮ ਬਾਅਦ ਮੈਨੂੰ ਤਾਂ ਮਰਦ ਦੇ ਨਾਂ ਤੋਂ ਹੀ ਡਰ ਲੱਗਣ ਲੱਗ ਪਿਆ ਸੀ। ਕੱਚੀ ਉਮਰੇ ਹੋਏ ਰੇਪ ਦੀਆਂ ਪੀੜਾਂ ਯਾਦ ਆਉਣ 'ਤੇ ਮੈਨੂੰ ਹੁਣ ਵੀ ਤਰੇਲੀਆਂ ਆਉਣ ਲੱਗ ਪੈਂਦੀਆਂ ਨੇ ਤੇ ਸਾਰੇ ਸਰੀਰ ਵਿਚੋ ਚੀਸਾਂ ਨਿਕਲਣ ਲੱਗਦੀਆਂ ਨੇ। ਉਸ ਵੇਲੇ ਤਾਂ ਗੱਲ ਹਾਸੇ ਵਿਚ ਪੈ ਗਈ ਸੀ ਪਰ ਘਰ ਆ ਕੇ ਮੈਂ ਸਾਰੀ ਰਾਤ ਸੋਚਦੀ ਰਹੀ ਸਾਂ। ਸਵੇਰ ਹੋ ਗਈ ਸੀ ਪਰ ਮੈਂ ਕਿਸੇ ਨਤੀਜੇ 'ਤੇ ਨਹੀਂ ਸਾਂ ਅੱਪੜ ਸਕੀ।

ਮੈਂ ਆਪਣੀਆਂ ਸਕੀਆਂ ਭੈਣਾਂ ਤੋਂ ਵੀ ਵੱਧ ਮੋਹ ਕਰਨ ਵਾਲੀ ਸਹੇਲੀ ਸ਼ੀਲਾ ਨੂੰ ਵੀ ਰੁੱਖਾ ਜਵਾਬ ਨਹੀਂ ਸਾਂ ਦੇਣਾ ਚਾਹੁੰਦੀ ਤੇ ਵਿਆਹ ਕਰਵਾ ਕੇ ਕਿਸੇ ਨਵੇਂ ਨਰਕ ਵਿਚ ਵੀ ਡਿੱਗਣ ਤੋਂ ਬਚਣਾ ਚਾਹੁੰਦੀ ਸਾਂ। ਹੁਣ ਤਾਂ ਮੈਨੂੰ ਆਸ਼ਰਮ ਵਿਚ ਸਾਧਵੀ ਮਾਂ ਤੇ ਸਾਧ ਸੰਗਤ ਦੀ ਸੇਵਾ ਕਰਕੇ ਹੀ ਦਿਲ ਨੂੰ ਕੁਝ ਸਕੂਨ ਮਿਲਦਾ ਸੀ ਤੇ ਇਸ ਸਕੂਨ ਨੂੰ ਛੱਡਣ ਦਾ ਰਿਸਕ ਮੈਂ ਨਹੀਂ ਸਾਂ ਲੈਣਾ ਚਾਹੁੰਦੀ, ਇਸ ਲਈ ਮੈਂ ਉਸਨੂੰ ਤਰਲਾ ਜਿਹਾ ਕਰਦਿਆਂ ਕਿਹਾ ਸੀ, "ਭੈਣ ਬਣ ਕੇ ਕੁਝ ਸਮਾਂ ਸੋਚਣ ਦਾ ਮੌਕਾ ਦੇਹ ਮੈਨੂੰ...।"

ਭਾਵੇਂ ਸ਼ੀਲਾ ਖੁਦ ਇਸ ਦੁਬਿਧਾ ਵਿਚ ਸੀ ਕਿ ਮੈਂ ਇਸ ਰਿਸ਼ਤੇ ਲਈ ਹਾਂ ਕਿਉਂ ਨਹੀਂ ਭਰ ਰਹੀ ਪਰ ਉਸ ਇਕ ਵਾਰ ਫਿਰ ਵੀ ਉਸ ਮੇਰੇ 'ਤੇ ਦਾਅਵਾ ਜਿਹਾ ਜਤਾਉਂਦਿਆਂ ਕਿਹਾ ਸੀ, "ਜਿੰਨਾ ਚਿਰ ਮਰਜ਼ੀ ਸੋਚ ਲੈ...ਪਰ ਆਪਣੀ ਦਰਾਣੀ ਮੈਂ ਤੈਨੂੰ ਬਣਾ ਹੀ ਲੈਣਾ ਹੈ।'

ਗੁਰੂ ਪੂਜਨ ਉਤਸਵ ਵਿਚ ਚਾਰ ਦਿਨ ਰਹਿ ਗਏ ਹਨ। ਆਸ਼ਰਮ ਦੀ ਸਜਾਵਟ ਕਰਨ ਦੀ ਜ਼ਿੰਮੇਵਾਰੀ ਕਾਰਨ ਹੁਣ ਕਈ ਦਿਨਾਂ ਤੋਂ ਮੈਨੂੰ ਸਵੇਰੇ ਛੇ ਵਜੇ ਹੀ ਉੱਥੇ ਜਾਣਾ ਪੈਂਦਾ ਹੈ ਤੇ ਸ਼ਾਮ ਨੂੰ ਵਾਪਸ ਆਉਣ 'ਤੇ ਵੀ ਸੱਤ ਵੱਜ ਜਾਂਦੇ ਹਨ। ਕੱਲ੍ਹ ਤਾਂ ਘਰ ਪਰਤਣ ਵੇਲੇ ਰਾਤ ਦੇ ਅੱਠ ਵੱਜ ਗਏ ਸਨ ਤੇ ਆਸ਼ਰਮ ਦਾ ਚੌਕੀਦਾਰ ਮੈਨੂੰ ਘਰ ਛੱਡ ਕੇ ਗਿਆ ਸੀ। ਮੰਮੀ ਨੂੰ ਇਸ ਗੱਲ ਦਾ ਚੰਗੀ

***(ਬਾਕੀ ਅਗਲੇ ਸਫੇ 'ਤੇ)***

# ਅਮਰੀਕਾ ਦਾ ਦੂਸਰਾ ਚਿਹਰਾ ! ਤੇ ਅਮਰੀਕੀ ਸਾਮਰਾਜ ਦਾ ਪਤਨ

"ਦੁਨੀਆ ਦਾ ਹਰ ਇਨਸਾਨ ਅਮਰੀਕਾ ਨੂੰ ਖੁਸ਼ਹਾਲ ਮੁਲਕ ਵਜੋਂ ਦੇਖਦਾ ਹੈ। ਹਰ ਕੋਈ ਸੋਚਦਾ ਹੈ ਕਿ ਏਥੇ ਵਸਦਾ ਹਰ ਬਾਸ਼ਿੰਦਾ ਦੁਨੀਆ ਭਰ ਵਿਚ ਸਭ ਤੋਂ ਵੱਧ ਖੁਸ਼ ਹੋਵੇਗਾ। ਹੋ ਸਕਦਾ ਹੈ ਤੁਸੀਂ ਸਹੀ ਸੋਚਦੇ ਹੋਵੋ ਪਰ ਜੋ ਦਿਸਦਾ ਹੈ, ਉਹ ਸੱਚ ਨਹੀਂ। ... ਏਥੋਂ ਦਾ ਦੂਸਰਾ ਪਾਸਾ ਵੀ ਵੇਖੋ। ਇਹ ਮੁਲਕ ਵਾਪਾਰੀ ਲੋਕਾਂ ਦਾ ਮੁਲਕ ਹੈ। ਏਥੋਂ ਦਾ ਹਰ ਬਾਸ਼ਿੰਦਾ ਵਪਾਰੀ ਕਹਾਉਂਦਾ ਹੈ। ਹਰ ਕੋਈ ਏਥੇ ਵਪਾਰੀ ਵਾਂਗ ਸੋਚਦਾ ਹੈ... ਡੀਲ ਕਰਦਾ ਹੈ, ਵਿਹਾਰ ਕਰਦਾ ਹੈ। ਇਸ ਵਿਚ ਔਲਾਦ ਵੀ ਤੇ ਦੋਸਤ ਮਿੱਤਰ ਵੀ...ਤੇ ਤੁਹਾਡੇ ਆਲੇ-ਦੁਆਲੇ ਰਹਿੰਦੇ



**ਗੁਰਬਚਨ ਸਿੰਘ**
**ਫੋਨ: +91-98156-98451**

ਲੋਕ ਵੀ... ਤੁਹਾਡੇ ਕੋਲੋਂ ਕੀ ਮੁਨਾਫਾ ਹੋ ਸਕਦਾ ਹੈ... ਤੁਹਾਡੇ ਨਾਲ ਰਹਿਣ ਵਿਚ ਫਾਇਦਾ ਹੈ ਜਾਂ ਨੁਕਸਾਨ ... ਹਰ ਬੰਦਾ ਇਹ ਸੋਚਦਾ ਹੈ। ਔਲਾਦ ਵੀ ਏਦਾਂ ਸੋਚਣ ਲੱਗ ਪਈ ਹੈ। ਪਿਆਰ, ਰਿਸ਼ਤਾ ਦੂਸਰੇ ਨੰਬਰ ਉਤੇ ਚਲਾ ਗਿਆ ਹੈ।

... ਨਾਲੇ ਏਥੋਂ ਦਾ ਸਭਿਆਚਾਰ, ਰਹਿਣ-ਸਹਿਣ ਦਿਨੋਂ-ਦਿਨ ਨਿਘਾਰ ਵੱਲ ਜਾ ਰਿਹਾ ਹੈ। ਜੋ ਦੁਨੀਆ ਨੂੰ ਦਿਸ ਰਿਹਾ ਹੈ, ਉਹ ਸੱਚ ਨਹੀਂ ਹੈ। ਜੇ ਇਹ ਮੁਲਕ ਸਹੀ ਹੁੰਦਾ ਤਾਂ ਏਥੋਂ ਦੇ ਬਾਸ਼ਿੰਦੇ ਬਹੁਤ ਖੁਸ਼ ਹੁੰਦੇ। ਸਗੋਂ ਉਹ ਤਾਂ ਦਿਨੋਂ-ਦਿਨ ਨਸ਼ਿਆਂ ਦੀ ਦਲਦਲ ਵੱਲ ਵਧ ਰਹੇ ਹਨ। ਡੂੰਘੇ ਡਿਪਰੈਸ਼ਨ (ਨਿਰਾਸ਼ਾ) ਵੱਲ ਵਧ ਰਹੇ ਹਨ। ਉਨ੍ਹਾਂ ਦੀ ਪਹੁੰਚ ਤੋਂ ਬਹੁਤ ਕੁਝ ਦੂਰ ਹੋ ਰਿਹਾ ਹੈ। ਕਾਰਪੋਰੇਟ ਘਰਾਣਿਆਂ ਨੇ ਉਨ੍ਹਾਂ ਦੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ। ਬਹੁਗਿਣਤੀ ਲੋਕ ਅੱਜ-ਕੱਲ੍ਹ ਨਸ਼ਿਆਂ ਵਿਚ ਗ੍ਰਸਤ ਹਨ। ਉਹ ਕੰਮ ਕਰਦੇ ਡਰਾਈਵ ਕਰਦੇ ਵੀ ਨਸ਼ੇ ਕਰਨ ਲੱਗ ਪਏ ਹਨ। ਅਮਰੀਕਾ ਦੀ ਬਹੁਗਿਣਤੀ ਸ਼ਰਾਬ, ਭੰਗ ਤੇ ਹੋਰ ਨਸ਼ਿਆਂ ਨਾਲ ਅਰਧ ਪਾਗਲ ਹੋਈ ਫਿਰਦੀ ਹੈ। ਅਗਲੀਆਂ ਪੀੜ੍ਹੀਆਂ ਕਿਹੋ ਜਿਹੀਆਂ ਹੋਣਗੀਆਂ ਤੁਸੀਂ ਆਪ ਹੀ ਅੰਦਾਜ਼ਾ ਲਾ ਲਓ। ਹਰ ਕੋਈ ਏਦਾਂ ਸੋਚ ਰਿਹਾ ਹੈ, ਜਿਵੇਂ ਅੱਜ ਮੇਰਾ ਆਖਰੀ ਦਿਨ ਹੋਵੇ ਤੇ ਮੈਂ ਮੌਜ ਮਸਤੀ ਕਰ ਲਵਾਂ।

ਜੋ ਲੋਕ ਸੋਚਦੇ ਹਨ ਸਾਡੇ ਬੱਚੇ ਬਾਹਰ ਸੁਰੱਖਿਅਤ ਹਨ ਤਾਂ ਤੁਸੀਂ ਭੁਲੇਖੇ ਵਿਚ ਹੋ। ਸਭ ਤੋਂ ਵੱਧ ਬੱਚੇ ਅਮਰੀਕਾ, ਕੈਨੇਡਾ ਵਿਚ ਡਿਪਰੈਸ਼ਨ ਵਿਚ ਜਾ ਰਹੇ ਹਨ। ਉਹ ਨਸ਼ਿਆਂ ਦੀ ਦਲਦਲ ਵਿਚ ਫਸ ਰਹੇ ਹਨ। 80 ਫੀਸਦੀ ਅਮਰੀਕਨ ਲੋਕ ਕੋਈ ਨਾ ਕੋਈ ਨਸ਼ਾ ਕਰ ਕੇ ਗੱਡੀ ਚਲਾਉਂਦੇ ਜਾਂ ਕੰਮ ਕਰਦੇ ਹਨ। ਉਹ ਕੰਮ ਉਤੇ ਜਾਣ ਲੱਗੇ ਵੀ ਨਸ਼ਾ ਕਰਦੇ ਹਨ ਤੇ ਘਰ ਜਾਣ ਲੱਗੇ ਵੀ। ਪਰਿਵਾਰ ਟੁੱਟ ਰਹੇ ਹਨ। ਤੁਸੀਂ ਆਪੇ ਸਮਝ ਜਾਓ... ਅਗਲੀਆਂ ਪੀੜ੍ਹੀਆ ਕਿਹੋ ਜਿਹੀਆ ਹੋਣਗੀਆ।"

ਜਗਰੂਪ ਸਿੰਘ ਬਾਠ ਦੀ ਇਹ 3 ਅਗਸਤ ਨੂੰ ਫੇਸਬੁਕ ਉਤੇ ਪਾਈ ਪੋਸਟ ਹੈ। 6 ਅਗਸਤ ਤਕ ਇਸ ਪੋਸਟ ਉਤੇ 37 ਟਿੱਪਣੀਆਂ ਹਨ, ਜਿਨ੍ਹਾਂ ਵਿਚੋਂ ਬਹੁਤਿਆਂ ਨੇ ਇਸ ਪੋਸਟ ਦੀ ਤਾਈਦ ਕੀਤੀ ਹੈ। ਇਹ ਅਮਰੀਕੀ ਸਮਾਜ ਦੀ ਮੌਜੂਦਾ ਸਚਾਈ ਹੈ। ਇਹ ਪੋਸਟ ਪੜ੍ਹ ਕੇ ਅਹਿਸਾਸ ਹੁੰਦਾ ਹੈ ਕਿ ਅਜੋਕਾ ਅਮਰੀਕੀ ਸਮਾਜ ਕਿੱਡੇ ਵੱਡੇ ਮਾਨਸਿਕ ਸੰਕਟ ਵਿਚੋਂ ਲੰਘ ਰਿਹਾ ਹੈ। ਸਮਝਣ ਤੇ ਸਮਝਾਉਣ ਵਾਲੀ ਖਾਸ ਗੱਲ ਇਹ ਹੈ ਕਿ ਅਮਰੀਕੀ ਸਮਾਜ ਦਾ ਇਹ ਮਾਨਸਿਕ ਸੰਕਟ ਕਿਉਂ ਪੈਦਾ ਹੋਇਆ ਅਤੇ ਆਪਣਾ ਇਹੀ ਮਾਨਸਿਕ ਸੰਕਟ ਇਹ ਹੁਣ ਤਕ ਸਾਰੇ ਸੰਸਾਰ ਵਿਚ ਕਿਉਂ ਫੈਲ ਰਿਹਾ ਹੈ?

ਦਰਅਸਲ ਅਮਰੀਕੀ ਸਾਮਰਾਜ ਦੀ ਬੁਨਿਆਦ ਪੂੰਜੀਵਾਦ ਉਤੇ ਟਿਕੀ ਹੋਈ ਹੈ ਅਤੇ ਪੂੰਜੀਵਾਦ ਦਾ ਹੁਣ ਤਕ ਦਾ ਸਭ ਤੋਂ ਵਧੀਆ ਵਿਆਖਿਆਕਾਰ ਕਾਰਲ ਮਾਰਕਸ ਹੈ। 19ਵੀਂ ਸਦੀ ਵਿਚ ਸਭ ਤੋਂ ਪਹਿਲਾਂ ਕਾਰਲ ਮਾਰਕਸ ਨੇ ਇਹ ਸੱਚ ਪ੍ਰਗਟ ਕੀਤਾ ਸੀ ਕਿ ਜੇ ਪੂੰਜੀਵਾਦ ਦੇ ਬਦਲ ਵਜੋਂ ਸਮਾਜਵਾਦੀ ਸਮਾਜ ਦੀ ਸਿਰਜਣਾ ਨਾ ਹੋਈ ਤਾਂ ਪੂੰਜੀਵਾਦ ਦੁਨੀਆ ਭਰ ਵਿਚ ਅਜਿਹੀ ਵਹਿਸ਼ਤ ਫੈਲਾਏਗਾ, ਜਿਸ ਦਾ ਹੁਣ ਤਕ ਕਿਸੇ ਨੇ ਸੁਪਨਾ ਤਕ ਨਹੀਂ ਲਿਆ ਹੋਣਾ। ਦੂਜੀ ਸੰਸਾਰ ਜੰਗ ਤੋਂ ਬਾਅਦ ਪੂੰਜੀਵਾਦ ਦੇ ਇਸੇ ਵਹਿਸ਼ੀ ਰੂਪ ਵਿਚ ਅਮਰੀਕੀ ਸਾਮਰਾਜ ਹੋਂਦ ਵਿਚ ਆਇਆ। ਸੰਸਾਰ ਜੰਗ ਦਾ ਫੈਸਲਾ ਹੋ ਜਾਣ ਦੇ ਬਾਵਜੂਦ ਇਸ ਨੇ ਆਉਂਦਿਆਂ ਹੀ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉਤੇ ਪ੍ਰਮਾਣੂ ਬੰਬ ਸੁੱਟ ਕੇ ਇਸੇ ਵਹਿਸ਼ਤ ਦਾ ਸਬੂਤ ਦਿੱਤਾ ਸੀ। ਵੀਅਤਨਾਮ, ਕੰਬੋਡੀਆ, ਲਾਊਸ, ਅਫਗਾਨਿਸਤਾਨ, ਇਰਾਕ, ਸੀਰੀਆ, ਸੁਮਾਲੀਆ ਇਸ ਦੀ ਵਹਿਸ਼ਤ ਦੀਆਂ ਕੁਝ ਕੁ ਹੋਰ ਮਿਸਾਲਾਂ ਹਨ।

ਹੁਣ ਤਕ ਆਦਮ-ਬੋ, ਆਦਮ-ਬੋ ਕਰਦਾ ਹੋਇਆ ਇਹ ਸਾਰੇ ਸੰਸਾਰ ਵਿਚ ਆਪਣਾ ਸਾਮਰਾਜੀ ਖਪਤਕਾਰੀ ਸਭਿਆਚਾਰ ਤੇ ਆਰਥਿਕ ਰਿਸ਼ਤੇ ਠੋਸਦਾ ਆ ਰਿਹਾ ਹੈ। ਤਕਨੀਕੀ ਤੇ ਮਾਲੀ ਚੌਧਰ ਹੋਣ ਕਰ ਕੇ ਇਸ ਨੇ ਸਮੁੱਚੇ ਸੰਸਾਰ ਨੂੰ ਆਪਣੇ ਖਪਤਕਾਰੀ ਸਭਿਆਚਾਰ ਦਾ ਮਾਨਸਿਕ ਗੁਲਾਮ ਬਣਾਇਆ ਹੋਇਆ ਹੈ। ਅਸਲ ਵਿਚ 2008 ਵਿਚ ਆਏ ਆਰਥਿਕ ਸੰਕਟ ਕਾਰਨ ਇਸ ਦੀ ਚੌਧਰ ਨੂੰ ਕੁਝ ਠੱਲ੍ਹ ਪਈ ਹੈ। ਇਸੇ ਦੌਰਾਨ ਚੀਨ ਤੇ ਰੂਸ ਦੇ ਹੋਏ ਆਰਥਿਕ ਤੇ ਫੌਜੀ ਉਭਾਰ ਨੇ ਇਸ ਚੌਧਰ ਨੂੰ ਨੱਥ ਪਾਉਣ ਦੇ ਯਤਨ ਕੀਤੇ ਹਨ। ਬਸ ਇੱਥੋਂ ਹੀ ਅਮਰੀਕੀ ਸਾਮਰਾਜ ਦੇ ਪਤਨ ਦਾ ਮੁੱਢ ਬੱਝਦਾ ਹੈ। ਜਿਹੜਾ ਅਮਰੀਕੀ ਸਾਮਰਾਜ ਆਪਣੀ ਫੌਜੀ ਤਾਕਤ ਦੇ ਜ਼ੋਰ ਨਾਲ ਸਾਰੀ ਦੁਨੀਆ ਨੂੰ ਲੁੱਟਦਾ ਆ ਰਿਹਾ ਸੀ, ਹੁਣ ਉਸ ਦੀ ਇਸ ਲੁੱਟ ਵਿਚ ਵਿਘਨ ਪੈਣ ਲੱਗਾ ਹੈ। ਇਥੋਂ ਹੀ ਯੂਕਰੇਨ ਰੂਸ ਦੀ ਜੰਗ ਤੇ ਚੀਨ-ਅਮਰੀਕਾ ਦੀ ਕਸ਼ਮਕਸ਼ ਦਾ ਆਰੰਭ ਹੁੰਦਾ ਹੈ। ਇਸੇ ਨੂੰ ਹੀ ਇਸਾਈ ਧਰਮ ਦੇ ਮੁਖੀ ਪੋਪ ਫਰਾਂਸਿਸ ਨੇ ਤੀਜੀ ਸੰਸਾਰ ਜੰਗ ਦੀ ਸ਼ੁਰੂਆਤ ਕਿਹਾ ਹੈ। ਇਸ ਜੰਗ ਵਿਚ ਅਮਰੀਕਾ ਦੀ ਅਗਵਾਈ ਹੇਠਲੇ ਪੱਛਮੀ ਸਾਮਰਾਜ ਦੀ ਹਾਰ ਨਿਸ਼ਚਿਤ ਹੈ। ਇਹ ਹਾਰ ਨਿਸ਼ਚਿਤ ਕਿਉਂ ਹੈ? ਕਿਉਂਕਿ ਇਹ ਹਕੀਕਤ ਦੀ ਬਜਾਏ ਮਾਨਸਿਕ ਕਲਪਨਾ ਵਿਚ ਜੀਅ ਰਿਹਾ ਹੈ। ਇਹ ਜਿਹੜੀ ਮਨੁੱਖੀ ਆਜ਼ਾਦੀ ਦੀ ਗਲ ਕਰਦਾ ਹੈ, ਉਹ ਆਪਣੀਆ ਇਛਾਵਾਂ ਦਾ ਗੁਲਾਮ ਬਣ ਕੇ ਮਾਨਸਿਕ ਕਲਪਨਾ ਵਿਚ ਜਿਉਣ ਦੀ ਆਜ਼ਾਦੀ ਹੈ।

ਦਰਅਸਲ ਇਸ ਸਾਮਰਾਜੀ ਖਪਤਕਾਰੀ ਸਭਿਆਚਾਰ ਨੇ ਔਰਤ ਮਰਦ ਦੇ ਸਭ ਤੋਂ ਖੂਬਸੂਰਤ ਰਿਸ਼ਤੇ ਨੂੰ ਵੀ ਕੁਰੱਪਟ ਕਰ ਦਿੱਤਾ ਹੈ। ਇਸ ਨੇ ਕਮਿਊਨਿਸਟਾਂ ਵਲੋਂ ਔਰਤਾਂ ਦੀ ਆਜ਼ਾਦੀ ਦੇ ਲਾਏ ਨਾਹਰੇ ਨੂੰ ਐਸੀ ਸੇਧ ਲਾਈ ਹੈ ਕਿ ਇਸ ਨਾਹਰੇ ਦੇ ਤੱਤ ਨੂੰ ਹੀ ਚੂਸ ਲਿਆ ਹੈ। ਕਮਿਊਨਿਸਟਾਂ ਦਾ ਮੰਤਵ ਔਰਤ ਮਰਦ ਦੀ ਹਰੇਕ ਕਿਸਮ ਦੀ ਬਰਾਬਰੀ ਉਤੇ ਆਧਾਰਿਤ ਇਸ ਰਿਸ਼ਤੇ ਵਿਚ ਹੋਰ ਅਮੀਰੀ ਲਿਆਉਣਾ ਤੇ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਤੋਂ ਮੁਕਤ ਸੰਤੁਲਤ ਸਾਂਝੇ ਪਰਿਵਾਰਾਂ ਨੂੰ ਉਤਸ਼ਾਹਿਤ ਕਰਨਾ ਸੀ। ਪਰ ਸਾਮਰਾਜੀਆਂ ਨੇ ਔਰਤਾਂ ਦਾ ਮਰਦਾਂ ਤੋਂ ਆਜ਼ਾਦੀ ਦਾ ਨਾਹਰਾ ਲਾ ਕੇ ਦੋਵਾਂ ਨੂੰ ਆਪਸ ਵਿਚ ਲੜਾ ਦਿੱਤਾ ਤੇ ਔਰਤਾਂ ਨੂੰ ਆਪਣੀ ਸਾਮਰਾਜੀ ਖਪਤਕਾਰੀ ਦਾ ਸੰਦ ਬਣਾ ਲਿਆ। ਇਸ ਹਰਾਮਜ਼ਦਗੀ ਨੇ ਜਿੱਥੇ ਵੇਸਵਾਗਿਰੀ ਨੂੰ ਉਤਸ਼ਾਹਿਤ ਕੀਤਾ, ਉਥੇ ਸਾਂਝੇ ਪਰਿਵਾਰਾਂ ਨੂੰ ਤੋੜਨ ਦਾ ਕੰਮ ਵੀ ਕੀਤਾ। ਹੱਦ ਇਹ ਹੋ ਗਈ ਕਿ ਇਸ ਨੇ ਗੈਰ-ਕੁਦਰਤੀ ਸਮਲਿੰਗੀ ਰਿਸ਼ਤਿਆਂ ਨੂੰ ਨਾ ਸਿਰਫ ਕਾਨੂੰਨੀ ਪ੍ਰਵਾਨਗੀ ਦਿੱਤੀ ਬਲਕਿ ਇਸ ਨੂੰ ਮਨੁੱਖੀ ਆਜ਼ਾਦੀ ਦੇ ਨਾਂ ਉਤੇ ਸਾਰੇ ਸੰਸਾਰ ਵਿਚ ਪ੍ਰਚਾਰਨ ਦਾ ਬੀੜਾ ਚੁੱਕ ਲਿਆ। ਇਸ ਕੰਜਰ ਕਲਚਰ ਨੇ ਸਾਰੇ ਮਨੁੱਖੀ ਰਿਸ਼ਤੇ ਹੀ ਕੁਰੱਪਟ ਕਰ ਦਿੱਤੇ। ਇਸੇ ਕਰਕੇ ਇਕ ਮਾਪੇ ਪਰਿਵਾਰ ਤੇ ਬੱਚਿਆਂ ਤੋਂ ਰਹਿਤ ਵਿਵਾਹਕ ਜੀਵਨ ਆਮ ਗੱਲ ਬਣਦੀ ਜਾ ਰਹੀ ਹੈ।

ਅਮਰੀਕਾ ਦੀ ਅਗਵਾਈ ਹੇਠਲੇ ਪੱਛਮੀ ਸਾਮਰਾਜ ਦੀ ਇਸ ਬਦਮਾਸ਼ੀ ਨੂੰ ਰੋਕਣ ਲਈ ਹੀ ਰੂਸ ਅੰਦਰ ਸਮਲਿੰਗੀ ਰਿਸ਼ਤਿਆਂ ਉਤੇ ਸਦੀਵੀ ਪਾਬੰਦੀ ਲਾਉਣ ਤੇ ਕੌਮੀ, ਨਸਲੀ ਤੇ ਧਾਰਮਿਕ ਨਫਰਤ ਫੈਲਾਉਣ ਵਿਰੁੱਧ ਕਾਨੂੰਨ ਬਣਾਉਣ ਵਾਸਤੇ ਰੂਸੀ ਪਾਰਲੀਮੈਂਟ (ਡਿਊਮਾ) ਵਿਚ ਇਕ ਬਿੱਲ ਪੇਸ਼ ਕੀਤਾ ਗਿਆ ਹੈ। ਰੂਸ ਅੰਦਰ ਹੁਣ ਤਕ ਬੱਚਿਆਂ ਵਿਚ ਸਮਲਿੰਗੀ ਰਿਸ਼ਤਿਆਂ ਦਾ ਪ੍ਰਚਾਰ ਕਰਨ ਉਤੇ ਕਾਨੂੰਨਨ ਪਾਬੰਦੀ ਲਗੀ ਹੋਈ ਹੈ ਪਰ ਹੁਣ ਹਰੇਕ ਉਮਰ ਦੇ ਸਮਲਿੰਗੀ ਰਿਸ਼ਤਿਆਂ ਤੇ ਇਸ ਦੇ ਹਰੇਕ ਤਰ੍ਹਾਂ ਦੇ ਪ੍ਰਚਾਰ ਉਤੇ ਵੀ ਪਾਬੰਦੀ ਲਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਬਿਲ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਹੁਣ ਤਕ ਰੂਸ ਅੰਦਰ ਆਤਮ ਹਤਿਆ, ਨਸ਼ੇਖੋਰੀ, ਅਤਿਵਾਦ ਤੇ ਅਪਰਾਧੀ ਕਾਰਵਾਈਆਂ ਗੈਰਕਾਨੂੰਨੀ ਕਰਾਰ ਦਿਤੀਆਂ ਹੋਈਆਂ ਹਨ ਪਰ ਪਰਿਵਾਰਕ ਕਦਰਾਂ-ਕੀਮਤਾਂ ਤੇ ਰਵਾਇਤੀ ਲਿੰਗ ਰਿਸ਼ਤਿਆਂ ਵਿਰੁਧ ਪ੍ਰਚਾਰ ਉਤੇ ਕੋਈ ਪਾਬੰਦੀ ਨਹੀਂ। ਬਿਲ ਵਿਚ ਇਹ ਵੀ ਕਿਹਾ ਗਿਆ ਹੈ ਕਿ ਪਰਿਵਾਰ ਨੂੰ ਇਕ ਸਮਾਜੀ ਇਕਾਈ ਵਜੋਂ ਮਾਨਤਾ



ਨਾ ਦੇਣੀ, ਬਚਿਆਂ ਤੋਂ ਰਹਿਤ ਜ਼ਿੰਦਗੀ ਜਿਉਣ ਤੇ ਸਮਲਿੰਗੀ ਰਿਸ਼ਤਿਆਂ ਨੂੰ ਉਤਸ਼ਾਹਿਤ ਕਰਨਾ ਨਾ ਸਿਰਫ ਬਚਿਆਂ ਤੇ ਨੌਜਵਾਨਾਂ ਲਈ ਬਲਕਿ ਸਮੁੱਚੇ ਸਮਾਜ ਲਈ ਖਤਰਨਾਕ ਹੈ। ਇਹ ਮਨੁੱਖਤਾ ਦੇ ਭਵਿੱਖ ਲਈ ਵੀ ਖਤਰਨਾਕ ਹੈ। ਬਿਲ ਅੰਦਰ ਰੂਸੀ ਫੈਡਰੇਸ਼ਨ ਵਿਚ ਅਜਿਹਾ ਪ੍ਰਚਾਰ ਕਰਦੀਆਂ ਫਿਲਮਾਂ ਤੇ ਹਰੇਕ ਕਿਸਮ ਦੇ ਪ੍ਰਚਾਰ ਸਾਧਨ ਉਤੇ ਪਾਬੰਦੀ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ।

ਏਂਗਲਜ ਨੇ ਲਿਖਿਆ ਹੈ, "ਪੂੰਜੀਵਾਦੀ ਰਾਜਸੀ ਅਰਥਚਾਰਾ ਵਪਾਰ ਫੈਲਣ ਦੇ ਸੁਭਾਵਿਕ ਸਿੱਟੇ ਵਜੋਂ ਹੋਂਦ ਵਿਚ ਆਇਆ ਹੈ। ਇਸ ਦੇ ਮੁੱਢਲੇ ਰੂਪ ਵਜੋਂ ਅਮੀਰੀ ਦੀ ਇਕ ਸਮੁਚੀ ਸਾਇੰਸ (ਕਾਨੂੰਨੀ ਫਰਾਡ) ਦੇ ਵਿਕਸਿਤ ਹੋਏ ਤਾਣੇ-ਬਾਣੇ ਨੇ ਲੈ ਲਈ ਹੈ। ਅਮੀਰ ਬਣਨ ਦੀ ਇੱਛਾ ਦਾ ਜਨਮ ਵਪਾਰੀਆਂ ਦੀ ਆਪਸੀ ਈਰਖਾ ਤੇ ਲਾਲਚੀ ਮਾਨਸਿਕਤਾ ਵਿਚੋਂ ਹੋਇਆ ਹੈ। ਇਸ ਦੇ ਵਜੂਦ ਵਿਚ ਘੋਰ ਕਮੀਨਗੀ ਅਤੇ ਸੁਆਰਥੀਪੁਣਾ ਲੁਕਿਆ ਹੋਇਆ ਹੈ। ਲੋਕ ਅਜੇ ਵੀ ਇਸ ਮੂਰਖਾਨਾ ਸੋਚ ਦਾ ਸ਼ਿਕਾਰ ਹਨ ਕਿ ਸੋਨਾ ਤੇ ਚਾਂਦੀ ਦੌਲਤ ਹਨ। ਕੌਮਾਂ ਇਕ-ਦੂਜੇ ਨਾਲ ਕਮੀਨਿਆਂ ਵਾਂਗ ਵਿਹਾਰ ਕਰਦੀਆਂ ਹਨ। ਇਕ-ਦੂਜੇ ਨੂੰ ਭਰਮਾਉਣ ਦਾ ਹਰ ਸੰਭਵ ਢੰਗ ਵਰਤਿਆ ਜਾਂਦਾ ਹੈ, ਤਾਂ ਕਿ ਵਧ ਤੋਂ ਵਧ ਨਗਦ ਵਪਾਰ ਨੂੰ ਸੰਭਵ ਬਣਾਇਆ ਜਾ ਸਕੇ। ਭ੍ਰਿਸ਼ਟਾਚਾਰ ਪੂੰਜੀਵਾਦ ਦੇ ਵਜੂਦ ਸਮੋਈ ਅਲਾਮਤ ਹੈ। ਸਮੁਚੇ ਸਮਾਜੀ ਅਤੇ ਰਾਜਸੀ ਤਾਣੇਬਾਣੇ ਨੂੰ ਕਾਇਮ ਰੱਖਣ ਲਈ ਜਿਹੜਾ ਰੋਲ ਪਹਿਲਾ ਸਰੀਰਕ ਬਲ ਤੇ ਫੌਜੀ ਤਾਕਤ ਨਿਭਾਉਂਦੀ ਸੀ, ਓਹੀ ਰੋਲ ਹੁਣ ਭ੍ਰਿਸ਼ਟਾਚਾਰ ਤੇ ਸਮਾਜੀ-ਰਾਜਸੀ ਰੁਤਬਾ ਨਿਭਾਉਂਦਾ ਹੈ।"

ਮਾਰਕਸ ਨੇ ਲਿਖਿਆ ਹੈ, 'ਪੂੰਜੀਵਾਦੀ ਦੌਰ ਵਿਚ ਪੈਸਾ ਮਨੁੱਖ ਦਾ 'ਰੱਬ' ਬਣ ਗਿਆ ਹੈ। ਪੈਸੇ ਨੇ ਮਨੁੱਖੀ ਮਨ ਵਿਚ ਰੱਬੀ ਹਸਤੀ ਦੇ ਬਣੇ ਸਾਰੇ ਸੰਕਲਪਾਂ ਨੂੰ ਬੌਣੇ ਕਰ ਦਿੱਤਾ ਹੈ ਅਤੇ 'ਰੱਬ' ਨੂੰ ਇਕ ਵਿਕਾਊ ਜਿਣਸ ਵਿਚ ਬਦਲ ਦਿਤਾ ਹੈ। ਸਾਰੇ ਮਨੁੱਖੀ ਰਿਸ਼ਤਿਆਂ ਦਾ ਆਧਾਰ ਬਣੇ ਪੈਸੇ ਨੇ ਸੰਸਾਰ ਭਰ ਦੇ ਮਨੁੱਖੀ ਮਨਾਂ ਨੂੰ ਕਾਬੂ ਕਰ ਲਿਆ ਹੈ। ਮਨੁੱਖ ਅਤੇ ਸਰਬਸ਼ਕਤੀਮਾਨ ਕੁਦਰਤ ਦੋਹਾਂ ਤੋਂ ਉਸ ਦਾ ਅਸਲੀ ਤੱਤ ਖੋਹ ਲਿਆ ਹੈ। ਨਿੱਜੀ ਜਾਇਦਾਦ ਤੇ ਪੈਸੇ ਦੇ ਗਲਬੇ ਅਧੀਨ ਸਰਬਸ਼ਕਤੀਮਾਨ ਕੁਦਰਤ ਬਾਰੇ ਬਣਿਆ ਮਨੁਖੀ ਦ੍ਰਿਸ਼ਟੀਕੋਣ ਕੁਦਰਤ ਪ੍ਰਤੀ ਨਫਰਤ ਅਤੇ ਅਮਲ ਵਿਚ ਇਸ ਪ੍ਰਤੀ ਜਹਾਲਤ ਪੈਦਾ ਕਰਦਾ ਹੈ। ਮਨੁਖੀ ਤੇ ਪਰਿਵਾਰਕ ਰਿਸ਼ਤਿਆਂ ਵਿਚੋਂ ਜਜ਼ਬਿਆਂ ਨੂੰ ਖਤਮ ਕਰਕੇ ਪੂੰਜੀਵਾਦ ਨੇ ਇਨ੍ਹਾਂ ਨੂੰ ਸਿਰਫ ਤੇ ਸਿਰਫ ਪੈਸੇ ਦੇ ਰਿਸ਼ਤਿਆਂ ਤਕ ਸੀਮਤ ਕਰ ਦਿੱਤਾ ਹੈ।'

ਯਕੀਨਨ ਅਜੋਕਾ ਸਾਮਰਾਜੀ ਸੰਸਾਰ ਪ੍ਰਬੰਧ ਮਹਿਜ ਵਹਿਸ਼ੀ ਲੁੱਟ ਦਾ ਇਕ ਸੰਦ ਹੈ। ਇਹ ਹੱਥੀਂ ਕਿਰਤ ਤੋਂ ਟੁੱਟੇ ਹੋਏ ਵੇਹਲੜ ਸਭਿਆਚਾਰ ਦਾ ਜਨਕ ਹੈ। ਇਸ ਨੇ ਪਰਾਈ ਕਿਰਤ ਉਤੇ ਪਲਣ ਵਾਲੇ ਪਰਜੀਵੀ, ਨਸ਼ੇੜੀ, ਜੂਏਬਾਜ਼ ਬੁੱਧੀਜੀਵੀ ਤੇ ਨੌਕਰਸ਼ਾਹ ਪੈਦਾ ਕੀਤੇ ਹਨ। ਇਹ ਵੇਸਵਾਗਿਰੀ ਨੂੰ ਉਤਸ਼ਾਹਿਤ ਕਰਦਾ ਹੈ। ਮਨੁੱਖੀ-ਪਰਿਵਾਰਕ ਤੇ ਸਮਾਜੀ ਰਿਸ਼ਤਿਆ ਨੂੰ ਤੋੜਦਾ ਹੈ। ਇਸਨੇ ਔਰਤ ਵੇਸਵਾਗਿਰੀ ਦੇ ਨਾਲ-ਨਾਲ ਮਰਦ ਵੇਸਵਾਗਿਰੀ ਤੇ ਸਮਲਿੰਗੀ ਰਿਸ਼ਤਿਆ ਨੂੰ ਵੀ ਉਤਸ਼ਾਹਿਤ ਕੀਤਾ ਹੈ। ਇਹ ਸਾਰੀਆਂ ਪੂੰਜੀਵਾਦੀ ਆਰਥਿਕ ਰਿਸ਼ਤਿਆਂ ਦੇ ਆਉਣ ਨਾਲ ਹੋ ਰਹੀਆਂ ਸੁਭਾਵਿਕ ਤਬਦੀਲੀਆਂ ਦਾ ਸਿਟਾ ਨਹੀਂ ਬਲਕਿ ਸਾਮਰਾਜੀ-ਪੂੰਜੀਵਾਦੀ ਵਿਕਾਸ ਦੀਆਂ ਅਲਾਮਤਾਂ ਹਨ। ਦੁਨੀਆ ਭਰ ਵਿਚ ਵੱਡੀ ਪਧਰ ਉਤੇ ਹੋ ਰਿਹਾ ਪ੍ਰਵਾਸ ਅਤੇ ਆਵਾਸ ਸਹਿਜ ਮਨੁੱਖੀ ਜ਼ਿੰਦਗੀ ਦੀ ਰਵਾਨਗੀ ਦਾ ਸਿੱਟਾ ਨਹੀਂ ਬਲਕਿ ਅੰਨ੍ਹੀ ਸਾਮਰਾਜੀ ਅਨਾਰਕੀ ਦੀ ਦੇਣ ਹੈ। ਸੰਸਾਰ ਭਰ ਵਿਚ ਜਰਖੇਜ਼ ਜ਼ਮੀਨ ਦਾ ਜ਼ਹਿਰੀ ਹੋਣਾ, ਪਾਣੀ ਦਾ ਪੀਣਯੋਗ ਨਾ ਰਹਿਣਾ, ਵਾਤਾਵਰਨ ਦਾ ਪਲੀਤ ਹੋਣਾ ਤੇ ਮੌਸਮੀ ਤਬਦੀਲੀਆਂ ਇਸੇ ਸਾਮਰਾਜੀ ਵਿਨਾਸ਼ ਦੀ ਦੇਣ ਹਨ। ਸਿਟੇ ਵਜੋਂ ਮਨੁੱਖ ਦਿਨੋਂ-ਦਿਨ ਵਧੇਰੇ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਿਹਾ ਹੈ। ਰੂਸ ਤੇ ਚੀਨ ਦਾ ਪੱਛਮੀ ਸਾਮਰਾਜ ਵਿਰੁੱਧ ਹੋਇਆ ਗੱਠਜੋੜ ਇਸ ਨੂੰ ਹੋਰ ਨਿਘਾਰ ਵਲ ਧੱਕੇਗਾ।

---

***(ਪਿਛਲੇ ਸਫੇ ਦੀ ਬਾਕੀ)***

ਤਰ੍ਹਾਂ ਪਤਾ ਸੀ ਕਿ ਮੈਂ ਆਸ਼ਰਮ ਵਿਚੋਂ ਹੀ ਆਈ ਹਾਂ ਪਰ ਉਹ ਜਿਵੇਂ ਮੇਰੇ ਤੋਂ ਬਦਲਾ ਲੈਣ ਲਈ ਉਤਾਰੂ ਸੀ, ਉਸ ਪੈਂਦੀ ਸੱਟੇ ਹੀ ਅੱਗ ਉਗਲੀ "ਕਿਹੜੇ ਯਾਰ ਨਾਲ ਧੱਕੇ ਖਾਹ ਕੇ ਆਈ ਹੈਂ ਇਸ ਵੇਲੇ।"

ਮੈਨੂੰ ਗੁੱਸਾ ਤਾਂ ਬਹੁਤ ਆਇਆ ਸੀ ਪਰ ਅੰਦਰੇ ਹੀ ਅੰਦਰ ਪੀ ਗਈ ਸਾਂ। ਐਵੇਂ ਕੀ ਫਾਇਦਾ ਹੈ ਰਾਤ ਨੂੰ ਸੁੱਤੇ ਪਏ ਗੁਆਂਢੀਆਂ ਨੂੰ ਜਗਾ ਕੇ ਤਮਾਸ਼ਾ ਵਿਖਾਉਣ ਦਾ। ਮੰਮੀ ਨੇ ਤਾਂ ਬੇ-ਸ਼ਰਮੀ ਧਾਰ ਹੀ ਲਈ ਸੀ ਪਰ ਮੈਂ ਤਾਂ ਉਸਦੇ ਪੱਧਰ 'ਤੇ ਨਹੀਂ ਸਾਂ ਜਾ ਸਕਦੀ। ਇਸ ਲਈ ਚੁੱਪ ਕਰ ਕੇ ਅੰਦਰ ਲੇਟ ਗਈ ਹਾਂ। ਸਾਰੀ ਰਾਤ ਰੋਂਦੀ ਰਹੀ ਆਪਣੇ ਆਪ ਨਾਲ ਗੱਲਾਂ ਕਰਦੀ ਰਹੀ। ਜੇ ਮੇਰੇ ਕੋਲ ਕੋਈ ਹੋਰ ਠਿਕਾਣਾ ਹੁੰਦਾ ਤਾਂ ਸ਼ਾਇਦ ਮੈਂ ਇਸ ਵੇਲੇ ਇਹ ਘਰ ਛੱਡ ਕੇ ਭੱਜ ਵੀ ਜਾਂਦੀ। ਇਸ ਵੇਲੇ ਦਿਲ ਕੀਤਾ ਕਿ ਸ਼ੀਲਾ ਨੂੰ ਹੁਣੇ ਫੋਨ ਕਰ ਕੇ ਹਾਂ ਭਰ ਦਿਆਂ। ਇਸ ਨਰਕ ਨਾਲੋਂ ਤਾਂ ਵੱਡਾ ਨਰਕ ਨਹੀਂ ਹੋਵੇਗਾ ਸ਼ੀਲਾ ਦੇ ਸਹੁਰਿਆਂ ਦਾ ਘਰ। ਫਿਰ ਇਹ ਸੋਚ ਆ ਗਈ ਕਿ ਸਵੇਰੇ ਸਾਧਵੀ ਮਾਂ ਨੂੰ ਆਪਣੀ ਸਾਰੀ ਬੀਤੀ ਦੱਸ ਕੇ ਉਸਦੀ ਸਲਾਹ ਮੁਤਾਬਿਕ ਕੋਈ ਫੈਸਲਾ ਲਵਾਂਗੀ। ਉਹ ਮੈਨੂੰ ਆਪਣੀਆਂ ਧੀਆਂ ਦੇ ਬਰਾਬਰ ਸਮਝਦੀ ਹੈ, ਕੋਈ ਠੀਕ ਹੀ ਸਲਾਹ ਦੇਵੇਗੀ। ਉਂਝ ਵੀ ਮੈਂ ਕਈ ਦਿਨਾਂ ਤੋਂ ਸਾਧਵੀ ਮਾਂ ਨੂੰ ਆਪਣੇ ਬਾਰੇ ਸਭ ਕੁਝ ਦੱਸ ਕੇ ਮਨ ਦਾ ਭਾਰ ਹੌਲਾ ਕਰਨ ਦੀ ਸੋਚ ਰਹੀ ਸਾਂ ਪਰ ਹੌਸਲਾ ਜਿਹਾ ਨਹੀਂ ਸੀ ਪੈ ਰਿਹਾ। ਇਕ ਵਾਰ ਤਾਂ ਮੈਂ ਰੀਤੂ ਮਾਂ ਕੋਲ ਇਹ ਬੇਨਤੀ ਵੀ ਕਰ ਚੁੱਕੀ ਸਾਂ ਕਿ ਉਹ ਮੈਨੂੰ ਆਪਣੀ ਸ਼ਰਨ ਵਿਚ ਲੈ ਕੇ ਆਪਣੇ ਵਾਂਗ ਚਿੱਟੇ ਵਸਤਰ ਧਾਰਨ ਕਰਨ ਦੀ ਇਜਾਜ਼ਤ ਦੇ ਦੇਣ ਪਰ ਮਾਂ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਸੀ, "ਨਹੀਂ ਬੇਟਾ ਤੇਰੇ ਹੱਸਣੇ ਖੇਡਣੇ ਕੇ ਦਿਨ ਹੈਂ ਅਭੀ...ਤੇਰੇ ਲੀਏ ਇਤਨਾ ਹੀ ਬਹੁਤ ਹੈ ਕਿ ਸਾਧ ਸੰਗਤ ਕੀ ਸੇਵਾ ਕਰਨੇ ਕਾ ਅਵਸਰ ਤੁਝੇ ਮਿਲਤਾ ਰਹੇ।"

ਸਵੇਰੇ ਪੌਣੇ ਛੇ ਵਜੇ ਹੀ ਆਸ਼ਰਮ ਵੱਲ ਤੁਰ ਪਈ ਹਾਂ। ਸਾਧਵੀ ਮਾਂ ਰੀਤੂ ਦੀ ਗੁਫਾ ਦੇ ਦੀਵਾਰ 'ਤੇ ਹੀ ਪਹੁੰਚੀ ਹਾਂ ਕਿ ਅੰਦਰੋਂ ਤਿੱਖੀ ਅਵਾਜ਼ ਸੁਣਾਈ ਦਿੱਤੀ ਹੈ, "ਮੈਨੂੰ ਲੱਗਦਾ ਹੈ ਕਿ ਤੁਸੀਂ ਸਾਰੇ ਰਲੇ-ਮਿਲੇ ਹੋ... ਬਹੁਤ ਹੋ ਗਈ ਸੇਵਾ ਇਸ ਠੱਗੀ ਦੇ ਆਸ਼ਰਮ ਦੀ...।" ਮੇਰੇ ਪੈਰ ਥਾਏਂ ਹੀ ਰੁਕ ਗਏ ਨੇ। ਇਹ ਆਵਾਜ਼ ਤਾਂ ਮੇਰੀ ਸਹੇਲੀ ਪ੍ਰੇਮਲਤਾ ਦੀ ਹੈ। ਇਸ ਨੂੰ ਕੀ ਹੋ ਗਿਆ ਹੈ...ਇਹ ਕਿਉਂ ਰੀਤੂ ਮਾਂ ਨੂੰ ਇਸ ਤਰ੍ਹਾਂ ਬੋਲ ਰਹੀ ਹੈ...। ਲਗਭਗ ਮੇਰੀ ਹਮ ਉਮਰ ਪ੍ਰੇਮਲਤਾ ਵੀ ਮੇਰੇ ਵਾਂਗ ਹੀ ਸਾਧਵੀ ਮਾਂ ਦੇ ਨੇੜੇ ਹੋਣ ਦਾ ਸੁਭਾਗ ਰੱਖਦੀ ਹੈ ਤੇ ਆਸ਼ਰਮ ਦੀ ਸਜਾਵਟ ਵਿਚ ਉਹ ਵੀ ਮੇਰੇ ਨਾਲ ਹੀ ਸ਼ਾਮਿਲ ਰਹੀ ਹੈ ਤੇ ਕੱਲ੍ਹ ਸ਼ਾਮ ਤਕ ਤਾਂ ਅਸੀਂ ਆਸ਼ਰਮ ਵਿਚ ਇਕੱਠੀਆਂ ਸੇਵਾ ਕਰਦੀਆਂ ਰਹੀਆਂ ਹਾਂ। ਮੈਨੂੰ ਉਹ ਵੀ ਆਪਣੇ ਵਾਂਗ ਹੀ ਗਰੀਬ ਪਿਛੋਕੜ ਦੀ ਤੇ ਦੁੱਖਾਂ ਦੀ ਮਾਰੀ ਲੱਗਦੀ ਹੈ, ਇਸ ਲਈ ਉਸ ਨਾਲ ਮੇਰਾ ਸਹੇਲਪੁਣਾ ਵੀ ਚੰਗਾ ਨਿਭ ਰਿਹਾ ਹੈ।

"ਕੀ ਗੱਲ ਹੈ ਪ੍ਰੇਮ, ਮਾਂ ਨਾਲ ਐਨਾ ਉੱਚੀ ਕਿਉਂ ਬੋਲ ਰਹੀ ਏਂ...।' ਗੁਫਾ ਵਿਚ ਪ੍ਰਵੇਸ਼ ਕਰਦਿਆਂ ਮੈਂ ਚਿੰਤਾ ਨਾਲ ਪੁੱਛਿਆ ਹੈ।

"ਅੱਜ ਮੈਂ ਉੱਚੀ ਬੋਲ ਰਹੀ ਹਾਂ... ਕੱਲ੍ਹ ਨੂੰ ਤੈਨੂੰ ਵੀ ਬੋਲਣਾ ਪੈ ਸਕਦਾ ਹੈ ਭੈਣੇ... ਚੰਗਾ ਚਾਹੁੰਦੀ ਹੈਂ ਤਾਂ ਜਿਨ੍ਹੀਂ ਪੈਰੀਂ ਆਈ ਹੈਂ ਉਨ੍ਹੀਂ ਪੈਰੀਂ ਵਾਪਸ ਘਰ ਨੂੰ ਮੁੜ ਜਾਹ।" ਪ੍ਰੇਮ ਲਤਾ ਦੀ ਅਵਾਜ਼ ਅਜੇ ਵੀ ਗੁੱਸੇ ਨਾਲ ਕੰਬ ਰਹੀ ਹੈ।

"ਪਰ ਗੱਲ ਕੀ ਹੋਈ ਅਜਿਹੀ?" ਮੇਰੇ ਅੰਦਰ ਕਿਸੇ ਹੋਰ ਹੋਣੀ ਵਾਪਰਨ ਦਾ ਡਰ ਪੈਦਾ ਹੋ ਗਿਆ ਹੈ।

"ਕੀ ਦੱਸਾਂ ਤੈਨੂੰ... ਕੱਲ੍ਹ ਸ਼ਾਮ ਤੈਨੂੰ ਤਾਂ ਘਰ ਛੱਡਣ ਲਈ ਚੌਕੀਦਾਰ ਗਿਆ ਸੀ ਪਰ ਮੇਰੇ ਨਾਲ ਇਸ ਸੁਰੇਸ਼ ਮੁਨੀ ਨੂੰ ਭੇਜ ਦਿੱਤਾ... ਰਸਤੇ ਵਿਚ ਸੁੰਨੀ ਜਿਹੀ ਥਾਂ 'ਤੇ ਉਸ ਮੇਰੀ ਬਾਂਹ ਫੜ ਲਈ ਤੇ ਮੈਂ ਇਕ ਕਰਾਰਾ ਜਿਹਾ ਥੱਪੜ ਉਸਦੇ ਜੜ ਦਿੱਤਾ, ਪਤਾ ਨਹੀਂ ਚੱਲਿਆ ਫਿਰ ਕਿੱਧਰ ਛਿਪਣ ਹੋ ਗਿਆ ਉਹ ਹਰਾਮਜ਼ਾਦਾ...।' ਪ੍ਰੇਮ ਲਤਾ ਦੀ ਗੱਲ ਸੁਣ ਕੇ ਮੇਰੇ ਆਪਣੇ ਕੰਨ ਸ਼ਾਂਅ-ਸ਼ਾਂਅ ਕਰਨ ਲੱਗੇ ਹਨ।

"ਤੂੰ ਠੀਕ ਕੀਤਾ ਪ੍ਰੇਮ ਲਤਾ... ਘਬਰਾ ਨਾ ਮੈਂ ਤੇਰੇ ਨਾਲ ਹਾਂ।" ਮੈਂ ਉਸਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ ਹੈ।

"ਆਪ ਦੋਨੋਂ ਮੇਰੀ ਬੇਟੀਉਂ ਜੈਸੀ ਹੈਂ...ਫਿਰ ਵੀ ਮੈਂ ਆਪ ਕੇ ਪਾਂਵ ਪੜਤੀ ਹੂੰ...ਆਸ਼ਰਮ ਕੀ ਬਾਤ ਬਾਹਰ ਨਾ ਜਾਏ... ਆਸ਼ਰਮ ਕੀ ਪ੍ਰਤਿਸ਼ਠਾ ਕਾ ਸਵਾਲ ਹੈ।' ਸਾਧਵੀ ਹੁਣ ਮਿੰਨਤਾਂ ਤਰਲਿਆਂ 'ਤੇ ਉਤਰ ਆਈ ਹੈ।

"ਹੂੰ"...ਗੁੱਸੇ ਭਰੀ ਹੁੰਕਾਰ ਛੱਡਦਿਆਂ ਪ੍ਰੇਮ ਲਤਾ ਤੇਜ਼ੀ ਨਾਲ ਬਾਹਰ ਨਿਕਲ ਆਈ ਹੈ ਤੇ ਮੈਂ ਵੀ ਉਸਦੇ ਕਦਮਾਂ ਨਾਲ ਆਪਣੇ ਕਦਮ ਮਿਲਾਏ ਹਨ। ਸਾਧਵੀ ਨੇ ਸਾਨੂੰ ਰੋਕਣਾ ਤਾਂ ਚਾਹਿਆ ਹੈ ਪਰ ਰੋਕ ਨਹੀਂ ਸਕੀ।

**'ਕਿਹਾ ਸਮਾਂ ਆ ਗਿਆ ਹੈ ਕਿ ਔਰਤ ਨਾ ਆਪਣੇ ਘਰ ਵਿਚ ਸੁਰੱਖਿਅਤ ਹੈ ਤੇ ਨਾ ਰੱਬ ਦੇ ਘਰ ਵਿਚ ... ਹੁਣ ਮੈਨੂੰ ਵੀ ਆਪਣਾ ਕੋਈ ਹੋਰ ਠਿਕਾਣਾ ਲੱਭਣਾ ਪਵੇਗਾ।' ਬੁੜਬੁੜਾਉਂਦਿਆਂ ਮੈਂ ਆਪਣੇ ਆਪ ਨੂੰ ਹੀ ਕਿਹਾ ਹੈ ਤੇ ਰਾਹ ਵਿਚ ਤੁਰੇ ਜਾਂਦਿਆਂ ਹੀ ਫੋਨ ਲਾ ਲਿਆ ਹੈ 'ਹੈਲੋ ਸ਼ੀਲਾ ਮੈਂ ਮਿਨਾਕਸ਼ੀ ਬੋਲ ਰਹੀ ਹਾਂ।'**

# ਸਤਲੁਜ ਦੇ ਪੁਰਾਣੇ ਵਹਿਣਾਂ ਦੀ ਨਕਸ਼ਾਬੰਦੀ

***ਜਤਿੰਦਰ ਮੌਹਰ ਬੁਨਿਆਦੀ ਰੂਪ ਵਿਚ ਫਿਲਮਸਾਜ਼ ਹੈ। ਉਹਨੇ 'ਮਿੱਟੀ', 'ਸਰਸਾ' (ਸਿਕੰਦਰ), 'ਸਾਡੇ ਆਲੇ' ਵਰਗੀਆਂ ਫਿਲਮਾਂ ਬਣਾਈਆਂ ਅਤੇ ਫਿਲਮ ਜਗਤ ਵਿਚ ਆਪਣੀ ਨਿਆਰੀ ਅਤੇ ਨਿਵੇਕਲੀ ਜਗ੍ਹਾ ਬਣਾਈ। ਕੁਝ ਸਮਾਂ ਪਹਿਲਾਂ ਆਪਣੇ ਖਾਸ ਕਾਲਮ ਰਾਹੀਂ ਉਹਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸੰਸਾਰ ਪ੍ਰਸਿੱਧ ਫਿਲਮਾਂ ਦੀ ਜਾਣ-ਪਛਾਣ ਕਰਵਾਈ ਸੀ। ਅਸਲ ਵਿਚ ਉਹ ਲੋਕ ਸਰੋਕਾਰਾਂ ਨਾਲ ਜੁੜੀ ਸ਼ਖਸੀਅਤ ਹੈ। ਅੱਜ ਕੱਲ੍ਹ ਉਹ ਪੰਜਾਬ ਦਾ ਪੁਰਾਣਾ ਇਤਿਹਾਸ ਫਰੋਲ ਰਿਹਾ ਹੈ। ਇਸੇ ਫਰੋਲਾ-ਫਰਾਲੀ ਵਿਚ ਉਹਨੇ ਸਤਲੁਜ ਦਰਿਆ ਦੇ ਇਤਿਹਾਸ ਬਾਰੇ ਇਹ ਰਚਨਾ ਕੀਤੀ ਹੈ।***

ਲੋਕ-ਰਵਾਇਤਾਂ ਅਤੇ ਇਤਿਹਾਸ ਦੀਆਂ ਕਿਤਾਬਾਂ ਵਿਚ ਸਤਲੁਜ ਦੇ ਵੱਖਰੇ ਵੱਖਰੇ ਵਹਿਣਾਂ ਬਾਬਤ ਬੇਸ਼ੁਮਾਰ ਹਵਾਲੇ ਮਿਲਦੇ ਹਨ। ਸਤਲੁਜ ਅਤੇ ਇਹਦੇ ਸਾਬਕਾ ਵਹਿਣਾਂ ਨੂੰ ਨਕਸ਼ੇ ਉੱਤੇ ਉਤਾਰਨ ਦਾ ਕੰਮ ਮੁਲਕ ਉੱਤੇ ਰਾਜ ਕਰਨ ਆਏ ਬਰਤਾਨਵੀ ਬਸਤਾਨਾਂ ਨੇ ਕੀਤਾ। ਸਾਡੇ ਖਿੱਤੇ ਨੂੰ ਬਿਹਤਰ ਸਮਝਣਾ ਉਨ੍ਹਾਂ ਦੀ ਮਜਬੂਰੀ ਅਤੇ ਲੋੜ ਸੀ। ਜੇਮਜ਼ ਰੈਨਲ ਨੇ 1788 ਦੇ ਨਕਸ਼ੇ ਵਿਚ ਸਤਲੁਜ ਅਤੇ ਬਿਆਸ ਦੀ ਸਾਂਝੀ ਧਾਰਾ ਨੂੰ ਚਾਰ ਵਹਿਣਾਂ ਵਿਚ ਵੰਡਦੇ ਹੋਏ ਦਿਖਾਇਆ ਸੀ। 1839-40 ਵਿਚ ਅੰਗਰੇਜ਼



ਸਰਵੇਅਰ ਵਿਲੀਅਮ ਬਰਾਊਨ ਨੇ ਦੱਖਣੀ ਪੰਜਾਬ ਅਤੇ ਭੱਟੀ ਮੁਲਕ ਦੇ ਸਰਵੇ ਦੌਰਾਨ ਕੁਝ ਵਹਿਣਾਂ ਅਤੇ ਨੀਵਾਣਾਂ (ਡਿਪਰੈਸ਼ਨਜ਼) ਦਾ ਜ਼ਿਕਰ ਕੀਤਾ। ਉਹਦੀ ਖੋਜ ਤੋਂ

**ਜਤਿੰਦਰ ਮੌਹਰ**
ਫੋਨ: +91-97799-34747

ਬਣੇ ਨਕਸ਼ੇ ਵਿਚ ਪੰਜ ਵਹਿਣ ਸਾਫ ਦਿਸਦੇ ਹਨ। ਪਹਿਲਾ ਮਲੋਟ, ਅਬੋਹਰ, ਸੱਪਾਂਵਾਲੀ, ਕੱਲਰਖੇੜਾ, ਮਿਰਜ਼ੇਵਾਲਾ, ਤਤਾਰਸਰ, ਪਦਮਪੁਰ, ਬਾਲਰ (ਪਾਕਿਸਤਾਨ) ਸੀ। ਇਹ ਵਹਿਣ ਰੋਪੜ ਤੋਂ ਤਕਰੀਬਨ 160 ਮੀਲ ਹੇਠਾਂ ਸ਼ੁਰੂ ਹੁੰਦਾ ਸੀ। ਦੂਜਾ ਪਥਰਾਲਾ, ਡੱਬਵਾਲੀ, ਲੋਹਗੜ੍ਹ, ਢਾਬਾਂ, ਲਾਲਗੜ੍ਹ ਸੀ ਅਤੇ ਤੀਜਾ ਫੁੱਲੋ ਖੇੜੀ, ਹੱਸੂ, ਮਾਖਾ, ਪੰਨਾ, ਮੌਜਗੜ੍ਹ, ਜੰਡਵਾਲਾ ਸੀ। ਚੌਥੇ ਵਹਿਣ ਦਾ ਰਸਤਾ ਫੱਤਾ, ਦੇਸੂ ਛੋਟਾ, ਝੋਰੜ ਰੋਹੀ, ਬੜਾ ਗੁੱਧਾ, ਛਤਰਾਣਾ, ਸਾਹੂਵਾਲਾ, ਕਰਮਗੜ੍ਹ ਤੋਂ ਸ਼ੇਖੂਪੁਰੇ ਅਤੇ ਮੋਰਾਂਵਾਲੇ ਦੇ ਵਿਚਕਾਰੋਂ ਰਣੀਏ ਵੱਲ ਸੀ। ਪੰਜਵਾਂ ਵਹਿਣ ਘੱਗਰ ਦਰਿਆ ਦਾ ਸੀ।


ਪਹਿਲੇ ਤਿੰਨ ਵਹਿਣਾਂ ਨੂੰ ਨੈਆਂ ਜਾਂ ਨੈਵਾਲਾਂ ਨਾਮ ਦਿੱਤਾ ਗਿਆ। ਚੌਥੇ ਨੂੰ ਵਾਹਰ ਜਾਂ ਵਾਹ ਨਦੀ ਕਿਹਾ ਗਿਆ। ਵਾਹ ਦਾ ਅਰਥ ਵਹਿਣ ਤੋਂ ਹੈ ਅਤੇ ਵਾਹਰ ਦਾ ਅਰਥ 'ਵੱਡੀ ਗਿਣਤੀ ਵਿਚ ਅਚਾਨਕ ਚੜ੍ਹ ਆਏ ਲੋਕਾਂ ਦੀ ਭੀੜ' ਤੋਂ ਲਿਆ ਜਾਂਦਾ ਹੈ। ਬਰਸਾਤ ਵਿਚ ਇਹ ਨਦੀ ਵਾਹਰ ਵਾਂਗ ਚੜ੍ਹੀ ਅਤੇ ਠਾਠਾਂ ਮਾਰਦੀ ਦੇਖੀ ਜਾ ਸਕਦੀ ਹੈ। ਵਾਹਰ ਨਦੀ ਦੇ ਦੋ ਵਹਿਣ ਸਨ। ਇੱਕ ਸੁਨਾਮ ਵਲੋਂ ਆਉਂਦਾ ਸੀ ਅਤੇ ਦੂਜਾ ਮੂਨਕ ਤੇ ਰਤੀਏ ਵਲੋਂ।

ਨੈ ਜਾਂ ਨੈਵਾਲ ਦਾ ਅਰਥ ਵਹਿਣ, ਦਰਿਆ ਜਾਂ ਨਹਿਰ ਤੋਂ ਹੁੰਦਾ ਹੈ। ਪੰਜਾਬੀ ਕਵੀ ਸ਼ਾਹ ਹੁਸੈਨ ਨੇ ਆਪਣੀ ਰਚਨਾ ਵਿਚ 'ਨੈ' ਸ਼ਬਦ ਦੇ ਅਰਥ ਉਘਾੜੇ ਹਨ:

ਨੈਂ ਵੀ ਡੂੰਘੀ ਤੁਲ੍ਹਾ ਪੁਰਾਣਾ
ਸ਼ੀਹਾਂ ਤਾਂ ਪੱਤਣ ਮੱਲੇ
ਮੈਂ ਭੀ ਝੋਕ ਰਾਂਝਣ ਦੀ ਜਾਣਾ
ਨਾਲ ਮੇਰੇ ਕੋਈ ਚੱਲੇ

1832-33 ਵਿਚ ਹਰੀਕੇ ਤੋਂ ਬਾਰਾਂ ਮੀਲ ਹੇਠਾਂ ਜੰਗਲ ਵਿਚ ਮੁਕਾਮੀ ਲੋਕ ਸਤਲੁਜ ਨੂੰ ਨੈ ਕਹਿੰਦੇ ਸਨ। ਬਾਰਾਂ ਦੇ ਖਿੱਤੇ ਵਿਚ ਰਾਵੀ ਦਰਿਆ ਅੱਠ ਕੋਹ ਲਗਾਤਾਰ ਤੀਰ ਵਾਂਗ ਸਿੱਧਾ ਵਗਦਾ ਹੈ। ਉੱਥੇ ਇਹਨੂੰ ਸਿੱਧ ਨੈ ਆਖਦੇ ਸਨ। ਸਿੱਧ ਦਾ ਅਰਥ ਸਿੱਧਾ ਅਤੇ ਨੈ ਦਾ ਅਰਥ ਦਰਿਆ ਹੈ। ਹੈਰਾਨੀ ਦੀ ਗੱਲ ਹੈ ਕਿ ਕੇਂਦਰੀ-ਪੂਰਬੀ ਭਾਰਤ ਦੇ ਸੰਥਾਲੀ ਲੋਕ ਆਪਣੇ ਲੋਕ ਗੀਤਾਂ ਵਿਚ ਆਪਣੇ ਪੁਰਾਣੇ ਮੁਲਕ ਸਿੰਧ-ਪੰਜਾਬ ਨੂੰ ਯਾਦ ਕਰਦੇ ਹਨ। ਉਹ ਸਿੰਧ ਨਦੀ ਨੂੰ ਸਿੰਜੋ ਨੈ ਦੇ ਨਾਮ ਨਾਲ ਸੱਦਦੇ ਹਨ। ਕਿਤਾਬ 'ਸੈਰਿ-ਪੰਜਾਬ' (1847) ਦੱਸਦੀ ਹੈ ਕਿ ਫਿਰੋਜ਼ਪੁਰ ਦੇ ਇਲਾਕੇ ਨੂੰ 'ਨੈ ਦਾ ਮੁਲਕ' ਕਿਹਾ ਜਾਂਦਾ ਸੀ ਕਿਉਂਕਿ ਇਹ ਸਤਲੁਜ ਅਤੇ ਕਈ ਨੈਆਂ ਦੇ ਕੰਢਿਆਂ ਉੱਤੇ ਆਬਾਦ ਸੀ। 'ਸੁੱਕਰ ਨੈ' ਫਿਰੋਜ਼ਪੁਰ ਜ਼ਿਲ੍ਹੇ ਦੀ ਮਸ਼ਹੂਰ ਨਦੀ ਸੀ ਜਿਹਦੀਆਂ ਨਿਸ਼ਾਨੀਆਂ ਮੌਜੂਦ ਹਨ। ਨੈ ਜਾਂ ਨੈਵਾਲ ਤੋਂ ਬਿਨਾ ਵਹਿਣ ਜਾਂ ਨਦੀ ਲਈ 'ਨਾਲੀ' ਸ਼ਬਦ ਦੱਖਣੀ ਪੰਜਾਬ, ਉੱਤਰੀ ਰਾਜਸਥਾਨ ਅਤੇ ਦੱਖਣੀ-ਪੱਛਮੀ ਹਰਿਆਣਾ ਵਿਚ ਮਸ਼ਹੂਰ ਹੈ।

ਭੱਟੀ ਮੁਲਕ ਦੇ ਸਰਵੇ ਤੋਂ ਅਗਲੇ ਸਾਲਾਂ ਵਿਚ ਅੰਗਰੇਜ਼ਾਂ ਨੇ ਸਤਲੁਜ ਵਿਚੋਂ ਨਹਿਰ ਕੱਢਣ ਦਾ ਮਨ ਬਣਾਇਆ। ਇਹਦੇ ਲਈ ਸਿੱਧਵਾਂ ਬੇਟ (ਲੁਧਿਆਣਾ) ਨੇੜਲੇ ਪਿੰਡ ਤਿਹਾੜਾ ਕੋਲ ਸਤਲੁਜ ਦੇ ਕੰਢੇ ਦੀ ਚੋਣ ਕੀਤੀ ਗਈ। ਇਸ ਦੌਰਾਨ ਹੀ ਅੰਗਰੇਜ਼ਾਂ ਦਾ ਧਿਆਨ ਕੁਝ ਹੋਰ ਵਹਿਣਾਂ ਵੱਲ ਗਿਆ। ਸੀ.ਜੇ. ਹਡਗਸਨ ਨੂੰ ਤਿਹਾੜਾ ਨਹਿਰ (1847) ਦੇ ਸਰਵੇ ਵਿਚ ਕੁਝ ਅਜਿਹੇ ਵਹਿਣਾਂ ਦਾ ਪਤਾ ਲੱਗਿਆ ਜੋ ਸਤਲੁਜ ਵਲੋਂ ਆ ਰਹੇ ਸਨ ਅਤੇ ਮਾਲਵੇ ਦੇ ਖਿੱਤੇ ਵਿਚ ਫੈਲੇ ਹੋਏ ਸਨ। ਪਿੰਡ ਅਖਾੜਾ (ਨੇੜੇ ਜਗਰਾਉਂ) ਤੋਂ ਸਤਲੁਜ ਦੇ ਮੌਜੂਦਾ ਕੰਢੇ ਦੇ ਵਿਚਕਾਰ ਇਨ੍ਹਾਂ ਵਹਿਣਾਂ ਦੀ ਮੌਜੂਦਗੀ ਸੀ। ਇਨ੍ਹਾਂ ਵਿਚ ਇੱਕ ਵਹਿਣ ਤਿਹਾੜੇ ਤੋਂ ਗਿਆਰਾਂ ਮੀਲ ਮੋਗੇ ਦੇ ਪੂਰਬ ਵਿਚ ਚੁਗਾਵਾਂ ਪਿੰਡ ਕੋਲ ਸੀ। ਦੂਜਾ ਵਹਿਣ ਸ਼ੇਖੂਪੁਰੇ ਵਲੋਂ ਆਉਂਦਾ ਸੀ ਅਤੇ ਅਜੀਤਵਾਲ ਤੱਕ ਚੰਗਾ ਚੌੜਾ ਸੀ। ਦੋਵਾਂ ਦਾ ਸਾਂਝਾ ਵਹਿਣ ਭਲੂਰ ਅਤੇ ਡੇਮਰੂ ਤੱਕ ਪਛਾਣਯੋਗ ਸੀ।




*ਪੱਛਮੀ ਅਤੇ ਡੱਬਵਾਲੀ ਨੈਵਾਲ ਦਰਸਾਉਂਦਾ ਨਕਸ਼ਾ।*

ਡੇਮਰੂ ਦੇ ਪੱਛਮ ਵਿਚ ਹੋਰ ਵਹਿਣ ਸੀ ਜੋ ਧਰਮਕੋਟ ਜਾਂ ਕੋਟ ਈਸੇ ਖਾਂ, ਸਲੀਣਾ, ਡਗਰੂ, ਸੋਸਣ, ਮੁੱਦਕੀ, ਜੰਡਵਾਲਾ, ਮਿਸਰੀਵਾਲਾ, ਪੱਕਾ ਵਲੋਂ ਆ ਰਿਹਾ ਸੀ ਅਤੇ ਅੱਗੇ ਫਰੀਦਕੋਟ ਤੱਕ ਸਾਫ ਦਿਸਦਾ ਸੀ। ਇਹ ਸਾਰੇ ਫਰੀਦਕੋਟ ਦੇ ਨੇੜੇ ਮਿਲਦੇ ਸਨ ਅਤੇ ਵੱਡਾ ਵਹਿਣ ਬਣਾਉਂਦੇ ਸਨ। ਹਡਗਸਨ ਨੇ ਲੋਪੋਂ (ਬੱਧਨੀ) ਤੋਂ ਫਰੀਦਕੋਟ ਨੂੰ ਜਾਂਦਿਆਂ ਵੱਡਾ ਵਹਿਣ ਦੇਖਿਆ ਜੋ ਅੱਧੇ ਤੋਂ ਮੀਲ ਤੱਕ ਚੌੜਾ ਸੀ।

ਹਡਗਸਨ ਨੂੰ ਲੱਗਿਆ ਕਿ ਰੋਪੜ ਤੋਂ ਲੁਧਿਆਣੇ ਤੱਕ ਦਰਿਆ ਦੇ ਖੱਬੇ ਕੰਢੇ ਨਾਲ ਲਗਾਤਾਰ ਚਲੇ ਆ ਰਹੇ ਢਾਹੇ (ਉੱਚੇ ਕੰਢੇ) ਦਾ ਅੰਤ ਤਿਹਾੜਾ-ਭੂੰਦੜੀ ਕੋਲ ਹੋ ਜਾਣਾ ਚਾਹੀਦਾ ਸੀ। ਸਤਲੁਜ ਤੋਂ 12 ਮੀਲ ਦੱਖਣ ਵਿਚ ਅਚਾਨਕ ਧਰਤੀ ਤੀਹ ਫੁੱਟ ਤੱਕ ਨੀਵੀਂ ਚਲੇ ਜਾਂਦੀ ਸੀ। ਉਹਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਜ਼ੀਰਾ ਤਹਿਸੀਲ ਦੇ ਦੱਖਣੀ ਹਿੱਸੇ ਤੋਂ ਸ਼ੁਰੂ ਹੋ ਕੇ ਵਾਇਆ ਮੁੱਦਕੀ, ਫਰੀਦਕੋਟ, ਮੁਕਤਸਰ ਅਤੇ ਅੱਗੇ ਨੁਕੇੜਾ ਤੱਕ ਸੰਘਣੇ ਟਿੱਬਿਆਂ ਦੀ ਅਟੁੱਟ ਲੜੀ ਹੈ ਜੋ ਮੁਕਾਮੀ ਲੋਕਾਂ ਮੁਤਾਬਕ ਦਰਿਆ ਦਾ ਪੁਰਾਣਾ ਵਹਿਣ ਸੀ। ਇਹ ਵਹਿਣ ਰੂਪੀ ਰੇਤਲੇ ਟਿੱਬੇ ਵੱਖਰੇ ਕਿਸਮ ਦਾ ਧਰਤ-ਦ੍ਰਿਸ਼ (ਲੈਂਡਸਕੇਪ) ਸਿਰਜਦੇ ਸਨ। ਇਸ ਖਿੱਤੇ ਦੀ ਜ਼ਮੀਨ ਦਾਤੀ ਦੇ ਦੰਦੇ ਵਾਂਗ ਉੱਚੀ ਥਾਂ ਤੋਂ ਨੀਵੀਂ ਥਾਂ ਵੱਲ ਜਾਂਦੀ ਸੀ। ਇਸ ਵਹਿਣ ਜਾਂ ਖਿੱਤੇ ਨੂੰ ਦੰਦਾ ਜਾਂ ਦਰਿਆਇ-ਦੰਦਾ ਕਿਹਾ ਜਾਂਦਾ ਸੀ। ਸੀ.ਐਫ. ਉਲਡਮ (1874) ਨੇ ਦੰਦਾ ਸ਼ਬਦ ਨੂੰ ਢੰਡ ਸ਼ਬਦ ਦੇ ਰੂਪ ਵਿਚ ਪੜ੍ਹਿਆ, "ਢੰਡ ਦਾ ਮਤਲਬ ਉਸ ਧਾਰਾ ਜਾਂ ਖਿੱਤੇ ਤੋਂ ਹੈ ਜਿਹਦੇ ਵਿਚ ਪਾਣੀ ਬੇਸ਼ੱਕ ਮੌਜੂਦ ਹੈ ਪਰ ਦਰਿਆ ਦਾ ਮੁੱਖ ਵਹਿਣ ਇਹਨੂੰ ਛੱਡ ਚੁੱਕਿਆ ਹੈ। ਦਰਿਆ ਦਾ ਮੁੱਖ ਵਹਿਣ ਹੋਰ ਪੱਛਮ ਵੱਲ ਵਧ ਚੁੱਕਿਆ ਸੀ।" ਸ਼ਾਹ ਹੁਸੈਨ ਨੇ ਢੰਡ ਬਾਬਤ ਕਿਹਾ:

ਢੰਡ ਪੁਰਾਣੀ ਕੁੱਤਿਆਂ ਲੱਕੀ,
ਅਸੀਂ ਸਰਵਰ ਮਾਹਿ ਧੋਤਿਆ ਸੇ,
ਕਹੈ ਹੁਸੈਨ ਫਕੀਰ ਸਾਈਂ ਦਾ
ਅਸੀਂ ਟੱਪਣ ਟੱਪ ਨਿਕਲਿਆ ਸੇ।

ਦਰਿਆਇ-ਦੰਦਾ ਦਾ ਰਸਤਾ ਤਿਹਾੜਾ, ਧਰਮਕੋਟ, ਡਗਰੂ, ਮੁੱਦਕੀ, ਫਰੀਦਕੋਟ, ਮੁਕਤਸਰ, ਪੱਛਮ ਵਿਚ ਰੱਤਾਖੇੜਾ ਦੇ ਨੇੜੇ-ਭਾਗਸਰ, ਅਬੋਹਰ ਅਤੇ ਫਾਜ਼ਿਲਕਾ ਦੇ ਐਨ ਅੱਧ ਵਿਚੋਂ, ਬਹਾਵਲਪੁਰ ਦੇ ਦੱਖਣ-ਪੂਰਬ ਤੋਂ 13 ਮੀਲ ਦੱਖਣ ਵਿਚ, ਪਾਕਟਪਟਨ ਤੋਂ 23 ਮੀਲ ਦੱਖਣ ਵਿਚ ਦਰਜ ਕੀਤਾ ਗਿਆ ਹੈ।

ਵਿਲੀਅਮ ਬਰਾਊਨ ਦੇ ਲੱਭੇ ਦੱਖਣੀ ਜਾਂ ਭੱਟੀ ਮੁਲਕ ਦੇ ਵਹਿਣਾਂ ਦਾ ਹਡਗਸਨ ਨੇ ਸਤਲੁਜ ਦੇ ਮੌਜੂਦਾ ਵਹਿਣ ਦੇ ਨੇੜਲੇ ਅਤੇ ਕੇਂਦਰੀ ਹਿੱਸੇ ਦੇ ਵਹਿਣਾਂ ਨਾਲ ਜੋੜ-ਤੋੜ ਬਣਾਉਣ ਦੀ ਕੋਸ਼ਿਸ਼ ਕੀਤੀ। ਹਡਗਸਨ ਨੇ ਤਿਹਾੜਾ ਨਹਿਰ ਦਾ ਸਰਵੇ ਕਰਦਿਆਂ ਮਲੋਟ ਨੇੜਲੇ ਪਿੰਡ ਦਾਨਾਵਾਲੇ ਤੋਂ ਉੱਪਰ ਥੇੜੀ, ਕੋਟਭਾਈ, ਸਾਹਿਬਚੰਦ, ਭਲਾਈਆਣਾ, ਅਬਲੂ, ਚੰਦਭਾਨ, ਮੱਲ੍ਹਾ, ਭਗਤਾ ਭਾਈਕਾ, ਗੁਰੂਸਰ, ਕਿਸ਼ਨਗੜ੍ਹ ਪੱਖਰਵੱਢ, ਪੱਤੋ ਹੀਰਾ ਸਿੰਘ, ਲੋਪੋਂ, ਮੱਲ੍ਹਾ, ਅਖਾੜਾ ਤੱਕ ਵਹਿਣ ਦੀਆਂ ਕੜੀਆਂ ਜੋੜਨ ਦਾ ਐਲਾਨ ਕੀਤਾ। ਮਲੋਟ ਤੋਂ ਅੱਗੇ ਅਬੋਹਰ, ਸੱਪਾਂਵਾਲੀ, ਕੱਲਰਖੇੜਾ, ਤਤਾਰਸਰ, ਬਾਲਰ ਵਾਲੇ ਵਹਿਣ ਦਾ ਰਸਤਾ ਵਿਲੀਅਮ ਬਰਾਊਨ ਨੇ ਪਹਿਲਾਂ ਦੱਸ ਦਿੱਤਾ ਸੀ। ਮੋਰਾਕੀ ਯਾਤਰੀ ਇਬਨ-ਬਤੂਤਾ ਨੇ 1333 ਈਸਵੀ ਵਿਚ ਅਬੋਹਰ ਦੇ ਨੇੜੇ ਦਰਿਆ ਦਾ ਜ਼ਿਕਰ ਕੀਤਾ ਸੀ। ਸੀ.ਐਫ. ਉਲਡਮ ਨੇ ਇਬਨ-ਬਤੂਤਾ ਦੇ ਹਵਾਲੇ ਦਾਅਵਾ ਕੀਤਾ ਕਿ ਉਹ ਸਮੇਂ ਸਤਲੁਜ ਅਬੋਹਰ ਕੋਲੋਂ ਵਗ ਰਿਹਾ ਸੀ। ਕੀ ਇਬਨ-ਬਤੂਤਾ ਨੇ ਮਲੋਟ, ਅਬੋਹਰ, ਕੋਇਲ ਖੇੜਾ ਵਾਲਾ ਵਹਿਣ ਦੇਖਿਆ ਹੋਵੇਗਾ?

ਹਡਗਸਨ ਨੂੰ ਅਖਾੜੇ (ਜਗਰਾਉਂ) ਤੋਂ ਮਲੋਟ ਤੱਕ ਵਹਿਣ ਟੁੱਟਵੇਂ ਰੂਪ ਵਿਚ ਮਿਲੇ। ਮਲੋਟ ਕੋਲ ਇਸ ਵਹਿਣ ਨੂੰ ਝੀਲ ਕਿਹਾ ਜਾਂਦਾ ਸੀ। ਮਲੋਟ ਦੇ ਕੋਲ ਦਾਨਾਵਾਲਾ ਤੋਂ ਥੇੜੀ, ਗੁਰੂਸਰ, ਕੋਟ ਭਾਈ, ਸਾਹਿਬਚੰਦ, ਭਲਾਈਆਣਾ, ਅਬਲੂ ਤੱਕ ਸਾਫ ਵਹਿਣ ਸੀ। ਅਬਲੂ ਤੋਂ ਮਹਿਮੇ ਤੱਕ ਕਈ ਵਹਿਣ ਵੱਖਰੇ ਹੁੰਦੇ ਸਨ। ਅਬਲੂ ਦੇ ਹੇਠਾਂ ਇੱਕ ਵਹਿਣ ਸਾਹਿਬ ਚੰਦ ਵਲੋਂ ਅਤੇ ਦੂਜਾ ਭਿਸਿਆਣੇ ਤੋਂ ਸੀ। ਅਬਲੂ ਤੋਂ ਉਘੜਵਾਂ ਵਹਿਣ ਚੰਦਭਾਨ, ਫਤਹਿਗੜ੍ਹ ਅਤੇ ਮੱਲ੍ਹੇ ਵੱਲ ਜਾਂਦਾ ਸੀ। ਮੱਲ੍ਹੇ ਤੋਂ ਭਗਤੇ ਤੱਕ ਲਗਾਤਾਰ ਵਹਿੰਦਾ ਵਹਿਣ ਨਹੀਂ ਮਿਲਿਆ ਪਰ ਦੋ ਜਾਂ ਤਿੰਨ ਦਿਸ਼ਾਵਾਂ ਨੂੰ ਜਾਂਦੇ ਵਹਿਣ ਦਿਖਦੇ ਸਨ। ਭਗਤਾ ਭਾਈਕਾ ਤਾਂ ਵਸਿਆ ਹੀ ਵਹਿਣ ਦੇ ਵਿਚਕਾਰ ਸੀ। ਭਗਤੇ ਤੋਂ ਉੱਪਰ ਵੱਲ ਨੂੰ ਗੁਰੂਸਰ, ਕਿਸ਼ਨਗੜ੍ਹ ਪੱਖਰਵੱਢ, ਪੱਤੋ ਹੀਰਾ ਸਿੰਘ ਵਹਿਣ ਬਿਲਕੁਲ ਉਘੜਵਾਂ ਸੀ।




*ਦਰਿਆਇ-ਦੰਦਾ ਦਰਸਾ ਰਿਹਾ ਨਕਸ਼ਾ।*

ਕਹਿਣ ਦਾ ਮਤਲਬ ਅੰਗਰੇਜ਼ਾਂ ਨੇ ਵੱਖਰੇ-ਵੱਖਰੇ ਦਿਸਦੇ ਅਤੇ ਟੁੱਟਵੇਂ ਵਹਿਣਾਂ ਨੂੰ ਜੋੜ ਕੇ ਵਹਿਣ ਦੀ ਲਗਾਤਾਰਤਾ ਦਾ ਨਕਸ਼ਾ ਬਣਾਉਣ ਦੀ ਕੋਸ਼ਿਸ਼ ਕੀਤੀ। ਮੇਜਰ ਬੇਕਰ ਨੇ 'ਸਾਹਮਣੇ ਆਏ ਵਹਿਣਾਂ' ਦੀ ਰੌਸ਼ਨੀ ਵਿਚ ਨਹਿਰ ਦਾ ਨਕਸ਼ਾ ਪੇਸ਼ ਕੀਤਾ। ਉਹਦੇ ਮੁਤਾਬਕ ਸਤਲੁਜ ਦੇ ਵਿਚੋਂ ਤਿਹਾੜੇ ਨੇੜਿਉਂ ਨਹਿਰ ਕੱਢ ਕੇ ਪਾਣੀ ਚੁਗਾਵਾਂ ਅਤੇ ਸ਼ੇਖੂਪੁਰੇ ਵਾਲੇ ਸਾਂਝੇ ਵਹਿਣ (ਮੌਜੂਦਾ ਮੋਗਾ ਨਾਲਾ) ਵਿਚ ਪਾਇਆ ਜਾਵੇ। ਚੁਗਾਵਾਂ ਵਾਲੇ ਵਹਿਣ ਨੂੰ ਦਰਿਆਇ-ਦੰਦਾ ਵਾਲੇ ਵਹਿਣ ਨਾਲ ਜੋੜ ਕੇ ਫਰੀਦਕੋਟ ਅਤੇ ਮੁਕਤਸਰ ਤੱਕ ਪਾਣੀ ਪੁਚਾਇਆ ਜਾਵੇ। ਚੁਗਾਵਾਂ ਤੋਂ ਭਗਤੇ ਭਾਈਕਾ ਤੱਕ ਨਹਿਰ ਕੱਢੀ ਜਾਵੇ ਅਤੇ ਭਗਤੇ ਕੋਲ ਵਹਿੰਦੀ ਅਬੋਹਰ ਨਈਵਾਲ (ਮਾਛੀਵਾੜਾ, ਅਖਾੜਾ, ਭਗਤਾ, ਮਲੋਟ, ਅਬੋਹਰ) ਵਿਚ ਪਾਣੀ ਸੁੱਟ ਕੇ ਅਬੋਹਰ ਤੱਕ ਪਾਣੀ ਪੁਚਾਇਆ ਜਾਵੇ।

ਤਿਹਾੜਾ ਤੋਂ ਨਹਿਰ ਕੱਢਣ ਦੀ ਜੁਗਤ ਗੋਰਿਆਂ ਦੇ ਸੂਤ ਨਹੀਂ ਬੈਠੀ ਤਾਂ ਉਨ੍ਹਾਂ ਨੇ ਰੋਪੜ ਕੋਲੋਂ ਨਹਿਰ ਕੱਢਣ ਲਈ ਸਰਵੇ ਕਰਵਾਏ। ਰੋਪੜ ਨੇੜੇ ਸਤਲੁਜ ਦੀ ਖਾੜੀ ਬਣਦੀ ਸੀ। ਇੱਥੇ ਕਈ ਦਰਿਆ ਸਤਲੁਜ ਵਿਚ ਮਿਲਦੇ ਹਨ ਜਿਵੇਂ ਬੁੱਧਕੀ, ਸੁਘ ਰਾਉ ਅਤੇ ਸੀਸਵਾਂ। ਕੁਝ ਵਹਿਣ ਇਹਦੇ ਨੇੜਿਉਂ ਨਿਕਲਦੇ ਸਨ। ਇਨ੍ਹਾਂ ਵਿਚੋਂ ਕਈ ਸੁੱਕੇ ਅਤੇ ਬਰਸਾਤੀ ਸਨ। ਬੁੱਢਾ ਦਰਿਆ ਰੋਪੜ ਦੇ ਪੱਛਮ ਵਿਚੋਂ ਬੇਲੇ ਕੋਲੋਂ ਨਿਕਲਦਾ ਸੀ।

ਲੁਧਿਆਣੇ ਜ਼ਿਲ੍ਹੇ ਦੀ ਬੰਦੋਬਸਤ ਰਪਟ (ਸੈਟਲਮੈਂਟ ਰਿਪੋਰਟ, 1859) ਵਿਚ ਐਚ. ਡੇਵਿਡਸਨ ਨੇ ਸਤਲੁਜ ਦੇ ਕਿਸੇ 'ਪੁਰਾਣੇ ਵਹਿਣ' ਦੀ ਤਫਸੀਲ ਦਿੱਤੀ ਹੈ। ਅਕਬਰ ਤੋਂ ਸ਼ਾਹਜਹਾਂ ਦੇ ਵੇਲੇ ਦੇ ਕਾਨੂੰਗੋ ਰਿਕਾਰਡ ਮੁਤਾਬਕ ਇਹ ਵਹਿਣ ਲੁਧਿਆਣੇ ਜ਼ਿਲ੍ਹੇ ਵਿਚ ਵਹਿੰਦਾ ਸੀ ਜੋ ਛੋਟੀ ਨਦੀ ਸੀ। ਇਲਾਕੇ ਦੀ ਅੱਧੀ ਖੇਤੀ ਇਹ ਨਦੀ ਤੋਂ ਹੁੰਦੀ ਸੀ। ਪਿੱਛੋਂ ਦੇ ਰਿਕਾਰਡ ਵਿਚ ਇਲਾਕੇ ਦੀ ਧਰਤੀ ਨੂੰ ਗੈਰ-ਸੇਂਜੂ ਕਰਾਰ ਦਿੱਤਾ ਗਿਆ ਕਿਉਂਕਿ ਸਤਲੁਜ ਵਿਚੋਂ ਆਉਣ ਵਾਲੀ ਇਹ ਨਦੀ ਸੁੱਕ ਗਈ ਸੀ। ਰੋਪੜ ਦੇ ਨੇੜੇ ਸਤਲੁਜ ਵਿਚੋਂ ਨਿਕਲਣ ਵਾਲੀ ਇਹ ਧਾਰਾ ਬਹਿਲੋਲਪੁਰ ਦੇ ਦੱਖਣ ਤੋਂ, ਸਮਰਾਲਾ ਦੇ ਉੱਤਰ ਵਲੋਂ, ਕੋਟ ਗੰਗੂ ਰਾਏ ਅਤੇ ਕਟਾਣੀ ਦੇ ਦੱਖਣ ਤੋਂ ਹੁੰਦੀ ਹੋਈ, ਪਾਇਲ ਇਲਾਕੇ ਅਤੇ ਉਮਾਇਆਪੁਰ (ਉਮੈਦਪੁਰ?) ਪਰਗਣੇ ਰਾਹੀਂ ਪਿੰਡ ਨਾਰੰਗਵਾਲ ਕੋਲੋਂ ਵਗਦੀ ਹੋਈ ਬੁਰਜ ਲਿੱਟਾਂ (ਨੇੜੇ ਅਖਾੜਾ) ਪਹੁੰਚਦੀ ਸੀ। ਉੱਥੋਂ ਇਹ ਦੱਖਣ ਜਾਂ ਦੱਖਣ ਪੱਛਮ (ਅਬੋਹਰ) ਵੱਲ ਜਾਂਦੀ ਸੀ। ਡੇਵਿਡਸਨ ਨੇ ਇਸ ਵਹਿਣ ਦੇ ਰਸਤੇ ਰਾਹੀਂ ਨਹਿਰ ਕੱਢਣ ਦਾ ਸੁਝਾਅ ਦਿੱਤਾ ਸੀ। ਇਸੇ ਰਾਹ ਉੱਤੇ ਸਰਹਿੰਦ ਨਹਿਰ ਕੱਢੀ ਗਈ। ਇਹ ਘੱਟੋ-ਘੱਟ ਦੋਰਾਹਾ ਤੱਕ ਅਤੇ ਅੱਗੇ ਬੱਸੀਆਂ ਤੱਕ ਅਬੋਹਰ ਬਰਾਂਚ ਨਹਿਰ ਦੇ ਨੇੜੇ ਤੇੜੇ ਦਾ ਰਸਤਾ ਬਿਆਨ ਹੁੰਦਾ ਹੈ।

ਰੋਪੜ ਤੋਂ ਅਖਾੜਾ ਪਿੰਡ ਤੱਕ ਦੇ ਵਹਿਣ ਦਾ ਨਕਸ਼ਾ ਡੇਵਿਡਸਨ ਨੇ ਖਿੱਚ ਦਿੱਤਾ। ਅਖਾੜੇ ਤੋਂ ਲੋਪੋਂ, ਭਗਤਾ ਭਾਈਕਾ, ਮਲੋਟ, ਅਬੋਹਰ, ਕੱਲਰਖੇੜਾ ਵਾਲਾ ਨਕਸ਼ਾ ਪਹਿਲਾਂ (ਹਡਗਸਨ ਦੁਆਰਾ) ਖਿੱਚਿਆ ਜਾ ਚੁੱਕਿਆ ਸੀ। ਰੋਪੜ-ਕੱਲਰਖੇੜਾ ਅਤੇ ਅੱਗੇ ਬਾਲਰ (ਪਾਕਿਸਤਾਨ) ਤੱਕ ਦੇ ਵਹਿਣ ਨੂੰ ਪੱਛਮੀ ਨੈਵਾਲ ਜਾਂ ਅਬੋਹਰ ਨੈਵਾਲ ਦਾ ਨਾਮ ਦਿੱਤਾ ਗਿਆ। ਇਹ ਤੋਂ ਬਿਨ੍ਹਾਂ ਅੰਗਰੇਜ਼ਾਂ ਨੇ ਜ਼ਮੀਨੀ ਅਤੇ ਨਹਿਰੀ ਸਰਵਿਆਂ ਦੇ ਹਵਾਲਿਆਂ ਨਾਲ ਸਤਲੁਜ ਦੇ ਕਈ ਹੋਰ ਪੁਰਾਣੇ ਵਹਿਣਾਂ ਦੀ ਨਿਸ਼ਾਨਦੇਹੀ ਅਤੇ ਨਕਸ਼ਾਬੰਦੀ ਦਾ ਦਾਅਵਾ ਕੀਤਾ ਜਿਨ੍ਹਾਂ ਵਿਚ ਚਮਕੌਰ, ਦਹਿੜੂ, ਮਲੇਰਕੋਟਲਾ, ਪੰਜਗਰਾਈਆਂ, ਭੱਦਰਵੱਡ, ਠਕਿਰੀਵਾਲਾ, ਜੇਠੂਕੇ, ਮੰਡੀ ਕਲਾਂ, ਪੱਕਾ, ਪਥਰਾਲਾ, ਡੱਬਵਾਲੀ ਵਹਿਣ ਨੂੰ ਕੇਂਦਰੀ ਜਾਂ ਡੱਬਵਾਲੀ ਨੈਵਾਲ ਕਿਹਾ ਗਿਆ। ਜਿਹਦੀ ਬਚੀ-ਖੁਚੀ ਨਿਸ਼ਾਨੀ ਲਸਾੜਾ ਚੋਅ ਦੱਸੀ ਜਾਂਦੀ ਹੈ। ਇਹਨੂੰ ਭੱਡਲੀ ਨਦੀ ਕਿਹਾ ਜਾਂਦਾ ਸੀ। ਭੱਡਲੀ ਨਦੀ ਮਲਵਈ ਲੋਕ-ਰਵਾਇਤ ਦੀ ਸਭ ਤੋਂ ਮਸ਼ਹੂਰ ਨਦੀ ਸੀ। ਚਮਕੌਰ, ਭੀਖੀ, ਹਨੂੰਮਾਨਗੜ੍ਹ ਵਹਿਣ ਨੂੰ ਪੂਰਬੀ ਨੈਵਾਲ ਕਿਹਾ ਗਿਆ ਹੈ। ਅੰਗਰੇਜ਼ਾਂ ਦੇ ਨਕਸ਼ਿਆਂ ਵਿਚ ਸਤਲੁਜ ਦੇ ਸਾਬਕਾ ਵਹਿਣਾਂ ਵਜੋਂ ਦਰਜ ਹੋਏ ਵਹਿਣਾਂ ਵਿਚ ਤਿੰਨ ਨੈਵਾਲਾਂ, ਦਰਿਆਇ-ਦੰਦਾ, ਬੁੱਢਾ ਦਰਿਆ ਅਤੇ ਸੁੱਕਰ ਨਦੀ ਅਹਿਮ ਹਨ।

# ਸਾਹਿਤ ਤੇ ਗਣਿਤ ਵਿਗਿਆਨ ਦੀਆਂ ਬੇਜੋੜ ਕੜੀਆਂ ਨੂੰ ਜੋੜਦਾ ਨਾਵਲ

## 360 ਡਿਗਰੀ

**ਅਮਨਪ੍ਰੀਤ ਸਿੰਘ ਮਾਨ**
**ਪੰਨੇ-168 ਮੁੱਲ-250 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**
**ਫੋਨ: 99152-63614**


ਅਮਨਪ੍ਰੀਤ ਸਿੰਘ ਮਾਨ ਨੇ ਪਿਛਲੇ ਦੋ ਸਾਲਾਂ ਵਿਚ ਪੰਜਾਬੀ ਸਾਹਿਤ ਦੀ ਝੋਲੀ ਵਿਚ ਤਿੰਨ ਨਾਵਲ ਪਾਏ ਹਨ ਤੇ ਇਹ ਤਿੰਨੇ ਹੀ ਨਾਵਲ ਆਪਣੇ ਨਵੇਂ ਨਿਵੇਕਲੇ ਵਿਸ਼ਿਆਂ ਤੇ ਉਨ੍ਹਾਂ ਦੇ ਨਿਭਾਅ ਦੀਆਂ ਨਵੀਆਂ ਹੀ ਕਥਾਤਮਕ ਜੁਗਤਾਂ ਕਾਰਨ ਕਾਫੀ ਚਰਚਾ ਵਿਚ ਰਹੇ ਹਨ। ਉਸ ਦਾ ਹੱਥਲਾ ਨਾਵਲ

## ਪੁਸਤਕ ਚਰਚਾ

**ਨਿਰੰਜਣ ਬੋਹਾ**
**ਫੋਨ: 91-89682-82700**

'360 ਡਿਗਰੀ' ਪੰਜਾਬੀ ਨਾਵਲ ਦੇ ਖੇਤਰ ਵਿਚ ਅਸਲੋਂ ਹੀ ਨਵੇਂ ਪੈਟਰਨ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਭਾਵੇਂ ਗਣਿਤ ਵਿਗਿਆਨ ਬਾਰੇ ਲਿਖੀਆਂ ਪੁਸਤਕਾਂ ਤਾਂ ਲੱਖਾਂ ਦੀ ਗਿਣਤੀ ਵਿਚ ਮਿਲ ਜਾਣਗੀਆਂ ਪਰ ਗਣਿਤ ਦੇ ਕਿਸੇ ਫਾਰਮੂਲੇ ਨੂੰ ਅਧਾਰ ਬਣਾ ਕੇ ਨਾਵਲ ਲਿਖਣ ਦਾ ਫੁਰਨਾ ਕਿਸੇ ਵਿਰਲੇ ਨਾਵਲਕਾਰ ਦੇ ਦਿਮਾਗ ਵਿਚ ਹੀ ਆ ਸਕਦਾ ਹੈ। ਨਾਵਲਕਾਰ ਗਣਿਤ ਵਿਗਿਆਨ ਵਿਚ ਮਾਹਿਰ ਹੋਣ ਨੂੰ ਕਿਸੇ ਮਨੁੱਖ ਦੇ ਬੁੱਧੀਮਾਨ ਹੋਣ ਦੀ ਭਰੋਸੇਯੋਗ ਗਵਾਹੀ ਵਜੋਂ ਸਵੀਕਾਰਦਾ ਹੈ ਤੇ ਇਸ ਗੱਲ ਦੀ ਵੀ ਭਰਵੀਂ ਪ੍ਰਸ਼ੰਸਾ ਕਰਦਾ ਹੈ ਕਿ ਇਸ ਵਿਗਿਆਨ ਨੇ ਮਨੁੱਖੀ ਤਰੱਕੀ ਦੇ ਬਹੁਤ ਸਾਰੇ ਰਾਹ ਵੀ ਖੋਲ੍ਹੇ ਹਨ, ਪਰ ਨਾਲ ਹੀ ਉਹ ਇਹ ਚਿਤਾਵਨੀ ਵੀ ਦੇਂਦਾ ਹੈ ਕਿ ਜੇ ਇਸ ਵਿਗਿਆਨ ਦਾ ਮਾਹਿਰ ਕੋਈ ਸ਼ਾਤਰ ਵਿਅਕਤੀ ਆਪਣੇ ਖਤਰਨਾਕ ਮਨਸੂਬਿਆਂ ਨੂੰ ਪੂਰਾ ਕਰਨ ਲਈ ਇਸਦੀ ਗਲਤ ਵਰਤੋਂ ਕਰਨ ਦੀ ਸੋਚ ਲਵੇ ਤਾਂ ਇਸਦੇ ਨਤੀਜੇ ਮਾਨਵਤਾ ਲਈ ਬਹੁਤ ਘਾਤਕ ਵੀ ਸਾਬਤ ਹੋ ਸਕਦੇ ਹਨ। ਇਸਦੇ ਪਾਠ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਇਹ ਨਾਵਲ ਗਣਿਤ ਵਿਗਿਆਨ ਦੀ ਮਦਦ ਨਾਲ ਮਨੁੱਖੀ ਪ੍ਰਗਤੀ ਦੇ ਨਵੇਂ ਰਾਹ ਖੋਲ੍ਹਣ ਲਈ ਇਸ ਦੀ ਦੁਰ- ਵਰਤੋਂ ਦੀਆਂ ਸਾਰੀਆਂ ਚੋਰ ਮੋਰੀਆਂ ਬੰਦ ਕਰਨ ਦਾ ਇੱਛੁਕ ਹੈ।

ਨਾਵਲ ਗਣਿਤ ਵਿਗਿਆਨ ਦੇ ਅੰਕੜਿਆਂ 'ਤੇ ਅਧਾਰਿਤ ਮੋਬਾਈਲ ਖੇਡ ਐਪਾਂ ਵਲੋਂ ਬਾਲ ਮਾਨਸਿਕਤਾ 'ਤੇ ਪੈਣ ਵਾਲੇ ਨਕਾਰਾਤਮਕ ਪ੍ਰਭਾਵਾਂ ਬਾਰੇ ਭਾਵ ਪੂਰਤ ਚਰਚਾ ਛੇੜਦਾ ਹੈ। ਨਾਵਲ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਇਹ ਖੇਡ ਐਪਾਂ ਨਸ਼ੇ ਵਾਂਗ ਬੱਚਿਆਂ ਦੇ ਦਿਲ ਦਿਮਾਗ 'ਤੇ ਅਸਰ ਅੰਦਾਜ਼ ਹੋ ਕੇ ਨਾ ਕੇਵਲ ਉਨ੍ਹਾਂ ਦਾ ਪੜ੍ਹਾਈ ਵਲੋਂ ਧਿਆਨ ਭੰਗ ਕਰਦੀਆਂ ਹਨ ਸਗੋਂ ਉਨ੍ਹਾਂ ਅੰਦਰ ਘਰ ਪਰਿਵਾਰ ਤੇ ਮਾਪਿਆਂ ਪ੍ਰਤੀ ਮੋਹ ਭੰਗਤਾ ਦੇ ਭਾਵ ਵੀ ਪੈਦਾ ਕਰਦੀਆਂ ਹਨ। ਇਸੇ ਲਈ ਨਾਵਲ ਮਾਪਿਆਂ ਨੂੰ ਚਿਤਾਵਨੀ ਦਿੰਦਾ ਹੈ ਕਿ ਉਹ ਇਸ ਗੱਲ ਵੱਲ ਵਿਸ਼ੇਸ਼ ਤਵੱਜੋ ਦੇਣ ਕਿ ਉਨ੍ਹਾਂ ਦੀ ਆਪਣੇ ਬੱਚਿਆਂ ਪ੍ਰਤੀ ਅਣਗਹਿਲੀ ਤੇ ਪਿਆਰ ਦੀ ਘਾਟ ਕਿਤੇ ਬੱਚਿਆਂ ਅੰਦਰ ਅਜਿਹਾ ਖਲਾਅ ਤਾਂ ਪੈਦਾ ਨਹੀਂ ਕਰ ਰਹੀ, ਜਿਸ ਦੀ ਪੂਰਤੀ ਉਹ ਮੋਬਾਈਲ ਖੇਡਾਂ ਰਾਹੀਂ ਕਰਨ ਲਈ ਪ੍ਰੇਰਿਤ ਹੋ ਰਹੇ ਹਨ। ਨਾਵਲ ਦੀ ਕਹਾਣੀ ਅਨੁਸਾਰ ਨਕੋਦਰ ਸ਼ਹਿਰ ਵਿਚ ਇਕ ਗਿਆਰਾਂ ਕੁ ਸਾਲ ਦੀ ਮਾਸੂਮ ਕੁੜੀ ਚੰਚਲ ਆਤਮ ਫਾਹਾ ਲੈ ਕੇ ਆਤਮ ਹੱਤਿਆ ਕਰ ਲੈਂਦੀ ਹੈ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ ਕਿ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਹੋਏ ਉਸਦੇ ਮਾਪੇ ਉਸਨੂੰ ਉਸ ਦੀਆਂ ਮਾਨਸਿਕ ਲੋੜਾਂ ਅਨੁਸਾਰ ਸਮਾਂ ਨਹੀਂ ਦੇ ਪਾਉਂਦੇ ਤਾਂ ਉਹ ਆਪਣੇ ਇਕੱਲਤਾ ਦੇ ਅਹਿਸਾਸ ਤੋਂ ਮੁਕਤ ਹੋਣ ਲਈ ਮੋਬਾਈਲ ਖੇਡਾਂ ਦਾ ਸਹਾਰਾ ਲੈਣ ਲੱਗ ਪਈ ਸੀ। ਉਸਦੀ ਮੌਤ ਤੋਂ ਬਾਅਦ ਉਸਦੇ ਪਿਤਾ ਦੀਪਕ ਅਤੇ ਮਾਤਾ ਕਾਮਨਾ ਅੰਦਰ ਆਪਣੀ ਗਲਤੀ ਬਾਰੇ ਪਛਤਾਵੇ ਦੇ ਤੀਬਰ ਅਹਿਸਾਸ ਹੁੰਦੇ ਹਨ ਤਾਂ ਨਾਵਲ ਦੀ ਕਹਾਣੀ ਵਿਚ ਇਕ ਅਜਿਹਾ ਹੈਰਾਨੀਜਨਕ ਮੋੜ ਆਉਂਦਾ ਹੈ ਜੋ ਉਸਦੇ ਮਾਪਿਆਂ ਦੀ ਚਿੰਤਾ ਨੂੰ ਅਜਿਹੇ ਚਿੰਤਨ ਵਿਚ ਬਦਲ ਦਿੰਦਾ ਹੈ ਕਿ ਚੰਚਲ ਵਰਗੇ ਹੋਰ ਬੱਚਿਆਂ ਨੂੰ ਮੌਤ ਦੇ ਅੰਨ੍ਹੇ ਖੂਹ ਵਿਚ ਡਿੱਗਣ ਤੋਂ ਕਿਵੇਂ ਬਚਾਇਆ ਜਾਵੇ?




ਜਦੋਂ ਹਰ ਚਾਰ ਦਿਨ ਬਾਅਦ ਪੰਜਾਬ ਵਿਚ ਕਿਸੇ ਬੱਚੇ ਵਲੋਂ ਫਾਹਾ ਕੈ ਕੇ ਆਤਮ ਹੱਤਿਆ ਕਰਨ ਦੀ ਘਟਨਾ ਵਾਪਰਨ ਲੱਗਦੀ ਹੈ ਤਾਂ ਚੰਚਲ ਦੇ ਪਿਤਾ ਦੀਪਕ ਦੇ ਮਨ ਵਿਚ ਇਹ ਸ਼ੰਕਾ ਪੈਦਾ ਹੋ ਜਾਂਦੀ ਹੈ ਕਿ ਮੋਬਾਈਲ ਜ਼ਰੀਏ ਬੱਚਿਆਂ ਨੂੰ ਆਤਮ ਹੱਤਿਆ ਲਈ ਉਕਸਾਉਣ ਵਾਲੀ ਕੋਈ ਖਤਰਨਾਕ ਸਾਜ਼ਿਸ਼ ਕੰਮ ਕਰ ਰਹੀ ਹੈ। ਜਦੋਂ ਉਹ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਆਪਣੀ ਇਸ ਸ਼ੰਕਾ ਦਾ ਪ੍ਰਗਟਾਵਾ ਕਰਦਾ ਹੈ ਤਾਂ ਉਸਨੂੰ ਹੀ ਨੀਮ ਪਾਗਲ ਸਮਝ ਲਿਆ ਜਾਂਦਾ ਹੈ। ਉਸਦਾ ਇਲਾਜ ਕਰਨ ਵਾਲਾ ਮਨੋ ਰੋਗਾਂ ਦਾ ਡਾਕਟਰ ਪਹਿਲਾਂ ਆਪਣੀ ਕੌਂਸਲਿੰਗ ਰਾਹੀਂ ਵਾਪਰਦੀਆਂ ਘਟਨਾਵਾਂ ਨੂੰ ਮਹਿਜ਼ ਸੰਜੋਗ ਸਿੱਧ ਕਰਦਾ ਹੈ ਪਰ ਘਟਨਾਵਾਂ ਦਾ ਸਿਲਸਿਲਾ ਨਾ ਰੁਕਣ 'ਤੇ ਉਹ ਵੀ ਆਪਣੇ ਮਰੀਜ਼ ਬਾਰੇ ਇਹ ਧਾਰਨਾ ਬਣਾ ਲੈਂਦਾ ਹੈ ਕਿ ਉਹ ਆਪਣੀ ਧੀ ਦੀ ਮੌਤ ਕਾਰਨ ਆਪਣੇ ਅੰਦਰ ਪੈਦਾ ਹੋਏ ਅਪਰਾਧ ਬੋਧ ਤੋਂ ਛੁਟਕਾਰਾ ਪਾਉਣ ਲਈ ਅਚੇਤ ਰੂਪ ਆਪ ਹੀ ਬੱਚਿਆਂ ਨੂੰ ਆਤਮ ਹੱਤਿਆ ਲਈ ਉਕਸਾ ਰਿਹਾ ਹੈ ਤਾਂ ਕਿ ਸਾਰਾ ਦੋਸ਼ ਮੋਬਾਈਲ ਦੀ ਗਲਤ ਵਰਤੋਂ 'ਤੇ ਸੁੱਟਿਆ ਜਾ ਸਕੇ।

ਨਾਵਲ ਦੀ ਅਗਲੀ ਸਾਰੀ ਕਹਾਣੀ ਇਸ ਜਗਿਆਸਾ ਦੇ ਆਲੇ-ਦੁਆਲੇ ਕੇਂਦਰਿਤ ਰਹਿੰਦੀ ਹੈ ਕਿ ਬੱਚਿਆਂ ਵੱਲ ਆਤਮ ਘਾਤ ਕਰਨ ਦੀਆਂ ਘਟਨਾਵਾਂ ਇਤਫਾਕੀਆਂ ਹਨ ਜਾਂ ਇਨ੍ਹਾਂ ਵਿਚ ਕੋਈ ਮਾਨਵਤਾ ਵਿਰੋਧੀ ਸਾਜ਼ਿਸ਼ ਕੰਮ ਕਰ ਰਹੀ ਹੈ। ਜੇ ਇਹ ਸਾਜ਼ਿਸ਼ ਹੈ ਤਾਂ ਇਸ ਪਿੱਛੇ ਕਿਸ ਦਾ ਦਿਮਾਗ ਕੰਮ ਰਿਹਾ ਹੈ ਤੇ ਅਜਿਹਾ ਕਰਨ ਪਿੱਛੇ ਕੀ ਮੰਤਵ ਛੁਪਿਆ ਹੈ? ਅਤਿਅੰਤ ਪੇਚੀਦਾ ਇਨ੍ਹਾਂ ਸਵਾਲਾਂ ਦਾ ਜਵਾਬ ਤਲਾਸ਼ ਕਰਨ ਲਈ ਪਾਠਕੀ ਉਤਸੁਕਤਾ ਆਪਣੀ ਚਰਮ ਸੀਮਾ 'ਤੇ ਪਹੁੰਚ ਜਾਂਦੀ ਹੈ ਤਾਂ ਨਾਵਲਕਾਰ ਪਰਤ ਦਰ ਪਰਤ ਇਸ ਰਹੱਸ ਤੋਂ ਪਰਦਾ ਚੁੱਕਣ ਵਾਲੀ ਜਾਸੂਸੀ ਨਾਵਲਾਂ ਵਰਗੀ ਜੁਗਤ ਵਰਤਦਾ ਹੈ। ਨਾਵਲ ਪਾਠ ਦੌਰਾਨ ਇਹ ਸ਼ੰਕਾ ਵੀ ਪਾਠਕਾਂ ਅੰਦਰ ਪੈਦਾ ਹੁੰਦੀ ਹੈ ਕਿ ਇਸ ਰਹੱਸ ਤੋਂ ਪਰਦਾ ਚੁੱਕਣ ਲਈ ਕਾਰਜਸ਼ੀਲ ਵਿਖਾਈ ਦਿੰਦੇ ਦੀਪਕ, ਪੱਤਰਕਾਰ ਨਵਜੋਤ, ਗਣਿਤ ਦੇ ਅਧਿਆਪਕ ਪ੍ਰੋ. ਹਰਕੀਰਤ ਤੇ ਮਨੋ ਰੋਗਾਂ ਦੇ ਮਾਹਿਰ ਡਾਕਟਰ ਪਵਨ ਵਿਚੋਂ ਹੀ ਤਾਂ ਕੋਈ ਬੱਚਿਆਂ ਨੂੰ ਆਤਮ ਹੱਤਿਆ ਲਈ ਉਕਸਾਉਣ ਦਾ ਕੰਮ ਸਿੱਧੇ ਜਾਂ ਅਸਿੱਧੇ ਢੰਗ ਨਾਲ ਨਹੀਂ ਕਰ ਰਿਹਾ? ਭਾਵੇਂ ਨਾਵਲਕਾਰ ਇਸ ਸੀਰੀਅਲ ਕਤਲੇਆਮ ਨੂੰ ਨਿੱਜੀ ਬਦਲਾਖੋਰੀ, ਲਾਲਚ ਤੇ ਈਰਖਾ ਦੇ ਪ੍ਰਸੰਗ ਨਾਲ ਜੋੜ ਕੇ ਪਾਠਕਾ ਦੇ ਮਨਾਂ ਵਿਚਲੇ ਹਰ ਸੁਆਲ ਦਾ ਜੁਆਬ ਤਰਕ ਸੰਗਤ ਤੇ ਵਿਗਿਆਨਕ ਭਾਸ਼ਾ ਵਿਚ ਦਿੰਦਾ ਹੈ ਪਰ ਮੇਰੇ ਵਲੋਂ ਇਹ ਵਾਜਿਬ ਨਹੀਂ ਹੈ ਕਿ ਮੈਂ ਪਾਠਕ ਵਲੋਂ ਨਾਵਲ ਦੇ ਅੰਤਲੇ ਪੰਨੇ ਦਾ ਪਾਠ ਕਰ ਲੈ ਜਾਣ ਤਕ ਇਸ ਰਹੱਸ ਨੂੰ ਖੋਲ੍ਹਾਂ। ਮੈਂ ਖੁਦ ਇਸ ਰਹੱਸ ਤਕ ਲੇਖਕ ਦੀ ਮਦਦ ਨਾਲ ਪੁੱਜਾ ਹਾਂ, ਜੇ ਮੈਂ ਇਸ ਵੱਲ ਇਸ਼ਾਰਾ ਮਾਤਰ ਵੀ ਕਰਦਾ ਹਾਂ ਤਾਂ ਨਾਵਲ ਪਾਠ ਸਬੰਧੀ ਪਾਠਕੀ ਜਗਿਆਸਾ ਖਤਮ ਹੋਣ ਦਾ ਅੰਦੇਸ਼ਾ ਹੈ। ਵਧੇਰੇ ਪਾਠਕਾਂ ਲਈ ਗਣਿਤ ਰੁੱਖਾ ਜਿਹਾ ਵਿਸ਼ਾ ਹੋ ਸਕਦਾ ਹੈ ਪਰ ਇਸ ਦੇ ਬਾਵਜੂਦ ਇਸ ਵਿਸ਼ੇ ਨੂੰ ਅਧਾਰ ਬਣਾ ਕੇ ਲਿਖੇ ਇਸ ਨਾਵਲ ਵਿਚ ਕਹਾਣੀ ਰਸ ਕਮਾਲ ਦਾ ਹੈ। 'ਅੱਗੇ ਕੀ ਹੋਵੇਗਾ' ਜਾਨਣ ਦੀ ਉਤਸੁਕਤਾ ਪਾਠਕ ਨੂੰ ਲਗਾਤਾਰ ਇਸਦੇ ਪਾਠ ਨਾਲ ਜੋੜੀ ਰੱਖਦੀ ਹੈ। ਭਾਵੇਂ ਗਣਿਤ ਤੇ ਕੰਪਿਊਟਰ ਵਿਸ਼ੇ ਵਿਚ ਮਾਹਿਰ ਪਾਠਕ ਇਸ ਨਾਵਲ ਨੂੰ ਹੋਰ ਵੀ ਵੱਧ ਦਿਲਚਸਪੀ ਨਾਲ ਪੜ੍ਹ ਸਕਦੇ ਹਨ ਪਰ ਸਧਾਰਨ ਪਾਠਕ ਨੂੰ ਵੀ ਇਸਦੇ ਭਾਵ ਬੋਧ ਤਕ ਪਹੁੰਚਣ ਵਿਚ ਸੰਚਾਰ ਦੀ ਸਮੱਸਿਆ ਪੇਸ਼ ਨਹੀਂ ਆਉਂਦੀ। ਮੈਂ ਨਾਵਲ ਖੇਤਰ ਵਿਚ ਅਮਨਪ੍ਰੀਤ ਸਿੰਘ ਮਾਨ ਵਲੋਂ ਕੀਤੇ ਇਸ ਤਜਰਬੇ ਦਾ ਸਵਾਗਤ ਕਰਦਾ ਹਾਂ। ਮੋਬਾਈਲ ਵਰਗੇ ਬਹੁ ਸਮਰੱਥੀ ਸੰਚਾਰ ਸਾਧਨਾਂ ਦੀ ਵਰਤੋਂ ਤੇ ਕੁ-ਵਰਤੋਂ ਬਾਰੇ ਰਚਾਇਆ ਤਰਕ ਭਰਪੂਰ ਸੰਵਾਦ ਨੌਜਵਾਨ ਪੀੜ੍ਹੀ ਦਾ ਬਹੁਤ ਕੁਝ ਸੰਵਾਰਨ ਵਾਲਾ ਹੈ।

# ਪੁਸਤਕ ਪੜਚੋਲ: 'ਮਸੀਹੀਅਤ ਅਤੇ ਥਿਆਲੋਜੀ'

ਲੇਖਕ: ਡਾ. ਹਰਦੇਵ ਸਿੰਘ
ਪ੍ਰਕਾਸ਼ਕ: ਸਿੱਖ ਐਜੂਕੇਸ਼ਨਲ ਕਾਊਂਸਲ, ਯੂ.ਕੇ.
ਡਿਸਟ੍ਰੀਬਿਊਟਰ: ਸਿੰਘ ਬ੍ਰਦਰਜ਼, ਅੰਮ੍ਰਿਤਸਰ
ਕੀਮਤ: 400 ਰੁਪਏ ਸਾਲ: 2022


ਗੁਰਦਰਸ਼ਨ ਲੜੀ ਤਹਿਤ ਸਿੱਖ ਵਿਦਵਾਨ ਡਾ. ਹਰਦੇਵ ਸਿੰਘ ਦੀ ਪਹਿਲੀ ਕਿਤਾਬ 'ਮਸੀਹੀਅਤ ਅਤੇ ਥਿਆਲੋਜੀ' ਪੜ੍ਹਨ ਦਾ ਮੌਕਾ ਮਿਲਿਆ। ਵਿਸ਼ੇ ਪੱਖੋਂ ਇਹ ਕਿਤਾਬ ਆਪਣੇ

**ਕੰਵਰਜੀਤ ਸਿੰਘ ਸਿੱਧੂ**
**ਫੋਨ: 98159-52769**

ਆਪ ਵਿਚ ਨਿਵੇਕਲੀ ਪਹਿਲ ਹੈ। ਖੋਜੀ ਲੇਖਕ ਵਲੋਂ ਮਸੀਹੀ ਥਿਆਲੋਜੀ ਦੇ ਵਿਭਿੰਨ ਪੱਖਾਂ ਦੀ ਸੰਖੇਪ ਪਰ ਭਾਵਪੂਰਤ ਵਿਆਖਿਆ ਕੀਤੀ ਗਈ ਹੈ। ਕਿਤਾਬ ਪੜ੍ਹਦਿਆਂ ਜਿੱਥੇ ਅਸੀਂ ਥਿਆਲੋਜੀ ਦੇ ਬਹੁਦਿਸ਼ਾਈ ਪਸਾਰਾਂ ਦੇ ਦਰ ਖੁੱਲ੍ਹਦੇ ਦੇਖਦੇ ਹਾਂ, ਉਥੇ ਲੇਖਕ ਦੀ ਖੋਜੀ ਵਿਦਵਤਾ ਤੋਂ ਮੁਤਾਸਿਰ ਹੋਏ ਬਗ਼ੈਰ ਨਹੀਂ ਰਹਿ ਸਕਦੇ।

ਸਾਲ 2021 ਵਿਚ ਛਪੀ ਇਸ ਕਿਤਾਬ ਦਾ ਪ੍ਰਕਾਸ਼ਨ ਸਿੱਖ ਐਜੂਕੇਸ਼ਨ ਕੌਂਸਲ, ਯੂ.ਕੇ ਵਲੋਂ ਕੀਤਾ ਗਿਆ ਹੈ। 265 ਸਫ਼ੇ ਦੀ ਕਿਤਾਬ ਦੇ ਕੁੱਲ ਛੇ ਅਧਿਆਇ ਹਨ ਅਤੇ ਏਨੇ ਕੁ ਸਫ਼ਿਆਂ ਵਿਚ ਹੀ ਲਗਭਗ 20 ਸ਼ਤਾਬਦੀਆਂ ਵਿਚ ਫੈਲੇ ਹੋਏ ਮਸੀਹੀ ਥਿਆਲੋਜੀ ਦੇ ਉਦਗਮ, ਬਣਤਰ, ਵਿਕਾਸ ਅਤੇ ਵਿਗਾਸ ਨੂੰ ਚਿਤਰਨ ਵਿਚ ਲੇਖਕ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ। ਕਿਤਾਬ ਵਿਚ ਲੇਖਕ ਵਲੋਂ ਮਸੀਹੀ ਥਿਆਲੋਜੀ ਦੇ ਲਾਤੀਨੀ, ਯੂਨਾਨੀ ਸੰਕਲਪਾਂ ਨੂੰ ਪਰਿਭਾਸ਼ਤ ਕਰਦੇ ਹੋਏ ਇਨ੍ਹਾਂ ਸੰਕਲਪਾਂ ਦੇ ਪਿਛੋਕੜ ਦੀ ਪੈੜ ਪਛਾਨਣ ਦਾ ਵੀ ਉਚੇਚਾ ਯਤਨ ਕੀਤਾ ਗਿਆ ਹੈ।

ਪਹਿਲੇ ਅਧਿਆਇ ਵਿਚ ਮਸੀਹੀਅਤ ਦੀ ਜਾਣ-ਪਛਾਣ ਕਰਵਾਈ ਗਈ ਹੈ ਜਿਸ ਰਾਹੀਂ ਸਾਨੂੰ ਸਾਮੀ ਧਰਮਾਂ ਦੇ ਯਹੂਦੀ ਪਿਛੋਕੜ ਅਤੇ ਇਸ ਵਿਚੋਂ ਉਭਰੇ ਵਿਸ਼ੇਸ਼ ਕਰਕੇ ਮਸੀਹੀਅਤ ਅਤੇ ਆਮ ਕਰਕੇ ਇਸਲਾਮ ਬਾਰੇ ਬਹੁਤ ਲੋੜੀਂਦੀਆਂ ਜਾਣਕਾਰੀਆਂ ਹਾਸਲ ਹੁੰਦੀਆਂ ਹਨ। ਦੂਜੇ ਅਧਿਆਇ ਵਿਚ ਮਸੀਹੀ ਥਿਆਲੋਜੀ ਨੂੰ ਪਰਿਭਾਸ਼ਤ ਕਰਦੇ ਹੋਏ ਮਿਥਿਹਾਸ, ਤੁਲਨਾਤਮਕ ਧਰਮ ਅਧਿਐਨ, ਰਿਲੀਜਨ ਆਦਿ ਨਾਲ ਇਸਦੀ ਸਮਾਨਤਾ ਅਤੇ ਅੱਡਰਤਾ ਨੂੰ ਪਛਾਣਿਆ ਗਿਆ ਹੈ। ਤੀਜੇ ਅਧਿਆਇ ਵਿਚ ਥਿਆਲਜੀ ਦੇ ਹੋਰ ਵਿਗਿਆਨਕ ਵਿਧੀਆਂ ਸੰਬੰਧਾਂ ਦੀ ਪੜਚੋਲ ਕੀਤੀ ਗਈ ਹੈ। ਚੌਥਾ ਅਧਿਆਇ ਮਸੀਹੀ ਥਿਆਲੋਜੀ ਦੀ ਭਾਸ਼ਾ ਅਤੇ ਵਰਗ ਵੰਡ ਨੂੰ ਸੰਬੋਧਤ ਹੁੰਦਾ ਹੈ। ਪੰਜਵੇਂ ਅਧਿਆਇ ਵਿਚ ਮਸੀਹੀ ਥਿਆਲੋਜੀ ਦੀ ਸਿਰਜਨਾ ਕਰਨ ਵਾਲੇ ਤੱਤਾਂ, ਮੁੱਖ ਸੰਕਲਪਾਂ ਅਤੇ ਸੰਸਕਾਰਾਂ ਨੂੰ ਪੇਸ਼ ਕੀਤਾ ਗਿਆ ਹੈ। ਆਖਰੀ ਅਧਿਆਇ ਵਿਚ ਮਸੀਹੀ ਥਿਆਲੋਜੀ ਦੇ ਨਿਕਾਸ ਅਤੇ ਵਿਕਾਸ ਨੂੰ ਪੂਰਨ ਵਿਸਥਾਰ ਨਾਲ ਦੱਸਿਆ ਗਿਆ ਹੈ।




ਕਿਤਾਬ ਪੜ੍ਹਦਿਆਂ ਜਿੱਥੇ ਅਸੀਂ ਥਿਆਲੋਜੀ ਦੇ ਵੱਖ-ਵੱਖ ਸੰਕਲਪਾਂ, ਪ੍ਰਤੀਕਾਂ ਅਤੇ ਸੰਸਕਾਰਾਂ ਦੇ ਜਾਣੂ ਹੁੰਦੇ ਹਾਂ, ਉਥੇ ਹੀ ਮਸੀਹੀਅਤ ਦੇ ਮੁੱਢ ਤੋਂ ਲੈ ਕੇ ਅੱਜ ਤਕ ਦੀ ਘਾਲਣਾ, ਸ਼ਹਾਦਤਾਂ ਅਤੇ ਕੋਸ਼ਿਸ਼ਾਂ ਬਾਰੇ ਵੀ ਜਾਣੂੰ ਹੁੰਦੇ ਹਾਂ। ਇਸ ਤੋਂ ਇਲਾਵਾ ਵਿਦਵਾਨ ਲੇਖਕ ਵਲੋਂ ਮਸੀਹੀਅਤ ਅਤੇ ਥਿਆਲੋਜੀ ਦੀ ਚਰਚਾ ਕਰਦਿਆਂ ਅਜੋਕੇ ਦੌਰ ਨਾਲ ਸਬੰਧਤ ਕਰ ਕੇ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਆਪਣੇ ਵਿਸ਼ੇ ਸਬੰਧੀ ਪੂਰੀ ਤਰ੍ਹਾਂ ਸੁਚੇਤ ਰਹਿੰਦੇ ਹੋਏ ਲੇਖਕ ਵਲੋਂ ਹੋਰ ਧਰਮਾਂ ਸਬੰਧੀ ਵੀ ਲੋੜੀਂਦੀਆਂ ਟਿੱਪਣੀਆਂ ਰਾਹੀਂ ਆਪਣੇ ਸੰਕਲਪਾਂ ਨੂੰ ਵਿਸਥਾਰ ਦਿੱਤਾ ਗਿਆ ਹੈ।

ਅਖੀਰ ਵਿਚ ਇਹ ਦੱਸਣਾ ਲਾਜ਼ਮੀ ਹੈ ਕਿ ਇਸ ਵਿਸ਼ੇ ਦੀ ਕਿਤਾਬ ਦੀ ਪੰਜਾਬੀ ਜ਼ਬਾਨ ਵਿਚ ਬਹੁਤ ਲੋੜ ਸੀ ਅਤੇ ਵਿਦਵਾਨ ਲੇਖਕ ਇਸ ਪਹਿਲ-ਕਦਮੀ ਲਈ ਵਧਾਈ ਦਾ ਪਾਤਰ ਹੈ। ਇਸ ਕਿਤਾਬ ਨੂੰ ਜੀ ਆਇਆਂ ਕਹਿਣਾ ਬਣਦਾ ਹੈ ਅਤੇ ਗੁਰਦਰਸ਼ਨ ਲੜੀ ਤਹਿਤ ਵਿਉਂਤੀਆਂ ਗਈਆਂ ਅਗਲੀਆਂ ਦੋ ਕਿਤਾਬਾਂ ਵੀ ਪਾਠਕਾਂ ਤਕ ਜਲਦੀ ਪਹੁੰਚਾਏ ਜਾਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ।

## ਸਮਾਜ

ਸਮਾਜ ਤਰੱਕੀ ਕਰ ਰਿਹੈ, ਹਰ ਕੋਈ ਅੱਗੇ ਵਧ ਰਿਹੈ
ਪਰ ਇਹ ਕਿਹੋ ਜਿਹਾ ਸਮਾਜ ਹੈ ਜਿੱਥੇ
ਆਪਣੇ ਤੇ ਹੈ ਪਰ ਆਪਣਾਪਨ ਨਹੀਂ।
ਨੀਂਦ ਤੇ ਹੈ ਪਰ ਖਵਾਬ ਨਹੀਂ
ਪਾਣੀ ਤੇ ਹੈ ਪਰ ਪਿਆਸ ਨਹੀਂ।
ਹਰ ਕੋਈ ਦੁਨੀਆ ਦੀ ਦੌੜ 'ਚ ਸ਼ਾਮਲ ਹੈ
ਪਰ ਕਿਸੇ ਨੂੰ ਕਿਸੇ ਦੀ ਤਲਾਸ਼ ਨਹੀਂ।
ਕੋਈ ਜੀਅ ਰਿਹਾ ਹੈ, ਕੋਈ ਮਰ ਰਿਹਾ ਹੈ
ਪਰ ਸਮਾਜ ਤਰੱਕੀ ਕਰ ਰਿਹਾ ਹੈ।

ਲੋਭ ਲਾਲਚ ਨੇ ਆਪਣਾ ਐਸਾ ਰੰਗ ਜਮਾ ਲਿਆ
ਸਭ ਨੂੰ ਆਪਣੇ ਚੱਕਰੀਂ ਪਾ ਲਿਆ
ਆਪਣਾ ਹੀ ਆਪਣਿਆਂ ਦੀ ਕਾਟ ਅੱਜ ਕਰ ਰਿਹੈ।
ਸਮਾਜ ਤਰੱਕੀ ਕਰ ਰਿਹੈ ਹਰ ਕੋਈ ਅੱਗੇ ਵਧ ਰਿਹੈ।

ਓਕ ਕਰੀਕ ਤੇ ਪੈਰਿਸ ਵਰਗੇ ਹਮਲਿਆਂ ਤੋਂ
ਮਿਲਿਆ ਹੈ ਸਬੂਤ
ਇਨਸਾਨ ਦੀ ਹੈਵਾਨੀਅਤ ਦਾ।
ਇਨ੍ਹਾਂ ਨੂੰ ਜ਼ਰਾ ਵੀ ਤਰਸ ਨਹੀਂ ਆਇਆ।
ਔਰਤਾਂ ਬਜ਼ੁਰਗਾਂ ਤੇ ਬੱਚਿਆਂ ਦੀ ਮਾਸੂਮੀਅਤ ਦਾ
ਦਿਲ ਰੋ ਰੋ ਕੇ ਦੁਹਾਈ ਦਿੰਦਾ ਹੈ
ਪਰ ਫਿਰ ਵੀ ਕਿਸੇ ਦਾ ਦਰਦ ਕਿਸੇ ਨੂੰ ਨਹੀਂ ਹੁੰਦਾ ਹੈ।
ਇਨਸਾਨੀਅਤ ਦਾ ਸਬਰ ਦਿਨ-ਬ-ਦਿਨ ਘਟ ਰਿਹੈ।
ਪਰ ਫਿਰ ਵੀ ਕਹਿੰਦੇ ਨੇ ਕਿ ਸਮਾਜ ਤਰੱਕੀ ਕਰ ਰਿਹੈ।
ਹਰ ਕੋਈ ਅੱਗੇ ਵਧ ਰਿਹੈ।

5 ਅਗਸਤ 2012, ਐਤਵਾਰ ਭੁਲਿਆਂ ਨਹੀਂ ਭੁੱਲਦਾ
ਜਿੰਨਾ ਮੈਨੂੰ ਯਾਦ ਆਵੇ ਚਿੱਤ ਜਾਵੇ ਡੁਲ੍ਹਦਾ
ਮਾਂ ਦੀ ਗੋਦੀ ਵਿਛੜ ਗਈ ਅੱਜ
ਪਿਤਾ ਦਾ ਪਿਆਰ ਨਹੀਂ ਭੁੱਲਦਾ
ਵਕਤ ਨੇ ਦਿੱਤੇ ਜ਼ਖਮ ਤੇ ਵਕਤ ਹੀ ਉਨ੍ਹਾਂ ਨੂੰ ਭਰ ਰਿਹੈ
ਸਮਾਜ ਤਰੱਕੀ ਕਰ ਰਿਹੈ ਹਰ ਕੋਈ ਅੱਗੇ ਵਧ ਰਿਹੈ।
ਆਓ ਅੱਜ ਰਲ ਕੇ ਇਕ ਨਵਾਂ ਸਮਾਜ ਬਣਾਈਏ
ਤੇਰਾ ਦੁੱਖ ਮੇਰਾ ਬਣ ਜਾਵੇ ਰਲ ਕੇ ਖੁਸ਼ੀ ਮਨਾਈਏ।
ਇਸ ਤਰ੍ਹਾਂ ਦੇ ਸਮਾਜ ਦੀ ਕਲਪਨਾ ਦਿਲ ਕਰ ਰਿਹੈ
ਤੇ ਸਹੀ ਮਾਅਨੇ ਵਿਚ ਅਸੀਂ ਕਹਿ ਸਕਦੇ ਹਾਂ
ਸਮਾਜ ਤਰੱਕੀ ਕਰ ਰਿਹੈ ਹਰ ਕੋਈ ਅੱਗੇ ਵਧ ਰਿਹੈ।

*-ਰਜਿੰਦਰ ਕੌਰ*

ਵਿਅੰਗ

# ਨੀ ਇਕ ਤੇਰਾ ਰੰਗ ਮੁਸ਼ਕੀ...!

**ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।**



**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

ਮੇਰਾ ਪੁੱਤ ਕਬੀਰ ਇਕ ਡੀ.ਵੀ.ਡੀ. ਦੇਖ ਰਿਹਾ ਸੀ। ਕੋਈ ਗੀਤ ਚੱਲ ਰਿਹਾ ਸੀ, ਜਿਸ ਵਿਚ ਕੁੜੀ ਦੀ "ਸਿਫ਼ਤ" ਕੀਤੀ ਗਈ ਸੀ। "ਕਾਲੇ ਡੋਰੀਏ" ਦਾ ਵੀ ਵਰਣਨ ਸੀ। ਗੀਤ ਤਾਂ ਖ਼ੈਰ ਪੰਜਾਬੀ ਹੀ ਸੀ, ਪਰ ਕਿਤੇ-ਕਿਤੇ ਵਿਚ ਇੱਕ ਭਾਈਬੰਦ ਆ ਕੇ "ਖੜ੍ਹਬੜ੍ਹ-ਖੜਬੜ੍ਹ" ਜਿਹੀ ਕਰਨ ਲੱਗ ਪੈਂਦਾ ਅਤੇ ਨਾਲ ਹੀ ਗਾਂ ਦੇ ਭਰਿੰਡ ਲੜਿਆਂ ਵਾਂਗ ਛੜਾਂ ਜਿਹੀਆਂ ਵੀ ਚਲਾਉਂਦਾ ਤੇ ਖੁਰਾਂ 'ਚੋਂ ਗੋਹਾ ਜਿਹਾ ਵੀ ਝਾੜਦਾ! ਮੇਰੇ ਕਹਿਣ ਦਾ ਮਤਲਬ, "ਰੀ-ਮਿਕਸ" ਗੀਤ ਸੀਗਾ ਬਾਈ ਜੀ...! ਗੀਤ ਵਿਚ ਕਿਤੇ-ਕਿਤੇ ਕੁੜੀ ਨੂੰ ਧਮਕੀਆਂ ਜਿਹੀਆਂ ਵੀ ਦਿੱਤੀਆਂ ਹੋਈਆਂ ਸਨ, ਜਿਵੇਂ ਜਾਰਜ ਡਬਲਿਊ ਬੁਸ਼ ਬੁਲਿਟ ਪਰੂਫ਼ ਸਟੇਜ ਪਿੱਛੇ ਖੜ੍ਹ ਕੇ ਓਸਾਮਾ ਬਿਨ ਲਾਦੇਨ ਨੂੰ ਦਿੰਦਾ ਹੁੰਦਾ ਸੀ! ਕਿਤੇ-ਕਿਤੇ ਸਮਝੌਤੀਆਂ ਜਿਹੀਆਂ ਵੀ ਉਚਾਰੀਆਂ ਹੋਈਆਂ ਸਨ, ਜਿਵੇਂ ਕੋਂਡੋਲੀਜ਼ਾ ਰਾਈਸ ਆਪਣੇ ਬਦਾਮੀ ਬੁੱਲ੍ਹਾਂ 'ਚੋਂ ਚਿੱਟੀਆਂ ਜਿਹੀਆਂ ਦੰਦੀਆਂ ਕੱਢ ਕੇ ਦੱਖਣੀ ਕੋਰੀਆ ਨੂੰ ਦਿੰਦੀ ਹੁੰਦੀ ਸੀ। ਕਦੇ-ਕਦੇ ਡਰਾਇਆ ਜਿਹਾ ਵੀ ਸੀ, ਜਿਵੇਂ ਮੇਰਾ ਬਾਪੂ ਮੈਨੂੰ ਨਿੱਕੇ ਹੁੰਦੇ ਨੂੰ ਆਖਦਾ ਹੁੰਦਾ ਸੀ, "ਹਟ ਜਾਹ ਓਏ! ਕੁਤਰੇ ਆਲੀ ਮਸ਼ੀਨ ਨਾਲ ਪੰਗੇ ਨਾ ਲੈ, ਤੇਰਾ ਮਸ਼ੀਨ 'ਚ ਹੱਥ ਆਜੂ...!"

ਪੂਰਾ ਤਾਂ ਮੈਨੂੰ ਯਾਦ ਨਹੀਂ, ਪਰ ਗੀਤ ਦੇ ਬੋਲ ਕੁਝ ਐਸੇ ਸਨ, ਮੂੰਹ ਢਕ ਲੈ ਨੀਂ, ਸੂਰਜ ਨੂੰ ਲਿਸ਼ਕੋਰ ਵੱਜ ਜਾਊ, ਪਾਣੀ ਨੂੰ ਅੱਗ ਪੈਜੂ, ਆਹ ਹੋਜੂ, ਵੋਹ ਹੋਜੂ ਬਗੈਰਾ-ਬਗੈਰਾ...! ਜਿਵੇਂ ਬੁੜ੍ਹੀਆਂ ਜੁਆਕਾਂ ਨੂੰ ਆਖਦੀਆਂ ਹੁੰਦੀਐਂ, "ਸੌਂ ਜਾ ਟੁੱਟ ਪੈਣਿਆਂ, ਨਹੀਂ ਤਾਂ ਬਿੱਲਾ ਆਜੂ...!" ਮੈਂ ਵੀ ਅਖ਼ਬਾਰ ਪੜ੍ਹਦਾ-ਪੜ੍ਹਦਾ ਉਸ ਗੀਤ ਨੂੰ ਸੁਣਨ ਅਤੇ ਦੇਖਣ ਲੱਗ ਪਿਆ। ਮੇਰਾ ਢਿੱਡ ਹੱਸੀ ਜਾ ਰਿਹਾ ਸੀ। ਗੀਤ ਦੀ ਇੱਕ ਵੀ ਪੰਕਤੀ ਮੂਵੀ ਵਾਲੀ ਕੁੜੀ ਨਾਲ, ਇਕ ਰੱਤੀ ਵੀ ਮੇਚ ਨਹੀਂ ਸੀ ਖਾਂਦੀ। ਮੈਂ ਸੋਚ ਰਿਹਾ ਸੀ ਕਿ ਕਿੰਨੇ ਬੇਵਕੂਫ਼ ਹਾਂ ਅਸੀਂ, ਜਿਹੜੇ ਐਹੋ ਜਿਹੀਆਂ ਮੂਵੀਆਂ ਦੇਖੀ ਜਾ ਰਹੇ ਹਾਂ...? ਕਿੱਡੇ ਚਤਰ ਹਨ ਸਾਨੂੰ ਐਹੋ ਜਿਹੀਆਂ ਮੂਵੀਆਂ ਪੇਸ਼ ਕਰਨ ਵਾਲੇ! ਧੰਨ ਐਂ...! ਧੰਨ ਹਨ ਉਹ ਲੋਕ, ਜਿਹੜੇ ਸਾਨੂੰ ਜਾਗਦਿਆਂ ਨੂੰ ਹੀ ਪੈਂਦੀਂ ਪਾਈ ਜਾ ਰਹੇ ਹਨ ਅਤੇ ਅਸੀਂ 'ਸਤਿ' ਕਰ ਕੇ ਸਭ ਕੁਝ ਕਬੂਲ ਕਰੀ ਜਾ ਰਹੇ ਹਾਂ। ਗੁਣ ਹੋਣਾ ਚਾਹੀਦੈ, ਬੱਸ ਦੁਨੀਆਂ ਤਾਂ ਲੁੱਟਣ ਵੱਲੀਓਂ ਹੀ ਪਈ ਐ ਮਿੱਤਰੋ...! ਜਿਸ ਨੂੰ ਦੁਨੀਆਂ ਲੁੱਟਣੀ ਆ ਗਈ, ਉਸ ਨੂੰ ਕੋਈ ਕੰਮ ਕਰਨ ਦੀ ਕੀ ਜ਼ਰੂਰਤ ਐ? ਤੇਰਾ ਵਿਕਦਾ ਜੈ ਕੁਰੇ ਪਾਣੀ - ਲੋਕਾਂ ਦਾ ਦੁੱਧ ਵਿਕਦਾ...! ਜਿਨ੍ਹਾਂ ਦਾ ਪਾਣੀ ਵਿਕਦੈ, ਉਨ੍ਹਾਂ ਨੂੰ ਮੱਝਾਂ ਤੋਂ ਪੈਰ ਮਿੱਧਵਾਉਣ ਦੀ ਕੀ ਜ਼ਰੂਰਤ ਐ?

ਇੱਕ ਐਥੋਂ ਦੇ ਬੱਚੇ ਵੀ ਐਹੋ ਜਿਹੇ ਹੀ ਹਨ, "ਗੰਜ ਕੁੱਟ-ਗੰਜ ਕੁੱਟ" ਸੁਣਨ ਦੇ ਆਦੀ! ਮੈਂ ਅਤੇ ਮੇਰਾ ਇਕ ਮਿੱਤਰ ਹੀਥਰੋ ਏਅਰਪੋਰਟ ਲੰਡਨ ਤੋਂ ਉਸ ਦੀ ਸੱਸ ਨੂੰ ਲੈਣ ਲਈ ਜਾ ਰਹੇ ਸੀ। ਉਸ ਮਿੱਤਰ ਨੇ ਅੰਮ੍ਰਿਤ ਵੇਲੇ ਦਾ ਖ਼ਿਆਲ ਕਰਦਿਆਂ ਇੱਕ ਕੀਰਤਨ ਦੀ ਧਾਰਮਿਕ ਕੈਸਿਟ ਲਾ ਲਈ। ਕਾਰ ਵਿਚ ਉਸ ਦਾ ਦਸ ਕੁ ਸਾਲ ਦਾ ਪੁੱਤਰ ਪਿਛਲੀ ਸੀਟ 'ਤੇ ਘਾਂਉਂ-ਮਾਂਉਂ ਜਿਹਾ ਹੋਇਆ, ਅੱਧ ਸੁੱਤਾ ਜਿਹਾ ਪਿਆ ਸੀ। ਜਦ ਕੈਸਿਟ ਵਾਲੇ ਬਾਬੇ ਨੇ ਅਜੇ ਸ਼ਬਦ ਦੀ ਸ਼ੁਰੂਆਤ ਕੀਤੀ ਹੀ ਸੀ ਤਾਂ ਉਸ ਦਾ ਪੁੱਤਰ ਚੀਕ ਉਠਿਆ, "ਵੱਟ ਦਾ ਹੈੱਲ ਇੱਜ਼ ਗੋਇੰਗ ਔਨ, ਮੈਨ...?" ਤਾਂ ਬਾਪ ਨੇ ਕਿਹਾ, "ਇਹ ਗੁਰਬਾਣੀ ਐਂ ਪੁੱਤ...!" ਉਹ ਮੂੰਹ ਫੁੱਟ ਲੜਕਾ ਆਖਣ ਲੱਗਿਆ, "ਸਟੌਪ ਇੱਟ! ਆਈ ਡੋਂਟ ਲਾਈਕ ਗੁਰਬਾਨੀ...!" ਮੇਰੇ ਮਿੱਤਰ ਨੇ ਘੋਰ ਮਾਯੂਸ ਹੁੰਦਿਆਂ ਕੈਸਿਟ ਬੰਦ ਕਰ ਦਿੱਤੀ। ਮੇਰੇ ਕੋਲ ਵੀ ਕੁਝ ਕਹਿਣ ਨੂੰ ਨਹੀਂ ਬਚਿਆ ਸੀ। ਮੈਂ ਸੋਚ ਰਿਹਾ ਸੀ ਕਿ ਕਸੂਰ ਸਰਾਸਰ ਸਾਡਾ ਆਪਦਾ ਸੀ। ਜਦੋਂ ਮਨ ਪ੍ਰਦੇਸੀ ਹੋ ਜਾਵੇ, ਸਾਰਾ ਦੇਸ਼ ਪਰਾਇਆ ਹੋ ਜਾਂਦਾ ਹੈ। ਸਾਨੂੰ ਸਾਡੇ ਪੁਰਖ਼ਿਆਂ ਦੀ ਦਿੱਤੀ ਸੁਮੱਤ ਸਦਕਾ ਗੁਰਦੁਆਰੇ ਜਾਣ ਦਾ ਚਾਅ ਜਿਹਾ ਚੜ੍ਹਿਆ ਰਹਿੰਦਾ ਸੀ। ਅੱਜ ਕੱਲ੍ਹ ਦੇ ਬੱਚੇ ਤਾਂ ਗੁਰਦੁਆਰੇ ਦੇ ਨਾਂ ਨੂੰ ਹੀ "ਬੋਰਿੰਗ-ਬੋਰਿੰਗ" ਕਰਨ ਲੱਗ ਪੈਂਦੇ ਨੇ।

ਇੱਕ ਗੱਲ ਹੋਰ ਯਾਦ ਆ ਗਈ। ਪੱਚੀ ਕੁ ਸਾਲ ਪਹਿਲਾਂ ਜਦ ਮੈਂ ਆਸਟਰੀਆ ਤੋਂ ਪਹਿਲੀ ਵਾਰ ਇੰਗਲੈਂਡ ਆਪਣੇ ਸਾਢੂ ਅਤੇ ਸਾਲੀ ਨੂੰ ਮਿਲਣ ਆਇਆ ਤਾਂ ਉਦੋਂ ਉਸ ਦੇ ਦੋਨੋਂ ਮੁੰਡੇ ਛੋਟੇ-ਛੋਟੇ ਸਨ। ਉਹ ਆਪਸ ਵਿਚ ਅਤੇ ਮਾਂ ਬਾਪ ਨਾਲ ਅੰਗਰੇਜ਼ੀ ਹੀ ਬੋਲਦੇ। ਮੈਂ ਉਨ੍ਹਾਂ ਬੱਚਿਆਂ ਨੂੰ ਸਮਝਾਇਆ ਕਿ ਤੁਸੀਂ ਮੇਰੇ ਨਾਲ ਪੰਜਾਬੀ ਬੋਲਿਆ ਕਰੋ, ਅੰਗਰੇਜ਼ੀ ਮੈਨੂੰ 'ਪੈਰ-ਮਿੱਧ' ਜਿਹੀ ਹੀ ਆਉਂਦੀ ਐ। ਖ਼ੈਰ, ਮੈਂ ਦੋ ਕੁ ਹਫ਼ਤੇ ਇੰਗਲੈਂਡ ਰਿਹਾ। ਬੱਚੇ ਮੇਰੇ ਨਾਲ ਵਾਹਵਾ ਪੰਜਾਬੀ ਬੋਲਣ ਲੱਗ ਪਏ। ਦੋ ਕੁ ਹਫ਼ਤਿਆਂ ਬਾਅਦ ਜਦ ਮੈਂ ਵਾਪਸ ਜਾਣ ਲੱਗਿਆ ਤਾਂ ਬਾਈ ਬਲਦੇਵ ਦਾ ਵੱਡਾ ਮੁੰਡਾ ਵਿਕਰਮ ਮੈਨੂੰ ਪੰਜਾਬੀ ਵਿਚ ਪੁੱਛਣ ਲੱਗਿਆ, "ਅੰਕਲ ਹੁਣ ਤੂੰ ਚੱਲੀ...?" ਮੈਂ ਉਸ ਨੂੰ ਆਖਿਆ, "ਪੁੱਤ 'ਕੱਲੀ ਮੇਰੀ ਅੰਗਰੇਜ਼ੀ ਹੀ 'ਪੈਰ ਮਿੱਧ' ਨਹੀਂ, ਤੇਰੀ ਪੰਜਾਬੀ ਵੀ 'ਖੁਰਵੱਢ' ਈ ਐ!" ਉਹ "ਵਾਅਟ੍ਹ ਪੈਰ-ਮਿੱਧ ਐਂਡ ਖੁਰ-ਵੱਢ?" ਆਖ ਕੇ ਹੱਸ ਪਿਆ। ਮੈਨੂੰ ਦੋਨਾਂ ਸ਼ਬਦਾਂ ਦੀ ਅੰਗਰੇਜ਼ੀ ਨਹੀਂ ਆਉਂਦੀ ਸੀ ਅਤੇ ਉਸ ਨੂੰ ਸਮਝ ਨਹੀਂ ਆਉਂਦੀ ਸੀ। ਖ਼ੈਰ, ਉਸ ਨੂੰ ਮੈਂ ਪੰਜਾਬੀ ਦੀ ਐਸੀ ਲਗਨ ਲਾਈ ਕਿ ਇੰਗਲੈਂਡ ਦਾ ਜੰਮਪਲ, ਅੱਜ ਕੱਲ੍ਹ ਇੰਗਲੈਂਡ ਵਿਚ ਹੀ ਉਹ ਚੰਗਾ ਅਫ਼ਸਰ ਹੋਣ ਦੇ ਨਾਲ-ਨਾਲ ਪੰਜਾਬੀ ਵੀ ਪੂਰੀ ਮਲਵੱਈਆਂ ਵਾਲੀ ਬੋਲਦੈ।

...ਗੱਲ ਗੀਤਾਂ ਦੀ ਚੱਲ ਰਹੀ ਸੀ ਅਤੇ ਗੀਤ ਦੀ ਗੱਲ 'ਕਾਲੇ ਡੋਰੀਏ' ਤੋਂ ਤੁਰੀ ਸੀ। ਪਰ ਵਿਚਾਰੀ ਬਦ-ਕਿਸਮਤ ਕੁੜੀ ਦੇ ਵਾਲਾਂ ਦੀ ਸਿਰਫ਼ ਇਕ ਲੂੰਡਕੀ ਜਿਹੀ ਹੀ ਰੱਖੀ ਹੋਈ ਸੀ, ਜਿਵੇਂ ਘੋੜੀ ਦੀ ਪੂਛ ਹੁੰਦੀ ਐ, ਪੁੱਛਣ ਵਾਲਾ ਹੋਵੇ ਬਈ ਕਾਲਾ ਡੋਰੀਆ ਉਹਦੇ 'ਚ ਸੁਆਹ ਪਊ? ਸਾਡੇ ਲਿਖਣ ਵਾਲੇ ਗੀਤਕਾਰਾਂ ਦਾ ਦੁਖਾਂਤ ਇਹ ਹੈ ਕਿ ਉਹ ਜਿਹੜੀ ਕੁੜੀ ਨੂੰ ਕਲਪਨਾ ਵਿਚ ਸਿਰਜਦੇ ਹਨ, ਗਾਇਕਾਂ ਦੇ ਤਾਂ ਸ਼ਾਇਦ ਕੋਈ ਵੱਸ ਹੋਵੇ, ਚਾਹੇ ਨਾ ਹੋਵੇ। ਪਰ ਮੂਵੀ ਤਿਆਰ ਕਰਨ ਵਾਲੇ ਗੀਤਕਾਰ ਦੀ ਕਲਪਨਾ 'ਤੇ ਆਰੀ-ਰੰਦਾ ਮਾਰਨੋਂ ਜ਼ਰਾ ਵੀ ਨਹੀਂ ਜਰਕਦੇ। ਗੀਤਕਾਰ ਵਿਚਾਰਾ ਕਲਪਨਾ ਬਲਾਉਰੀ ਅੱਖਾਂ ਦੀ ਕਰ ਕੇ ਕੋਈ ਗੀਤ ਘੜ੍ਹਦੈ। ਪਰ ਜਦੋਂ ਮੂਵੀ ਬਣਾਈ ਜਾਂਦੀ ਹੈ ਤਾਂ ਕੁੜੀ ਦੀਆਂ ਅੱਖਾਂ ਚਾਹੇ ਚੁੰਨ੍ਹੀਆਂ ਹੀ ਹੋਣ। ਪਰ ਕੱਜਲ ਨਾਲ ਅੱਖਾਂ ਭੇਡ ਦੀਆਂ ਅੱਖਾਂ ਵਾਂਗ ਲਬੇੜੀਆਂ ਹੁੰਦੀਐਂ। ਗਾਉਣ ਵਾਲਾ 'ਕਸੂਰੀ ਜੁੱਤੀ' ਦਾ ਵਿਖਿਆਨ ਕਰ ਰਿਹਾ ਹੁੰਦਾ ਹੈ, ਪਰ ਬੀਬੀ ਸਟੇਜ 'ਤੇ ਦੋ ਕੁ ਰੱਸੀਆਂ ਜਿਹੀਆਂ ਦੇ 'ਹੀਲ' ਵਾਲੇ ਸੈਂਡਲ ਪਾ ਕੇ ਸਟੇਜ 'ਤੇ ਅੱਕਲਕਾਨ ਹੋਈ ਹੁੰਦੀ ਐ।

ਇੱਕ ਗਾਇਕ ਗਾ ਰਿਹਾ ਸੀ, "ਚਿੱਟੀ ਕੁੜਤੀ ਤੇਰੀ 'ਤੇ ਬਟਨ ਕਾਲੇ...!" ਪਰ ਨਾਲ ਨੱਚਣ ਵਾਲੀ ਬੀਬੀ ਦੇ ਨਾ ਤਾਂ ਕੋਈ ਕੁੜਤੀ ਪਾਈ ਹੋਈ ਸੀ, ਸਗੋਂ ਕੱਪੜੇ ਇੰਜ ਪਾਏ ਹੋਏ ਸਨ ਜਿਵੇਂ ਕਿਸੇ ਸਮੁੰਦਰ ਦੇ ਕੰਢੇ ਨਹਾਉਣ ਚੱਲੀ ਹੋਵੇ। ਜੇ ਕੋਈ ਗਾਇਕ ਸਲਵਾਰ ਦੀ ਗੱਲ ਕਰਦੈ, ਤਾਂ ਮੂਵੀ ਵਾਲੇ ਮੇਰੇ ਵੀਰ 'ਸਕੱਰਟ' ਪਾਈ ਦਿਖਾਉਂਦੇ ਐ। ਉਹ ਵੀ ਉਹ ਸਕੱਰਟ, ਜਿਸ ਦੇ ਨਾਲ ਜੁਆਕ ਦਾ ਮੂੰਹ ਵੀ ਨਾ ਪੂੰਝਿਆ ਜਾ ਸਕੇ। ਬੀਬੀ ਦਾ ਨੱਕ ਚਾਹੇ ਫ਼ੀਨ੍ਹਾਂ ਹੀ ਹੋਵੇ, ਪਰ ਸਾਡੇ ਅਗਾਂਹਵਧੂ ਗਾਇਕ, "ਤਿੱਖਾ ਨੱਕ ਤਲਵਾਰ ਵਰਗਾ" ਦੀ ਹੇਕ ਲਾਉਣ ਲੱਗੇ ਜਮਾਂ ਨ੍ਹੀ ਸੋਚਦੇ। ਵੇਲ਼ਾ ਯਾਦ ਆਉਂਦਾ ਹੈ, ਜਦ ਲੋਕ ਗਾਉਂਦੇ ਸਨ, "ਜੱਟੀ ਨ੍ਹਾਅ ਕੇ ਛੱਪੜ 'ਚੋਂ ਨਿਕਲੀ ਸੁਲਫ਼ੇ ਦੀ ਲਾਟ ਵਰਗੀ...!" ਗਾਉਣ ਦੇ ਅੰਦਾਜ਼ ਨਾਲ਼ ਹੀ 'ਸੁਲਫ਼ੇ ਦੀ ਲਾਟ ਵਰਗੀ' ਜ਼ਿਹਨ ਵਿਚ ਆ ਉਤਰਦੀ ਸੀ। ਮੂਵੀ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ ਸੀ। ਤੇ ਜੇ ਅੱਜ ਦੇ ਮੂਵੀਕਾਰ ਪਹਿਲਵਾਨ ਹੁੰਦੇ ਤਾਂ ਅਗਲੇ ਦੇ ਜ਼ਿਹਨ ਵਿਚ ਵਸੀ 'ਸੁਲਫ਼ੇ ਦੀ ਲਾਟ ਵਰਗੀ' ਦੀ ਵੀ ਜੱਖਣਾਂ ਪੱਟ ਧਰਦੇ!

ਪਹਿਲਾਂ ਪਹਿਲ, ਜਦੋਂ ਮੂਵੀਆਂ ਅਜੇ ਹੋਂਦ ਵਿਚ ਆਈਆਂ ਹੀ ਨਹੀਂ ਸਨ, ਪਿੰਡ ਦਿਆਂ ਬਨੇਰਿਆਂ 'ਤੇ ਦੋ ਮੰਜੇ ਜੋੜ ਕੇ ਸਪੀਕਰ ਵੱਜਦੇ ਸੁਣੀਂਦੇ ਸੀ ਅਤੇ ਜਦ ਮਰਹੂਮ ਨਰਿੰਦਰ ਬੀਬਾ ਉਚੀ ਹੇਕ ਵਿਚ ਗਾਉਂਦੀ ਸੀ, "ਮੈਂ ਜੱਟੀ ਪੰਜਾਬ ਦੀ - ਮੇਰੀਆਂ ਸਿਫ਼ਤਾਂ ਕਰੇ ਜਹਾਨ...!" ਤਾਂ ਸੁਣ ਕੇ ਸਾਡੇ ਪਿੰਡ ਵਾਲੇ ਸੱਘੇ ਅਮਲੀ ਵਰਗੇ ਵੀ 'ਵਾਹ-ਵਾਹ' ਕਰ ਉਠਦੇ ਸਨ। ਅੱਜ-ਕੱਲ੍ਹ ਸਿਫ਼ਤ ਪੰਜਾਬਣ ਜੱਟੀ ਦੀ ਹੋ ਰਹੀ ਹੁੰਦੀ ਐ ਤੇ ਡਰੱਗ ਦੀ ਮਾਰੀ ਬੀਬੀ ਕੈਮਰੇ ਮੂਹਰੇ ਢਾਂਗੇ ਵਾਂਗੂੰ ਹਿੱਲਦੀ ਨਜ਼ਰ ਆਉਂਦੀ ਹੈ। ਗੱਲ ਗੀਤ ਵਿਚ ਕੁੜਤੀ-ਸਲਵਾਰ ਦੀ ਕੀਤੀ ਹੁੰਦੀ ਹੈ ਅਤੇ ਵਿਚੇ ਹੀ ਜੱਟੀ-ਜੱਟੀ ਦਾ ਹੂੰਗਾ ਵੀ ਵਜਾਇਆ ਹੁੰਦੈ, ਪਰ 'ਜੱਟੀ' ਦੇ ਨਾ ਕੁੜਤੀ, ਨਾ ਸਲਵਾਰ! ਧੁੰਨੀ ਨੰਗੀ ਹੁੰਦੀ ਹੈ ਅਤੇ ਚੱਪੇ ਕੁ ਦੀ ਮਿੰਨ੍ਹੀ ਸਕੱਰਟ ਐਨ੍ਹ 'ਬਾਡਰ' ਤੱਕ ਹੇਠਾਂ ਨੂੰ ਸਰਕਾਈ ਹੁੰਦੀ ਐ।

ਇੱਕ ਭਾਈਬੰਦ ਨੇ ਕੋਕੇ ਬਾਰੇ ਗਾਇਆ ਤਾਂ ਮੈਨੂੰ ਹੋਰ ਕਿਸੇ 'ਤੇ ਨਹੀਂ, ਗਾਉਣ ਵਾਲੇ 'ਤੇ ਹੀ ਤਰਸ ਆਈ ਜਾਵੇ। ਨੱਚਣ ਵਾਲੀ ਕੁੜੀ ਦੇ ਕੋਕਾ ਤਾਂ ਕੀ ਹੋਣਾ ਸੀ? ਨਾ ਹੀ ਕਿਸੇ ਮੂਵੀਕਾਰ ਨੇ ਕੁੜੀ ਦੇ ਨੱਕ ਤੱਕ ਕੈਮਰਾ ਹੀ ਕੀਤਾ ਸਗੋਂ ਉਸ ਦੀਆਂ ਸੁੱਕੀ ਟਿੰਡੋ ਵਰਗੀਆਂ ਛਾਤੀਆਂ 'ਤੇ ਹੀ ਕੈਮਰੇ ਦੀ ਸ਼ਿਸ਼ਤ ਬੰਨ੍ਹੀ ਰੱਖੀ। ਮੈਂ ਦਾਅਵੇ ਨਾਲ ਆਖਦੈਂ, ਕਿ ਜਿਹੜੀ ਕੁੜੀ ਨਾਚ ਕਰਦੀ ਹੁੰਦੀ ਹੈ, ਉਸ ਨੂੰ ਕਸੂਰੀ ਜੁੱਤੀ ਬਾਰੇ ਪਤਾ ਹੀ ਨਹੀਂ ਹੋਣਾ ਕਿ ਕੀ ਬਲਾਅ ਹੁੰਦੀ ਐ? ਉਸ ਨੂੰ ਪੁੱਛਿਆ ਜਾਵੇ ਕਿ ਦੱਸੋ ਕਸੂਰ ਪਾਕਿਸਤਾਨ ਵਿਚ ਹੈ ਜਾਂ ਅਫ਼ਗਾਨਿਸਤਾਨ ਵਿਚ? ਸ਼ਾਇਦ ਉੱਤਰ, "ਆਈ ਡੋਂਟ ਨੋਅ...!" ਜਾਂ "ਆਈ ਡੋਂਟ ਕੇਅਰ....!" ਵਿਚ ਹੀ ਆਵੇਗਾ। ਕਈ ਵਾਰ ਤਾਂ ਸਾਡੇ ਮੂਵੀਕਾਰ ਭਾਈਬੰਦਾਂ ਨੇ ਹੱਦ ਹੀ ਕੀਤੀ ਹੁੰਦੀ ਐ। ਪੰਜਾਬਣ 'ਜੱਟੀ' ਦੀ ਥਾਂ ਵਲਾਇਤੀ ਮੇਮ ਹੀ ਲਿਆ ਵਾੜਦੇ ਐ। ਉਸ ਮੇਮ ਨੂੰ ਵਿਚਾਰੀ ਨੂੰ ਜੱਟੀ ਦੇ ਗੁਣਾਂ ਦਾ ਕੀ ਪਤਾ? ਉਹ ਤਾਂ ਦਰਦ ਹੋਣ ਵਾਲੇ ਕੱਟਰੂ ਵਾਂਗੂੰ ਸਟੇਜ 'ਤੇ ਖੜ੍ਹੀ ਉਸਲਵੱਟੇ ਜਿਹੇ ਲਈ ਜਾਂਦੀ ਐ!

ਬਾਕੀ ਗੱਲ ਰਹੀ ਪੰਜਾਬੀ ਜੱਟ ਦੀ! ਜਦੋਂ ਜੱਟ ਦੀ ਗੱਲ ਚੱਲਦੀ ਹੈ ਤਾਂ ਮੈਨੂੰ ਸਾਡੇ ਪਿੰਡਾਂ ਦੇ ਜੱਟਾਂ ਦਾ ਮੂੰਹ-ਮੁਹਾਂਦਰਾ ਜ਼ਿਹਨ ਵਿਚ ਦਿਸਣ ਲੱਗ ਪੈਂਦੈ। ਪਰ ਜਦੋਂ ਟੈਲੀਵਿਜ਼ਨ ਦੇ ਸਕਰੀਨ 'ਤੇ ਨਜ਼ਰ ਮਾਰੀਦੀ ਹੈ ਤਾਂ ਮੱਲੋਮੱਲੀ ਆਪਣੇ ਆਪ ਨੂੰ ਫ਼ਿਟਕਾਰ ਜਿਹੀ ਪਾਉਣ ਨੂੰ ਦਿਲ ਕਰਦੈ, ਬਈ ਯਾਰ ਪੰਜਾਬ ਦੇ ਜੱਟ ਐਹੋ ਜੇ ਹੁੰਦੇ ਐ...? ਦਾਹੜੀ ਦੀ 'ਤੂਈ' ਜਿਹੀ ਬਣਾ ਕੇ ਕੰਨਾਂ ਵਿਚ ਕੋਕਰੂ...! ਸਾਡੇ ਪਿੰਡਾਂ ਦੇ ਜੱਟਾਂ ਦੇ ਧੂੰਅਵੇਂ ਚਾਦਰੇ, ਰੰਗਲੇ ਖੂੰਡੇ, ਡੰਡਿਆਂ ਵਾਂਗ ਆਕੜੇ ਮਾਵੇ ਵਾਲੇ ਤੁਰਲ੍ਹੇ, ਖੜਕਵੇਂ ਆਰਕੰਡੀ ਦੇ ਚੀਰੇ, ਸੁੱਚੇ ਤਿੱਲੇ ਦੇ ਖੁੱਸੇ...ਗੋਡਿਆਂ ਤੱਕ ਕੱਢਵੇਂ ਕਲੀਆਂ ਵਾਲੇ ਕੁੜਤੇ...! ਪਰ ਅੱਜ ਦੇ ਟੈਲੀਵਿਜ਼ਨੀ-ਜੱਟ? ਲੈਦਰ ਦੀ ਵਰਦੀ ਵਿਚ ਕਸੇ ਇਉਂ ਲੱਗਦੇ ਐ ਜਿਵੇਂ ਕਿਸੇ ਅੰਬੈਸੀ ਅੱਗਿਓਂ ਗੰਨਮੈਨੀ ਤਿਆਗ ਕੇ ਆਏ ਹੋਣ! ਪੰਜਾਬ ਦੇ ਜੱਟਾਂ ਦੀਆਂ ਕੁੰਢੀਆਂ ਮੁੱਛਾਂ, ਚਿਹਰਿਆਂ 'ਤੇ ਜਲਾਲ, ਦਗ਼ਦੇ ਚਿਹਰੇ, ਰੋਅਬਦਾਰ ਤੱਕਣੀਂ...! ਪਰ ਅੱਜ ਦੇ ਟੀ. ਵੀ. ਮਾਰਕਾ ਜੱਟ...? ਦਾਹੜੀ ਦੀ ਮੁਰੱਬੇਬੰਦੀ ਕਰ, ਜੈੱਲ ਲਾ ਕੇ ਵਾਲ ਕੰਡੇਰਨਿਆਂ ਵਾਂਗੂੰ ਖੜ੍ਹੇ, ਗਲ 'ਚ ਇੱਕ ਡਰਾਉਣਾ ਚਿੰਨ੍ਹ ਜਿਹਾ ਲਮਕਾ ਲੈਂਦੇ ਐ, ਜਿਵੇਂ ਗਾਉਣ ਨਹੀਂ, ਡਰਾਉਣ ਆਏ ਹੁੰਦੇ ਐ। ਗਾਉਂਦੇ ਉਂਗਲਾਂ ਇਉਂ ਮਾਰਦੇ ਐ, ਜਿਵੇਂ ਪੈਲ਼ੀ ਦੀ ਵੱਤ ਦੇਖਣੀ ਹੋਵੇ, ਕਈਆਂ ਦੀ ਤਾਂ ਦਾਹੜੀ ਵੀ ਇਉਂ ਬਣਾਈ ਹੁੰਦੀ ਐ, ਜਿਵੇਂ ਘੋੜ੍ਹੇ ਦੇ ਤੇਜ਼-ਤਿੱਖਾ ਖ਼ਰਖ਼ਰਾ ਫਿਰ ਗਿਆ ਹੁੰਦੈ। ਪਰ ਮੁਆਫ਼ ਕਰਨਾ ਬਾਈ, ਇਹ ਤਾਂ 'ਬਲੈਤੀ-ਜੱਟ' ਐ...! ਇਹ ਉਹ ਭੱਤੇ ਢੋਣ ਵਾਲੀਆਂ ਪੰਜਾਬੀ ਜੱਟੀਆਂ ਨਹੀਂ, ਸਿਗਰਟਾਂ ਤੇ ਡਰੱਗ ਦੀਆਂ ਖੋਖਲੀਆਂ ਕੀਤੀਆਂ ਹੋਈਆਂ ਦੇਸੀ ਮੇਮਾਂ ਨੇ...! ਇਨ੍ਹਾਂ ਨੂੰ ਤਾਂ ਇੰਜ ਆਖਣ ਨੂੰ ਜੀਅ ਕਰਦੈ, "ਨ੍ਹੀ ਇਕ ਤੇਰਾ ਰੰਗ ਮੁਸ਼ਕੀ - ਦੂਜਾ ਮੁਸ਼ਕ ਕੱਛਾਂ 'ਚੋਂ ਮਾਰੇ...!" ਮੇਰੇ ਬਾਈ ਬਣ ਕੇ ਵੱਧ ਘੱਟ ਬੋਲਣ ਲਈ ਮੈਨੂੰ ਮੁਆਫ਼ ਹੀ ਕਰਨਾ!!

# ਕੁੱਟਮਾਰ ਕਰਨ ਵਾਲਿਆਂ ਤੋਂ ਦੂਰ ਰਹਿਣ ਔਰਤਾਂ



**ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

ਦੋ ਦਿਨ ਤੋਂ ਪੰਜਾਬੀ ਲੜਕੀ ਦੀ ਖ਼ੁਦਕੁਸ਼ੀ ਦੀ ਵੀਡੀਓ ਵਾਰ-ਵਾਰ ਟੀ ਵੀ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਵਿਖਾਈ ਜਾ ਰਹੀ ਹੈ। ਹੁਣ ਘਰਦੇ ਰੋ ਰਹੇ ਹਨ। ਪੰਜਾਬੀ ਲੋਕ ਗੁਰਦੁਆਰੇ, ਆਂਢ-ਗੁਆਂਢ ਜਾਂ ਰਿਸ਼ਤੇਦਾਰ ਇਕੱਠੇ ਹੋ ਕੇ ਇਨਸਾਫ਼ ਦੀ ਮੰਗ ਕਰ ਰਹੇ ਹਨ। ਜਾਣ ਵਾਲੀ ਤਾਂ ਚਲੇ ਗਈ ਹੈ ਉਹ ਤਾਂ ਮਰ ਕੇ ਸੁਰਖ਼ਰੂ ਹੋ ਗਈ ਹੈ ਪਰ, ਉਸ ਦੇ ਵਰਗੀਆਂ ਪਤਾ ਨਹੀਂ ਕਿੰਨੀਆਂ ਹਰ ਰੋਜ਼ ਆਪਣੇ ਪਤੀਆਂ ਤੋਂ ਕੁੱਟ ਖਾ ਰਹੀਆਂ ਹਨ। ਆਪਣੇ ਪਤੀ ਤੇ ਸੁਹਰਿਆਂ ਦੀ ਨਫ਼ਰਤ ਦਾ ਸ਼ਿਕਾਰ ਹੋ ਕੇ ਜ਼ਿੰਦਗੀ ਤੇ ਮੌਤ ਦੇ ਵਿਚਾਲੇ ਲਟਕ ਰਹੀਆਂ ਹਨ। ਜਦੋਂ ਲੜਕੀ ਮਾਂ-ਬਾਪ ਜਾਂ ਭੈਣਾਂ ਭਰਾਵਾਂ ਨੂੰ ਦੱਸਦੀ ਹੈ ਕਿ ਉਸਦਾ ਪਤੀ ਉਸ 'ਤੇ ਅੱਤਿਆਚਾਰ ਕਰਦਾ ਹੈ ਤਾਂ ਉਹ ਲੜਕੀ ਦੀ ਸਹਾਇਤਾ ਕਰਨ ਦੀ ਬਜਾਏ ਆਪਣੀ ਇੱਜ਼ਤ ਦਾ ਰੌਲਾ ਪਾਉਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਹੀ ਬਹੁਤ ਸਮਾਂ ਪਹਿਲਾਂ ਔਰਤ ਜੀਊਂਦੀ ਨੂੰ ਸਤੀ ਕੀਤਾ ਜਾਂਦਾ ਸੀ। ਸਤੀ ਕਰਨ ਦੀ ਬਕਾਇਦਾ ਰਸਮ ਹੁੰਦੀ ਸੀ। ਸਤੀ ਇਸ ਲਈ ਕੀਤਾ ਜਾਂਦਾ ਸੀ ਕਿ ਪਤੀ ਦੇ ਮਰੇ ਤੋਂ ਬਾਅਦ ਉਸ ਔਰਤ ਨੂੰ ਰੋਟੀ ਕੌਣ ਦੇਵੇਗਾ? ਇਸੇ ਕਰਕੇ ਜੀਊਂਦੀ ਨੂੰ ਪਤੀ ਦੇ ਨਾਲ ਅੱਗ ਵਿਚ ਸਾੜ ਦਿੱਤਾ ਜਾਂਦਾ ਸੀ। ਕੋਈ ਵੀ ਉਸ ਔਰਤ ਦੀ ਰੋਟੀ ਦਾ ਬੋਝ ਨਹੀਂ ਚੁੱਕਣਾ ਚਾਹੁੰਦਾ ਸੀ। ਅੱਜ ਵੀ ਬਹੁਤੇ ਘਰਾਂ ਵਿਚ ਲੜਕੀ ਨੂੰ ਇਹੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਸੁਹਰਿਆਂ ਨਾਲ ਲੜ ਕੇ ਸਾਡੇ ਘਰ ਨਾ ਆਈਂ। ਪੇਕਿਆਂ ਦੇ ਘਰੋਂ ਤੇਰੀ ਡੋਲੀ ਗਈ ਹੈ ਸੁਹਰਿਆਂ ਦੇ ਘਰੋਂ ਤੇਰੀ ਅਰਥੀ ਜਾਵੇ।

ਅੱਜ ਸਮਾਂ ਹੋਰ ਹੈ, ਲੜਕੀਆਂ ਪੜ੍ਹ-ਲਿਖ ਗਈਆਂ ਹਨ। ਲੜਕੀਆਂ ਵਿਚ ਹੁਣ ਕਾਫ਼ੀ ਜਾਗ੍ਰਿਤੀ ਆ ਚੁੱਕੀ ਹੈ ਪਰ ਇਸ ਦੇ ਬਾਵਜੂਦ ਵੀ ਇਸ ਲੜਕੀ ਨੇ ਖ਼ੁਦਕੁਸ਼ੀ ਕਿਉਂ ਕੀਤੀ? ਕਿਉਂ ਮੌਤ ਹੀ ਉਸਦੀ ਸਮੱਸਿਆ ਦਾ ਹੱਲ ਦਿਸੀ ਜਦਕਿ ਐਨੀਆਂ ਜਥੇਬੰਦੀਆਂ ਲੋਕਾਂ ਦੀ ਮਦਦ ਕਰ ਰਹੀਆਂ ਹਨ। ਸਾਡੇ ਪੰਜਾਬੀਆਂ ਨੇ ਇੰਗਲੈਂਡ ਤੇ ਕਈ ਹੋਰ ਦੇਸ਼ਾਂ ਵਿਚ ਆਪਣੇ ਕਮਿਊਨਿਟੀ ਸੈਂਟਰ ਬਣਾ ਲਏ ਹਨ। ਜਿਥੇ ਬਹੁਤ ਸੇਵਾਵਾਂ ਦੇ ਪ੍ਰੋਗਰਾਮ ਚੱਲਦੇ ਹਨ। ਅਮਰੀਕਾ ਵਿਚ ਸਰਕਾਰ ਵਲੋਂ ਕਾਫ਼ੀ ਸੇਵਾਵਾਂ ਹਨ ਪਰ ਆਪਣੇ ਕਮਿਊਨਿਟੀ ਸੈਂਟਰ ਨਹੀਂ ਹਨ। ਇਨ੍ਹਾਂ ਦੀ ਸਾਨੂੰ ਸਖ਼ਤ ਲੋੜ ਹੈ। ਹਰ ਘਰ ਵਿਚ ਕੋਈ ਨਾ ਕੋਈ ਜੀਅ ਕਿਸੇ ਨਾ ਕਿਸੇ ਗੱਲੋਂ ਪਰੇਸ਼ਾਨ ਹੈ ਪਰ ਉਹ ਆਪਣਾ ਦੁੱਖ ਦੱਸੇ ਕਿਹਨੂੰ?

ਆਪਣੇ ਲੋਕ ਅਮਰੀਕਾ ਵਿਚ ਪਰਾਈਵੇਸੀ ਦੇ ਕਾਨੂੰਨ ਕਰਕੇ ਕਈ ਵਾਰ ਚਾਹੁੰਦੇ ਹੋਏ ਵੀ ਕਿਸੇ ਦੀ ਮਦਦ ਨਹੀਂ ਕਰ ਸਕਦੇ। ਜਿਹੜੀ ਵੀ ਧੀ ਭੈਣ ਦੁਖੀ ਹੈ ਉਸ ਨੂੰ ਜ਼ਰੂਰ ਆਪਣੇ ਡਾਕਟਰ ਨੂੰ ਸਾਰੀ ਗੱਲ ਦੱਸਣੀ ਚਾਹੀਦੀ ਹੈ। ਪੁਲੀਸ ਦੀ ਮਦਦ ਜ਼ਰੂਰ ਲੈਣੀ ਚਾਹੀਦੀ ਹੈ।

ਇਥੇ ਹੋਰ ਵੀ ਦੱਸਣਾ ਚਾਹਾਂਗੀ ਕਿ ਸਾਡੇ ਸਮਾਜ ਵਿਚ ਜੇ ਲੜਕੀ ਕਿਸੇ ਨੂੰ ਆਪਣਾ ਦੁੱਖ ਦੱਸਣ ਦੀ ਕੋਸ਼ਿਸ਼ ਕਰਦੀ ਹੈ ਤਾਂ ਲੋਕ ਉਹਦਾ ਮਜ਼ਾਕ ਉਡਾਉਂਦੇ ਹਨ। ਉਹਨੂੰ ਲੋਕਾਂ 'ਚ ਭੰਡਦੇ ਹਨ। ਜਨਾਨੀਆਂ ਹੀ ਇਕ ਦੂਜੀ ਦੇ ਮੂੰਹ ਨਾਲ ਮੂੰਹ ਜੋੜ ਗੱਲਾਂ ਕਰਦੀਆਂ ਹਨ ਕਿ ਇਹਦਾ ਕੋਈ ਕਸੂਰ ਹੋਣਾ ਜਿਹੜਾ ਇਹਦਾ ਆਦਮੀ ਕੁੱਟਦਾ। ਇਨ੍ਹਾਂ ਕਾਰਨਾਂ ਕਰਕੇ ਕਈ ਕੁੜੀਆਂ ਖ਼ੁਦਕੁਸ਼ੀ ਦਾ ਰਾਹ ਅਖਤਿਆਰ ਕਰ ਲੈਂਦੀਆ ਹਨ।

ਜਿਹੜੀ ਵੀ ਕੁੜੀ ਨੂੰ ਅਜਿਹੀ ਪਰੇਸ਼ਾਨੀ ਹੈ, ਉਸਨੂੰ ਚਾਹੀਦਾ ਹੈ ਕਿ ਜਿੰਨੀ ਜਲਦੀ ਹੋ ਸਕੇ ਉਹ ਇਸ ਦਲਦਲ 'ਚੋਂ ਬਾਹਰ ਨਿਕਲੇ। ਉਸਨੂੰ ਕਿਸੇ ਜਥੇਬੰਦੀ ਅਤੇ ਪੁਲੀਸ ਦੀ ਮਦਦ ਲੈਣੀ ਚਾਹੀਦੀ ਹੈ।

ਲੜਕੀ ਨੂੰ ਜਿੰਨੀ ਜਲਦੀ ਹੋ ਸਕੇ ਜਿੱਥੇ ਮਾਰ ਕੁਟਾਈ ਹੁੰਦੀ ਹੈ ਉਹ ਘਰ ਛੱਡ ਦੇਣਾ ਚਾਹੀਦਾ ਹੈ। ਕਿਸੇ ਨਵੇਂ ਸ਼ਹਿਰ ਵਿਚ ਆਪਣੀ ਰਿਹਾਇਸ਼ ਬਦਲ ਲੈਣੀ ਚਾਹੀਦੀ ਹੈ। ਭਾਵੇਂ ਉਸੇ ਸ਼ਹਿਰ ਵਿਚ ਕਿਸੇ ਹੋਰ ਜਗ੍ਹਾ ਲੈ ਲੈਣੀ ਚਾਹੀਦੀ ਹੈ। ਕੁਝ ਨਵੇਂ ਦੋਸਤ ਬਣਾ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਕਰਨ ਨਾਲ ਜ਼ਿੰਦਗੀ ਫਿਰ ਨਵੇਂ ਸਿਰੇ ਤੋਂ ਚੱਲ ਪਏਗੀ। ਜਿਹੜਾ ਬੰਦਾ ਕੁੱਟਮਾਰ ਕਰਦਾ ਉਸ ਤੋਂ ਦੂਰ ਰਹੋ।

ਲੋਕਾਂ ਨੂੰ ਤੁਸੀਂ ਖੁਸ਼ ਨਹੀਂ ਕਰ ਸਕਦੇ, ਤੁਸੀਂ ਭਾਵੇਂ ਲੋਕਾਂ ਨੂੰ ਹੀਰੇ ਮੋਤੀ ਦੇ ਦਿਓ। ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸਮੇਂ ਦੀ ਲੋੜ ਅਨੁਸਾਰ ਲੋਕ ਤੁਹਾਨੂੰ ਵਰਤਣਗੇ ਤੁਹਾਨੂੰ ਬੁਲਾਉਣਗੇ ਵੀ ਤੇ ਸਮੇਂ ਬਾਅਦ ਉਹੀ ਲੋਕ ਤੁਹਾਡੇ ਤੋਂ ਕੰਨੀ ਕਤਰਾਉਣਗੇ ਵੀ ਕਿ ਕਿਤੇ ਸਤਿ ਸ੍ਰੀ ਅਕਾਲ ਨਾ ਬੁਲਾਉਣੀ ਪੈ ਜਾਏ ਤੇ ਚੁੱਪ ਕਰ ਕੇ ਬੀਬੇ ਰਾਣੇ ਬਣ ਕੇ ਪਾਸਾ ਵੱਟ ਕੇ ਕੋਲੋਂ ਦੀ ਲੰਘ ਜਾਣਗੇ ਜਿਵੇਂ ਕਦੇ ਉਹ ਤੁਹਾਨੂੰ ਜਾਣਦੇ ਨਹੀਂ ਸਨ।

ਇਕ ਉਰਦੂ ਦਾ ਸ਼ੇਅਰ ਹੈ:

ਦੁਨੀਆ ਮੇਂ ਆਕਰ ਰਹੇ ਹਮ ਅਕੇਲੇ
ਹਮੇਂ ਰਾਸ ਆਏ ਨਾ ਦੁਨੀਆਂ ਕੇ ਮੇਲੇ।

ਸਾਰਿਆਂ ਨੂੰ ਦੁਨੀਆ ਦੇ ਮੇਲੇ ਰਾਸ ਨਹੀਂ ਆਉਂਦੇ।

ਜਿਹੜੇ ਵੀ ਲੋਕ ਜ਼ਿੰਦਗੀ ਤੋਂ ਉਦਾਸ ਹਨ ਉਨ੍ਹਾਂ ਨੂੰ ਮੇਰਾ ਸੁਨੇਹਾ ਹੈ ਕਿ ਜ਼ਿੰਦਗੀ ਬਹੁਤ ਹੁਸੀਨ ਤੇ ਰੰਗੀਨ ਹੈ ਇਸ ਨੂੰ ਰੱਜ ਕੇ ਮਾਣੋ। ਅੰਤ ਵਿਚ ਕਹਾਂਗੀ ਕੋਈ ਵੀ ਇਨਸਾਨ ਜਿਹੜਾ ਮੁਸ਼ਕਲ ਦੇ ਕਾਲੇ ਹਨੇਰੇ ਵਿਚ ਆਤਿਮ ਹੱਤਿਆ ਕਰਨਾ ਚਾਹੁੰਦਾ ਹੈ। ਉਸ ਵਕਤ ਉਸ ਨੂੰ ਕੋਈ ਹੋਰ ਰਾਹ ਨਹੀਂ ਦਿਸਦਾ ਪਰ, ਉਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜ਼ਿੰਦਗੀ ਵਿਚ ਜੀਉਣ ਲਈ ਹਮੇਸ਼ਾਂ ਹੋਰ ਵੀ ਬਹੁਤ ਰਸਤੇ ਹੁੰਦੇ ਹਨ। ਉਹ ਰਸਤੇ ਤੁਹਾਡੀਆਂ ਸੁਨਹਿਰੀ ਪੈੜਾਂ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ।

# ‘ਲਾਲ ਸਿੰਘ ਚੱਢਾ’ ਨਾਲ ਦੁਸ਼ਮਣੀ ਦੇ ਅਰਥ

**ਕੁਦਰਤ ਕੌਰ**

ਉਘੇ ਅਦਾਕਾਰ ਆਮਿਰ ਖਾਨ ਦੀ ਨਵੀਂ ਫਿਲਮ ‘ਲਾਲ ਸਿੰਘ ਚੱਢਾ’ ਦੇ ਬਾਈਕਾਟ ਦਾ ਐਲਾਨ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਕੀਤਾ ਗਿਆ ਸੀ। ਕੱਟੜ ਹਿੰਦੂਵਾਦੀਆਂ ਨੇ ਇਸ ਫਿਲਮ ਖਿਲਾਫ ਪ੍ਰਚਾਰ ਇਹ ਕਹਿ ਕੇ ਸ਼ੁਰੂ ਕੀਤਾ ਸੀ ਕਿ ਆਮਿਰ ਖਾਨ ਕਹਿੰਦਾ ਹੈ ਕਿ ਭਾਰਤ ਅਸਹਿਣਸ਼ੀਲ ਹੈ, ਇਹ ਭਾਰਤ ਦੀ ਕਦਰ ਨਹੀਂ ਕਰਦਾ, ਇਸ ਲਈ ਇਹ ਬੰਦਾ ਦੇਸ਼ ਵਿਰੋਧੀ ਹੈ। ਅਸਲ ਵਿਚ ਜਦੋਂ ਹਿੰਦੂ ਕੱਟੜਪੰਥੀ ਘੱਟਗਿਣਤੀਆਂ ਖਿਲਾਫ ਨਫਰਤ ਵਾਲੀ ਮੁਹਿੰਮ ਚਲਾ ਰਹੇ ਸਨ ਤਾਂ ਇਕ ਦਿਨ ਆਮਿਰ ਖਾਨ ਦੀ ਪਤਨੀ ਕਿਰਨ ਰਾਓ ਨੇ ਘਰੇ ਗੱਲਬਾਤ ਦੌਰਾਨ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਭਾਰਤ ਵਿਚ ਰਹਿਣਾ ਕਿੰਨਾ ਮੁਸ਼ਕਿਲ ਹੋ ਰਿਹਾ ਹੈ। ਕਿਰਨ ਰਾਓ ਦੇ ਖਦਸ਼ੇ ਅਤੇ ਖੌਫ ਵਾਲੀ ਇਹ ਗੱਲ ਆਮਿਰ ਖਾਨ ਨੇ ਇਕ ਪ੍ਰੋਗਰਾਮ ਦੌਰਾਨ ਕਹਿ ਦਿੱਤੀ ਅਤੇ ਹਿੰਦੀ ਕੱਟੜਪੰਥੀਆਂ ਨੇ ਇਸ ਨੂੰ ਮੁੱਦਾ ਬਣਾ ਲਿਆ। ਇਹ ਗੱਲ ਕਈ ਸਾਲ ਪਹਿਲਾਂ ਦੀ ਹੈ ਪਰ ਕੱਟੜਪੰਥੀਆਂ ਨੇ ਇਹ ਪੁਰਾਣਾ ਮੁੱਦਾ ਫਿਰ ਉਭਾਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਆਮਿਰ ਖਾਨ ਦੀ ਫਿਲਮ ਚੱਲਣ ਨਾ ਦਿੱਤੀ ਜਾਵੇ। ਇਹ ਕੱਟੜਪੰਥੀ ਆਮਿਰ ਖਾਨ ਦੀ ਇਸ ਤੋਂ ਪਹਿਲਾਂ ਆਈ ਫਿਲਮ ‘ਪੀ.ਕੇ.’ ਤੋਂ ਬਹੁਤ ਦੁਖੀ ਸਨ ਜਿਸ ਵਿਚ ਧਾਰਮਿਕ ਕਰਮ-ਕਾਂਡਾਂ ਉਤੇ ਬਹੁਤ ਸਖਤ ਚੋਟ ਕੀਤੀ ਗਈ ਗਈ ਸੀ।

ਇਸੇ ਦੌਰਾਨ ਆਮਿਰ ਖਾਨ ਨੇ ਆਖਿਆ ਕਿ ਉਸ ਨੂੰ ਫਿਲਮ ‘ਲਾਲ ਸਿੰਘ ਚੱਢਾ’ ਬਣਾਉਣ ਲਈ 14 ਸਾਲ ਲੱਗ ਗਏ। ਜ਼ਿਕਰਯੋਗ ਹੈ ਕਿ ‘ਲਾਲ ਸਿੰਘ ਚੱਢਾ’ ਟੌਮ ਹੈਂਕਸ ਦੀ ਫਿਲਮ ‘ਫੌਰੈਸਟ ਗੰਪ’ ਦਾ ਹਿੰਦੀ ਰੂਪਾਂਤਰ ਹੈ। ਆਮਿਰ ਖਾਨ ਨੇ ਆਖਿਆ, “ਬਹੁਤ ਸਮਾਂ ਲੱਗ ਗਿਆ। ਕੁੱਲ 14 ਸਾਲ ਲੱਗੇ, ਇਨ੍ਹਾਂ ਵਿਚੋਂ 8-9 ਸਾਲ ਤਾਂ ਫਿਲਮ ਬਣਾਉਣ ਦੇ ਅਧਿਕਾਰ ਖਰੀਦਣ ‘ਤੇ ਹੀ ਲੱਗ ਗਏ। ਮੈਂ ਖੁਸ਼ ਹਾਂ ਪਰ ਨਾਲ ਹੀ ਥੋੜ੍ਹਾ ਬੇਚੈਨ ਵੀ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਅਸੀਂ ਚੰਗੀ ਫਿਲਮ ਬਣਾਈ ਹੈ, ਇਸ ਨਾਲ ਘਬਰਾਹਟ ਥੋੜ੍ਹੀ ਵਧ ਗਈ ਹੈ ਕਿ ਪਤਾ ਨਹੀਂ ਲੋਕ ਪਸੰਦ ਕਰਨਗੇ ਜਾਂ ਨਹੀਂ।” ਆਮਿਰ ਖਾਨ ਨੇ ਇਸ ਫਿਲਮ ਦੀ ਸ਼ੂਟਿੰਗ ਅਣਗਿਣਤ ਥਾਵਾਂ ਉੱਤੇ ਕੀਤੀ ਹੈ। ਫਿਲਮ ਦੀ ਕਹਾਣੀ ਵਿਚ ਭਾਰਤ ਨੂੰ ਖੂਬਸੂਰਤ ਤਰੀਕੇ ਨਾਲ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਇਹ ਫਿਲਮ ਲਾਲ ਸਿੰਘ ਦੇ ਕਿਰਦਾਰ ਦੀ ਕਹਾਣੀ ਨੂੰ ਉਸ ਦੀ ਉਮਰ ਦੇ 18ਵੇਂ ਤੋਂ ਲੈ ਕੇ 50 ਸਾਲ ਤੱਕ ਦਿਖਾਏਗੀ।


ਇਸੇ ਦੌਰਾਨ ਵੱਖ-ਵੱਖ ਮਸਲਿਆਂ ‘ਤੇ ਅਕਸਰ ਬੋਲਣ ਅਤੇ ਵਿਵਾਦ ਖੜ੍ਹਾ ਕਰਨ ਵਾਲੀ ਅਦਾਕਾਰਾ ਕੰਗਨਾ ਰਣੌਤ ਨੇ ਹੁਣ ਆਪਣਾ ਗੁੱਸਾ ਆਮਿਰ ਖਾਨ ‘ਤੇ ਕੱਢਿਆ ਹੈ ਅਤੇ ਕਿਹਾ ਕਿ ਆਪਣੀ ਫਿਲਮ ‘ਲਾਲ ਸਿੰਘ ਚੱਢਾ’ ਬਾਰੇ ਨਾਂਹ-ਪੱਖੀ ਪ੍ਰਚਾਰ ਪਿੱਛੇ ਮਾਸਟਰਮਾਂਈਡ ਖੁਦ ਆਮਿਰ ਖਾਨ ਹਨ। ਕੰਗਨਾ ਨੇ ਇੰਸਟਾਗ੍ਰਾਮ ‘ਤੇ ਪਾਈ ਆਪਣੀ ਪੋਸਟ ‘ਚ ਲਿਖਿਆ ਹੈ: “ਮੈਨੂੰ ਲੱਗਦਾ ਹੈ, ‘ਲਾਲ ਸਿੰਘ ਚੱਢਾ’ ਬਾਰੇ ਇੰਨੀ ਜ਼ਿਆਦਾ ਨਕਾਰਾਤਮਕਤਾ ਫੈਲਾਉਣ ਪਿੱਛੇ ਮਾਸਟਰਮਾਈਂਡ ਖੁਦ ਆਮਿਰ ਖਾਨ ਹਨ।” ਉਸ ਮੁਤਾਬਿਕ ਇਸ ਸਾਲ (ਸਿਰਫ ਇੱਕ-ਅੱਧ ਕਾਮੇਡੀ ਸੀਕੁਅਲ ਤੋਂ ਇਲਾਵਾ) ਕਿਸੇ ਵੀ ਹਿੰਦੀ ਫਿਲਮ ਨੇ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਸਿਰਫ ਦੱਖਣੀ ਫਿਲਮਾਂ ਜਿਨ੍ਹਾਂ ਵਿਚ ਭਾਰਤੀ ਸੱਭਿਆਚਾਰ ਨੂੰ ਦਿਖਾਇਆ ਗਿਆ ਹੈ, ਨੇ ਹੀ ਵਧੀਆ ਪ੍ਰਦਰਸ਼ਨ ਕੀਤਾ ਹੈ। ਇਸ ਲਈ ਹਾਲੀਵੁੱਡ ਫਿਲਮ ਦੀ ਰੀਮੇਕ ਕੰਮ ਨਹੀਂ ਕਰੇਗੀ। ਕੰਗਨਾ ਬੜੇ ਜ਼ੋਰ ਨਾਲ ਕਹਿੰਦੀ ਹੈ, “ਹਿੰਦੀ ਫਿਲਮਾਂ ਨੂੰ ਦਰਸ਼ਕਾਂ ਦੀ ਨਬਜ਼ ਪਛਾਣਨ ਦੀ ਲੋੜ ਹੈ। ਇਹ ਹਿੰਦੂ ਜਾਂ ਮੁਸਲਮਾਨ ਬਾਰੇ ਨਹੀਂ ਹੈ।” ਨਾਲ ਹੀ ਉਸ ਨੇ ਇਹ ਦਾਅਵਾ ਕਰ ਮਾਰਿਆ ਕਿ ਆਮਿਰ ਖਾਨ ਦੀ ਪਹਿਲਾਂ ਆਈ ਫਿਲਮ ‘ਪੀ.ਕੇ.’ ਹਿੰਦੂ ਵਿਚਾਰਧਾਰਾ ਦੇ ਵਿਰੁੱਧ ਸੀ। ਚੇਤੇ ਰਹੇ ਕਿ ‘ਪੀ.ਕੇ.’ ਫਿਲਮ ਵਿਚ ਧਾਰਮਿਕ ਕਰਮ-ਕਾਂਡਾਂ ਉਤੇ ਬਹੁਤ ਸਖਤ ਚੋਟ ਕੀਤੀ ਗਈ ਸੀ ਅਤੇ ਇਹ ਚੋਟ ਕਿਸੇ ਇਕ ਧਰਨ, ਭਾਵ ਹਿੰਦੂ ਧਰਮ ਨਾਲ ਜੁੜੇ ਕਰਮ-ਕਾਂਡਾਂ ਅਤੇ ਇਨ੍ਹਾਂ ਕਰਮ-ਕਾਂਡਾਂ ਦੇ ਸਿਰ ਉਤੇ ਆਮ ਲੋਕਾਂ ਦਾ ਸ਼ੋਸ਼ਣ ਕਰਨ ਬਾਰੇ ਹੀ ਨਹੀਂ ਸੀ, ਇਸ ਵਿਚ ਸਾਰੇ ਹੀ ਧਰਮਾਂ ਨੂੰ ਆਪਣੇ ਮੁਫਾਦਾਂ ਲਈ ਵਰਤਣ ਵਾਲਿਆਂ ‘ਤੇ ਤਿੱਖਾਂ ਵਿਅੰਗ ਕੀਤਾ ਗਿਆ ਸੀ।

‘ਲਾਲ ਸਿੰਘ ਚੱਢਾ’ ਬਾਰੇ ਆਮਿਰ ਖਾਨ ਨੇ ਆਖਿਆ ਕਿ ਫਿਲਮ ਦੇ ਫਿਲਮਾਂਕਣ ਮਗਰੋਂ ਹੋਈ ਦੇਰੀ ਫਿਲਮ ਲਈ ਫਾਇੰਦੇਮੰਦ ਹੀ ਸਾਬਤ ਹੋਈ ਹੈ; ਜੇ ਅਜਿਹਾ ਨਾ ਹੁੰਦਾ ਤਾਂ ਫਿਲਮ ਦੀ ਰਿਲੀਜ਼ ਹੋਣ ਦੀ ਤਰੀਕ ਇਸ ਸਾਲ ਦੇ ਸ਼ੁਰੂ ਵਿਚ ਆਈ ਫਿਲਮ ‘ਕੇ.ਜੀ.ਐੱਫ.: ਚੈਪਟਰ-2’ ਨਾਲ ਭਿੜ ਜਾਣੀ ਸੀ ਜਿਸ ਕਾਰਨ ਫਿਲਮ ਨੂੰ ਬਾਕਸਆਫਿਸ ‘ਤੇ ਨੁਕਸਾਨ ਹੋਣਾ ਸੀ। ਹੈਦਰਾਬਾਦ ਵਿਚ ਫਿਲਮ ‘ਲਾਲ ਸਿੰਘ ਚੱਢਾ’ ਦੇ ਵਿਸ਼ੇਸ਼ ਸਮਾਗਮ ਦੌਰਾਨ ਆਮਿਰ ਖਾਨ ਨੇ ਖੁਲਾਸਾ ਕੀਤਾ ਕਿ ਰਿਲੀਜ਼ ਤਰੀਕਾਂ ਦਾ ਟਕਰਾਅ ਟਲਣ ਕਾਰਨ ‘ਲਾਲ ਸਿੰਘ ਚੱਢਾ’ ਦਾ ਬਚਾਅ ਹੋ ਗਿਆ। ਉਂਝ, ਇਹ ਵੱਖਰੀ ਗੱਲ ਹੈ ਕਿ ‘ਲਾਲ ਸਿੰਘ ਚੱਢਾ’ ਹੁਣ 11 ਅਗਸਤ ਨੂੰ ਬਾਕਸਆਫਿਸ ‘ਤੇ ਅਕਸ਼ੈ ਕੁਮਾਰ ਦੀ ਫਿਲਮ ‘ਰਕਸ਼ਾ ਬੰਦਨ’ ਨਾਲ ਭਿੜ ਰਹੀ ਹੈ।

ਫਿਲਮ ‘ਲਾਲ ਸਿੰਘ ਚੱਢਾ’ ਦਾ ਨਿਰਦੇਸ਼ਨ ਅਦਵੈਤ ਚੰਦਨ ਨੇ ਕੀਤਾ ਹੈ। ਇਸ ਵਿਚ ਕਰੀਨਾ ਕਪੂਰ ਦਾ ਵੀ ਅਹਿਮ ਰੋਲ ਹੈ।




*11 ਅਗਸਤ ਨੂੰ ਰਿਲੀਜ਼ ਹੋਣ ਤੋਂ ਪਹਿਲਾਂ ਦੀ ਚਰਚਿਤ ਹੋਈ ਫਿਲਮ ‘ਲਾਲ ਸਿੰਘ ਚੱਢਾ’ ਦੇ ਇਕ ਦ੍ਰਿਸ਼ ਵਿਚ ਆਮਿਰ ਖਾਨ ਅਤੇ ਕਰੀਨਾ ਕਪੂਰ।*
















*ਖੱਬਿਓਂ: ਫਿਲਮ ‘ਲਾਲ ਸਿੰਘ ਚੱਢਾ’ ਦੇ ਤਿੰਨ ਵੱਖ-ਵੱਖ ਪੋਸਟਰ; ਫਿਲਮ ‘ਪੀ.ਕੇ.’ ਦਾ ਪੋਸਟਰ ਅਤੇ ਐਨ ਅਖੀਰ ਵਿਚ ਅਦਾਕਾਰ ਆਮਿਰ ਖਾਨ।*

# ‘ਪੀਕੂ’, ਦੀਪਿਕਾ ਪਾਦੂਕੋਣ ਅਤੇ ਪਿਆਰ



ਦੀਪਿਕਾ ਪਾਦੂਕੋਣ ਨੇ ਆਪਣੇ 15 ਸਾਲ ਦੇ ਫਿਲਮੀ ਕਰੀਅਰ ਦੌਰਾਨ ਕਈ ਯਾਦਗਾਰੀ ਭੂਮਿਕਾਵਾਂ ਨਿਭਾਈਆਂ ਹਨ ਪਰ ਸ਼ੂਜੀਤ ਸਰਕਾਰ ਦੀ ਫਿਲਮ ‘ਪੀਕੂ’ ਵਿਚ ਦੀਪਿਕਾ ਦੀ ਨਿਭਾਈ ਭੂਮਿਕਾ ਨੇ ਦਰਸ਼ਕਾਂ ਦੇ ਦਿਲਾਂ ਵਿਚ ਖਾਸ ਥਾਂ ਬਣਾਈ ਹੈ। ਦੀਪਿਕਾ ਨੇ 2105 ਵਿਚ ਆਈ ਇਸ ਫਿਲਮ ਵਿਚ ਬੇਹੱਦ ਮਜ਼ਬੂਤ ਅਤੇ ਅੱਗੇ ਵਧਣ ਦੀ ਚਾਹਵਾਨ ਔਰਤ ਦੀ ਭੂਮਿਕਾ ਨਿਭਾਈ ਸੀ।

ਇਸ ਫਿਲਮ ਵਿਚ ਅਮਿਤਾਭ ਬੱਚਨ ਵੀ ਮੁੱਖ ਭੂਮਿਕਾ ਵਿਚ ਸੀ। ਫਿਲਮ ਵਿਚ ਅਮਿਤਾਭ ਨੇ ਦੀਪਿਕਾ ਦੇ ਪਿਤਾ ਦਾ ਕਿਰਦਾਰ ਨਿਭਾਇਆ ਸੀ ਅਤੇ ਮਰਹੂਮ ਇਰਫਾਨ ਖਾਨ ਵੀ ਮਹੱਤਵਪੂਰਨ ਭੂਮਿਕਾ ਵਿਚ ਸੀ। 36 ਸਾਲਾ ਅਦਾਕਾਰਾ ਦੀਪਿਕਾ ਨੇ ਕਿਹਾ ਕਿ ਉਹ ਅਤੇ ਉਸ ਦੀ ਭੈਣ ਅਨੀਸ਼ਾ ਪਾਦੂਕੋਣ ਖੁਦ ਨੂੰ ‘ਪੀਕੂ’ ਕਿਰਦਾਰ ਨਾਲ ਕਾਫੀ ਰਲਦਾ-ਮਿਲਦਾ ਮਹਿਸੂਸ ਕਰਦੀਆਂ ਹਨ। ਦੀਪਿਕਾ ਨੇ ਕਿਹਾ, “ਉਸ ਫਿਲਮ ਦੀ ਊਰਜਾ ਵਿਚ ਖਾਸ ਹੀ ਸੀ, ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਤੇ ਮੇਰੀ ਭੈਣ (ਅਨੀਸ਼ਾ) ਹੁਣ ਉਮਰ ਦੇ ਉਸ ਪੜਾਅ ਉਤੇ ਹਾਂ ਜਿੱਥੇ ਅਸੀਂ ਐਨ ‘ਪੀਕੂ’ ਵਰਗੇ ਹਾਂ।” ਦੀਪਿਕਾ ਨੇ ਕਿਹਾ ਕਿ ‘ਪੀਕੂ’ ਅਜਿਹੀ ਫਿਲਮ ਹੀ ਜਿਸ ਦਾ ਜ਼ਿਕਰ ਹੁਣ ਵੀ ਕਿਤੇ ਨਾ ਕਿਤੇ ਹੁੰਦਾ ਹੀ ਰਹਿੰਦਾ ਹੈ। ਇਹੀ ਗੱਲ ਕਿਸੇ ਫਿਲਮ ਦੀ ਕਾਮਯਾਬੀ ਹੁੰਦੀ ਹੈ। ਇਸ ਫਿਲਮ ਨੇ ਫਿਲਮੀ ਦੁਨੀਆ ਅੰਦਰ ਉਸ ਦੀ ਨਿਵੇਕਲੀ ਥਾਂ ਬਣਾਈ।

ਦੀਪਿਕਾ ਪਾਦੂਕੋਣ ਮਸ਼ਹੂਰ ਬੈਡਮਿੰਟਨ ਖਿਡਾਰੀ ਪ੍ਰਕਾਸ਼ ਪਾਦੂਕੋਨ ਦੀ ਧੀ ਹੈ। ਉਸ ਦਾ ਜਨਮ ਕੋਪੇਨਹੈਗਨ (ਦੱਖਣੀ ਅਫਰੀਕਾ) ਦਾ ਹੈ ਅਤੇ ਉਸ ਦਾ ਪਾਲਣ-ਪੋਸ਼ਣ ਬੰਗਲੌਰ (ਕਰਨਾਟਕ) ਵਿਚ ਹੋਇਆ। ਉਸ ਨੇ ਪਹਿਲਾਂ-ਪਹਿਲ ਬੈਡਮਿੰਟਨ ਨੂੰ ਆਪਣਾ ਕਰੀਅਰ ਬਣਾਇਆ ਅਤੇ ਨੈਸ਼ਨਲ ਪੱਧਰ ‘ਤੇ ਇਹ ਖੇਡ ਖੇਡੀ ਵੀ ਪਰ ਫਿਰ ਉਸ ਨੇ ਫਿਲਮਾਂ ਨੂੰ ਆਪਣਾ ਕਰੀਅਰ ਚੁਣ ਲਿਆ। ਉਸ ਦੀ ਪਹਿਲੀ ਫਿਲਮ 2006 ਵਿਚ ਆਈ ਸੀ। ਇਸ ਕੰਨੜ ਫਿਲਮ ਦਾ ਨਾਂ ਸੀ ‘ਐਸ਼ਵਰਿਆ’। ਉਸ ਦੀ ਪਹਿਲੀ ਹਿੰਦੀ ਫਿਲਮ ‘ਓਮ ਸ਼ਾਤੀ ਓਮ’ ਸੀ ਜੋ 2007 ਵਿਚ ਰਿਲੀਜ਼ ਹੋਈ ਸੀ ਅਤੇ ਇਸ ਵਿਚ ਸ਼ਾਹਰੁਖ ਖਾਨ ਦਾ ਡਬਲ ਰੋਲ ਸੀ। ਇਸ ਤੋਂ ਬਾਅਦ ਫਿਰ ਚੱਲ ਸੋ ਚੱਲ। ਅੱਜ ਉਸ ਦੀ ਗਿਣਤੀ ਚੋਟੀ ਦੀ ਹੀਰੋਇਨਾਂ ਵਿਚ ਹੁੰਦੀ ਹੈ। ***-ਗੁਰਜੰਟ ਸਿੰਘ***

# *Vote And Support Mrs. Illinois American 2022*



*Rupi Kaur*

## Hello- I am Rupi Kaur Mrs. Illinois American 2022 and am the first Indian-American woman to be crowned Mrs. Illinois American!

I would like to humbly request you all, please vote for me as I represent State of Illinois at the Nationals for the Mrs. American 2023. Every vote matters as the delegates with the highest number of votes automatically make it to the Top 15. You can vote more than once as the voting continues through Aug 15th, 2022 and the pageant is on Aug 19th, 2022. It's $2.50 per vote and proceeds are donated to various charitable organizations through Mrs. America Pageant. I wholeheartedly thank you for all your support!

**Please vote now by scanning this barcode or follow the link:**
**https://mrsamerica.com/fabulous-face-mrs-american-delegates-2022/**
**Or enter www.mrsamerica.com in your browser**
**>Click arrow next to Delegates Tab**
**>Select Mrs. American**
**>Click on Illinois picture**

VOTE FOR ILLINOIS

## ਪੰਜਾਬੀ ਭਾਈਚਾਰੇ ਦਾ ਮਾਣ ਮਿਸਿਜ਼ ਇਲੀਨੋਇ ਅਮੈਰੀਕਨ (2022) ਤੇ ਪਹਿਲੀ ਭਾਰਤੀ-ਅਮੈਰੀਕਨ ਰੂਪੀ ਕੌਰ ਨੂੰ 'ਮਿਸਿਜ਼ ਅਮੈਰੀਕਨ 2023' ਦਾ ਖ਼ਿਤਾਬ ਜਿਤਾਉਣ ਲਈ ਭਾਰੀ ਗਿਣਤੀ ਵਿਚ ਵੋਟਾਂ ਪਾ ਕੇ ਸਹਿਯੋਗ ਦਿਓ!

## *ਤੁਹਾਡੀ ਹਰ ਵੋਟ ਸਾਡੇ ਲਈ ਕੀਮਤੀ ਹੈ।*